ਐਤਵਾਰ, 12 ਅਪ੍ਰੈਲ, 2026
30 ਚੇਤ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 311

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 12 APRIL, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਰੌਲਪਿੰਡੀਆਂ ਨੇ ਸਿੱਧੀ ਗੱਲਬਾਤ ਸ਼ੁਰੂ ਕਰਵਾ'ਤੀ

**ਇਸਲਾਮਾਬਾਦ** : ਪਾਕਿਸਤਾਨ ਨੇ ਸਨਿੱਚਰਵਾਰ ਸ਼ਾਮੀਂ ਈਰਾਨ ਤੇ ਅਮਰੀਕਾ ਵਿਚਾਲੇ ਸਿੱਧੀ ਗੱਲਬਾਤ ਸ਼ੁਰੂ ਕਰਵਾ ਦਿੱਤੀ। ਅਮਰੀਕੀ ਵਫਦ ਦੀ ਅਗਵਾਈ ਉਪ ਰਾਸ਼ਟਰਪਤੀ ਜੇ ਡੀ ਵਾਂਸ, ਜਦਕਿ ਈਰਾਨੀ ਵਫਦ ਦੀ ਅਗਵਾਈ ਮੁਹੰਮਦ ਬਾਕਰ ਗ਼ਾਲੀਬਾਫ ਨੇ ਕੀਤੀ। 1979 ਵਿੱਚ ਇਸਲਾਮਿਕ ਕ੍ਰਾਂਤੀ ਤੋਂ 47 ਸਾਲ ਬਾਅਦ ਦੋਨੋਂ ਦੇਸ਼ ਗੱਲਬਾਤ ਲਈ ਰਾਜ਼ੀ ਹੋਏ ਹਨ। ਰਿਪੋਰਟਾਂ ਮੁਤਾਬਕ ਦੋਹਾਂ ਦੇਸ਼ਾਂ ਦੇ ਆਗੂਆਂ ਵਿਚਾਲੇ ਦੋ ਘੰਟੇ ਸਿੱਧੀ ਗੱਲਬਾਤ ਚੱਲੀ। ਗੱਲਬਾਤ ਵਿੱਚ ਲਿਬਨਾਨ ਦੇ ਮੁੱਦੇ 'ਤੇ ਪ੍ਰਗਤੀ ਹੋਈ ਦੱਸੀ ਜਾਂਦੀ ਹੈ। ਸੂਤਰਾਂ ਮੁਤਾਬਕ ਇਜ਼ਰਾਈਲ ਹੁਣ ਹਮਲੇ ਦੱਖਣੀ ਲਿਬਨਾਨ ਤੱਕ ਸੀਮਤ ਰੱਖੇਗਾ ਤੇ ਬੇਰੂਤ 'ਤੇ ਨਹੀਂ ਕਰੇਗਾ। ਇਹ ਵੀ ਪਤਾ ਲੱਗਿਆ ਹੈ ਕਿ ਈਰਾਨ ਦੇ ਵੱਖ-ਵੱਖ ਬੈਂਕਾਂ ਵਿੱਚ ਦੱਬੇ ਪੈਸੇ ਵਾਪਸ ਕਰਨ ਦੇ ਮਾਮਲੇ ਵਿੱਚ ਵੀ ਕੁਝ ਪ੍ਰਗਤੀ ਹੋਈ ਹੈ।



ਗੱਲਬਾਤ ਮਾਹਰਾਂ ਦੇ ਪੱਧਰ ਤੱਕ ਪੁੱਜ ਗਈ ਸੀ, ਜਿਸ ਵਿੱਚ ਸੁਰੱਖਿਆ, ਸਿਆਸਤ, ਫੌਜ, ਅਰਥਵਿਵਸਥਾ ਤੇ ਕਾਨੂੰਨ ਨਾਲ ਜੁੜੇ ਮਾਹਰ ਹਿੱਸਾ ਲੈ ਰਹੇ ਸਨ। 15 ਏਕੜ ਵਿੱਚ ਫੈਲੇ ਫਾਈਵ ਸਟਾਰ ਹੋਟਲ ਸੇਰੇਨਾ ਵਿੱਚ ਗੱਲਬਾਤ ਤੋਂ ਪਹਿਲਾਂ ਵਾਂਸ ਅਤੇ ਗਾਲੀਬਾਫ ਤੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਵੱਖਰੇ-ਵੱਖਰੇ ਤੌਰ 'ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨਾਲ ਮੁਲਾਕਾਤ ਕੀਤੀ। ਗਾਲੀਬਾਫ ਨੇ ਕਿਹਾ ਕਿ ਜੇ ਗੱਲਬਾਤ ਨਾਕਾਮ ਰਹੀ ਤਾਂ ਸਿਰਫ ਇਜ਼ਰਾਈਲ ਹੀ ਨਹੀਂ ਅਮਰੀਕਾ ਵੀ ਜ਼ਿੰਮੇਵਾਰ ਹੋਵੇਗਾ। ਖਬਰ ਹੈ ਕਿ ਚੀਨ ਦਾ ਵਫਦ ਵੀ ਇਸਲਾਮਾਬਾਦ ਪੁੱਜ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਜੇ ਦੋਹਾਂ ਦੇਸ਼ਾਂ ਵਿਚਾਲੇ ਕੋਈ ਸਮਝੌਤਾ ਹੁੰਦਾ ਹੈ ਤਾਂ ਚੀਨ ਉਸ ਵਿੱਚ ਗਰੰਟੀ ਦੀ ਭੂਮਿਕਾ ਨਿਭਾ ਸਕਦਾ ਹੈ। ਪਹਿਲਾਂ ਰਿਪੋਰਟਾਂ ਸਨ ਕਿ ਅਮਰੀਕੀ ਤੇ ਈਰਾਨੀ ਵੱਖਰੇ ਕਮਰਿਆਂ ਵਿੱਚ ਸਨ ਤੇ ਪਾਕਿਸਤਾਨੀ ਵਿਚੋਲੇ ਦੋਹਾਂ ਵਿਚਾਲੇ ਹਰਕਾਰੇ ਬਣੇ ਹੋਏ ਸਨ। ਬਾਅਦ ਵਿੱਚ ਪਤਾ ਲੱਗਾ ਕਿ ਪਾਕਿਸਤਾਨੀ ਦੋਹਾਂ ਧਿਰਾਂ ਨੂੰ ਇੱਕ ਕਮਰੇ ਵਿੱਚ ਲੈ ਆਏ। ਰਿਪੋਰਟਾਂ ਸਨ ਕਿ ਈਰਾਨ ਦੀ ਇਸ ਸ਼ਰਤ 'ਤੇ ਅਮਰੀਕਾ ਨਰਮ ਪੈ ਰਿਹਾ ਹੈ ਕਿ ਜੰਗਬੰਦੀ ਵਿੱਚ ਲਿਬਨਾਨ ਨੂੰ ਵੀ ਸ਼ਾਮਲ ਕੀਤਾ ਜਾਵੇ।

## ਕਿਰਤ ਕਮਿਸ਼ਨਰ ਵੱਲੋਂ ਉਸਾਰੀ ਕਿਰਤੀਆਂ ਦੇ ਮਸਲੇ ਹੱਲ ਕਰਨ ਦਾ ਭਰੋਸਾ

**ਮੁਹਾਲੀ/ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**



ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ.) ਏਟਕ ਪੰਜਾਬ ਨੇ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਹੱਕਾਂ ਦੀ ਪ੍ਰਾਪਤੀ ਲਈ ਲੰਮੇ ਸਮੇਂ ਤੋਂ ਉਹਨਾਂ ਦੀ ਲਾਮਬੰਦੀ ਅਤੇ ਉਹਨਾਂ ਦੇ ਮਸਲੇ ਹੱਲ ਕਰਵਾਉਣ ਲਈ ਪੰਜਾਬ ਭਰ ਵਿੱਚ ਸੰਘਰਸ਼ ਵਿੱਢਿਆ ਹੋਇਆ ਸੀ। ਸੰਘਰਸ਼ ਦੀ ਪਹਿਲੀ ਲੜੀ ਤਹਿਤ 26 ਫਰਵਰੀ ਨੂੰ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਅਸਿਸਟੈਂਟ ਲੇਬਰ ਕਮਿਸ਼ਨਰ ਦਫਤਰਾਂ ਸਾਹਮਣੇ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਫਿਰ ਵੀ ਮਸਲੇ ਹੱਲ ਨਾ ਹੋਣ 'ਤੇ ਲੇਬਰ ਕਮਿਸ਼ਨਰ ਮੁਹਾਲੀ ਸਾਹਮਣੇ 27 ਮਾਰਚ ਨੂੰ ਸੂਬਾ ਪੱਧਰੀ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਹੀ ਆਗੂਆਂ ਵੱਲੋਂ ਐਲਾਨ ਕਰ ਦਿੱਤਾ ਗਿਆ ਸੀ ਕਿ ਜੇਕਰ ਕਿਰਤ ਵਿਭਾਗ ਵੱਲੋਂ ਉਸਾਰੀ ਕਿਰਤੀਆਂ ਦੇ ਮਸਲੇ ਤੁਰੰਤ ਹੱਲ ਨਹੀਂ ਕੀਤੇ ਜਾਂਦੇ ਤਾਂ ਅਗਲਾ ਵੱਡਾ ਐਕਸ਼ਨ ਪੰਜਾਬ ਸਰਕਾਰ ਦੇ ਕਿਰਤ ਮੰਤਰੀ ਦੇ ਘਰ ਦਾ ਘਿਰਾਓ ਕਰਕੇ ਕੀਤਾ ਜਾਵੇਗਾ। ਇਸ ਤੋਂ ਤੁਰੰਤ ਬਾਅਦ ਕਿਰਤ ਵਿਭਾਗ ਵੱਲੋਂ ਯੂਨੀਅਨ ਦੇ ਆਗੂਆਂ ਨਾਲ ਲੇਬਰ ਕਮਿਸ਼ਨਰ ਵੱਲੋਂ ਮੀਟਿੰਗ ਕਰਨ ਦਾ ਸੱਦਾ ਦਿੱਤਾ ਗਿਆ, ਜਿਸ ਸਬੰਧੀ ਸਨਿੱਚਰਵਾਰ ਪੰਜਾਬ ਭਰ ਤੋਂ ਆਏ ਯੂਨੀਅਨ ਆਗੂਆਂ ਦੀ ਟੀਮ ਨੇ ਕਿਰਤ ਕਮਿਸ਼ਨਰ ਸਾਹਮਣੇ ਆਪਣੀਆਂ ਮੰਗਾਂ ਨੂੰ ਰੱਖਿਆ ਅਤੇ ਉਹਨਾਂ ਉਸਾਰੀ ਕਿਰਤੀਆਂ ਦੀਆਂ ਮੰਗਾਂ ਨੂੰ ਜਾਇਜ਼ ਮੰਨਦਿਆਂ ਤੁਰੰਤ ਹੱਲ ਕਰਨ ਦਾ ਭਰੋਸਾ ਦਿਵਾਉਂਦਿਆਂ ਆਪਣੇ ਹੇਠਲੇ ਅਧਿਕਾਰੀਆਂ ਨੂੰ ਤੁਰੰਤ ਹੁਕਮ ਜਾਰੀ ਕੀਤੇ ਕਿ ਇਹਨਾਂ ਮੁਸ਼ਕਲਾਂ ਦੇ ਹੱਲ ਲਈ ਤੁਰੰਤ ਪੱਤਰ ਜਾਰੀ ਕੀਤੇ ਜਾਣ।

ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ. ) ਏਟਕ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸ਼ਰਮਾ, ਏਟਕ ਦੇ ਜਥੇਬੰਦਕ ਸਕੱਤਰ ਅਮਰਜੀਤ ਆਸਲ, ਯੂਨੀਅਨ ਆਗੂ ਪ੍ਰਦੀਪ ਚੀਮਾ, ਭਰਪੂਰ ਬੁੱਲਾਪੁਰ, ਪਰਮਜੀਤ ਢਾਬਾਂ ਅਤੇ ਖੁਸ਼ੀਆ ਸਿੰਘ ਨੇ ਦੱਸਿਆ ਕਿ ਕਿਰਤ ਕਮਿਸ਼ਨਰ ਨਾਲ ਮੀਟਿੰਗ 'ਚ ਸਾਰਥਕ ਗੱਲਬਾਤ ਹੋਈ। • ਬਾਕੀ ਸਫਾ 2 'ਤੇ

## ਈਰਾਨੀ ਵਫਦ ਸ਼ਹੀਦ ਬੱਚਿਆਂ ਦੀ ਯਾਦ ਨਾਲ ਲੈ ਕੇ ਆਇਆ

**ਇਸਲਾਮਾਬਾਦ** : ਸਪੀਕਰ ਮੁਹੰਮਦ ਬਾਕਰ ਗ਼ਾਲੀਬਾਫ ਦੀ ਅਗਵਾਈ ਵਿੱਚ ਈਰਾਨੀ ਵਫਦ ਜੰਗ ਦੌਰਾਨ ਮਨੁੱਖੀ ਨੁਕਸਾਨ ਦੀ ਯਾਦ ਦਿਵਾਉਣ ਵਾਲੀਆਂ ਚੀਜ਼ਾਂ ਲੈ ਕੇ ਇਸਲਾਮਾਬਾਦ ਪਹੁੰਚਿਆ। ਉਨ੍ਹਾਂ ਦੀ ਉਡਾਣ ਦੀ ਅਗਲੀ ਕਤਾਰ ਵਿੱਚ ਖੂਨ ਨਾਲ ਲੱਥਪੱਥ ਸਕੂਲੀ ਬੈਗ, ਜੁੱਤੇ, ਚਿੱਟੇ ਫੁੱਲ ਅਤੇ ਮੀਨਾਬ ਦੇ ਬੱਚਿਆਂ ਦੀਆਂ ਤਸਵੀਰਾਂ ਰੱਖੀਆਂ ਗਈਆਂ ਸਨ, ਜੋ ਇਸ ਤ੍ਰਾਸਦੀ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ।

ਐੱਕਸ 'ਤੇ ਇੱਕ ਤਸਵੀਰ ਸਾਂਝੀ ਕਰਦੇ ਹੋਏ ਗ਼ਾਲੀਬਾਫ ਨੇ ਲਿਖਿਆ, ਇਸ ਫਲਾਈਟ ਵਿੱਚ ਮੇਰੇ ਸਾਥੀ 'ਮੀਨਾਬ 168'। ਇਸ ਤਸਵੀਰ ਵਿੱਚ ਉਹ ਬੱਚਿਆਂ ਦੇ ਸਮਾਨ ਅਤੇ ਫੋਟੋਆਂ ਵੱਲ ਦੇਖਦੇ ਨਜ਼ਰ ਆ ਰਹੇ ਹਨ। ਇਸ ਵਫਦ ਦਾ ਨਾਂਅ 'ਮੀਨਾਬ 168' ਰੱਖਿਆ ਗਿਆ ਹੈ, ਜੋ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ



ਹਮਲਿਆਂ ਦੇ ਪਹਿਲੇ ਦਿਨ ਮਾਰੇ ਗਏ ਬੱਚੇ ਹਨ। ਦੱਖਣੀ ਅਫਰੀਕਾ ਵਿੱਚ ਈਰਾਨੀ ਦੂਤਾਵਾਸ ਨੇ ਇਸ ਸੰਦੇਸ਼ ਨੂੰ ਅੱਗੇ ਵਧਾਉਂਦੇ ਹੋਏ ਕਿਹਾ, 'ਅਸੀਂ ਮੀਨਾਬ ਦੇ ਬੱਚਿਆਂ ਨੂੰ ਕਦੇ ਨਹੀਂ ਭੁੱਲਾਂਗੇ।'

ਈਰਾਨੀ ਅਧਿਕਾਰੀਆਂ ਅਨੁਸਾਰ 28 ਫਰਵਰੀ ਨੂੰ ਦੱਖਣੀ ਈਰਾਨ ਦੇ ਕਸਬੇ ਮੀਨਾਬ ਵਿੱਚ 'ਸ਼ਜਰੇਹ ਤੈਯਬਾ' ਗਰਲਜ਼ ਐਲੀਮੈਂਟਰੀ ਸਕੂਲ 'ਤੇ ਹੋਏ ਹਮਲੇ ਦੌਰਾਨ 160 ਤੋਂ ਵੱਧ ਬੱਚੇ ਮਾਰੇ ਗਏ ਸਨ। ਕੁਝ ਦਿਨਾਂ ਬਾਅਦ ਈਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਨੇ ਕਬਰਾਂ ਦੀ ਇੱਕ ਤਸਵੀਰ ਸਾਂਝੀ ਕੀਤੀ ਕੀਤੀ, ਜਿਸ ਬਾਰੇ ਉਨ੍ਹਾ ਕਿਹਾ ਕਿ ਇਹ ਪੀੜਤਾਂ ਲਈ ਤਿਆਰ ਕੀਤੀਆਂ ਜਾ ਰਹੀਆਂ ਸਮੂਹਕ ਕਬਰਾਂ ਹਨ। ਉਨ੍ਹਾ ਨੇ ਇਸ ਹਮਲੇ ਨੂੰ ਠੰਢੇ ਖੂਨ ਨਾਲ ਕੀਤਾ ਗਿਆ ਕਤਲ ਕਰਾਰ ਦਿੰਦਿਆਂ ਇਸ ਲਈ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ।

## ਬੇਅਦਬੀ ਰੋਕਣ ਵਾਲੇ ਨਵੇਂ ਬਿੱਲ ਨੂੰ ਕੈਬਨਿਟ ਵੱਲੋਂ ਪ੍ਰਵਾਨਗੀ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਨੇ ਸਨਿੱਚਰਵਾਰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਨੂੰ ਹਰੀ ਝੰਡੀ ਦੇ ਦਿੱਤੀ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਲਈ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਲਾਜ਼ਮੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਬਿੱਲ ਸੋਮਵਾਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਅਜਲਾਸ ਵਿੱਚ ਪੇਸ਼ ਕੀਤਾ ਜਾਵੇਗਾ। ਸੋਧਾਂ ਅਨੁਸਾਰ ਮੁਲਜ਼ਮਾਂ 'ਤੇ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਗਾਇਆ ਜਾਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਸੂਬੇ ਦਾ ਕਾਨੂੰਨ ਹੋਣ ਕਰਕੇ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਨਹੀਂ ਪਵੇਗੀ ਅਤੇ ਇਹ ਤੁਰੰਤ ਲਾਗੂ ਹੋ ਜਾਵੇਗਾ। ਉਨ੍ਹਾ ਕਿਹਾ ਕਿ ਅਕਸਰ ਬੇਅਦਬੀ ਪਿੱਛੇ ਮਾਸਟਰਮਾਈਂਡ ਬਚ ਨਿਕਲਦੇ ਹਨ, ਪਰ ਹੁਣ ਨਵਾਂ ਕਾਨੂੰਨ ਸਾਜ਼ਿਸ਼ਘਾੜਿਆਂ ਨੂੰ ਵੀ ਸਖਤ ਸਜ਼ਾ ਦੇਵੇਗਾ। ਚੀਮਾ ਨੇ ਪੁਰਾਣੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਭਾਰਤੀ ਨਿਆ ਸੰਹਿਤਾ ਦੀਆਂ ਮੌਜੂਦਾ ਧਾਰਾਵਾਂ ਅਜਿਹੇ ਅਪਰਾਧਾਂ ਨੂੰ ਰੋਕਣ ਲਈ



ਕਾਫੀ ਨਹੀਂ ਸਨ, ਇਸ ਲਈ ਆਪਸੀ ਭਾਈਚਾਰਕ ਸਾਂਝ ਅਤੇ ਪਵਿੱਤਰਤਾ ਦੀ ਰਾਖੀ ਲਈ ਇਹ ਕਦਮ ਚੁੱਕਿਆ ਗਿਆ ਹੈ। ਇਸ ਦੇ ਨਾਲ ਹੀ ਕੈਬਨਿਟ ਨੇ ਸੂਬੇ ਦੇ 11,500 ਪਿੰਡਾਂ ਵਿੱਚ ਸੋਲਰ ਸਟਰੀਟ ਲਾਈਟਾਂ ਲਗਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ, ਜਿਸ ਦਾ 70 ਫੀਸਦੀ ਖਰਚਾ (380 ਕਰੋੜ ਰੁਪਏ) ਸਰਕਾਰ ਅਤੇ 30 ਫੀਸਦੀ (170 ਕਰੋੜ ਰੁਪਏ) ਸੰਬੰਧਤ ਪੰਚਾਇਤਾਂ ਚੁੱਕਣਗੀਆਂ।

## ਹੈਰਾਨਕੁੰਨ ਟਾਕਰਾ



**ਨਵੀਂ ਦਿੱਲੀ** : ਸਨਿੱਚਰਵਾਰ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਦੇ ਵਿਚਕਾਰ ਹੋਈ ਸੰਖੇਪ ਗੱਲਬਾਤ ਨੇ ਸੰਸਦ ਦੇ ਅੰਦਰ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਭ ਦਾ ਧਿਆਨ ਖਿੱਚਿਆ। ਪ੍ਰਧਾਨ ਮੰਤਰੀ ਆਪਣੀ ਕਾਰ ਵਿੱਚੋਂ ਬਾਹਰ ਨਿਕਲੇ ਅਤੇ ਰਾਹੁਲ ਨਾਲ ਕੁਝ ਸ਼ਬਦ ਸਾਂਝੇ ਕਰਨ ਲਈ ਰੁਕੇ। ਹਾਲਾਂਕਿ ਇਹ ਗੱਲਬਾਤ ਬਹੁਤ ਥੋੜ੍ਹੇ ਸਮੇਂ ਲਈ ਸੀ, ਪਰ ਸੱਤਾਧਾਰੀ ਭਾਜਪਾ ਅਤੇ ਕਾਂਗਰਸ ਵਿਚਾਲੇ ਅਕਸਰ ਹੋਣ ਵਾਲੇ ਸਿਆਸੀ ਟਕਰਾਅ ਦੇ ਪਿਛੋਕੜ ਵਿੱਚ ਇਹ ਪਲ ਖਾਸ ਬਣ ਗਿਆ।

## ਵੱਡਾ-ਛੋਟਾ ਥਾਣੇਦਾਰ ਲਾਈਨ ਹਾਜ਼ਰ

**ਜਲੰਧਰ (ਸ਼ੈਲੀ ਐਲਬਰਟ)**-ਥਾਣਾ ਸ਼ਾਹਕੋਟ ਵਿੱਚ ਆਬਕਾਰੀ ਐਕਟ ਤਹਿਤ ਦਰਜ ਕੀਤੇ ਮੁਕੱਦਮੇ ਤੇ ਸੱਚ ਨੂੰ ਬਿਆਨ ਕਰਦੀ ਵੀਡੀਓ ਵਾਇਰਲ ਹੋਣ ਉਪਰੰਤ ਥਾਣਾ ਸ਼ਾਹਕੋਟ ਦੇ ਮੁਖੀ, ਏ ਐੱਸ ਆਈ ਅਤੇ ਇੱਕ ਮਹਿਲਾ ਕਾਂਸਟੇਬਲ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਕਥਿਤ ਦੋਸ਼ੀ ਅਕਰਮ ਦੇ ਘਰ ਤੋਂ 35 ਲੀਟਰ ਲਾਹਣ ਬਰਾਮਦ ਕੀਤੀ ਗਈ ਸੀ। ਵਾਇਰਲ ਹੋਈ ਵੀਡੀਓ ਵਿੱਚ ਇੱਕ ਡਰੰਮ ਲਾਹਣ ਬਾਹਰੋਂ ਲਿਆ ਕੇ ਘਰ ਵਿੱਚ ਰੱਖ ਕੇ ਬਰਾਮਦਗੀ ਦਿਖਾਈ ਗਈ ਹੈ। ਵੀਡੀਓ ਵਾਇਰਲ ਹੋਣ ਉਪਰੰਤ ਐੱਸ ਐੱਸ ਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਿਆ ਕਿ ਲਾਹਣ ਦੇ ਡਰੰਮ ਨੂੰ ਬਰਾਮਦਗੀ ਦਿਖਾਉਣ ਲਈ ਘਰ ਵਿੱਚ ਰੱਖਿਆ ਗਿਆ ਸੀ। ਇਸ ਤੋਂ ਬਾਅਦ ਥਾਣਾ ਮੁਖੀ ਬਲਵਿੰਦਰ ਸਿੰਘ, ਏ ਐੱਸ ਆਈ ਸੁਖਵਿੰਦਰ ਸਿੰਘ ਅਤੇ ਇੱਕ ਮਹਿਲਾ ਕਾਂਸਟੇਬਲ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਜੇ ਕਿਸੇ ਹੋਰ ਪੁਲਸ ਕਰਮਚਾਰੀ ਦੀ ਸ਼ਮੂਲੀਅਤ ਬਾਰੇ ਸੱਚਾਈ ਸਾਹਮਣੇ ਆਉਂਦੀ ਹੈ ਤਾਂ ਉਸ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ।

## ਸ੍ਰੀ ਗੁਰੂ ਰਵਿਦਾਸ ਦੇ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਲੈ ਕੇ ਜਾਵਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਨਿੱਚਰਵਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਨੂੰ ਅੰਤਮ ਰੂਪ ਦਿੱਤਾ।ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਭਵਨ ਵਿਖੇ ਸੰਤ ਸਮਾਜ ਨਾਲ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਮਾਨ ਨੇ ਸੂਬਾ ਪੱਧਰੀ ਸਮਾਗਮਾਂ ਅਤੇ ਪਹਿਲਕਦਮੀਆਂ ਦੀ ਲੜੀ ਦੀ ਰੂਪਰੇਖਾ ਤਿਆਰ ਕੀਤੀ। ਇਨ੍ਹਾਂ ਸਮਾਗਮਾਂ ਵਿੱਚ ਸੈਮੀਨਾਰ, ਕੀਰਤਨ ਸਮਾਗਮ, ਯਾਤਰਾਵਾਂ, ਪੌਦੇ ਲਗਾਉਣ ਦੀਆਂ ਮੁਹਿੰਮਾਂ ਅਤੇ 650 ਏਕੜ ਵਿੱਚ 'ਗੁਰੂ ਰਵਿਦਾਸ ਬਗੀਚੀਆਂ' ਲਾਉਣਾ ਸ਼ਾਮਲ ਹੈ ਅਤੇ ਇਸ ਸਬੰਧੀ ਮੁੱਖ ਸਮਾਗਮ ਖੁਰਾਲਗੜ੍ਹ ਵਿਖੇ



ਹੋਵੇਗਾ।ਮੁੱਖ ਮੰਤਰੀ ਨੇ ਕਿਹਾ, 'ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦਾ ਸੁਭਾਗ ਹਾਸਲ ਹੋਇਆ ਹੈ। ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ, ਕਿਉਂਕਿ ਗੁਰੂ ਜੀ ਦੇ ਸੰਦੇਸ਼ ਨੂੰ ਦੁਨੀਆ ਭਰ ਤੱਕ ਪਹੁੰਚਾਉਣਾ ਸਾਡਾ ਸਮੂਹਿਕ ਫਰਜ਼ ਹੈ।'

ਉਨ੍ਹਾ ਕਿਹਾ, 'ਸ੍ਰੀ ਗੁਰੂ ਰਵਿਦਾਸ ਮਹਾਰਾਜ ਨੇ ਹਰ ਭੇਦਭਾਵ ਤੋਂ ਮੁਕਤ ਬਰਾਬਰੀ ਵਾਲੇ ਸਮਾਜ ਦੀ ਕਲਪਨਾ ਕੀਤੀ ਸੀ। ਪੰਜਾਬ ਸਰਕਾਰ ਇਹ ਯਕੀਨੀ ਬਣਾਏਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਅਗਾਮੀ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇ। ਅਸੀਂ ਹਾਲ ਹੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਵੱਖ- • ਬਾਕੀ ਸਫਾ 2 'ਤੇ

## ਅਮਰੀਕਾ 'ਚ ਸਿੱਖਾਂ ਵਿਰੁੱਧ ਨਫਰਤੀ ਅਪਰਾਧਾਂ 'ਚ ਕਾਫੀ ਵਾਧਾ

**ਨਿਊ ਯਾਰਕ** : ਅਮਰੀਕਾ ਵਿੱਚ ਸਿੱਖਾਂ ਵਿਰੁੱਧ ਨਫਰਤੀ ਅਪਰਾਧਾਂ ਵਿੱਚ ਭਾਰੀ ਵਾਧਾ ਦੇਖਿਆ ਗਿਆ ਹੈ। ਸੰਘੀ ਜਾਂਚ ਬਿਊਰੋ (ਐੱਫ ਬੀ ਆਈ) ਦੇ ਮੁੱਢਲੇ ਅੰਕੜਿਆਂ ਅਨੁਸਾਰ ਪਿਛਲੇ ਦਹਾਕੇ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਲਗਭਗ 3,700 ਫੀਸਦੀ ਵਾਧਾ ਹੋਇਆ ਹੈ।

ਅੰਕੜੇ ਦਰਸਾਉਂਦੇ ਹਨ ਕਿ ਸਿੱਖ-ਵਿਰੋਧੀ ਨਫਰਤੀ ਅਪਰਾਧਾਂ ਦੀਆਂ ਘਟਨਾਵਾਂ 2015 ਵਿੱਚ ਸਿਰਫ ਛੇ ਕੇਸਾਂ ਤੋਂ ਵਧ ਕੇ 2025 ਵਿੱਚ 228 ਹੋ ਗਈਆਂ, ਜੋ ਕਿ ਨਿਸ਼ਾਨਾ ਬਣਾ ਕੇ ਕੀਤੀ ਗਈ ਪੱਖਪਾਤੀ ਹਿੰਸਾ ਵਿੱਚ ਤੇਜ਼ੀ ਨਾਲ ਹੋਏ ਵਾਧੇ ਨੂੰ ਦਰਸਾਉਂਦਾ ਹੈ। ਹਾਲਾਂਕਿ 2024 ਦੇ ਮੁਕਾਬਲੇ 2025 ਵਿੱਚ ਅਮਰੀਕਾ ਵਿੱਚ ਕੁੱਲ ਨਫਰਤੀ ਅਪਰਾਧਾਂ ਦੀਆਂ ਘਟਨਾਵਾਂ ਵਿੱਚ 11 ਫੀਸਦੀ ਦੀ ਗਿਰਾਵਟ ਆਈ ਹੈ, ਪਰ ਇੱਕ ਦਹਾਕੇ ਦਾ ਵਿਆਪਕ ਰੁਝਾਨ ਉਪਰ ਵੱਲ ਹੀ ਰਿਹਾ ਹੈ। 2015 ਅਤੇ 2025 ਦੇ ਵਿਚਕਾਰ ਕੁੱਲ ਘਟਨਾਵਾਂ ਵਿੱਚ ਲਗਭਗ 88 ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਭਾਵੇਂ ਸਾਲ-ਦਰ-ਸਾਲ ਦੇ ਅੰਕੜਿਆਂ ਵਿੱਚ ਉਤਾਰ-ਚੜ੍ਹਾਅ ਆ ਸਕਦੇ ਹਨ, ਪਰ ਕਈ ਸ਼੍ਰੇਣੀਆਂ ਵਿੱਚ ਨਫਰਤ-ਅਧਾਰਤ ਹਿੰਸਾ ਦੇ ਲੰਮੇ ਸਮੇਂ ਦੇ ਪੈਟਰਨ ਵਧਦੇ ਜਾ ਰਹੇ ਹਨ।

ਮਾਹਰਾਂ ਦਾ ਕਹਿਣਾ ਹੈ ਕਿ ਨਫਰਤੀ ਅਪਰਾਧ ਅਕਸਰ ਸਾਰੇ ਭਾਈਚਾਰਿਆਂ ਵਿੱਚ ਇੱਕ ਸਮਾਨ ਨਹੀਂ ਵਧਦੇ; ਇਸ ਦੀ ਬਜਾਏ ਸਮਾਜਕ ਬਿਰਤਾਂਤਾਂ, ਸਿਆਸੀ ਘਟਨਾਵਾਂ ਜਾਂ ਗਲਤ ਜਾਣਕਾਰੀ ਦੇ ਅਧਾਰ 'ਤੇ ਖਾਸ ਸਮੂਹਾਂ ਨੂੰ ਜ਼ਿਆਦਾ • ਬਾਕੀ ਸਫਾ 2 'ਤੇ

## ਮੁੱਖ ਮੰਤਰੀ ਨੇ ਵ੍ਰਿੰਦਾਵਨ ਤਰਾਸਦੀ ਦੇ ਪੀੜਤਾਂ ਨਾਲ ਦੁੱਖ ਵੰਡਾਇਆ

**ਜਗਰਾਓਂ/ਮੋਗਾ/ਲੁਧਿਆਣਾ (ਸੰਜੀਵ ਅਰੋੜਾ, ਨਛੱਤਰ ਸੰਧੂ/ ਇਕਬਾਲ ਸਿੰਘ ਖਹਿਰਾ/ਰਾਜ ਸਿੰਗਲਾ)**

ਯੂ ਪੀ ਦੇ ਵ੍ਰਿੰਦਾਵਨ ਵਿੱਚ ਯਮੁਨਾ ਨਦੀ ਵਿੱਚ ਸ਼ੁੱਕਰਵਾਰ ਨੂੰ ਵਾਪਰੇ ਵੱਡੇ ਸਟੀਮਰ ਹਾਦਸੇ ਤੋਂ ਬਾਅਦ ਜਗਰਾਓਂ, ਮੋਗਾ ਅਤੇ ਲੁਧਿਆਣਾ ਵਿੱਚ ਸੋਗ ਦੀ ਲਹਿਰ ਦੌੜ ਗਈ। ਇਸ ਦੌਰਾਨ ਅਬੋਹਰ ਵਾਸੀ ਮਾਨਿਕ ਟੰਡਨ ਦੀ ਲਾਸ਼ ਮਿਲਣ ਤੋਂ ਬਾਅਦ ਮ੍ਰਿਤਕਾਂ ਦੀ ਗਿਣਤੀ 11 ਹੋ ਗਈ ਹੈ। ਪੰਕਜ ਮਲਹੋਤਰਾ, ਰਿਸ਼ਭ ਸ਼ਰਮਾ, ਯਸ਼ ਭੱਲਾ ਅਤੇ ਮੋਨਿਕਾ ਅਜੇ ਵੀ ਲਾਪਤਾ ਦੱਸੇ ਗਏ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਗਰਾਓਂ ਵਿਖੇ ਆਪਣੇ ਅਜ਼ੀਜ਼ ਗੁਆਉਣ ਵਾਲੇ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਪੀੜਤ ਪਰਵਾਰਾਂ ਨੂੰ ਸੰਕਟ ਦੀ ਇਸ ਘੜੀ ਵਿੱਚ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।



ਉਹਨਾ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਉਤਰ ਪ੍ਰਦੇਸ਼ ਸਰਕਾਰ ਦੇ ਸੰਪਰਕ ਵਿੱਚ ਹੈ ਅਤੇ ਪੰਜਾਬ ਵੱਲੋਂ ਬਚਾਅ ਕਾਰਜਾਂ ਵਿੱਚ ਸਹਾਇਤਾ ਲਈ ਗੋਤਾਖੋਰਾਂ ਦੀਆਂ ਟੀਮਾਂ ਪਹਿਲਾਂ ਹੀ ਭੇਜੀਆਂ ਜਾ ਚੁੱਕੀਆਂ ਹਨ। ਜਵਾਬਦੇਹੀ ਅਤੇ ਰੋਕਥਾਮ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਧਾਰਮਿਕ ਸਥਾਨਾਂ 'ਤੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਹਰ ਕੀਮਤ 'ਤੇ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਭਵਿੱਖ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਅਤੇ ਅਜਿਹੇ ਦੁਖਾਂਤ ਰੋਕਣ ਲਈ ਇਹ ਮਾਮਲਾ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਕੋਲ ਉਠਾਇਆ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਮਾਨ ਨੇ ਕਿਹਾ, 'ਮਥੁਰਾ ਨੇੜੇ ਵਾਪਰੀ ਮੰਦਭਾਗੀ ਘਟਨਾ ਵਿੱਚ ਕੀਮਤੀ ਜਾਨਾਂ ਦੇ ਨੁਕਸਾਨ 'ਤੇ ਬੇਹੱਦ ਦੁੱਖ ਹੋਇਆ ਹੈ। ਮੇਰੀ ਦਿਲੀ ਹਮਦਰਦੀ ਉਨ੍ਹਾਂ ਪਰਵਾਰਾਂ ਦੇ ਨਾਲ ਹੈ, ਜਿਨ੍ਹਾਂ ਇਸ ਦੁਖਾਂਤ ਵਿੱਚ ਆਪਣੇ ਅਜ਼ੀਜ਼ ਗੁਆਏ ਹਨ।'

ਮ੍ਰਿਤਕਾਂ 'ਚ ਇੱਕੋ ਪਰਵਾਰ ਦੇ 7 ਲੋਕ ਸ਼ਾਮਲ ਹਨ, ਜਿਨ੍ਹਾਂ 'ਚ ਜਗਰਾਓਂ ਦੇ ਮਧੁਰ ਬਹਿਲ, ਉਸ ਦੀ ਮਾਂ ਕਵਿਤਾ ਬਹਿਲ, ਉਸ ਦਾ ਚਾਚਾ ਚਰਨਜੀਤ, ਚਰਨਜੀਤ ਦੀ ਪਤਨੀ ਪਿੰਕੀ ਬਹਿਲ, ਮਧੁਰ ਦੀ ਮਾਸੀ ਆਸ਼ਾ ਰਾਣੀ, ਇੱਕ ਹੋਰ ਮਾਸੀ ਅੰਜੂ ਗੁਲਾਟੀ (ਜੋ ਕਿ ਲੁਧਿਆਣਾ ਦੀ ਰਹਿਣ ਵਾਲੀ ਹੈ) ਅਤੇ ਉਸ ਦਾ ਚਾਚਾ ਰਾਕੇਸ਼ ਗੁਲਾਟੀ ਸ਼ਾਮਲ ਹਨ। ਜਗਰਾਓਂ ਸ਼ਮਸ਼ਾਨਘਾਟ ਵਿਖੇ ਇੱਕੋ ਸਮੇਂ ਪੰਜ ਚਿਤਾਵਾਂ ਨੂੰ ਅਗਨੀ ਦਿੱਤੀ ਗਈ। ਕਵਿਤਾ ਬਹਿਲ, ਮਧੁਰ ਬਹਿਲ, ਚਰਨਜੀਤ ਸਿੰਘ, ਪਿੰਕੀ ਬਹਿਲ ਅਤੇ ਈਸ਼ਾਨ ਕਟਾਰੀਆ ਦਾ ਇਕੱਠਾ ਸਸਕਾਰ ਕੀਤਾ ਗਿਆ। ਜਲਾਲਾਬਾਦ ਦੀ ਅਗਰਵਾਲ ਕਲੋਨੀ ਦਾ 35 ਸਾਲਾ ਪੰਕਜ ਮਲਹੋਤਰਾ ਲਾਪਤਾ ਹੈ। ਉਹ ਜਗਰਾਓਂ ਰਹਿੰਦੇ ਮਾਸੀ-ਮਾਸੜ ਨਾਲ ਵ੍ਰਿੰਦਾਵਨ ਗਿਆ ਸੀ। ਮਾਸੀ ਅਤੇ ਮਾਸੜ ਦੀਆਂ ਮ੍ਰਿਤਕ ਦੇਹਾਂ ਬਰਾਮਦ ਕਰ ਲਈਆਂ ਗਈਆਂ ਹਨ, ਪਰ ਪੰਕਜ ਦਾ ਪਤਾ ਨਹੀਂ ਲੱਗ ਸਕਿਆ। ਪ੍ਰਾਈਵੇਟ ਨੌਕਰੀ ਕਰਦੇ ਪੰਕਜ ਦੇ ਦੋ ਬੱਚੇ ਹਨ। ਉਸ ਦੀਆਂ ਦੋ ਛੋਟੀਆਂ ਭੈਣਾਂ ਹਨ।

ਮੋਗਾ ਦੇ ਗੁਰੂ ਰਾਮਦਾਸ ਨਗਰ ਇਲਾਕੇ ਦੀ 55 ਸਾਲਾ ਸਪਨਾ ਹੰਸ ਦੀ ਵੀ ਹਾਦਸੇ ਵਿੱਚ ਮੌਤ ਹੋ ਗਈ। ਪਰਵਾਰ ਸਪਨਾ ਅਤੇ ਪਤੀ ਅਨਿਲ ਹੰਸ ਦੇ ਵਿਆਹ ਦੀ ਵਰ੍ਹੇਗੰਢ ਮਨਾਉਣ ਲਈ ਗਿਆ ਸੀ। ਪਰਵਾਰ ਦੇ ਮੈਂਬਰ ਦੋ ਸਟੀਮਰਾਂ ਵਿੱਚ ਸਵਾਰ ਸਨ। ਸਪਨਾ ਹੰਸ, ਰੀਮਾ ਹੰਸ ਅਤੇ ਸਰੋਜ ਰਾਣੀ ਵਾਲਾ ਸਟੀਮਰ ਪਲਟ ਗਿਆ, ਜਦਕਿ ਦੂਜੇ ਸਟੀਮਰ ਵਿੱਚ ਸਵਾਰ ਅਨਿਲ ਹੰਸ ਅਤੇ ਉਸ ਦੀ ਭਤੀਜੀ ਨੇਹਾ ਸੁਰੱਖਿਅਤ ਰਹੇ। ਸਪਨਾ ਦੀ ਡੁੱਬਣ ਕਾਰਨ ਦਰਦਨਾਕ ਮੌਤ ਹੋ ਗਈ। ਰੀਮਾ ਅਤੇ ਸਰੋਜ ਨੂੰ ਬਚਾ ਲਿਆ ਗਿਆ ਸੀ। ਸਪਨਾ ਪਿੱਛੇ ਪਤੀ ਅਤੇ ਦੋ ਪੁੱਤਰ ਛੱਡ ਗਈ ਹੈ। ਇੱਕ ਪੁੱਤਰ ਵਿਦੇਸ਼ ਵਿੱਚ ਅਤੇ ਦੂਜਾ ਦਿੱਲੀ 'ਚ ਰਹਿੰਦਾ ਹੈ।

ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ ਨੇ ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

## ਅੱਜ-ਨਾਮਾ

ਮਹਿੰਗਾਈ ਵਧੀ ਤੋਂ ਕਿਸੇ ਦੀ ਵਧੇ ਚਿੰਤਾ,
ਕਿਸੇ ਦਾ ਬਾਰਸ਼ ਵੀ ਸਾਹ ਸੁਕਾਈ ਜਾਵੇ।
ਕਿਸੇ ਨੂੰ ਸ਼ਾਹ ਦੇ ਕਰਜ਼ ਨੇ ਤੰਗ ਕਰਿਆ,
ਕਿਸੇ ਨੂੰ ਬੈਂਕ ਦਾ ਅਫਸਰ ਡਰਾਈ ਜਾਵੇ।
ਬਿਜਲੀ-ਨਾਗੇ ਦਾ ਕਿਸੇ ਨੂੰ ਫਿਕਰ ਵੱਡਾ,
ਸਾਈ ਗਾਹਕ ਦੀ ਕਿੱਦਾਂ ਭੁਗਤਾਈ ਜਾਵੇ।
ਕਿਸੇ ਲਈ ਧੀ ਦੇ ਸਾਕ ਦਾ ਫਿਕਰ ਭਾਰਾ,
ਪੁੱਤਰ ਵਿਆਹੁਣ ਦੀ ਗੱਲ ਚਲਾਈ ਜਾਵੇ।
ਫਿਕਰ ਲੀਡਰ ਨੂੰ ਰਾਤ-ਦਿਨ ਪਿਆ ਇਹੋ,
ਸਕੀਮ ਟਿਕਟ ਦੀ ਕਿਹੜੀ ਬਣਾਈ ਜਾਵੇ।
ਖੜਾ ਰਾਹ ਵਿੱਚ ਦੂਜਾ ਕੋਈ ਨਜ਼ਰ ਆਵੇ,
ਕਿੱਦਾਂ ਦੀ ਉਹਨੂੰ ਵੀ ਲੱਤ ਅੜਾਈ ਜਾਵੇ।

-ਤੀਸ ਮਾਰ ਖਾਂ

## ਪੰਜਾਬ ਇਸਤਰੀ ਸਭਾ ਵੱਲੋਂ ਔਰਤਾਂ ਦੀ ਸੋਚ ਤਿੱਖੀ ਕਰਨ ਦਾ ਉਪਰਾਲਾ ਸ਼ਲਾਘਾਯੋਗ : ਬਰਾੜ, ਅਰਸ਼ੀ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਇਸਤਰੀ ਸਭਾ ਵੱਲੋਂ ਔਰਤਾਂ ਨੂੰ ਸਿਖਿਅਤ ਕਰਨ ਲਈ 10 ਤੋਂ 12 ਅਪ੍ਰੈਲ ਤੱਕ ਇੱਕ ਸਕੂਲ ਦਾ ਪ੍ਰਬੰਧ ਚੰਡੀਗੜ੍ਹ ਅਜੈ ਭਵਨ ਵਿੱਚ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ 42 ਦੇ ਕਰੀਬ ਔਰਤਾਂ ਨੇ ਹਿੱਸਾ ਲਿਆ।ਇਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ, ਸੂਬਾ ਚੇਅਰਪਰਸਨ ਕੁਸ਼ਲ ਭੌਰਾ, ਸੋਨੀਆ ਸਾਂਬਰ ਅਤੇ ਸੁਮਿਤਰਾ ਫਾਜ਼ਿਲਕਾ ਨੇ ਕੀਤੀ। ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਨੇ ਸਟੇਜ ਸਕੱਤਰ ਵਜੋਂ ਜ਼ੁੰਮੇਵਾਰੀ ਨਿਭਾਉਂਦਿਆਂ ਸਕੂਲ ਸੰਬੰਧੀ ਲੋੜੀਂਦੀਆਂ ਹਦਾਇਤਾਂ ਦਿੱਤੀਆਂ।

ਸਕੂਲ ਦਾ ਉਦਘਾਟਨ ਕਰਦਿਆਂ ਸਾਬਕਾ ਸਕੱਤਰ ਬੰਤ ਸਿੰਘ ਬਰਾੜ ਨੇ ਔਰਤਾਂ ਦੇ ਸਕੂਲ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਆਪਣੀ ਸੋਚ ਨੂੰ ਤਿੱਖਾ ਕੀਤਾ ਜਾਵੇ। ਖਾਸ ਕਰਕੇ ਜਦੋਂ ਔਰਤਾਂ ਬਹੁਤ ਮੁਸ਼ਕਲ ਦੌਰ 'ਚੋਂ ਲੰਘ ਰਹੀਆਂ ਹਨ ਤਾਂ ਔਰਤਾਂ ਵਿੱਚ ਸਮਾਜਿਕ ਬੁਰਾਈਆਂ ਨਾਲ ਲੜਨ ਵਾਸਤੇ ਜੋਸ਼ ਭਰਨਾ ਜ਼ਰੂਰੀ ਹੈ। ਇਹ ਜੋਸ਼ ਤਿੱਖੀ ਸੋਚ ਨਾਲ ਹੀ ਆਉਂਦਾ ਹੈ। ਸਿੱਖਿਆ ਵਿਭਾਗ ਦੇ ਮੁਖੀ ਹਰਦੇਵ ਸਿੰਘ ਅਰਸ਼ੀ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟ ਕੀਤੀ ਕਿ ਔਰਤਾਂ ਨੇ ਆਪਣੇ ਆਪ ਨੂੰ ਸਕੂਲ ਲਗਾਉਣ ਲਈ ਲਾਮਬੰਦ ਕੀਤਾ ਹੈ, ਜਿਸ ਲਈ ਪੰਜਾਬ ਦੀ ਹਰ ਨੁੱਕਰ ਤੋਂ ਔਰਤਾਂ ਗਿਆਨ ਹਾਸਲ ਕਰਨ ਦੀ ਚਾਹਤ ਲੈ ਕੇ ਏਨੀ ਦੂਰ ਤੱਕ ਆਈਆਂ ਹਨ। ਅਸੀਂ ਆਸ ਕਰਦੇ ਹਾਂ ਕਿ ਔਰਤਾਂ ਇਥੋਂ ਸਿਧਾਂਤਕ ਤੌਰ 'ਤੇ ਲਾਮਬੰਦ ਹੋ ਕੇ ਆਪਣੇ ਖੇਤਰ ਵਿੱਚ ਸਰਗਰਮੀ ਵਧਾਉਣਗੀਆਂ।

ਸਕੂਲ ਦੇ ਪਹਿਲੇ ਦਿਨ ਮੁੱਖ ਅਧਿਆਪਕ ਅਨਿਲ ਰਾਜਿਮਵਾਲੇ ਸਨ, ਜਿਨ੍ਹਾ ਦਿੱਲੀ ਤੋਂ ਇਕ ਦਿਨ ਪਹਿਲਾਂ ਹੀ ਆ ਕੇ ਮੋਰਚਾ ਸੰਭਾਲ ਲਿਆ ਸੀ ਕਿ ਕਿਧਰੇ ਲੇਟ ਨਾ ਹੋ ਜਾਣ। ਉਹਨਾ ਦੇ ਪੜ੍ਹਾਉਣ ਦੇ ਢੰਗ ਵਿੱਚ ਏਨੀ ਸਾਦਗੀ ਅਤੇ ਡੂੰਘਾਈ ਸੀ ਕਿ ਲਗਾਤਾਰ ਕਈ ਘੰਟੇ ਬੈਠ ਕੇ ਵੀ ਔਰਤਾਂ ਉਕਤਾਈਆਂ ਨਹੀਂ। ਉਹਨਾ ਕਮਿਊਨਿਸਟ ਪਾਰਟੀ, ਲਾਲ ਝੰਡੇ ਦੇ ਜਨਮ ਅਤੇ ਮਈ ਦਿਵਸ ਦੇ ਇਤਿਹਾਸ ਬਾਰੇ ਬਹੁਤ ਬਰੀਕੀ ਅਤੇ ਆਸਾਨ ਸ਼ਬਦਾਂ ਵਿੱਚ ਸਿੱਖਿਆ ਦਿੱਤੀ। ਔਰਤਾਂ ਨੇ ਮਹਿਸੂਸ ਕੀਤਾ ਕਿ ਇਹੋ ਜਿਹੇ ਸਕੂਲ ਵਾਰ-ਵਾਰ ਲੱਗਣੇ ਚਾਹੀਦੇ ਹਨ।ਸਕੂਲ ਵਿੱਚ ਕਿਰਨਜੀਤ ਵਲਟੋਹਾ, ਸੁਦੇਸ਼ ਕੁਮਾਰੀ, ਨਸੀਬ ਕੌਰ, ਜੋਗਿੰਦਰ ਕੌਰ, ਵੀਨਾ ਜੰਮੂ, ਹਰਜੀਤ ਢੰਡੀਆਂ, ਪ੍ਰੇਮ ਲਤਾ, ਸੰਤੋਸ਼ ਬਰਾੜ, ਤ੍ਰਿਪਤ ਕਾਲੀਆ, ਸੁਰਜੀਤ ਕਾਲੜਾ, ਗੁਰਬਖਸ਼ ਰਾਹੋਂ, ਪਰਮਜੀਤ ਕੌਰ, ਬਲਜੀਤ ਗਦਾਈਆ, ਖੁਸ਼ਪਿੰਦਰ ਮਾਨਸਾ, ਰਵੀ ਕਾਂਤਾ, ਰਣਜੀਤ ਕੌਰ, ਅਮਰਜੀਤ ਬਠਿੰਡਾ, ਵੰਦਨਾ ਬਰਾੜ, ਅਰਸ਼ਦੀਪ ਅਤੇ ਕੰਵਲਜੀਤ ਆਦਿ ਆਗੂ ਹਾਜ਼ਰ ਸਨ। ਸਕੂਲ ਦੇ ਪ੍ਰਬੰਧ ਮੁਹਿੰਦਰ ਪਾਲ ਵੱਲੋਂ ਕੀਤੇ ਗਏ।

# ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਸਾਡਾ ਫਰਜ਼ : ਸਿਨਹਾ

## ਹੁਸੈਨੀਵਾਲਾ ਸਮਾਰਕ 'ਤੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਵਿਖੇ ਸਕੱਤਰ ਤੇਲ ਉਦਯੋਗ ਵਿਕਾਸ ਬੋਰਡ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲਾ ਭਾਰਤ ਸਰਕਾਰ ਵਰਸ਼ਾ ਸਿਨਹਾ ਸੀਨੀਅਰ ਆਈਏਐੱਸ ਸ਼ਹੀਦਾਂ ਦੀ ਧਰਤੀ ਫ਼ਿਰੋਜ਼ਪੁਰ ਵਿਖੇ ਪੁੱਜੇ। ਇਸ ਮੌਕੇ ਸਕੱਤਰ ਦੇ ਨਾਲ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਫ਼ਿਰੋਜ਼ਪੁਰ ਮੁਨੀਲਾ ਅਰੋੜਾ, ਰਮੇਸ਼ ਢੀਂਗਰਾ ਨਾਇਬ ਤਹਿਸੀਲਦਾਰ-ਕਮ-ਡਿਊਟੀ ਮੈਜਿਸਟਰੇਟ, ਡਾਕਟਰ ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਫ਼ਿਰੋਜ਼ਪੁਰ-ਕਮ-ਲੇਜਿਨ ਅਫ਼ਸਰ, ਬਿਟਨ ਕੁਮਾਰ ਡੀਐੱਸਪੀ ਹੈੱਡਕੁਆਰਟਰ ਹਾਜ਼ਰ ਸਨ। ਉਨ੍ਹਾਂ ਦਾ ਫ਼ਿਰੋਜ਼ਪੁਰ ਆਉਣ 'ਤੇ ਜ਼ਿਲ੍ਹਾ ਸਿੱਖਿਆ ਅਫਸਰ ਮੁਨੀਲਾ ਅਰੋੜਾ ਵੱਲੋਂ ਸਵਾਗਤ ਕੀਤਾ ਗਿਆ। ਡਾ. ਸਤਿੰਦਰ ਸਿੰਘ ਨੇ ਹੁਸੈਨੀਵਾਲਾ ਸਮਾਰਕ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪਵਿੱਤਰ ਧਰਤੀ ਭਾਰਤ ਦੇ ਆਜ਼ਾਦੀ ਸੰਘਰਸ਼ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਇੱਥੇ ਹੀ 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਅੰਤਿਮ ਸੰਸਕਾਰ ਕੀਤੇ ਗਏ ਸਨ, ਜਿਸ ਕਰਕੇ ਇਹ ਸਥਾਨ ਦੇਸ਼ਭਗਤੀ ਦਾ ਪ੍ਰਤੀਕ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹੁਸੈਨੀਵਾਲਾ ਬਾਰਡਰ ਹਿੰਦ-ਪਾਕਿ ਸਰਹੱਦ 'ਤੇ ਸਥਿਤ ਇਕ ਮਹੱਤਵਪੂਰਨ ਇਤਿਹਾਸਕ ਤੇ ਰਣਨੀਤਕ ਸਥਾਨ ਹੈ। ਇੱਥੇ ਹਰ ਰੋਜ਼ ਹੋਣ ਵਾਲੀ ਰੀਟਰੀਟ ਸੈਰਾਮਨੀ ਦੇਸ਼ ਭਗਤੀ ਦੇ ਜਜ਼ਬੇ ਨੂੰ ਉਭਾਰਦੀ ਹੈ। ਸ੍ਰੀ ਸਿਨਹਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਹੁਸੈਨੀਵਾਲਾ ਆ ਕੇ ਸ਼ਹੀਦਾਂ ਨੂੰ ਸਿਜਦਾ ਕਰਨ ਤੇ ਰੀਟਰੀਟ ਸੈਰਾਮਨੀ ਦੇਖਣ ਦਾ ਅਨੁਭਵ ਬਹੁਤ ਹੀ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਇਹ ਮਹਾਨ ਸ਼ਹੀਦ ਸਾਡੇ ਦੇਸ਼ ਦਾ ਅਮੋਲਕ ਸਰਮਾਇਆ ਹਨ, ਜਿਨ੍ਹਾਂ ਦੀਆਂ ਕੁਰਬਾਨੀਆਂ ਕਰਕੇ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਇਹ ਸਥਾਨ ਸਾਨੂੰ ਆਪਣੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ ਤੇ ਨੌਜਵਾਨ ਪੀੜ੍ਹੀ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖੀਏ ਤੇ ਦੇਸ਼ ਦੀ ਤਰੱਕੀ ਤੇ ਏਕਤਾ ਲਈ ਆਪਣਾ ਯੋਗਦਾਨ ਪਾਈਏ। ਸਮਾਰੋਹ ਦੌਰਾਨ ਮੌਜੂਦ ਅਧਿਕਾਰੀਆਂ ਤੇ ਹੋਰ ਹਾਜ਼ਰੀਨ ਨੇ ਵੀ ਸ਼ਹੀਦਾਂ ਨੂੰ ਨਮਨ ਕਰਦੇ ਹੋਏ ਦੇਸ਼ ਭਗਤੀ ਦਾ ਸੰਦੇਸ਼ ਦਿੱਤਾ। ਇਸ ਮੌਕੇ ਉਮੇਸ਼ ਕੁਮਾਰ, ਲਵਦੀਪ ਸਿੰਘ, ਅਕਸ਼ ਕੁਮਾਰ ਆਦਿ ਹਾਜ਼ਰ ਸਨ।

## ਬਾਬਾ ਸਾਹਿਬ ਤੁਝੇ ਸਲਾਮ ਪ੍ਰੋਗਰਾਮ ਮਸਤੂਆਣਾ ਸਾਹਿਬ ਵਿਖੇ ਅੱਜ

ਸੰਗਰੂਰ (ਪ੍ਰਵੀਨ ਸਿੰਘ)-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ ਸਾਬਕਾ ਐੱਸ ਸੀ ਕਮਿਸ਼ਨ ਪੰਜਾਬ ਦੀ ਅਗਵਾਈ ਹੇਠ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਤ ਬਾਬਾ ਸਾਹਿਬ ਤੁਝੇ ਸਲਾਮ ਪ੍ਰੋਗਰਾਮ 12 ਅਪ੍ਰੈਲ ਨੂੰ ਸੰਤ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਦੱਸਿਆ ਕਿ ਇਸ ਵਿਸ਼ਾਲ ਸੂਬਾ ਪੱਧਰੀ 27ਵੇਂ ਸਾਲਾਨਾ ਸਮਾਗਮ ਵਿੱਚ ਪੰਜਾਬ ਸਣੇ ਹੋਰ ਸੂਬਿਆਂ ਵਿੱਚੋਂ ਵੀ ਨਾਮਵਰ ਸ਼ਖ਼ਸੀਅਤਾਂ ਪਹੁੰਚ ਰਹੀਆਂ ਹਨ ਤੇ ਇਸ ਮੌਕੇ ਵੱਖ ਵੱਖ ਖੇਤਰਾਂ 'ਚ ਨਮਾਣਾ ਖੱਟਣ ਵਾਲੀਆਂ 51 ਸ਼ਖ਼ਸੀਅਤਾਂ ਦਾ ਡਾਕਟਰ ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨ ਕੀਤਾ ਜਾਵੇਗਾ।

# ਇਜ਼ਰਾਈਲ ਨਾਲੋਂ ਭਾਰਤ ਅਪਣੇ ਕੂਟਨੀਤਕ ਸੰਬੰਧਾਂ ਨੂੰ ਕਰੇ ਖਤਮ : ਲਿਬਰੇਸ਼ਨ

ਮਾਨਸਾ (ਆਤਮਾ ਸਿੰਘ ਪਮਾਰ)-ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦਾ ਕਹਿਣਾ ਹੈ ਕਿ ਈਰਾਨ ਤੇ ਅਮਰੀਕਾ ਵਿਚਾਲੇ ਹੋਈ ਆਰਜ਼ੀ ਜੰਗਬੰਦੀ ਨੂੰ ਸਾਬੋਤਾਜ ਕਰਨ ਲਈ ਇਜ਼ਰਾਈਲ ਜਿਵੇਂ ਗਿਣੇ-ਮਿੱਥੇ ਢੰਗ ਨਾਲ ਤਾਬੜਤੋੜ ਬੰਬਾਰੀ ਕਰਕੇ ਲਿਬਨਾਨ ਦੀ ਆਮ ਬੇਕਸੂਰ ਜਨਤਾ ਦਾ ਘਾਣ ਕਰ ਰਿਹਾ ਹੈ, ਉਸ ਦਾ ਸੰਸਾਰ ਭਰ 'ਚ ਜ਼ੋਰਦਾਰ ਵਿਰੋਧ ਹੋਣਾ ਚਾਹੀਦਾ ਹੈ ਅਤੇ ਇਸ ਦੇ ਵਿਰੋਧ 'ਚ ਭਾਰਤ ਸਰਕਾਰ ਨੂੰ ਇਜ਼ਰਾਈਲ ਤੋਂ ਅਪਣੇ ਰਾਜਦੂਤ ਨੂੰ ਵਾਪਸ ਬੁਲਾ ਲੈਣਾ ਚਾਹੀਦਾ ਹੈ। ਲਿਬਰੇਸ਼ਨ ਪਾਰਟੀ ਦੀ ਪੰਜਾਬ ਇਕਾਈ ਦੇ ਬੁਲਾਰੇ ਵੱਲੋਂ ਇਥੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਦਰਅਸਲ ਨੇਤਨਯਾਹੂ ਇੱਕ ਸ਼ੈਤਾਨ ਹੈ, ਜੋ ਅਪਣੇ ਭ੍ਰਿਸ਼ਟਾਚਾਰ ਤੇ ਗੁਨਾਹਾਂ ਨੂੰ ਢੱਕਣ ਲਈ ਇਹ ਜੰਗ ਖ਼ਤਮ ਨਹੀਂ ਹੋਣ ਦੇਣਾ ਚਾਹੁੰਦਾ।ਜਿੱਥੇ ਉਸ ਨੂੰ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਲੋਂ ਗਾਜ਼ਾ ਪੱਟੀ 'ਚ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਕਤਲ ਕਰਵਾਉਣ ਬਦਲੇ ਜੰਗੀ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ, ਉਥੇ ਉਸ ਖਿਲਾਫ ਖ਼ੁਦ ਇਜ਼ਰਾਈਲ 'ਚ ਵੀ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਦੋਸ਼ਾਂ ਤਹਿਤ ਮੁਕੱਦਮਾ ਚੱਲ ਰਿਹਾ ਹੈ ਤੇ ਜੰਗ ਖ਼ਤਮ ਹੋਣ ਜਾਂ ਪ੍ਰਧਾਨ ਮੰਤਰੀ ਨਾ ਰਹਿਣ ਦੀ ਸੂਰਤ 'ਚ ਉਸ ਨੂੰ ਲਾਜ਼ਮੀ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈਣਾ ਹੈ।ਇਸੇ ਲਈ ਅਪਣੇ ਖ਼ਿਲਾਫ਼ ਫੈਸਲੇ ਨੂੰ ਲਗਾਤਾਰ ਟਾਲਣ ਲਈ ਉਹ ਨਹੀਂ ਚਾਹੁੰਦਾ ਕਿ ਜੰਗ ਖ਼ਤਮ ਹੋ ਜਾਵੇ।ਹਾਲਾਂਕਿ ਇਹ ਜੰਗ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੂਰੀ ਦੁਨੀਆ ਦੀ ਜਨਤਾ ਲਈ ਗੰਭੀਰ ਸਮੱਸਿਆਵਾਂ ਪੈਦਾ ਕਰ ਰਹੀ ਹੈ।ਤੇਲ ਤੇ ਗੈਸ ਵਰਗੇ ਕੁਦਰਤੀ ਸਰੋਤਾਂ ਦੀ ਭਾਰੀ ਤਬਾਹੀ, ਵਾਤਾਵਰਨ ਦਾ ਵਿਨਾਸ਼, ਰੁਜ਼ਗਾਰ ਤੇ ਵਪਾਰ ਕਾਰੋਬਾਰ ਨੂੰ ਠੱਪ ਕਰਨ ਦੇ ਰੂਪ ਵਿੱਚ ਜੋ ਭਾਰੀ ਨੁਕਸਾਨ ਹੋ ਰਿਹਾ ਹੈ, ਉਸ ਦੇ ਮਾੜੇ ਅਸਰਾਂ ਨੂੰ ਦੂਰ ਕਰਨ ਲਈ ਦਹਾਕੇ ਲੱਗ ਜਾਣਗੇ। ਇਸ ਲਈ ਸੰਸਾਰ ਦੀ ਜਨਤਾ ਤੇ ਸਰਕਾਰਾਂ ਨੂੰ ਨੇਤਨਯਾਹੂ ਤੇ ਟਰੰਪ ਵਰਗੇ ਅਪਰਾਧੀ ਬਿਰਤੀ ਵਾਲੇ ਹੁਕਮਰਾਨਾਂ ਦਾ ਹਰ ਸੰਭਵ ਢੰਗ ਨਾਲ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ।ਈਰਾਨ 'ਤੇ ਸਿਰਫ਼ ਉਸ ਦੇ ਤੇਲ ਭੰਡਾਰਾਂ ਨੂੰ ਲੁੱਟਣ ਲਈ ਅਮਰੀਕਾ ਤੇ ਇਜ਼ਰਾਈਲ ਵੱਲੋਂ ਕੀਤੇ ਇੱਕਪਾਸੜ ਹਮਲਾ ਦੇ ਵਿਰੋਧ 'ਚ ਭਾਰਤ ਜੋ ਗੁੱਟ-ਨਿਰਲੇਪ ਲਹਿਰ ਦਾ ਮੋਹਰੀ ਰਿਹਾ ਹੈ, ਨੂੰ ਲਾਜ਼ਮੀ ਤੌਰ 'ਤੇ ਇਜ਼ਰਾਈਲ ਨਾਲ ਅਪਣੇ ਕੂਟਨੀਤਕ ਸਬੰਧ ਤੋੜ ਲੈਣੇ ਚਾਹੀਦੇ ਹਨ।

## ਪੰਜਾਬ ਨੰਬਰਦਾਰ ਯੂਨੀਅਨ ਦਾ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ



ਮਹਿਲ ਕਲਾਂ (ਪ੍ਰਦੀਪ ਸਿੰਘ ਲੌਂਗੋਵਾਲ)-ਪੰਜਾਬ ਨੰਬਰਦਾਰ ਯੂਨੀਅਨ ਤਹਿਸੀਲ ਮਹਿਲ ਕਲਾਂ ਵੱਲੋਂ ਨੰਬਰਦਾਰ ਭਾਈਚਾਰੇ ਦੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਤੇ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਨੰਬਰਦਾਰ ਭਾਈਚਾਰੇ ਦਾ ਇੱਕ ਵਫ਼ਦ ਆਗੂਆਂ ਨੰਦ ਸਿੰਘ ਕਾਹਨੇ ਕੇ, ਬਿਕਰ ਸਿੰਘ ਕੋਟਦੁੱਨਾ, ਕਲੇਰ ਸਿੰਘ ਪੰਡੋਰੀ ਦੀ ਅਗਵਾਈ ਹੇਠ ਐੱਸ ਡੀ ਐੱਮ ਮਹਿਲ ਕਲਾਂ ਕ੍ਰਿਤਿਕਾ ਗੋਇਲ ਨੂੰ ਮਿਲਿਆ। ਇਸ ਦੌਰਾਨ ਵਫ਼ਦ ਨੇ ਸਮੂਹ ਨੰਬਰਦਾਰ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਸਬੰਧੀ ਵਿਸਥਾਰ ਨਾਲ ਜਾਣੂ ਕਰਵਾਇਆ।ਐੱਸ.ਡੀ.ਐੱਮ. ਕ੍ਰਿਤਿਕਾ ਗੋਇਲ ਨੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਮਸਲਿਆਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾਵੇਗਾ।ਇਸ ਮੌਕੇ ਨੰਬਰਦਾਰ ਯੂਨੀਅਨ ਵੱਲੋਂ ਐੱਸ ਡੀ ਐੱਮ ਕ੍ਰਿਤਿਕਾ ਗੋਇਲ ਦਾ ਗੁਲਦਸਤਾ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ।

## ਹੈਰੋਇਨ ਸਣੇ ਵਿਅਕਤੀ ਗ੍ਰਿਫਤਾਰ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 4 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ-ਕਮ-ਸਹਾਇਕ ਥਾਣੇਦਾਰ ਵਿਸ਼ਲੇਸ਼ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਥਾਣਾ ਅਮੀਰ ਖਾਸ ਏਰੀਏ ਵਿੱਚ ਗਸ਼ਤ ਦੌਰਾਨ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਰੋਡ ਦੇ ਖੱਡਿਆਂ ਕੋਲ ਲਿੰਕ ਰੋਡ ਅਮੀਰ ਕਾਸ ਤੋਂ ਬਾਰਾ ਸਿੰਘ ਵਾਲਾ ਮੋੜ ਪੁੱਜੀ ਤਾਂ ਸਾਹਮਣੇ ਤੋਂ ਇਕ ਨੌਜਵਾਨ ਲੜਕਾ ਆ ਰਿਹਾ ਸੀ, ਜਿਸ ਨੇ ਪੁਲਸ ਦੀ ਗੱਡੀ 'ਤੇ ਲੱਗੀਆਂ ਲਾਈਟਾਂ ਚਲਦੀਆਂ ਵੇਖ ਕੇ ਇਕਦਮ ਰੋਡ ਦੇ ਖੱਡਿਆਂ ਨੂੰ ਤੇਜ਼ ਕਦਮੀ ਮੁੜਨ ਲੱਗਿਆ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਕੀਤੀ ਗਈ ਤਾਂ ਉਸ ਦੀ ਜੀਨ ਦੀ ਪੈਂਟ ਦੀ ਜੇਬ ਵਿੱਚੋਂ ਲਿਫਾਫਾ ਨਿਕਲਿਆ, ਜਿਸ ਵਿੱਚੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਗੁਰਪ੍ਰੀਤ ਸਿੰਘ ਉਰਫ ਗੋਰੀ ਪੁੱਤਰ ਜੋਗਿੰਦਰ ਸਿੰਘ ਵਾਸੀ ਪੀਰੇ ਕੇ ਉਤਾੜ ਨੂੰ ਹੈਰੋਇਨ ਸਣੇ ਕਾਬੂ ਕਰਨ ਉਪਰੰਤ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਵਿਧਾਇਕ ਰਾਏ ਵੱਲੋਂ ਪੀ ਐੱਮ ਸ੍ਰੀ ਸਕੂਲ ਹਰਬੰਸਪੁਰਾ 'ਚ ਲੈਬਜ਼ ਦਾ ਉਦਘਾਟਨ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਜੋ ਉਪਰਾਲੇ ਕੀਤੇ ਗਏ ਹਨ, ਉਹ ਪਹਿਲੀਆਂ ਸਰਕਾਰਾਂ ਨੇ ਕਦੇ ਸੋਚਿਆ ਵੀ ਨਹੀਂ ਸੀ।ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮੁਕਾਬਲੇ ਦੇ ਵੱਖ-ਵੱਖ ਕੋਰਸਾਂ ਵਿੱਚ ਅੱਵਲ ਅੰਕ ਪ੍ਰਾਪਤ ਕਰ ਰਹੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੀ. ਐੱਮ. ਸ੍ਰੀ ਸਰਕਾਰੀ ਹਾਈ ਸਕੂਲ ਹਰਬੰਸਪੁਰਾ ਵਿਖੇ 10.97 ਲੱਖ ਦੀ ਲਾਗਤ ਨਾਲ ਤਿਆਰ ਹੋਈ ਇੰਟੀਗ੍ਰੇਟਿਡ ਸਾਇੰਸ ਲੈਬ ਤੇ 13.02 ਲੱਖ ਦੀ ਲਾਗਤ ਨਾਲ ਤਿਆਰ ਹੋਈ ਆਈ. ਟੀ. ਲੈਬ ਦਾ ਉਦਘਾਟਨ ਕਰਨ ਮੌਕੇ ਕੀਤਾ।ਸ੍ਰੀ ਰਾਏ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬਣਾਈਆਂ ਜਾ ਰਹੀਆਂ ਆਧੁਨਿਕ ਲੈਬਾਰਟਰੀਜ਼ ਨਾਲ ਵਿਦਿਆਰਥੀਆਂ ਨੂੰ ਸੂਚਨਾ ਤਕਨਾਲੌਜੀ ਦੇ ਖੇਤਰ ਵਿੱਚ ਸਕਿੱਲਡ ਬੇਸ ਸਿਖਲਾਈ ਦਿੱਤੀ ਜਾਵੇਗੀ, ਜਿਸ ਨਾਲ ਵਿਦਿਆਰਥੀ ਆਉਣ ਵਾਲੇ ਸਮੇਂ ਅੰਦਰ ਸੂਚਨਾ ਤਕਨਾਲੌਜੀ ਦੇ ਖੇਤਰ ਵਿੱਚ ਉੱਚੀਆਂ ਮੱਲ੍ਹਾਂ ਮਾਰ ਸਕਣਗੇ।ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚੋਂ ਕੱਢ ਕੇ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਸਨ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਚੁੱਕੇ ਗਏ ਕਦਮਾਂ ਸਦਕਾ ਲੋਕ ਹੁਣ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ।ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਵਿੱਚ ਕਿਸੇ ਕਿਸਮ ਦੀ ਘਾਟ ਨਾ ਛੱਡੀ ਜਾਵੇ ਤੇ ਪੰਜਾਬ ਸਰਕਾਰ ਵੱਲੋਂ ਸਕੂਲ ਲਈ ਉਹ ਹਰ ਤਰ੍ਹਾਂ ਦੀ ਮਦਦ ਕਰਵਾਉਣ ਲਈ ਵਚਨਬੱਧ ਹਨ।ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਸੰਦੀਪ ਜੈਨ, ਮਨਦੀਪ ਸਿੰਘ ਪੋਲਾ, ਨਰੰਗ ਸਿੰਘ, ਮੋਹਿਤ ਸੂਦ, ਬਲਬੀਰ ਸੋਢੀ, ਐਡਵੋਕੇਟ ਗੁਰਮੀਤ ਬਾਜਵਾ, ਸ਼ਰਨਜੀਤ ਕੌਰ ਸਰਪੰਚ, ਸ਼ਿੰਦਰ ਕੌਰ, ਨਿਰਭੈ ਸਿੰਘ, ਪ੍ਰੇਮ ਸਿੰਘ, ਦੀਪਕ ਕੁਮਾਰ, ਹਰਜੀਤ ਕੌਰ (ਸਾਰੇ ਪੰਚ), ਸਤਵਿੰਦਰ ਸਿੰਘ, ਕਰਮ ਸਿੰਘ ਚੀਮਾ, ਉਧਮ ਸਿੰਘ ਚੀਮਾ, ਕੁਲਦੀਪ ਸਿੰਘ ਗਿੱਲ, ਰਾਜਮੀਤ ਸਿੰਘ, ਗੁਰਜੀਵਨ ਸਿੰਘ, ਮੇਜਰ ਸਿੰਘ ਆਦਿ ਹਾਜ਼ਰ ਸਨ।

# ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇਸ਼ ਦੀਆਂ ਕਰੋੜਾਂ ਧੀਆਂ ਦੇ ਸੁਪਨਿਆਂ ਨੂੰ ਦੇਵੇਗਾ ਨਵੀਂ ਉਡਾਣ : ਜੈ ਇੰਦਰ ਕੌਰ

**ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33% ਰਾਖਵਾਂਕਰਨ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ 'ਚ ਇਤਿਹਾਸਕ ਕਦਮ : ਪ੍ਰਨੀਤ ਕੌਰ**



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਤੇ ਸਾਬਕਾ ਸਾਂਸਦ ਪ੍ਰਨੀਤ ਕੌਰ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਨੂੰ ਦੇਸ਼ ਦੀਆਂ ਮਹਿਲਾਵਾਂ ਲਈ 'ਸੁਨਹਿਰੀ ਯੁੱਗ' ਦੀ ਸ਼ੁਰੂਆਤ ਦੱਸਿਆ ਹੈ।ਉਨ੍ਹਾਂ ਕਿਹਾ ਕਿ ਇਹ ਅਧਿਨਿਯਮ ਮਹਿਜ਼ ਇੱਕ ਕਾਨੂੰਨ ਨਹੀਂ, ਸਗੋਂ ਦੇਸ਼ ਦੀਆਂ ਕਰੋੜਾਂ ਧੀਆਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਤੇ ਉਨ੍ਹਾਂ ਦੇ ਸਨਮਾਨ ਨੂੰ ਬਹਾਲ ਕਰਨ ਦਾ ਇੱਕ ਮਹੱਤਵਪੂਰਨ ਸਫ਼ਰ ਹੈ।ਉਨ੍ਹਾਂ ਦੱਸਿਆ ਕਿ ਇਸ ਕਾਨੂੰਨ ਦੇ ਤਹਿਤ ਭਾਰਤ ਦੀ ਲੋਕ ਸਭਾ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33% ਸੀਟਾਂ ਰਾਖਵੀਆਂ ਰੱਖਣ ਦਾ ਇਤਿਹਾਸਕ ਫੈਸਲਾ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ 2023 ਵਿੱਚ ਪਾਸ ਹੋਇਆ ਇਹ ਅਧਿਨਿਯਮ ਹੁਣ ਲਾਗੂ ਹੋਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ ਤੇ ਮੋਦੀ ਸਰਕਾਰ ਨੇ ਇਸ ਦੇ ਰਾਹ ਵਿੱਚ ਆਉਣ ਵਾਲੀਆਂ ਤਕਨੀਕੀ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਹੈ, ਤਾਂ ਜੋ ਔਰਤਾਂ ਨੂੰ ਜਲਦ ਤੋਂ ਜਲਦ ਸੱਤਾ ਵਿੱਚ ਬਣਦਾ ਹੱਕ ਮਿਲ ਸਕੇ।ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸਾਬਕਾ ਸੰਸਦ ਪ੍ਰਨੀਤ ਕੌਰ ਨੇ ਕਿਹਾ ਕਿ ਇਹ ਸਿਰਫ਼ ਇੱਕ ਸਿਆਸੀ ਵਾਅਦਾ ਨਹੀਂ ਹੈ, ਸਗੋਂ ਔਰਤਾਂ ਦੀ ਸੁਰੱਖਿਆ, ਸਨਮਾਨ ਤੇ ਸੱਤਾ ਵਿੱਚ ਬਰਾਬਰ ਦੀ ਭਾਗੀਦਾਰੀ ਦੀ ਗਾਰੰਟੀ ਹੈ।'ਵਿਕਸਿਤ ਭਾਰਤ' ਦੇ ਸੰਕਲਪ ਨੂੰ ਪੂਰਾ ਕਰਨ ਲਈ ਹੁਣ ਦੇਸ਼ ਦੀ ਕਮਾਨ ਮਹਿਲਾਵਾਂ ਦੇ ਹੱਥ ਵਿੱਚ ਹੋਵੇਗੀ, ਜੋ ਨਵੇਂ ਭਾਰਤ ਦੀ ਨਵੀਂ ਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਹੈ।ਅੰਤ ਵਿੱਚ, ਜੈ ਇੰਦਰ ਕੌਰ ਤੇ ਪ੍ਰਨੀਤ ਕੌਰ ਨੇ ਇਸ ਕ੍ਰਾਂਤੀਕਾਰੀ ਕਦਮ ਲਈ ਕੇਂਦਰ ਸਰਕਾਰ ਤੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਮੋਦੀ ਜੀ ਦੀ ਅਗਵਾਈ ਹੇਠ ਮਹਿਲਾਵਾਂ ਅੱਜ ਹਰ ਖੇਤਰ ਵਿੱਚ ਮੋਹਰੀ ਹੋ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ।

## ਬ੍ਰਿਟਿਸ਼ ਸਕੂਲ ਵਿਖੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਸੈਮੀਨਾਰ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਬ੍ਰਿਟਿਸ਼ ਸਕੂਲ ਸੁਨਾਮ ਵਿਖੇ ਡਰਾਈਵਰਾਂ ਨੂੰ ਇਕੱਠੇ ਕਰਕੇ ਟ੍ਰੈਫਿਕ ਪੁਲਸ ਸੰਗਰੂਰ ਦੇ ਇੰਚਾਰਜ ਪਵਨ ਕੁਮਾਰ ਤੇ ਏਐੱਸਆਈ ਨਿਰਭੈ ਸਿੰਘ ਟ੍ਰੈਫਿਕ ਪੁਲਸ ਇੰਚਾਰਜ ਸੁਨਾਮ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਸੈਮੀਨਾਰ ਲਗਾਇਆ ਗਿਆ ਹੈ, ਜਿਸ ਵਿੱਚ ਵਹੀਕਲਾਂ ਦੇ ਕਾਗਜ਼ਾਤ ਚੈੱਕ ਕੀਤੇ ਤੇ ਕਾਗਜ਼ਾਤ ਪੂਰੇ ਰੱਖਣ ਦੀ ਹਦਾਇਤ ਕੀਤੀ ਗਈ ਅਤੇ ਹੈਲਪ ਲਾਇਨ ਨੰਬਰ 112 ਤੇ 1930 ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਉਨ੍ਹਾਂ ਨਾਲ ਐੱਚ ਸੀ ਦਿਲਬਾਗ ਸਿੰਘ ਹਾਜ਼ਰ ਸਨ।

## ਸਫਾ 1 ਦੇ ਬਾਕੀ...

### ਕਿਰਤ ਕਮਿਸ਼ਨਰ ਵੱਲੋਂ...

ਆਗੂਆਂ ਦੱਸਿਆ ਕਿ ਲੇਬਰ ਕਮਿਸ਼ਨਰ ਕੋਲ ਮੁੱਖ ਤੌਰ 'ਤੇ ਉਸਾਰੀ ਕਿਰਤੀਆਂ ਨੂੰ ਕੰਮਕਾਜ ਕਰਾਉਣ ਲਈ ਲਗਾਤਾਰ ਸਾਈਟ ਬੰਦ ਰਹਿਣ ਬਾਰੇ ਨੋਟਿਸ ਲੈਣ ਲਈ ਕਿਹਾ ਗਿਆ ਤਾਂ ਉਹਨਾ ਤੁਰੰਤ ਐੱਨ ਆਈ ਸੀ ਦੇ ਅਧਿਕਾਰੀਆਂ ਨੂੰ ਇਸ ਦਾ ਹੱਲ ਕਰਨ ਜਾਂ ਫਿਰ ਕਾਰਵਾਈ ਦਾ ਸਾਹਮਣਾ ਕਰਨ ਦੇ ਆਦੇਸ਼ ਦਿੱਤੇ ਹਨ। 27 ਨੰਬਰ ਫਾਰਮ ਦੀ ਸਮੱਸਿਆ, ਬੁਢਾਪਾ ਪੈਨਸ਼ਨ, ਐੱਕਸਗ੍ਰੇਸ਼ੀਆ ਸਕੀਮ, ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜ਼ੀਫਾ ਭਰਨ ਵਿੱਚ ਵਿਦਿਅਕ ਸੰਸਥਾਵਾਂ ਵੱਲੋਂ ਆ ਰਹੀਆਂ ਮੁਸ਼ਕਲਾਂ ਤੋਂ ਇਲਾਵਾ ਓਲਡ ਪੋਰਟਲ ਕੇਸਾਂ ਅਤੇ ਲੰਮੇ ਸਮੇਂ ਤੋਂ ਲੰਬਿਤ ਪਏ ਕੇਸਾਂ ਦੇ ਨਿਪਟਾਰੇ ਬਾਰੇ ਤੁਰੰਤ ਹੱਲ ਕਰਨ ਲਈ ਕਿਹਾ ਗਿਆ, ਜਿਸ 'ਤੇ ਕਿਰਤ ਕਮਿਸ਼ਨਰ ਵੱਲੋਂ ਭਰੋਸਾ ਦਿੱਤਾ ਗਿਆ ਕਿ ਉਹਨਾਂ ਦੇ ਮਸਲੇ ਤੁਰੰਤ ਹੱਲ ਕਰਨ ਲਈ ਅਮਲ ਸ਼ੁਰੂ ਕੀਤਾ ਜਾਵੇਗਾ। ਯੂਨੀਅਨ ਨੇ ਫੈਸਲਾ ਕੀਤਾ ਕਿ ਉਸਾਰੀ ਕਿਰਤੀਆਂ ਦੇ ਮਸਲਿਆਂ ਦੇ ਹੱਲ ਲਈ ਦਿੱਤੇ ਭਰੋਸੇ ਮਗਰੋਂ ਭਵਿੱਖੀ ਐਕਸ਼ਨ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਦੇ ਹਨ। ਆਗੂਆਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਮਸਲਿਆਂ ਨੂੰ ਕੁਝ ਹੀ ਦਿਨਾਂ ਵਿੱਚ ਹੱਲ ਕਰਨ ਦਾ ਅਮਲ ਤੁਰੰਤ ਸ਼ੁਰੂ ਨਾ ਕੀਤਾ ਗਿਆ ਤਾਂ ਭਵਿੱਖ ਵਿੱਚ ਵੱਡਾ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ।ਇਸ ਮੌਕੇ ਸੂਬਾਈ ਆਗੂ ਸੋਨਾ ਧੁਨਕੀਆਂ, ਦਸਵਿੰਦਰ ਕੌਰ, ਪਰਮਜੀਤ ਸਿੰਘ ਮੋਗਾ, ਸੁਰਿੰਦਰ ਭੈਣੀ ਅਤੇ ਰਵੀ ਦੱਤ ਵੀ ਮੌਜੂਦ ਸਨ।

### ਅਮਰੀਕਾ 'ਚ ਸਿੱਖਾਂ ਵਿਰੁੱਧ...

ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਨਫਰਤੀ ਅਪਰਾਧ ਖੋਜਕਰਤਾ ਬ੍ਰਾਇਨ ਲੇਵਿਨ ਨੇ ਨੋਟ ਕੀਤਾ ਕਿ ਜਦੋਂ ਕਿਸੇ ਵਿਸ਼ੇਸ਼ ਭਾਈਚਾਰੇ ਬਾਰੇ ਡਰ-ਅਧਾਰਤ ਰੂੜ੍ਹੀਵਾਦੀ ਵਿਚਾਰ ਤੇਜ਼ ਹੁੰਦੇ ਹਨ, ਤਾਂ ਉਸ ਸਮੂਹ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਅਕਸਰ ਤੇਜ਼ੀ ਨਾਲ ਵਧਦੀਆਂ ਹਨ। ਸਿੱਖਾਂ ਨੂੰ ਅਮਰੀਕਾ ਵਿੱਚ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲੇ ਧਾਰਮਕ ਘੱਟ ਗਿਣਤੀਆਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਸਿੱਖ ਕੋਲੀਸ਼ਨ ਦੀ 2025 ਦੀ ਰਿਪੋਰਟ ਨੇ ਸਿੱਖਾਂ ਨੂੰ 2024 ਵਿੱਚ ਯਹੂਦੀ ਅਤੇ ਮੁਸਲਮ ਭਾਈਚਾਰਿਆਂ ਤੋਂ ਬਾਅਦ ਤੀਜੇ ਸਭ ਤੋਂ ਵੱਧ ਨਿਸ਼ਾਨਾ ਬਣਾਏ ਗਏ ਧਾਰਮਕ ਸਮੂਹ ਵਜੋਂ ਦਰਜਾ ਦਿੱਤਾ ਹੈ।

ਪਿਛਲੇ ਦਹਾਕੇ ਦੌਰਾਨ ਹੋਰਨਾਂ ਸਮੂਹਾਂ ਵਿਰੁੱਧ ਵੀ ਅਪਰਾਧਾਂ ਵਿੱਚ ਵਾਧਾ ਹੋਇਆ ਹੈ : ਟਰਾਂਸਜੈਂਡਰ ਵਿਰੋਧੀ: 395 ਫੀਸਦੀ (ਸਭ ਤੋਂ ਵੱਡਾ ਵਾਧਾ), ਲੈਟਿਨੋ ਵਿਰੋਧੀ : 239 ਫੀਸਦੀ (2025 ਵਿੱਚ ਰਿਕਾਰਡ 1,014 ਕੇਸ), ਏਸ਼ੀਆਈ ਵਿਰੋਧੀ : 195 ਫੀਸਦੀ, ਯਹੂਦੀ ਵਿਰੋਧੀ : 123 ਫੀਸਦੀ, ਕਾਲੇ ਲੋਕਾਂ ਵਿਰੋਧੀ : 66 ਫੀਸਦੀ, ਗੋਰੇ ਲੋਕਾਂ ਵਿਰੋਧੀ: 51 ਫੀਸਦੀ, ਸਮਲਿੰਗੀ ਪੁਰਸ਼ ਵਿਰੋਧੀ : 27 ਫੀਸਦੀ (ਸਭ ਤੋਂ ਘੱਟ ਵਾਧਾ)।

ਕੁੱਲ ਮਿਲਾ ਕੇ ਇਹ ਖੁਲਾਸਾ ਹੁੰਦਾ ਹੈ ਕਿ ਅਮਰੀਕਾ ਵਿੱਚ ਨਫਰਤੀ ਅਪਰਾਧਾਂ ਦੇ ਰੁਝਾਨ ਅਸਮਾਨ ਹਨ। ਵਿਸ਼ਲੇਸ਼ਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਪਛਾਣ-ਅਧਾਰਤ ਹਿੰਸਾ ਦਾ ਲਗਾਤਾਰ ਜਾਰੀ ਰਹਿਣਾ ਸੁਰੱਖਿਆ, ਰਿਪੋਰਟਿੰਗ ਅਤੇ ਭਾਈਚਾਰਕ ਸੁਰੱਖਿਆ ਵਿੱਚ ਮੌਜੂਦ ਕਮੀਆਂ ਨੂੰ ਉਜਾਗਰ ਕਰਦਾ ਹੈ। ਇਹ ਅੰਕੜੇ ਨਫਰਤੀ ਅਪਰਾਧਾਂ ਦੀ ਨਿਗਰਾਨੀ ਪ੍ਰਣਾਲੀ ਨੂੰ ਸੁਧਾਰਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਦੀ ਚਰਚਾ ਨੂੰ ਮੁੜ ਸੁਰਜੀਤ ਕਰਨਗੇ।

### ਸ੍ਰੀ ਗੁਰੂ ਰਵਿਦਾਸ ਦੇ ...

ਵੱਖ ਸਮਾਗਮ ਕਰਵਾਏ ਸਨ।' ਸਮਾਗਮ ਦੀਆਂ ਤਿਆਰੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਸਾਂਝਾ ਕੀਤਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਯੋਜਨਾ ਉਲੀਕੀ ਗਈ ਹੈ। ਸ੍ਰੀ ਗੁਰੂ ਜੀ ਨੇ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਅਤੇ ਅਜਿਹੇ ਸਮਾਨਤਾਵਾਦੀ ਸਮਾਜ ਦੀ ਨੀਂਹ ਰੱਖੀ, ਜਿੱਥੇ ਕੋਈ ਵੀ ਦੁਖੀ ਨਾ ਹੋਵੇ। ਸਾਲ ਭਰ ਚੱਲਣ ਵਾਲੇ ਜਸ਼ਨਾਂ ਵਿੱਚ ਸੈਮੀਨਾਰ ਅਤੇ ਵਰਕਸ਼ਾਪਾਂ, ਵਿਸ਼ੇਸ਼ ਕੀਰਤਨ ਸਮਾਗਮ, ਤੀਰਥ ਯਾਤਰਾ, ਸਕੂਲ ਵਾਰ ਮੁਕਾਬਲੇ, ਦਸਤਾਵੇਜ਼ੀ ਸ਼ੋਅ, ਡਰੋਨ ਸ਼ੋਅ, ਖ਼ੂਨਦਾਨ ਕੈਂਪ, ਪੌਦੇ ਲਾਉਣ ਦੀ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਮੁੱਖ ਸਮਾਗਮ ਖੁਰਾਲਗੜ੍ਹ ਵਿਖੇ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਗੁਰੂ ਰਵਿਦਾਸ ਜੀ ਬਗੀਚੀਆਂ ਦੀ ਸਥਾਪਨਾ ਪੰਜਾਬ ਭਰ ਵਿੱਚ ਕੁੱਲ 650 ਏਕੜ ਪੰਚਾਇਤੀ ਜ਼ਮੀਨ 'ਤੇ ਪ੍ਰਤੀ ਜ਼ਿਲ੍ਹਾ ਔਸਤਨ 6.50 ਲੱਖ ਪੌਦੇ ਲਾਉਣ ਦੀ ਮੁਹਿੰਮ ਦੇ ਨਾਲ-ਨਾਲ ਮੈਰਾਥਨ, ਸ਼ੋਭਾ ਯਾਤਰਾਵਾਂ, ਸਾਈਕਲ ਰੈਲੀਆਂ ਅਤੇ ਹੋਰਨਾਂ ਪ੍ਰੋਗਰਾਮਾਂ ਰਾਹੀਂ ਕੀਤੀ ਜਾਵੇਗੀ।650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਮੁੱਖ ਸਮਾਗਮ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਪ੍ਰਦਰਸ਼ਨੀ ਦਾ ਉਦਘਾਟਨ, ਕਥਾ ਅਤੇ ਕੀਰਤਨ ਦਰਬਾਰ, ਸ੍ਰੀ ਗੁਰੂ ਰਵਿਦਾਸ ਜੀ ਦੇ ਯੋਗਦਾਨ ਨੂੰ ਸਮਰਪਤ ਸੰਤ ਸੰਮੇਲਨ, ਮੀਨਾਰ-ਏ-ਬੇਗਮਪੁਰਾ ਵਿਖੇ 3ਡੀ ਪ੍ਰੋਜੈਕਸ਼ਨ, ਡਰੋਨ ਸ਼ੋਅ, ਗੁਰੂ ਰਵਿਦਾਸ ਜੀ ਦੀ ਬਾਣੀ 'ਤੇ ਕਾਨਫਰੰਸ ਅਤੇ ਹੋਰ ਪ੍ਰੋਗਰਾਮ ਸ਼ਾਮਲ ਹੋਣਗੇ।ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਤਰੁਨਪ੍ਰੀਤ ਸਿੰਘ ਸੌਂਦ, ਲਾਲ ਚੰਦ ਕਟਾਰੂ ਚੱਕ ਅਤੇ ਡਾ. ਰਵਜੋਤ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਸਲਾਹਕਾਰ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੀਪਕ ਬਾਲੀ ਅਤੇ ਹੋਰ ਵੀ ਮੌਜੂਦ ਸਨ।

## ਸਰਕਾਰੀ ਵਿਭਾਗਾਂ ਵੱਲ ਬਿਜਲੀ ਦੇ 2733.50 ਕਰੋੜ ਬਕਾਇਆ

ਪਟਿਆਲਾ : ਪੈਸੇ ਦੀ ਕਿੱਲਤ ਨਾਲ ਜੂਝ ਰਹੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਜਿੱਥੇ ਪੂਰੇ ਪੰਜਾਬ ਵਿੱਚ ਸਮਾਰਟ ਮੀਟਰ ਲਗਾਉਣ 'ਤੇ ਜ਼ੋਰ ਦੇ ਰਹੀ ਹੈ, ਉੱਥੇ ਸਰਕਾਰੀ ਵਿਭਾਗਾਂ ਵੱਲ ਉਸ ਦੀ ਡਿਫਾਲਟਿੰਗ ਰਕਮ 2733.52 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਸਮਾਰਟ ਪ੍ਰੀਪੇਡ ਮੋਡ ਸਕੀਮ ਦੇ ਅਨੁਸਾਰ ਸਰਕਾਰੀ ਵਿਭਾਗਾਂ ਨੂੰ ਆਪਣੇ ਬਿਜਲੀ ਖਾਤੇ ਪਹਿਲਾਂ ਹੀ ਰੀਚਾਰਜ ਕਰਨੇ ਪੈਣਗੇ। ਕਾਰਪੋਰੇਸ਼ਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇੱਕ ਵਾਰ ਖਾਤੇ ਵਿੱਚੋਂ ਪੈਸੇ ਖਤਮ ਹੋ ਜਾਣ 'ਤੇ ਬਿਜਲੀ ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਰਾਜ ਦੇ ਲਗਭਗ 52,000 ਅਜਿਹੇ ਕੁਨੈਕਸ਼ਨਾਂ ਵਿੱਚੋਂ ਲਗਭਗ 39,000 ਵਿੱਚ ਪਹਿਲਾਂ ਹੀ ਸਮਾਰਟ ਮੀਟਰ ਲਗਾਏ ਜਾ ਚੁੱਕੇ ਹਨ। ਜਲ ਸਪਲਾਈ ਤੇ ਸੈਨੀਟੇਸ਼ਨ, ਸਥਾਨਕ ਸਰਕਾਰਾਂ, ਪੇਂਡੂ ਵਿਕਾਸ ਤੇ ਪੰਚਾਇਤ ਅਤੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਕੁੱਲ ਡਿਫਾਲਟਿੰਗ ਰਕਮ ਦਾ 90 ਫੀਸਦੀ ਹਿੱਸਾ ਦੇਣਦਾਰ ਹਨ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਸਿਰ 1032.94 ਕਰੋੜ ਰੁਪਏ, ਸਥਾਨਕ ਸਰਕਾਰਾਂ ਸਿਰ 936.32 ਕਰੋੜ ਰੁਪਏ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਸਿਰ 363.07 ਕਰੋੜ ਰੁਪਏ ਅਤੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਸਿਰ 146.69 ਕਰੋੜ ਰੁਪਏ ਬਕਾਇਆ ਹਨ। ਪੰਜਾਬ ਸਰਕਾਰ ਦੇ ਇਹ ਚਾਰ ਮੁੱਖ ਡਿਫਾਲਟਰ ਵਿਭਾਗ ਕੁੱਲ 2733.52 ਕਰੋੜ ਵਿੱਚੋਂ 2479.65 ਕਰੋੜ ਰੁਪਏ ਦੇ ਦੇਣਦਾਰ ਹਨ। ਅਗਲੇ ਛੇ ਡਿਫਾਲਟਰ ਵਿਭਾਗਾਂ ਸਿਰ 155.71 ਕਰੋੜ ਰੁਪਏ ਬਕਾਇਆ ਹਨ, ਜਿਨ੍ਹਾਂ ਵਿੱਚ ਸੀਵਰੇਜ ਬੋਰਡ (63.02 ਕਰੋੜ ਰੁਪਏ), ਸਕੂਲ ਸਿੱਖਿਆ (31.10 ਕਰੋੜ ਰੁਪਏ), ਗ੍ਰਹਿ ਮਾਮਲੇ (26.92 ਕਰੋੜ ਰੁਪਏ), ਰੱਖਿਆ ਸੇਵਾਵਾਂ ਭਲਾਈ (13.72 ਕਰੋੜ ਰੁਪਏ), ਸਿੰਚਾਈ (10.90 ਕਰੋੜ ਰੁਪਏ) ਅਤੇ ਲੋਕ ਨਿਰਮਾਣ ਵਿਭਾਗ (9.47 ਕਰੋੜ ਰੁਪਏ) ਸ਼ਾਮਲ ਹਨ। ਬਾਕੀ 98.16 ਕਰੋੜ ਰੁਪਏ 45 ਹੋਰ ਵਿਭਾਗਾਂ ਵੱਲ ਬਕਾਇਆ ਹਨ, ਜਦੋਂ ਕਿ ਹੋਰ ਬਕਾਏ 31.09 ਕਰੋੜ ਰੁਪਏ ਹਨ। ਜ਼ੋਨ ਅਨੁਸਾਰ ਸਰਕਾਰੀ ਵਿਭਾਗਾਂ ਦੀ ਸਭ ਤੋਂ ਵੱਧ ਬਕਾਇਆ ਰਕਮ ਬਾਰਡਰ ਜ਼ੋਨ ਦੀ ਹੈ, ਜਿਸ ਤੋਂ ਬਾਅਦ ਵੈਸਟ ਜ਼ੋਨ ਦਾ ਨੰਬਰ ਆਉਂਦਾ ਹੈ। ਬਾਰਡਰ ਜ਼ੋਨ (642.81 ਕਰੋੜ ਰੁਪਏ), ਵੈਸਟ ਜ਼ੋਨ (630.88 ਕਰੋੜ ਰੁਪਏ), ਨਾਰਥ ਜ਼ੋਨ (422.23 ਕਰੋੜ ਰੁਪਏ), ਸਾਊਥ ਜ਼ੋਨ (396.24 ਕਰੋੜ ਰੁਪਏ) ਅਤੇ ਸੈਂਟਰਲ ਜ਼ੋਨ ਦੇ 333.50 ਕਰੋੜ ਰੁਪਏ ਬਕਾਇਆ ਰਾਸ਼ੀ ਹਨ। ਪੰਜਾਬ ਸਰਕਾਰ ਦੀ ਵਨ ਟਾਈਮ ਸੈਟਲਮੈਂਟ ਸਕੀਮ ਨੂੰ 2023 ਅਤੇ 2024 ਵਿੱਚ ਕਈ ਵਾਰ ਵਧਾਉਣ ਦੇ ਬਾਵਜੂਦ ਡਿਫਾਲਟਰ ਵਿਭਾਗ ਆਪਣੇ ਬਕਾਏ ਕਲੀਅਰ ਕਰਨ ਵਿੱਚ ਲਗਾਤਾਰ ਢਿੱਲ ਵਰਤ ਰਹੇ ਹਨ।


## ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

**ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚਵਿਚ ਵਾਧਾ-2026**

ਰੇਲਯਾਤੀਰਆਂ ਦੀ ਸੁਵਿਧਾਜਨਕ ਆਉਣ-ਜਾਣ ਲਈ ਪਹਿਲਾ ਘੋਸ਼ਿਤ ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਰੇਲਵੇ ਦੁਆਰਾ ਹੇਠਾ ਲਿਖੀ ਵਿਸ਼ੇਸ਼ ਰੇਲਗੱਡੀਆਂ ਵੀ ਹੇਠਾ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ :-

**04213/04211 ਸੁਲਤਾਨਪੁਰ - ਲੋਕਮਾਨਯ ਤਿਲਕ (ਟ) - ਸੁਲਤਾਨਪੁਰ ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ) — 18 ਫੇਰੇ**

| ਗੱਡੀ ਨੰ: 04212 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04211 ਆਉਣਾ | ਜਾਣਾ |
|---|---|---|---|---|
| --- | 04:00 | ਸੁਲਤਾਨਪੁਰ | 23:00 | --- |
| 06:20 | 06:30 | ਲਖਨਊ | 20:50 | 21:00 |
| 12:20 | --- | ਲੋਕਮਾਨਯ ਤਿਲਕ (ਟ) | --- | 14:35 |

ਚਲਨ ਦੇ ਦਿਨ : 04212 ਸੁਲਤਾਨਪੁਰ ਤੋਂ ਮਿਤੀ 20.05.2026 ਤੋਂ 15.07.2026 (ਹਰੇਕ ਬੁੱਧਵਾਰ) ਅਤੇ 04211 ਲੋਕਮਾਨਯ ਤਿਲਕ (ਟ) ਤੋਂ ਮਿਤੀ 21.05.2026 ਤੋਂ 16.07.2026 (ਹਰੇਕ ਵੀਰਵਾਰ) ਨੂੰ।
ਠਹਿਰਾਵ : ਲਖਨਊ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀ ਝਾਂਸੀ, ਬੀਨਾ, ਰਾਨੀ ਕਮਲਾਪਤੀ ਇਟਾਰਸੀ ਜੰ:, ਖੰਡਵਾ, ਭੁਸਾਵਲ, ਪਾਚੋਰਾ ਜੰ:, ਚਾਲੀਸਗਾਂਵ ਜੰ:, ਨਾਸ਼ਿਕ ਰੋਡ, ਇਗਤਪੁਰੀ, ਕਲਿਆਣ ਅਤੇ ਠਾਣੇ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ ਅਤੇ ਜਨਰਲ

**04226/04225 ਵਾਰਾਨਸੀ ਜੰ: - ਲੋਕਮਾਨਯ ਤਿਲਕ (ਟ) - ਵਾਰਾਨਸੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ) — 16 ਫੇਰੇ**

| ਗੱਡੀ ਨੰ: 04226 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04225 ਆਉਣਾ | ਜਾਣਾ |
|---|---|---|---|---|
| --- | 01:35 | ਵਾਰਾਨਸੀ | 02:05 | --- |
| 06:20 | 06:30 | ਲਖਨਊ | 20:50 | 21:00 |
| 12:20 | --- | ਲੋਕਮਾਨਯ ਤਿਲਕ (ਟ) | --- | 14:35 |

ਚਲਨ ਦੇ ਦਿਨ : 04226 ਵਾਰਾਨਸੀ ਜੰ: ਤੋਂ ਮਿਤੀ 21.05.2026 ਤੋਂ 09.07.2026 (ਹਰੇਕ ਵੀਰਵਾਰ) ਅਤੇ 04225 ਲੋਕਮਾਨਯ ਤਿਲਕ (ਟ) ਤੋਂ ਮਿਤੀ 22.05.2026 ਤੋਂ 10.07.2026 (ਹਰੇਕ ਸ਼ੁੱਕਰਵਾਰ) ਨੂੰ।
ਠਹਿਰਾਵ : ਜੋਨਪੁਰ ਸਿਟੀ, ਸੁਲਤਾਨਪੁਰ, ਲਖਨਊ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀ ਝਾਂਸੀ, ਬੀਨਾ, ਰਾਨੀ ਕਮਲਾਪਤੀ ਇਟਾਰਸੀ ਜੰ:, ਖੰਡਵਾ, ਭੁਸਾਵਲ, ਪਾਚੋਰਾ ਜੰ:, ਚਾਲੀਸਗਾਂਵ ਜੰ:, ਨਾਸ਼ਿਕ ਰੋਡ, ਇਗਤਪੁਰੀ, ਕਲਿਆਣ ਅਤੇ ਠਾਣੇ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ ਅਤੇ ਜਨਰਲ

**04070/04069 ਆਨੰਦ ਵਿਹਾਰ (ਟ) - ਸ਼ੇਖਪੁਰਾ - ਆਨੰਦ ਵਿਹਾਰ (ਟ) ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ ਵਿਚ ਦੋ ਦਿਨ) — 52 ਫੇਰੇ**

| ਗੱਡੀ ਨੰ: 04070 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04069 ਆਉਣਾ | ਜਾਣਾ |
|---|---|---|---|---|
| --- | 00:20 | ਆਨੰਦ ਵਿਹਾਰ (ਟ) | 23:20 | --- |
| 23:30 | --- | ਸ਼ੇਖਪੁਰਾ | --- | 00:30 |

ਚਲਨ ਦੇ ਦਿਨ : 04070 ਆਨੰਦ ਵਿਹਾਰ (ਟ) ਤੋਂ ਮਿਤੀ 17.04.2026 ਤੋਂ 14.07.2026 (ਹਰੇਕ ਸ਼ੁੱਕਰਵਾਰ ਅਤੇ ਮੰਗਲਵਾਰ) ਅਤੇ 04069 ਸ਼ੇਖਪੁਰਾ ਤੋਂ ਮਿਤੀ 18.04.2026 ਤੋਂ 15.07.2026 (ਹਰੇਕ ਸ਼ਨੀਵਾਰ ਅਤੇ ਬੁੱਧਵਾਰ) ਨੂੰ।
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਧਯੇ ਜੰ:, ਦਿਲਦਾਰ ਨਗਰ ਜੰ:, ਬਕਸਰ, ਰਘੁਨਾਥਪੁਰ, ਆਰਾ, ਦਾਨਾਪੁਰ, ਪਟਨਾ ਜੰ:, ਰਾਜੇਂਦਰ ਨਗਰ ਟਰਮੀਨਲ, ਬਖਿਤਯਾਰਪੁਰ ਜੰ:, ਬਿਹਾਰ ਸ਼ਰੀਫ ਜੰ:, ਅਤੇ ਅਸਥਾਵੀ ਸਟੇਸ਼ਨ।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ. ਅਤੇ 3 ਟਿਯਰ ਵਾਤਾ.

**04620/04619 ਫ਼ਿਰੋਜ਼ਪੁਰ ਕੈਂਟ - ਝੰਝਾਰਪੁਰ - ਫ਼ਿਰੋਜ਼ਪੁਰ ਕੈਂਟ ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ) — 12 ਫੇਰੇ**

| ਗੱਡੀ ਨੰ: 04620 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04619 ਆਉਣਾ | ਜਾਣਾ |
|---|---|---|---|---|
| --- | 14:30 | ਫ਼ਿਰੋਜ਼ਪੁਰ ਕੈਂਟ ਜੰ: | 10:40 | --- |
| 23:30 | --- | ਝੰਝਾਰਪੁਰ ਜੰ: | --- | 01:00 |

ਚਲਨ ਦੇ ਦਿਨ : 04620 ਫ਼ਿਰੋਜ਼ਪੁਰ ਕੈਂਟ ਜੰ: ਤੋਂ ਮਿਤੀ 18.04.2026 ਤੋਂ 23.05.2026 (ਹਰੇਕ ਸ਼ਨੀਵਾਰ) ਅਤੇ 04619 ਝੰਝਾਰਪੁਰ ਤੋਂ ਮਿਤੀ 20.04.2026 ਤੋਂ 25.05.2026 (ਹਰੇਕ ਸੋਮਵਾਰ) ਨੂੰ।
ਠਹਿਰਾਵ : ਲੋਹਿਯਾ ਖਾਸ ਜੰ:, ਜਲੰਧਰ ਸਿਟੀ ਜੰ:, ਫਗਵਾੜਾ ਜੰ:, ਢੰਢਾਰੀ ਕਲਾਂ, ਸਰਹਿੰਦ ਜੰ:, ਰਾਜਪੁਰਾ ਜੰ:, ਅੰਬਾਲਾ ਕੈਂਟ ਜੰ:, ਬਰਾੜਾ, ਯਮੁਨਾਨਗਰ ਜਗਾਧਰੀ, ਸਹਾਰਨਪੁਰ ਜੰ:, ਰੁੜਕੀ, ਨਜੀਬਾਬਾਦ ਜੰ:, ਮੁਰਾਦਾਬਾਦ ਜੰ:, ਬਰੇਲੀ ਜੰ:, ਸ਼ਾਹਜਹਾਂਪੁਰ ਜੰ:, ਸੀਤਾਪੁਰ ਜੰ:, ਬੁਢਵਲ ਜੰ:, ਗੋਂਡਾ ਜੰ:, ਬਸਤੀ, ਗੋਰਖਪੁਰ ਜੰ:, ਕਪਤਾਨਗੰਜ ਜੰ:, ਬਗਹਾ, ਨਰਕਟਿਯਾਗੰਜ ਜੰ:, ਸਿਕਟਾ, ਰਕਸੋਲ ਜੰ:, ਬੈਰਗਨਿਯਾ, ਸੀਤਾਮੜ੍ਹੀ ਜੰ:, ਸ਼ਿਸ਼ੋ ਜੰ: ਅਤੇ ਸਕਰੀ ਜੰ: ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ, 3 ਟਿਯਰ ਵਾਤਾ ਇਕੋਨਾਮੀ, ਸਲੀਪਰ ਅਤੇ ਜਨਰਲ

**04064/04063 ਨਵੀਂ ਦਿੱਲੀ ਜੰ: - ਗਯਾ ਜੰ: - ਨਵੀਂ ਦਿੱਲੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 98 ਫੇਰੇ**

| ਗੱਡੀ ਨੰ: 04064 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04063 ਆਉਣਾ | ਜਾਣਾ |
|---|---|---|---|---|
| --- | 11:00 | ਨਵੀਂ ਦਿੱਲੀ ਜੰ: | 08:10 | --- |
| 07:15 | --- | ਗਯਾ ਜੰ: | --- | 09:15 |

ਚਲਨ ਦੇ ਦਿਨ : 04064 ਨਵੀਂ ਦਿੱਲੀ ਤੋਂ ਮਿਤੀ 15.04.2026 ਤੋਂ 14.07.2026 (ਮਿਤੀ 21.05.2026, 23.05.2026 ਅਤੇ 25.05.2026 ਨੂੰ ਛੱਡਕੇ) ਅਤੇ 04063 ਗਯਾ ਜੰ: ਤੋਂ ਮਿਤੀ 16.04.2026 ਤੋਂ 15.07.2026 (ਮਿਤੀ 22.05.2026, 24.05.2026 ਅਤੇ 26.05.2026 ਨੂੰ ਛੱਡਕੇ) ਨੂੰ।
ਠਹਿਰਾਵ : ਟੁੰਡਲਾ, ਗੋਬਿੰਦਪੁਰੀ, ਸੂਬੇਦਾਰ ਗੰਜ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ ਸਾਸਾਰਾਮ, ਡੇਹਰੀ ਆਨਸੋਨ ਅਤੇ ਅਨੁਗ੍ਰਹਿ ਨਾਰਾਯਣ ਰੋਡ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**04066/04065 ਆਨੰਦ ਵਿਹਾਰ (ਟ) - ਖੋਰਘਾ ਰੋਡ - ਆਨੰਦ ਵਿਹਾਰ (ਟ) ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ) — 08 ਫੇਰੇ**

| ਗੱਡੀ ਨੰ: 04066 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04065 ਆਉਣਾ | ਜਾਣਾ |
|---|---|---|---|---|
| --- | 00:30 | ਆਨੰਦ ਵਿਹਾਰ (ਟ) | 03:40 | --- |
| 11:30 | --- | ਖੋਰਘਾ ਰੋਡ | --- | 15:30 |

ਚਲਨ ਦੇ ਦਿਨ : 04066 ਆਨੰਦ ਵਿਹਾਰ (ਟ) ਤੋਂ ਮਿਤੀ 20.04.26 ਤੋਂ 11.05.26 (ਹਰੇਕ ਸੋਮਵਾਰ) ਅਤੇ 04065 ਖੋਰਘਾ ਰੋਡ ਤੋਂ ਮਿਤੀ 21.04.26 ਤੋਂ 12.05.26 (ਹਰੇਕ ਮੰਗਲਵਾਰ) ਨੂੰ।
ਠਹਿਰਾਵ : ਗਾਜੀਆਬਾਦ, ਗੋਬਿੰਦਪੁਰੀ, ਸੂਬੇਦਾਰ ਗੰਜ, ਮਿਰਜਾਪੁਰ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨਸੋਨ, ਅਨਗ੍ਰਹਿ ਨਾਰਾਯਣ ਰੋਡ, ਗਯਾ ਜੰ:, ਪਹਾੜਪੁਰ, ਕੋਡਰਮਾ, ਹਜ਼ਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋਹ, ਆਦ੍ਰਾ, ਬਾਕੁੜਾ, ਵਿਸ਼ਨੂਪੁਰ, ਮੇਦਿਨੀਪੁਰ, ਹਿਜਲੀ, ਬਾਲੇਸ਼ਵਰ, ਭਦ੍ਰਕ, ਜਾਜਪੁਰ ਕੇਨਦੁਝਰ ਰੋਡ, ਕਟਕ ਅਤੇ ਭੁਵਨੇਸ਼ਵਰ ਸਟੇਸ਼ਨ।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**04185/04186 ਵੀਰਾਂਗਨਾ ਲਖਸ਼ਮੀਬਾਈ ਝਾਂਸੀ - ਆਸਨਸੋਲ - ਵੀਰਾਂਗਨਾ ਲਖਸ਼ਮੀ ਝਾਂਸੀ ਵਿਸ਼ੇਸ਼ ਰੇਲਗੱਡੀ (ਸਪਤਾਹ ਵਿਚ ਦੋ ਦਿਨ) — 46 ਫੇਰੇ**

| ਗੱਡੀ ਨੰ: 04185 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04186 ਆਉਣਾ | ਜਾਣਾ |
|---|---|---|---|---|
| --- | 09:20 | ਵੀਰਾਂਗਨਾ ਲਖਸ਼ਮੀਬਾਈ ਝਾਂਸੀ | 19:10 | --- |
| 20:45 | 20:50 | ਵਾਰਾਣਸੀ ਜੰ: | 06:35 | 06:40 |
| 14:30 | --- | ਆਸਨਸੋਲ | --- | 17:10 |

ਚਲਨ ਦੇ ਦਿਨ : 04184 ਵੀਰਾਂਗਨਾ ਲਖਸ਼ਮੀਬਾਈ ਝਾਂਸੀ ਤੋਂ ਮਿਤੀ 28.06.2026 ਤਕ (ਹਰੇਕ ਐਤਵਾਰ ਅਤੇ ਬੁੱਧਵਾਰ) ਅਤੇ 04186 ਆਸਨਸੋਲ ਤੋਂ ਮਿਤੀ 29.06.2026 ਤਕ (ਹਰੇਕ ਸੋਮਵਾਰ ਅਤੇ ਵੀਰਵਾਰ) ਨੂੰ।
ਠਹਿਰਾਵ : ਉਰਈ, ਪੁਖਰਾਯਾਂ, ਗੋਬਿੰਦਪੁਰੀ, ਫਤੇਹਪੁਰ, ਪ੍ਰਯਾਗਰਾਜ ਜੰ:, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਜੰ:, ਓਂਡਿਹਾਰ ਜੰ:, ਗਾਜੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਕਿਊਲ ਜੰ:, ਝਾਝਾ, ਜਸੀਡੀਹ, ਮਧੁਪੁਰ ਜੰ: ਅਤੇ ਚਿਤਰੰਜਨ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ, ਦੂਸਰੀ ਸ਼੍ਰੇਣੀ ਅਤੇ ਜਨਰਲ

**04127/04128 ਕਾਨਪੁਰ ਸੈਂਟਰਲ - ਗੁਵਾਹਟੀ - ਕਾਨਪੁਰ ਸੈਂਟਰਲ ਵਿਸ਼ੇਸ਼ ਰੇਲਗੱਡੀ (ਸਪਤਾਹਿਕ) — 10 ਫੇਰੇ**

| ਗੱਡੀ ਨੰ: 04127 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04128 ਆਉਣਾ | ਜਾਣਾ |
|---|---|---|---|---|
| --- | 08:00 | ਕਾਨਪੁਰ ਸੈਂਟਰਲ | 07:30 | --- |
| 13:45 | 13:50 | ਵਾਰਾਣਸੀ ਜੰ: | 23:05 | 23:15 |
| 19:00 | --- | ਗੁਵਾਹਟੀ | --- | 22:00 |

ਚਲਨ ਦੇ ਦਿਨ : 04127 ਕਾਨਪੁਰ ਸੈਂਟਰਲ ਤੋਂ ਮਿਤੀ 16.04.2026 ਤੋਂ 14.05.2026 ਤਕ (ਹਰੇਕ ਵੀਰਵਾਰ) ਅਤੇ 04128 ਗੁਵਾਹਟੀ ਤੋਂ ਮਿਤੀ 17.04.2026 ਤੋਂ 15.05.2026 ਤਕ (ਹਰੇਕ ਸ਼ੁੱਕਰਵਾਰ) ਨੂੰ।
ਠਹਿਰਾਵ : ਫਤੇਹਪੁਰ, ਪ੍ਰਯਾਗਰਾਜ, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਛਪਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਬੇਗੂਸਰਾਯ, ਖਗੜਿਯਾ, ਮਾਨਸੀ, ਨਵਗਛਿਯਾ, ਕਟਿਹਾਰ, ਬਾਰਸੋਈ ਜੰ:, ਕਿਸ਼ਨਗੰਜ, ਅਲੂਆਬਾੜੀ ਰੋਡ, ਨਯੂ ਜਲਪਾਈਗੁੜੀ, ਨਯੂ ਕੋਚਬਿਹਾਰ, ਨਯੂ ਅਲੀਪੁਰਦੁਆਰ, ਕੋਕਰਾਝਾਰ, ਨਯੂ ਬੌਂਗਾਈਗਾਂਵ, ਬਰਪੇਟਾ ਰੋਡ, ਰੰਗਿਯਾ ਅਤੇ ਕਾਮਖਯਾ ਸਟੇਸ਼ਨ
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**01491/01492 ਪੂਣੇ ਜੰ: - ਹ. ਨਿਜ਼ਾਮੁਦੀਨ - ਪੂਣੇ ਜੰ: ਵਿਸ਼ੇਸ਼ ਰੇਲਗੱਡੀ (ਸਪਤਾਹਿਕ) — 22 ਫੇਰੇ**

| ਗੱਡੀ ਨੰ: 01491 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 01492 ਆਉਣਾ | ਜਾਣਾ |
|---|---|---|---|---|
| --- | 17:30 | ਪੂਣੇ ਜੰ: | 23:55 | --- |
| 18:30 | --- | ਹ. ਨਿਜ਼ਾਮੁਦੀਨ | --- | 21:25 |

ਚਲਨ ਦੇ ਦਿਨ : 01491 ਪੂਣੇ ਜੰ: ਤੋਂ ਮਿਤੀ 17.04.2026 ਤੋਂ 10.07.2026 (ਮਿਤੀ 22.05.2026 ਨੂੰ ਛੱਡਕੇ) ਹਰੇਕ ਸ਼ੁੱਕਰਵਾਰ ਅਤੇ 01492 ਹ. ਨਿਜ਼ਾਮੁਦੀਨ ਤੋਂ ਮਿਤੀ 18.04.2026 ਤੋਂ 11.07.2026 (ਮਿਤੀ 23.05.2026 ਨੂੰ ਛੱਡਕੇ) ਹਰੇਕ ਸ਼ਨੀਵਾਰ ਨੂੰ।
ਠਹਿਰਾਵ : ਲੋਨਵਲਾ, ਕਲਿਆਣ, ਭਿਵੰਡੀ ਰੋਡ, ਬਸਈ ਰੋਡ, ਬਾਪੀ, ਸੂਰਤ, ਵਡੋਦਰਾ, ਰਤਲਾਮ, ਸ਼ਾਮਗੜ੍ਹ, ਭਵਾਨੀ ਮੰਡੀ, ਰਾਮਗੰਜ ਮੰਡੀ, ਕੋਟਾ, ਸਵਾਈ ਮਾਧੋਪੁਰ, ਗੰਗਾਪੁਰ ਸਿਟੀ, ਭਰਤਪੁਰ ਅਤੇ ਮਥੁਰਾ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**09523/09524 ਓਖਾ - ਸ਼ਕੂਰ ਬਸਤੀ - ਓਖਾ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ) — 24 ਫੇਰੇ**

| ਗੱਡੀ ਨੰ: 09523 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 09524 ਆਉਣਾ | ਜਾਣਾ |
|---|---|---|---|---|
| --- | 10:20 | ਓਖਾ | 13:00 | --- |
| 10:35 | --- | ਸ਼ਕੂਰ ਬਸਤੀ | --- | 13:15 |

ਚਲਨ ਦੇ ਦਿਨ : 09523 ਓਖਾ ਤੋਂ ਮਿਤੀ 14.04.26 ਤੋਂ 30.06.26 (ਹਰੇਕ ਮੰਗਲਵਾਰ) ਅਤੇ 09524 ਸ਼ਕੂਰ ਬਸਤੀ ਤੋਂ ਮਿਤੀ 15.04.26 ਤੋਂ 01.07.26 (ਹਰੇਕ ਬੁੱਧਵਾਰ) ਨੂੰ।
ਠਹਿਰਾਵ : ਦੁਵਾਰਕਾ, ਖੰਭਾਲਿਯਾ, ਜਾਮਨਗਰ, ਹਾਪਾ, ਰਾਜਕੋਟ ਜੰ:, ਬਾਂਕਾਨੇਰ, ਸੁਰੇਂਦਰਨਗਰ, ਵਿਰਾਮਗਾਮ ਜੰ:, ਮਹੇਸਾਨਾ ਜੰ:, ਊਂਝਾ, ਸਿਦੁਪੁਰ, ਪਾਲਨਪੁਰ ਜੰ:, ਆਬੂ ਰੋਡ, ਫਾਲਨਾ, ਮਾਰਵਾੜ ਜੰ:, ਬਯਾਵਰ, ਅਜਮੇਰ, ਕਿਸ਼ਨਗੜ੍ਹ, ਜੈਪੁਰ, ਗਾਂਧੀਨਗਰ ਜੈਪੁਰ, ਦੋਸਾ, ਬਾਂਦੀਕੂੰਈ, ਅਲਵਰ, ਰੇਵਾੜੀ, ਗੁੜਗਾਂਵ ਅਤੇ ਦਿੱਲੀ ਕੈਂਟ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ

**04086/04085 ਮੇਰਠ ਸਿਟੀ ਜੰ: - ਸੰਤਰਗਾਛੀ ਜੰ: - ਮੇਰਠ ਸਿਟੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 02 ਫੇਰੇ**

| ਗੱਡੀ ਨੰ: 04086 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04085 ਆਉਣਾ | ਜਾਣਾ |
|---|---|---|---|---|
| --- | 23:00 | ਮੇਰਠ ਸਿਟੀ ਜੰ: | 17:30 | --- |
| 06:35 | --- | ਸੰਤਰਗਾਛੀ ਜੰ: | --- | 14:00 |

ਚਲਨ ਦੇ ਦਿਨ : 04086 ਮੇਰਠ ਸਿਟੀ ਜੰ: ਤੋਂ ਮਿਤੀ 14.04.2026 ਅਤੇ 04085 ਸੰਤਰਾਗਾਛੀ ਤੋਂ ਮਿਤੀ 16.04.2026 ਨੂੰ।
ਠਹਿਰਾਵ : ਹਾਪੁੜ ਜੰ:, ਖੁਰਜਾ ਜੰ:, ਅਲੀਗੜ੍ਹ ਜੰ:, ਗੋਬਿੰਦਪੁਰੀ, ਸੂਬੇਦਾਰਗੰਜ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨਸੋਨ, ਅਨੁਗ੍ਰਹਿ ਨਾਰਾਯਣ ਰੋਡ, ਗਯਾ ਜੰ:, ਪਹਾੜਪੁਰ, ਕੋਡਰਮਾ, ਹਜਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋਹ, ਮਹੂਦਾ ਜੰ:, ਭੋਜੂਡੀਹ ਜੰ: ਆਦ੍ਰਾ, ਬਾਂਕੁੜਾ, ਵਿਸ਼ਨੂਪੁਰ, ਮੇਦਿਨੀਪੁਰ, ਖੜਗਪੁਰ ਅਤੇ ਪਾਸ਼ਕੁੜਾ ਜੰ: ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ.,ਸਲੀਪਰ ਅਤੇ ਜਨਰਲ

**04679/04680 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਸ੍ਰੀਨਗਰ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰ ਰਿਜ਼ਰਵ ਵਿਸ਼ੇਸ਼ ਰੇਲਗੱਡੀ (ਹਰਰੋਜ਼) — 08 ਫੇਰੇ**

| ਗੱਡੀ ਨੰ: 04679 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04680 ਆਉਣਾ | ਜਾਣਾ |
|---|---|---|---|---|
| --- | 10:05 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 19:00 | --- |
| 13:35 | --- | ਸ੍ਰੀਨਗਰ | --- | 15:10 |

ਚਲਨ ਦੇ ਦਿਨ : 04679 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਅਤੇ 04680 ਸ੍ਰੀਨਗਰ ਤੋਂ ਹਰਰੋਜ਼ ਮਿਤੀ 15.04.2026 ਤਕ।
ਠਹਿਰਾਵ : ਰਿਯਾਸੀ, ਸੰਗਲਦਾਨ ਅਤੇ ਬਨਿਹਾਲ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**05048/05047 ਬਨਾਰਸ - ਕੋਲਕਤਾ - ਬਨਾਰਸ ਵਿਸ਼ੇਸ਼ ਰੇਲਗੱਡੀ (ਸਪਤਾਹਿਕ) — 06 ਫੇਰੇ**

| ਗੱਡੀ ਨੰ: 05048 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 05047 ਆਉਣਾ | ਜਾਣਾ |
|---|---|---|---|---|
| --- | 10:45 | ਬਨਾਰਸ | 04:15 | --- |
| 10:55 | 11:00 | ਵਾਰਾਣਸੀ ਜੰ: | 03:45 | 03:50 |
| 06:15 | --- | ਕੋਲਕਤਾ | --- | 08:25 |

ਚਲਨ ਦੇ ਦਿਨ : 05048 ਬਨਾਰਸ ਤੋਂ ਮਿਤੀ 14.04.2026 ਤੋਂ 28.04.2026 (ਹਰੇਕ ਮੰਗਲਵਾਰ) ਅਤੇ 05047 ਕੋਲਕਤਾ ਤੋਂ ਮਿਤੀ 15.04.2026 ਤੋਂ 29.04.2026 (ਹਰੇਕ ਬੁੱਧਵਾਰ) ਨੂੰ।
ਠਹਿਰਾਵ : ਵਾਰਾਣਸੀ, ਓਂਡਿਹਾਰ, ਗਾਜੀਪੁਰ ਸਿਟੀ, ਬਲਿਯਾ, ਰੇਵਤੀ, ਸੁਰੇਮਨਪੁਰ, ਛਪਰਾ, ਦਿਘਵਾਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਕਿਊਲ, ਝਾਝਾ, ਜਸੀਡੀਹ, ਮਧੁਪੁਰ, ਚਿਤਰੰਜਨ, ਆਸਨਸੋਲ, ਦੁਰਗਾਪੁਰ, ਵਰਧਮਾਨ, ਬੈਂਡੇਲ ਅਤੇ ਨੈਹਾਟੀ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ

**09195/09196 ਪ੍ਰਤਾਪਨਗਰ - ਮਊ ਜੰ: - ਪ੍ਰਤਾਪਗੜ੍ਹ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ) — 31 ਫੇਰੇ**

| ਗੱਡੀ ਨੰ: 09195 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 09196 ਆਉਣਾ | ਜਾਣਾ |
|---|---|---|---|---|
| --- | 16:00 | ਪ੍ਰਤਾਪਗੜ੍ਹ | 03:15 | --- |
| 15:40 | 15:45 | ਵਾਰਾਣਸੀ ਜੰ: | 02:15 | 02:20 |
| 18:00 | --- | ਮਊ ਜੰ: | --- | 23:25 |

ਚਲਨ ਦੇ ਦਿਨ : 09195 ਪ੍ਰਤਾਪਨਗਰ ਤੋਂ ਮਿਤੀ 25.07.2026 ਤਕ (ਹਰੇਕ ਸ਼ਨੀਵਾਰ) ਅਤੇ 09196 ਮਊ ਜੰ: ਤੋਂ ਮਿਤੀ 12.04.2026 ਤੋਂ 26.07.2026 (ਹਰੇਕ ਐਤਵਾਰ) ਨੂੰ।
ਠਹਿਰਾਵ : ਵਡੋਦਰਾ ਜੰ:, ਗੋਧਰਾ, ਦਾਹੋਦ, ਰਤਲਾਮ ਜੰ:, ਕੋਟਾ ਜੰ:, ਗੰਗਾਪੁਰ ਸਿਟੀ, ਬਯਾਨਾ ਜੰ:, ਰੂਪਬਾਸ, ਆਗਰਾ ਕੈਂਟ, ਫਤੇਹਾਬਾਦ, ਬਾਹ, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਅਤੇ ਓਂਡਿਹਾਰ ਜੰ:।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ.,3 ਟਿਯਰ ਵਾਤਾ., ਸਲੀਪਰ ਅਤੇ ਜਨਰਲ।

**09271/09272 ਭਾਵਨਗਰ (ਟ) - ਹਰਿਦੁਆਰ - ਭਾਵਨਗਰ (ਟ) ਵਿਸ਼ੇਸ਼ ਰੇਲਗੱਡੀ ਵਿਸ਼ੇਸ਼ ਕਿਰਾਏ ਉਤੇ (ਸਪਤਾਹਿਕ) — 16 ਫੇਰੇ**

| ਗੱਡੀ ਨੰ: 09271 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 09272 ਆਉਣਾ | ਜਾਣਾ |
|---|---|---|---|---|
| --- | 04:25 | ਭਾਵਨਗਰ (ਟ) | 04:35 | --- |
| 15:00 | --- | ਹਰਿਦੁਆਰ | --- | 16:25 |

ਚਲਨ ਦੇ ਦਿਨ : 09271 ਭਾਵਨਗਰ (ਟ) ਤੋਂ ਮਿਤੀ 12.04.26 ਤੋਂ 31.05.26 ਤਕ (ਹਰੇਕ ਐਤੀਵਾਰ) ਅਤੇ 09272 ਹਰਿਦੁਆਰ ਤੋਂ ਮਿਤੀ 13.04.26 ਤੋਂ 01.06.26 (ਹਰੇਕ ਸੋਮਵਾਰ) ਨੂੰ।
ਠਹਿਰਾਵ : ਸਿਹੋਰ ਗੁਜਰਾਤ, ਧੋਲਾ ਜੰ:, ਬੋਟਾਦ ਜੰ:, ਸੁਰੇਂਦਰਨਗਰ ਗੇਟ, ਵੀਰਮਗਾਮ ਜੰ:, ਅਮਬਲੀ ਰੋਡ, ਗਾਂਧੀਨਗਰ ਕੈਪਿਟਲ, ਮਹੇਸਾਨਾ ਜੰ:, ਪਾਲਨਪੁਰ ਜੰ:, ਆਬੂ ਰੋਡ, ਪਿੰਡਵਾੜਾ, ਫਾਲਨਾ, ਮਾਰਵਾੜ ਜੰ:, ਪਾਲੀ ਮਾਰਵਾੜ, ਲੂਨੀ ਜੰ:, ਜੋਧਪੁਰ ਜੰ:, ਗੋਟਨ, ਮੇਹਤਾ ਰੋਡ ਜੰ:, ਡੇਗਾਨਾ ਜੰ:, ਛੋਟੀ ਖਾਟੂ, ਡੀਡੀਵਾਨਾ, ਲਾਡਨੂੰ, ਸੁਜਾਨਗੜ੍ਹ, ਰਤਨਗੜ੍ਹ ਜੰ:, ਚੁਰੂ, ਸਾਦੁਲਪੁਰ ਜੰ: ਭਿਵਾਨੀ, ਹਿਸਾਰ, ਭਿਵਾਨੀ ਜੰ:, ਕਲਾਨੌਰ ਕਲਾਂ, ਰੋਹਤਕ ਜੰ:, ਪਾਨੀਪਤ ਜੰ:, ਅੰਬਾਲਾ ਕੈਂਟ ਜੰ:, ਸਹਾਰਨਪੁਰ ਜੰ: ਅਤੇ ਰੁੜਕੀ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ.,3 ਟਿਯਰ ਵਾਤਾ., ਸਲੀਪਰ ਅਤੇ ਜਨਰਲ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://.enquiry.indianrail.gov.in ਜਾਂ NTES ਏਪ ਦੇਖੋ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ — ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ — ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਸੰਸਦ ਮੈਂਬਰ ਔਜਲਾ ਵੱਲੋਂ ਕੇਂਦਰ ਸਰਕਾਰ ਤੋਂ ਫਸਲਾਂ ਦੇ ਮੁਆਵਜ਼ੇ ਦੀ ਮੰਗ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਬੀਤੇ ਦਿਨੀਂ ਹੋਈ ਭਾਰੀ ਬਾਰਸ਼, ਤੇਜ਼ ਹਵਾਵਾਂ ਅਤੇ ਗੜ੍ਹੇਮਾਰੀ ਕਾਰਨ ਨੁਕਸਾਨੀ ਗਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਨਾਗ ਕਲਾਂ ਅਤੇ ਨਾਗ ਖੁਰਦ ਦਾ ਦੌਰਾ ਕੀਤਾ।ਇਸ ਸਮੇਂ ਦੌਰਾਨ ਉਨ੍ਹਾਂ ਨੇ ਕਿਸਾਨਾਂ



ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਖੇਤਾਂ ਵਿੱਚ ਪਹੁੰਚ ਕੇ ਹਾਲਾਤ ਦਾ ਅੰਦਾਜ਼ਾ ਲਿਆ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮਹੀਨਿਆਂ ਦੀ ਮਿਹਨਤ ਇਕ ਪਲ ਵਿੱਚ ਕੁਦਰਤੀ ਆਫ਼ਤ ਦੀ ਭੇਟ ਚੜ੍ਹ ਜਾਣਾ ਬਹੁਤ ਹੀ ਦੁਖਦਾਈ ਗੱਲ ਹੈ।ਭਾਰੀ ਬਾਰਸ਼ ਅਤੇ ਤੇਜ਼ ਹਵਾਵਾਂ ਕਾਰਨ ਖੇਤਾਂ ਵਿੱਚ ਪਾਣੀ ਖੜ੍ਹਾ ਹੋ ਗਿਆ ਹੈ, ਕਣਕ ਤੇ ਮੱਕੀ ਦੀ ਫਸਲ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ।ਕਈ ਥਾਵਾਂ ਤੇ ਫਸਲਾਂ ਜ਼ਮੀਨ 'ਤੇ ਡਿੱਗ ਚੁੱਕੀਆਂ ਹਨ, ਜਿਸ ਨਾਲ ਉਤਪਾਦਨ 'ਤੇ ਗੰਭੀਰ ਅਸਰ ਪਵੇਗਾ। ਸ੍ਰੀ ਔਜਲਾ ਨੇ ਕਿਹਾ ਕਿ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਹਨ ਅਤੇ ਇਸ ਤਰ੍ਹਾਂ ਦੀ ਮਾਰ ਉਨ੍ਹਾਂ ਲਈ ਵੱਡਾ ਆਰਥਿਕ ਝਟਕਾ ਹੈ।ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਤੁਰੰਤ ਗਿਰਦਾਵਰੀ ਕਰਵਾਈ ਜਾਵੇ ਅਤੇ ਸਹੀ ਅੰਦਾਜ਼ੇ ਦੇ ਆਧਾਰ 'ਤੇ ਪ੍ਰਭਾਵਿਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਰਾਹਤ ਮਿਲ ਸਕੇ ਅਤੇ ਉਹ ਅਗਲੀ ਫਸਲ ਦੀ ਤਿਆਰੀ ਕਰ ਸਕਣ। ਉਨ੍ਹਾਂ ਸਰਕਾਰ ਪ੍ਰਤੀ ਨਾਰਾਜ਼ਗੀ ਜਤਾਉਂਦੇ ਹੋਏ ਕਿਹਾ ਕਿ ਪਿਛਲੇ ਸਮੇਂ ਮੁਆਵਜ਼ਾ ਨਾ ਕੇਵਲ ਘੱਟ ਮਿਲਿਆ ਸੀ, ਸਗੋਂ ਕਈ ਪ੍ਰਭਾਵਿਤ ਕਿਸਾਨਾਂ ਤੱਕ ਪਹੁੰਚਿਆ ਵੀ ਨਹੀਂ ਸੀ।ਉਨ੍ਹਾਂ ਮੰਗ ਕੀਤੀ ਕਿ ਇਸ ਵਾਰ ਪੂਰੀ ਪਾਰਦਰਸ਼ਤਾ ਨਾਲ ਗਿਰਦਾਵਰੀ ਕਰਵਾਈ ਜਾਵੇ ਅਤੇ ਹਰ ਕਿਸਾਨ ਨੂੰ ਉਸਦਾ ਹੱਕ ਦਿੱਤਾ ਜਾਵੇ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਮੇਂ 'ਤੇ ਮਦਦ ਨਾ ਮਿਲੀ ਤਾਂ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਖਰਾਬ ਹੋ ਸਕਦੀ ਹੈ ਅਤੇ ਕਿਹਾ ਕਿ ਜੇ ਕਿਸਾਨ ਬਚੇਗਾ ਤਾਂ ਹੀ ਦੇਸ਼ ਦੀ ਆਰਥਿਕਤਾ ਮਜ਼ਬੂਤ ਰਹੇਗੀ, ਇਸ ਲਈ ਸਰਕਾਰ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਰਾਜਾਸਾਂਸੀ ਅਤੇ ਅਟਾਰੀ ਦੇ ਕੁਝ ਪਿੰਡਾਂ 'ਚ ਵੀ ਨੁਕਸਾਨ ਹੋਇਆ ਹੈ, ਉਨ੍ਹਾਂ ਨੇ ਬੀਤੇ ਦਿਨ ਕਿਸਾਨਾਂ ਨਾਲ ਮੁਲਾਕਾਤ ਕੀਤੀ ਸੀ।ਇਸ ਮੌਕੇ ਹਲਕਾ ਮਜੀਠਾ ਦੇ ਇੰਚਾਰਜ ਭਗਵੰਤਪਾਲ ਸਿੰਘ ਸੱਚਰ, ਕਿਸਾਨ ਕਾਂਗਰਸ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਪਰਮਪ੍ਰੀਤ ਸਿੰਘ ਸਾਬੀ ਛੱਜਲਵੱਡੀ, ਚੇਅਰਮੈਨ ਗੁਰਮੀਤ ਸਿੰਘ ਰਾਜੂ ਭੀਲੋਵਾਲ, ਪ੍ਰਧਾਨ ਨਵਦੀਪ ਸਿੰਘ ਸੋਨਾ ਸਮੇਤ ਹੋਰ ਸਾਥੀ ਵੀ ਮੌਜੂਦ ਸਨ।

## ਅਕਾਲ ਅਕੈਡਮੀ ਤਿੱਬੜ ਦੇ ਗਤਕਾ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ

**ਧਾਰੀਵਾਲ, (ਮਨਦੀਪ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਅਕਾਲ ਅਕੈਡਮੀ ਤਿੱਬੜ ਦੇ ਅੰਡਰ 14, 17 ਅਤੇ 19 ਉਮਰ ਵਰਗ ਦੇ ਸਿੰਗਲ ਸੋਟੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਗਤਕਾ ਖਿਡਾਰੀਆਂ ਦਾ ਵਿਸ਼ੇਸ਼



ਸਨਮਾਨ ਕੀਤਾ ਗਿਆ। ਇਨ੍ਹਾਂ ਖਿਡਾਰੀਆਂ ਨੂੰ ਅਕਾਲੀ ਅਕੈਡਮੀ ਤਿੱਬੜ ਵਿੱਚ ਪ੍ਰਿੰਸੀਪਲ ਗੁਰਵਿੰਦਰ ਕੌਰ ਦੇ ਪ੍ਰਬੰਧਾਂ ਹੇਠ ਕਰਵਾਏ ਵਿਸ਼ੇਸ਼ ਸਮਾਰੋਹ ਦੌਰਾਨ ਸਰਟੀਫਿਕੇਟ ਅਤੇ ਕਲਗੀਧਰ ਟਰੱਸਟ ਵਲੋਂ ਪੰਜ-ਪੰਜ ਹਜ਼ਾਰ ਰੁਪਏ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਇਸ ਅਕੈਡਮੀ ਵਿੱਚ ਪੜ੍ਹਦੇ ਸ਼ਾਨਦਾਰ ਪ੍ਰਾਪਤੀਆਂ ਵਾਲੇ ਗਤਕਾ ਖਿਡਾਰੀ ਬੱਚਿਆਂ ਵਿੱਚ ਅੰਡਰ 14 ਸਿੰਗਲ ਸੋਟੀ ਦੀ ਟੀਮ ਦੇ ਪੰਜ ਖਿਡਾਰੀਆਂ ਨੇ ਸਰਟੀਫਿਕੇਟ ਹਾਸਿਲ ਕੀਤੇ, ਅੰਡਰ 17 ਦੀ ਟੀਮ ਨੇ ਛੇ ਖਿਡਾਰੀਆਂ ਅਤੇ ਅੰਡਰ 19 ਦੀ ਸਿੰਗਲ ਸੋਟੀ ਈਵੈਂਟ ਦੇ ਪੰਜ ਖਿਡਾਰੀਆਂ ਨੇ ਸਰਟੀਫਿਕੇਟ ਹਾਸਿਲ ਕੀਤੇ ਹਨ। ਜਿਸ ਵਿੱਚ ਅੰਡਰ 14 ਦੀ ਸਿੰਗਲ ਸੋਟੀ ਟੀਮ ਦੂਜੇ ਸਥਾਨ 'ਤੇ ਰਹੀ, ਅੰਡਰ 17 ਦੀ ਸਿੰਗਲ ਸੋਟੀ ਟੀਮ ਵੀ ਦੂਜੇ ਸਥਾਨ 'ਤੇ ਰਹੀ ਅਤੇ 19 ਦੀ ਸਿੰਗਲ ਸੋਟੀ ਟੀਮ ਪਹਿਲੇ ਦਰਜੇ 'ਤੇ ਰਹੀ। ਜਦਕਿ ਅੰਡਰ 19 ਦੀ ਸਿੰਗਲ ਸੋਟੀ ਟੀਮ ਨੇ ਸੂਬਾ ਪੱਧਰੀ ਮੁਕਾਬਲੇ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਇਨ੍ਹਾਂ ਹੋਣਹਾਰ ਗਤਕਾ ਖਿਡਾਰੀ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਪ੍ਰਦੀਪ ਸਿੰਘ ਸੇਵਕ ਅਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ।

ਉਨ੍ਹਾਂ ਨੇ ਕੋਚ ਪ੍ਰਦੀਪ ਸਿੰਘ ਵਲੋਂ ਬੱਚਿਆਂ ਨੂੰ ਸਖਤ ਮਿਹਨਤ ਕਰਵਾਉਣ ਦੀ ਸ਼ਲਾਘਾ ਕਰਦਿਆਂ ਅਗਾਂਹ ਤੋਂ ਵੀ ਇਸੇ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਲਈ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ।

## ਫੇਰੀ ਵਾਲਿਆਂ ਦੇ ਲਾਊਡ ਸਪੀਕਰਾਂ ਤੋਂ ਵਿਦਿਆਰਥੀ ਤੇ ਲੋਕ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**- ਪਿੰਡਾਂ ਵਿਚ ਸਾਮਾਨ ਵੇਚਣ ਲਈ ਫੇਰੀ ਲਗਾਉਣ ਵਾਲਿਆਂ ਦੇ ਵੱਲੋਂ ਪ੍ਰਸ਼ਾਸਨ ਦੀ ਬਿਨਾਂ ਇਜਾਜ਼ਤ ਤੋਂ ਚਲਾਏ ਜਾ ਰਹੇ ਵੱਡੇ-ਵੱਡੇ ਲਾਊਡ ਸਪੀਕਰਾਂ ਤੋਂ ਪੜ੍ਹਨ ਵਾਲੇ ਵਿਦਿਆਰਥੀ ਡਾਢੇ ਪ੍ਰੇਸ਼ਾਨ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਸੀਬ ਸਿੰਘ, ਮੱਖਣ ਸਿੰਘ ਆਦਿ ਨੇ ਦੱਸਿਆ ਕਿ ਹਰ ਪਿੰਡ ਵਿਚ ਕਈ ਸਾਮਾਨ ਵੇਚਣ ਵਾਲੇ ਜਿਵੇਂ ਸਬਜ਼ੀ, ਮਨਿਆਰੀ, ਕੱਪੜੇ, ਕਬਾੜੀਆਂ ਇੱਥੋਂ ਤੱਕ ਕਿ ਮੰਗਣ ਵਾਲੇ ਵੀ ਆਪਣਾ ਖ਼ੁਦ ਦਾ ਲਾਊਡ ਸਪੀਕਰ ਉਚੀ ਆਵਾਜ਼ ਵਿਚ ਲਗਾ ਕੇ ਕਈ ਚੱਕਰ ਲਗਾਉਂਦੇ ਹਨ ਜਿਸ ਨਾਲ ਆਵਾਜ਼ ਪ੍ਰਦੂਸ਼ਣ ਤਾਂ ਵੱਧ ਹੀ ਰਿਹਾ ਹੈ, ਉਸ ਦੇ ਨਾਲ-ਨਾਲ ਵਿਦਿਆਰਥੀਆਂ ਦੇ ਪੱਕੇ ਪੇਪਰਾਂ ਵਿਚ ਸਾਰਾ ਦਿਨ ਇਨ੍ਹਾਂ ਦਾ ਕੰਨ-ਪਾੜਵਾਂ ਰੌਲਾ ਉਨ੍ਹਾਂ ਦੀ ਪੜ੍ਹਾਈ ਵਿਚ ਵਿਘਨ ਪਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਫੇਰੀ ਵਾਲਿਆਂ ਨੂੰ ਇੰਨੇ ਵੱਡੇ ਪੱਧਰ 'ਤੇ ਲਾਊਡ ਸਪੀਕਰਾਂ ਦੀ ਇਜਾਜ਼ਤ ਕਿਸੇ ਥਾਣੇ, ਉਪ ਮੰਡਲ ਅਧਿਕਾਰੀਆਂ ਜਾਂ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਨਹੀਂ ਦਿੱਤੀ ਗਈ। ਲੋਕਾਂ ਦਾ ਕਹਿਣਾ ਹੈ ਕਿ ਕੀ ਪ੍ਰਸ਼ਾਸਨ ਆਪਣੀ ਕੁੰਭਕਰਨੀ ਨੀਂਦ ਤੋਂ ਜਾਗ ਕੇ ਇਲਾਕੇ ਦੀ ਇਸ ਵੱਡੀ ਸਮੱਸਿਆ ਦੇ ਹੱਲ ਲਈ ਜਲਦੀ ਕੋਈ ਠੋਸ ਕਦਮ ਚੁੱਕੇਗਾ ਜਾਂ ਫਿਰ ਇਹ ਸਭ ਕੁੱਝ ਇਸੇ ਤਰ੍ਹਾਂ ਚੱਲਦਾ ਰਹੇਗਾ? ਲੋਕਾਂ ਦੀ ਮੰਗ ਹੈ ਕਿ ਪਿੰਡਾਂ, ਸ਼ਹਿਰਾਂ ਵਿਚ ਅਜਿਹੇ ਫੇਰੀ ਲਾਉਣ ਵਾਲਿਆਂ ਨੂੰ ਲਾਊਡ ਸਪੀਕਰਾਂ ਦੀ ਦੁਰਵਰਤੋਂ ਕਰਨ ਤੋਂ ਰੋਕਿਆ ਜਾਵੇ।

## ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੁੰਦਰ ਦਸਤਾਰ ਮੁਕਾਬਲੇ ਕਰਵਾਏ




**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਜ਼ੋਨ-3 ਦੇ 10 ਸਕੂਲਾਂ ਵੱਲੋਂ ਭਾਗ ਲਿਆ ਗਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਦੁਆਰਾ ਕੀਤੀ ਗਈ।ਇਸ ਉਪਰੰਤ ਬੱਚਿਆਂ ਦੁਆਰਾ ਮਿਥੇ ਹੋਏ ਨਿਯਮਾਂ ਵਿੱਚ ਰਹਿ ਕੇ ਸੀਨੀਅਰ ਅਤੇ ਜੂਨੀਅਰ ਦੋ ਗਰੁੱਪਾਂ ਵਿੱਚ ਦਸਤਾਰਾਂ ਸਜਾਈਆਂ ਗਈਆਂ।ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਗੁਰਭੇਜ ਸਿੰਘ ਅਤੇ ਐਡਵੋਕੇਟ ਇੰਦਰਜੀਤ ਸਿੰਘ ਅੜੀ ਵੱਲੋਂ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਕਿਹਾ ਗਿਆ ਕਿ ਉਹ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੂੰ ਸੁੰਦਰ ਦਸਤਾਰਾਂ ਸਜਾਉਣ ਦਾ ਸ਼ੌਂਕ ਹੈ।ਉਨ੍ਹਾਂ ਪੱਤਰਕਾਰ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਅਤੇ ਚੀਫ ਖਾਲਸਾ ਦੀਵਾਨ ਦੇ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਹਰ ਸਾਲ ਖਾਲਸਾ ਦਿਵਸ ਨੂੰ ਸਮਰਪਿਤ ਮੁਕਾਬਲੇ ਕਰਵਾਏ ਜਾਂਦੇ ਹਨ। ਇਸੇ ਹੀ ਤਰ੍ਹਾਂ ਜ਼ੋਨਾਂ ਵਿੱਚੋਂ ਚੁਣੇ ਹੋਏ ਬੱਚਿਆਂ ਦਾ ਫਾਈਨਲ ਮੁਕਾਬਲਾ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਗੁਰਦੁਆਰਾ ਗੁਰੂ ਕਲਗੀਧਰ ਸਾਹਿਬ ਅੰਮ੍ਰਿਤਸਰ ਵਿਖੇ 24 ਅਪ੍ਰੈਲ ਨੂੰ ਕਰਵਾਇਆ ਜਾਵੇਗਾ।ਇਸ ਮੌਕੇ ਸਕੂਲ ਪ੍ਰਿੰਸੀਪਲ ਮੁਕਤਾ ਤ੍ਰੇਹਨ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਰਲੋਚਨ ਸਿੰਘ , ਧਾਰਮਿਕ ਕੁਆਰਡੀਨੇਟਰ ਸੁਖਜੀਤ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

## ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਨੇ ਅਹੁਦੇਦਾਰ ਐਲਾਨੇ

**ਬਿਆਸ/ਬੁਤਾਲਾ ( ਪਰਮਜੀਤ ਸਿੰਘ ਰੱਖੜਾ, ਨਿਰਮਲ ਸਿੰਘ ਸੰਘਾ)**- ਬੀਤੇ ਦਿਨੀਂ ਫੀਲਡ ਪੱਤਰਕਾਰ ਐਸੋਸੀਏਸ਼ਨ, ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੀ 2026-28 ਲਈ ਸੂਬਾ ਪ੍ਰਧਾਨ ਰਣਜੀਤ ਸਿੰਘ ਕੰਗ ਦੀ ਦੇਖ-ਰੇਖ ਵਿੱਚ ਚੋਣ ਕਰਵਾਈ ਗਈ, ਜਿਸ ਵਿੱਚ ਸਰਬਸੰਮਤੀ ਨਾਲ ਸ: ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਲਗਾਤਾਰ 32ਵੀਂ ਵਾਰ ਐਸੋਸੀਏਸ਼ਨ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਅਤੇ ਬਾਕੀ ਦੇ ਅਹੁਦੇਦਾਰ



ਚੁਣਨ ਦੇ ਅਧਿਕਾਰ ਵੀ ਦਿੱਤੇ ਗਏ ਜਿਸ ਤਹਿਤ ਪ੍ਰਧਾਨ ਸ: ਸ਼ੈਲਿੰਦਰਜੀਤ ਸਿੰਘ ਰਾਜਨ ਨੇ ਜਥੇਬੰਦੀ ਦਾ ਵਿਸਥਾਰ ਕਰਦਿਆਂ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਿਹਨਾਂ ਵਿੱਚ ਹਰਜੀਤਪ੍ਰੀਤ ਸਿੰਘ ਕੰਗ, ਹਰਜੀਤ ਸਿੰਘ ਭੁਤਾਲਾ (ਵੱਡੇ ਸਰਪ੍ਰਸਤ), ਅਤਰ ਸਿੰਘ ਤਰਸਿੱਕਾ, ਧਰਮਿੰਦਰ ਸਿੰਘ ਭੰਮਰਾ, ਜਗੀਰ ਸਿੰਘ ਸਫਰੀ, ਪਰਮਜੀਤ ਸਿੰਘ ਰੱਖੜਾ, ਸੁਖਵਿੰਦਰ ਸਿੰਘ ਚਾਹਲ (ਸਾਰੇ ਸੀਨੀਅਰ ਮੀਤ ਪ੍ਰਧਾਨ), ਕੈਪਟਨ ਸਿੰਘ ਮਹਿਤਾ (ਪ੍ਰਧਾਨ ਮੀਤ ਵਿਕਾਸੀ), ਗੁਰਪ੍ਰੀਤ ਸਿੰਘ ਬਾਬਾ ਬਕਾਲਾ (ਜਨਰਲ ਸਕੱਤਰ), ਗੌਰਵ ਜੋਸ਼ੀ (ਸਕੱਤਰ ਜਨਰਲ), ਲੱਖਾ ਸਿੰਘ ਅਜ਼ਾਦ (ਕਾਨੂੰਨੀ ਸਲਹਕਾਰ), ਬਲਵਿੰਦਰ ਸਿੰਘ ਅਠੌਲਾ (ਪ੍ਰੈਸ ਸਕੱਤਰ), ਰਣਜੀਤ ਸਿੰਘ ਸੰਧੂ (ਖਜਾਨਚੀ), ਬਾਬਾ ਸੁਖਵੰਤ ਸਿੰਘ ਚੰਨਣਕੇ, ਸੁਰਿੰਦਰਪਾਲ ਸਿੰਘ ਲੱਡੂ, ਸੁਰਜੀਤ ਸਿੰਘ ਭੁਤਾਲਾ, ਸੁਸ਼ੀਲ ਅੱਡਾ, ਰੋਹਿਤ ਅਰੋੜਾ, ਵਿਸ਼ਵਜੀਤ ਸਿੰਘ (ਸਾਰੇ ਮੀਤ ਪ੍ਰਧਾਨ), ਨਿਰਮਲ ਸਿੰਘ ਸੰਘਾ, ਸਤਨਾਮ ਸਿੰਘ ਨੌਸ਼ਹਿਰਾਪੁਰੀ, ਅਮਰਜੀਤ ਸਿੰਘ ਭੁੱਟਰ, ਰਾਜਦੀਪ ਸਿੰਘ ਮਹਿਤਾ, ਕਮਲਪ੍ਰੀਤ ਸਿੰਘ ਹੈਪੀ, ਦਿਲਰਾਜ ਸਿੰਘ ਦਰਦੀ (ਸਾਰੇ ਸਕੱਤਰ), ਸੁਖਵਿੰਦਰ ਸਿੰਘ ਗਿੱਲ, ਸਰੱਤਰ ਸਿੰਘ ਪ੍ਰਵੇਸ਼ਾਲ, ਡਾ: ਸਰਬਜੀਤ ਸਿੰਘ ਬਿੱਲਾ, ਰਣਜੀਤ ਸਿੰਘ ਕੰਗ, ਸੰਦੀਪ ਸਹਿਗਲ, ਪਰਮਜੀਤ ਸਿੰਘ ਸਿਤਾਰਾ, ਜਸਬੀਰ ਸਿੰਘ ਨਾਰਲਾ (ਸਾਰੇ ਪ੍ਰਚਾਰ ਸਕੱਤਰ), ਹਰਕੰਵਲਜੀਤ ਸਾਹਿਲ, ਅਮਰਵੀਰ ਸਿੰਘ ਅਜ਼ਾਦ, ਜਸਪਾਲ ਸਿੰਘ ਗੱਗੜਭਾਣਾ, ਗੁਰਮੁੱਖ ਸਿੰਘ ਪੱਡਾ, ਨਰਿੰਦਰ ਸਿੰਘ ਬਿਆਸ, ਹਰਮਨਪ੍ਰੀਤ ਸਿੰਘ ਨੌਸ਼ਹਿਰਾ, ਆਨੰਦਪ੍ਰੀਤ ਸਿੰਘ ਨੌਸ਼ਹਿਰਾਪੁਰੀ (ਸਾਰੇ ਸਹਾਇਕ ਸਕੱਤਰ) ਆਦਿ ਚੁਣੇ ਗਏ ਹਨ। ਇਸ ਮੌਕੇ ਪ੍ਰੈਸ ਕਲੱਬ ਅੰਮ੍ਰਿਤਸਰ ਨਾਲ ਜੁੜੇ ਮੈਂਬਰਾਂ ਨੂੰ ਸ਼ਨਾਖਤੀ ਕਾਰਡ ਵੀ ਵੰਡੇ ਗਏ ਅਤੇ ਛੁੱਡ ਨਵੇਂ ਮੈਂਬਰਾਂ ਨੂੰ ਸ਼ਾਮਿਲ ਹੋਣ 'ਤੇ ਸਨਮਾਨਿਤ ਵੀ ਕੀਤਾ ਗਿਆ। ਫੀਲਡ ਪੱਤਰਕਾਰ ਐਸੋਸੀਏਸ਼ਨ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਸਾਲ 2026-27 ਲਈ ਨਵੇਂ ਪ੍ਰੋਗਰਾਮ ਉਲੀਕਣ ਲਈ ਵਿਚਾਰਾਂ ਹੋਈਆਂ ਬਾਬਾ ਬਕਾਲਾ ਸਾਹਿਬ ਤਹਿਸੀਲ ਪੱਧਰ 'ਤੇ ਪ੍ਰੈਸ ਕਲੱਬ ਬਣਾਉਣ ਅਤੇ ਤਹਿਸੀਲ ਪੱਧਰ ਦਾ ਮੌਜੂਦਾ ਪੱਤਰਕਾਰਤਾ ਦੇ ਵਿਸ਼ੇ ਤੇ ਸੈਮੀਨਾਰ ਕਰਵਾਉਣ ਸੰਬੰਧੀ ਵਿਚਾਰਾਂ ਹੋਈਆਂ ।ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੇ ਦਰਪੇਸ਼ ਮੁਸ਼ਕਲਾਂ ਤੇ ਵਿਚਾਰਾਂ ਕੀਤੀਆਂ ਗਈਆਂ।

## ਅਧਿਆਪਕਾਂ 'ਤੇ ਜਬਰੀ ਥੋਪੇ ਟੈੱਟ ਵਿਰੁੱਧ ਅਧਿਆਪਕ ਜਥੇਬੰਦੀਆਂ ਨੇ ਰੰਧਾਵਾ ਨੂੰ ਦਿੱਤਾ ਮੰਗ ਪੱਤਰ

**ਧਾਰੀਵਾਲ, (ਮਨਦੀਪ ਵਿੱਕੀ)**- ਸਾਂਝਾ ਅਧਿਆਪਕ ਮੋਰਚਾ ਅਤੇ ਅਧਿਆਪਕ ਜਥੇਬੰਦੀਆਂ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਆਗੂ ਗੁਰਿੰਦਰ ਸਿੰਘ ਸਿੱਧੂ, ਸੋਮ ਸਿੰਘ, ਕੁਲਦੀਪ ਪੂਰੋਵਾਲ, ਦਿਲਬਾਗ ਸਿੰਘ, ਤੇਜਿੰਦਰ ਸਿੰਘ ਸਾਹ, ਰਮਨ ਕੁਮਾਰ, ਪ੍ਰਵੀਨ ਕੁਮਾਰ ਦੀ ਅਗਵਾਈ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਰਾਸ਼ਟਰੀ ਅਧਿਆਪਕ ਸਿੱਖਿਆ



ਪ੍ਰੀਸ਼ਦ ਦੇ ਨੋਟੀਫਿਕੇਸ਼ਨ ਦੀ ਅਣਦੇਖੀ ਕਰਦਿਆਂ ਸਮੁੱਚੇ ਅਧਿਆਪਕਾਂ 'ਤੇ ਜਬਰੀ ਥੋਪੇ ਟੈਟ ਵਿਰੁੱਧ ਸੀਪੀਐਮ (ਐਮ) ਦੇ ਰਾਜ ਸਭਾ ਮੈਂਬਰ ਜੌਨ ਬ੍ਰਿਟਾਸ ਵੱਲੋਂ ਅਧਿਆਪਕਾਂ ਦੀ ਸੇਵਾ ਸੁਰੱਖਿਆ ਲਈ ਪੇਸ਼ ਕੀਤੇ ਬਿੱਲ ਨੰਬਰ 27 ਆਫ 2026 ਆਰ ਟੀ ਈ ਐਕਟ 2009 ਦਾ ਸੋਧ ਬਿੱਲ 2026 ਪ੍ਰਾਈਵੇਟ ਮੈਂਬਰ ਬਿੱਲ ਲਈ ਧੰਨਵਾਦ ਕੀਤਾ ਅਤੇ ਇਸ ਬਿੱਲ ਨੂੰ ਪਾਸ ਕਰਵਾਉਣ ਲਈ ਪੰਜਾਬ ਦੇ ਰਾਜ ਸਭਾ ਅਤੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਨ੍ਹਾਂ ਦੀ ਰਿਹਾਇਸ਼ ਪਿੰਡ ਧਾਰੋਵਾਲੀ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਮੰਗ ਪੱਤਰ ਦਿੱਤਾ ਗਿਆ ਅਤੇ ਉਨ੍ਹਾਂ ਨੇ ਜਥੇਬੰਦੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਾਂਗਰਸ ਪਾਰਟੀ ਤੇ ਹੋਰ ਪਾਰਟੀਆਂ ਦੇ ਰਾਜ ਸਭਾ ਦੇ ਮੈਂਬਰਾਂ ਨਾਲ ਰਾਬਤਾ ਕਾਇਮ ਕਰਕੇ ਇਸ ਬਿੱਲ ਦੀ ਹਮਾਇਤ ਕਰਨ ਲਈ ਅਪੀਲ ਕਰਨਗੇ ਅਤੇ ਲੋਕ ਸਭਾ ਸਦਨ ਵਿੱਚ ਜਦੋਂ ਵੀ ਇਹ ਬਿੱਲ ਪੇਸ਼ ਹੋਵੇਗਾ ਇਸ ਬਿੱਲ ਨੂੰ ਪਾਸ ਕਰਾਉਣ ਲਈ ਜ਼ੋਰਦਾਰ ਹਮਾਇਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਮਸਲਿਆਂ ਤੇ ਸੁਖਾਵੇਂ ਮਾਹੌਲ ਵਿੱਚ ਚਰਚਾ ਕੀਤੀ ਗਈ।ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿਗਾਈ ਭੱਤਾ ਨਾ ਦੇਣ ਦੇ ਹਲਫ਼ਨਾਮੇ ਦੇ ਬਾਵਜੂਦ ਮਾਨਯੋਗ ਹਾਈਕੋਰਟ ਵਲੋਂ ਸਰਕਾਰ ਨੂੰ 30 ਜੂਨ ਤੱਕ ਮਹਿਗਾਈ ਭੱਤਾ ਜਾਰੀ ਕਰਨ ਦਾ ਅੰਤਿਮ ਫੈਸਲਾ ਦੇਣ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਜਿੱਤ ਕਰਾਰ ਦਿੱਤਾ। ਇਸ ਮੌਕੇ ਸੂਬਾ ਸਿੰਘ ਖਹਿਰਾ, ਗੁਰਜੀਤ ਸਿੰਘ, ਹਰਜੀਤ ਸਿੰਘ, ਧਰਮਿੰਦਰ ਸਿੰਘ, ਕਰਮਜੀਤ ਸਿੰਘ ਬਾਜਵਾ, ਗੁਰਮੁੱਖ ਸਿੰਘ, ਬਲਜਿੰਦਰ ਸਿੰਘ, ਰਾਜਬਿੰਦਰ ਸਿੰਘ, ਹਰਪਾਲ ਸਿੰਘ, ਸੰਦੀਪ ਸਿੰਘ, ਬਲਜਿੰਦਰ ਸਿੰਘ, ਦਵਿੰਦਰ ਕੁਮਾਰ, ਰਣਯੋਧ ਸਿੰਘ, ਮਨਜੀਤ ਸਿੰਘ, ਅਮਰਬੀਰ ਸਿੰਘ, ਸੁਭਾਸ਼ ਚੰਦ, ਰਘਬੀਰ ਚੰਦ , ਭਵਾਨੀ ਠਾਕੁਰ, ਰਜਨੀਸ਼ ਕੁਮਾਰ, ਸੁਰਿੰਦਰ ਸਿੰਘ, ਨਵਜੋਤ ਸਿੰਘ, ਗੁਰਮੀਤ ਸਿੰਘ, ਰਾਜੀਵ ਸਲਾਰੀਆ, ਪਵਨ ਕੁਮਾਰ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ

**ਚੋਹਲਾ ਸਾਹਿਬ (ਰਮਨ ਚੱਢਾ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਖਾਲਸਾਈ ਜਾਹੋ ਜਲਾਲ ਨਾਲ ਸੰਬੰਧਿਤ ਵਿਸਾਖੀ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਿਦਿਆਰਥੀਆਂ ਨੇ ਬੀਰਰਸੀ ਕਵੀਸ਼ਰੀਆਂ, ਵਾਰਾਂ, ਕੀਰਤਨ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਬੋਲਦਿਆਂ



ਪ੍ਰਿੰਸੀਪਲ ਡਾ: ਪਰਮਿੰਦਰ ਕੌਰ ਖਹਿਰਾ ਨੇ ਕਿਹਾ ਕਿ ਅਜਿਹੇ ਸਮਾਗਮਾਂ ਦੀ ਅਜੋਕੀ ਪੀੜ੍ਹੀ ਨੂੰ ਬਹੁਤ ਲੋੜ ਹੈ, ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਗੌਰਮਈ ਪਿਛੋਕੜ ਨਾਲ ਜੋੜ ਸਕੇ। ਵਿਦਿਆਰਥੀ ਵਰਗ ਵਿੱਚ ਫੈਲ ਰਹੀ ਅਸਹਿਨਸ਼ੀਲਤਾ ਅਤੇ ਅਨੁਸ਼ਾਸ਼ਨਹੀਣਤਾ ਨੂੰ ਘੱਟ ਕਰਨ ਲਈ ਅਜਿਹੇ ਉਪਰਾਲੇ ਕਰਨ ਦੀ ਬੇਹੱਦ ਲੋੜ ਹੈ। ਦੱਸਿਆ ਕਿ ਵਿਦਿਆਰਥੀਆਂ ਨੇ ਜੋ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਉਹ ਅਧਿਆਪਕ ਸੰਦੀਪ ਕੌਰ, ਅਕਾਸ਼ਦੀਪ ਕੌਰ, ਜਸ਼ਨਪ੍ਰੀਤ ਕੌਰ ਨੇ ਬਹੁਤ ਮਿਹਨਤ ਨਾਲ ਤਿਆਰ ਕਰਵਾਈਆਂ ਸਨ। ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੰਸਥਾ ਦੇ ਪ੍ਰਧਾਨ ਰਵਿੰਦਰ ਸਿੰਘ ਗਿੱਲ ਸਭਰਾ, ਪ੍ਰਿੰਸੀਪਲ ਮੈਡਮ, ਸਮੂਹ ਸਟਾਫ ਨਵਨੀਤ ਕੌਰ, ਨਵਪ੍ਰੀਤ ਕੌਰ, ਜਸਦੀਪ ਕੌਰ, ਹਰਸਿਮਰਨ ਕੌਰ, ਹਰਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਨਰਿੰਦਰ ਕੌਰ, ਮਨਜਿੰਦਰ ਕੌਰ, ਰਮਨਦੀਪ ਕੌਰ, ਅਕਾਸ਼ਦੀਪ ਕੌਰ, ਅਰਸ਼ਨੂਰ ਕੌਰ, ਸੰਦੀਪ ਕੌਰ ਅਤੇ ਜਸ਼ਨਪ੍ਰੀਤ ਕੌਰ ਆਦਿ ਹਾਜ਼ਰ ਸਨ।

## ਮੇਜਰ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 5 ਲੱਖ ਰੁਪਏ ਦਾ ਚੈੱਕ ਭੇਟ

**ਗੁਰਦਾਸਪੁਰ, (ਵਿਨੋਦ ਕੁਮਾਰ)**- ਪਿੰਡ ਕਾਲਾ ਨੰਗਲ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਮੇਜਰ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ ਸਤੰਬਰ 2025 ਨੂੰ ਐਲਾਨ ਕੀਤੇ 5 ਲੱਖ ਰੁਪਏ ਦਾ ਚੈੱਕ ਗੁਰਦਾਸਪੁਰ ਦੇ



ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਦੇ ਪਤਵੰਤੇ ਮੋਹਤਬਰਾਂ ਦੀ ਹਾਜ਼ਰੀ ਵਿੱਚ ਦਿੱਤਾ ਗਿਆ।ਇਸ ਤੋਂ ਇਲਾਵਾ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਪਿੰਡ ਵਰਸੋਲਾ ਵਿਖੇ ਬਾਬਾ ਗੁੱਝਾ ਪੀਰ ਮੇਲੇ ਵਿੱਚ ਪਿੰਡ ਹਮਰਾਜਪੁਰ ਅਤੇ ਵਰਸੋਲਾ ਦੇ ਸਪੋਰਟਸ ਕਲੱਬਾਂ ਲਈ ਐਲਾਨ ਕੀਤੇ ਗਏ 2.50- 2.50 ਲੱਖ ਰੁਪਏ ਦੇ ਚੈੱਕ ਵੀ ਰਮਨ ਬਹਿਲ ਵੱਲੋਂ ਮੋਹਤਬਰਾਂ ਨੂੰ ਸੌਂਪੇ ਗਏ।ਇਸ ਮੌਕੇ ਰਮਨ ਬਹਿਲ ਨੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡਾਂ ਦੀ ਸਰਬਪੱਖੀ ਤਰੱਕੀ ਲਈ ਕੋਈ ਵੀ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਸਰਪੰਚ ਨਿਰਮਲ ਕੌਰ, ਕਾਲਾ ਨੰਗਲ, ਸਰਬਜੀਤ ਸਿੰਘ ਪ੍ਰਧਾਨ ਸ਼ਹੀਦ ਮੇਜਰ ਭਗਤ ਸਿੰਘ, ਹਰਬੰਸ ਸਿੰਘ, ਪੰਚਾਇਤ ਮੈਂਬਰ ਸੁਖਬੀਰ ਸਿੰਘ, ਮੈਂਬਰ ਤਰਲੋਕ ਸਿੰਘ ਪੰਚਾਇਤ ਮੈਂਬਰ ਵਿਲੀਅਮ ਮਸੀਹ, ਰਣਜੀਤ ਸਿੰਘ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਪਿੰਡ ਹੇਮਰਾਜਪੁਰ, ਨੰਬਰਦਾਰ ਗੁਰਸ਼ਰਨ ਸਿੰਘ, ਮੋਹਨ ਸਿੰਘ ਲੱਖੋਵਾਲ, ਹਰਪ੍ਰੀਤ ਸਿੰਘ ਗੋਲਡੀ ਸਾਬਕਾ ਸਰਪੰਚ, ਮੋਹਣ ਸਿੰਘ ਵਾਹਲਾ, ਡਾ: ਸੁਖਵਿੰਦਰ ਸਿੰਘ ਬਾਬਾ ਗੁੱਝਾ ਪੀਰ, ਕਲੱਬ ਵਰਸੋਲਾ ਦੇ ਪ੍ਰਧਾਨ ਸੰਦੀਪ ਸਿੰਘ ਆਦਿ ਹਾਜ਼ਰ ਸਨ ।

## ਬੁੱਟਰ ਸਿਵੀਆਂ ਦੀ ਗ੍ਰਾਮ ਪੰਚਾਇਤ ਨੇ ਕਰਵਾਇਆ ਵਾਲੀਬਾਲ ਟੂਰਨਾਮੈਂਟ




**ਤਰਸਿੱਕਾ, ਤਰਸੇਮ ਸਿੰਘ ਸਾਧਪੁਰ)**- ਬੁੱਟਰ ਸਿਵੀਆਂ ਦੀ ਸਮੁੱਚੀ ਪੰਚਾਇਤ ਵੱਲੋਂ ਪਿੰਡ ਦੀਆਂ ਵਾਲੀਬਾਲ ਦੀਆਂ ਟੀਮਾਂ ਵਿਚਕਾਰ ਮੈਚ ਕਰਵਾਏ ਗਏ ।ਜੇਤੂ ਰਹੀ ਟੀਮ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੋਹਤਬਰ ਵਿਅਕਤੀ ਵਿੱਚ ਸਰਪੰਚ ਪ੍ਰਗਟ ਸਿੰਘ ਬੱਲ, ਪ੍ਰਧਾਨ ਸੁਖਦੇਵ ਸਿੰਘ ਆੜ੍ਹਤੀਆ ਐਸੋਸੀਏਸ਼ਨ ਮਹਿਤਾ ਤੇ ਮੰਗਲ ਸਿੰਘ ਬਲਾਕ ਸੰਮਤੀ ਮੈਂਬਰ ਨੇ ਟੂਰਨਾਮੈਂਟ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਰ ਪਿੰਡ ਵਿੱਚ ਅਜਿਹੇ ਟੂਰਨਾਮੈਂਟ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜ ਕੇ ਹੀ ਅਸੀਂ ਇੱਕ ਨਿਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਤ ਅਤੇ ਖੇਡਾਂ ਚੋਂ ਆਪਣੀ ਰੁਚੀ ਵਧਾਉਣ ਦੀ ਅਪੀਲ ਕੀਤੀ। ਇਸ ਮੌਕੇ ਮੰਗਲ ਸਿੰਘ ਬਲਾਕ ਸੰਮਤੀ ਮੈਂਬਰ, ਅਮਰਜੀਤ ਸਿੰਘ ਪ੍ਰਧਾਨ, ਮਾਸਟਰ ਸ਼ਿਵ ਸਿੰਘ, ਮਾਸਟਰ ਦਿਲਬਾਗ ਸਿੰਘ, ਗੁਰਜਿੰਦਰ ਸਿੰਘ ਮਸੈਦ, ਅੱਛਰਜੀਤ ਸਿੰਘ, ਜਸਵਿੰਦਰ ਸਿੰਘ ਜੱਸਾ, ਪਿੰਦਾ ਮਸੈਦ, ਹਰਬੰਸ ਸਿੰਘ ਮੈਂਬਰ ਪੰਚਾਇਤ, ਸੁਖਦੇਵ ਸਿੰਘ ਮੈਂਬਰ ਪੰਚਾਇਤ, ਮੇਜਰ ਸਿੰਘ ਮੈਂਬਰ ਪੰਚਾਇਤ, ਹਰਪਾਲ ਸਿੰਘ ਮੈਂਬਰ ਪੰਚਾਇਤ, ਹਿੰਮਤ ਪਰਮਵੀਰ ਸਿੰਘ, ਬਲਕਾਰ ਸਿੰਘ ਮੈਂਬਰ ਪੰਚਾਇਤ, ਹਰਜੀਤ ਕੌਰ ਮੈਂਬਰ ਪੰਚਾਇਤ, ਮਨਜੀਤ ਕੌਰ ਮੈਂਬਰ ਪੰਚਾਇਤ, ਸੀਮਾ ਕੌਰ ਮੈਂਬਰ ਪੰਚਾਇਤ, ਮੋਹਨ ਸਿੰਘ ਬੱਲ, ਤਰਸੇਮ ਸਿੰਘ ਬੁੱਟਰ, ਬਲਦੇਵ ਸਿੰਘ ਹਵੇਲੀ ਪੱਤੀ, ਮਾਸਟਰ ਲਾਜਵਿੰਦਰ ਸਿੰਘ, ਅਮਿਤ ਕੁਮਾਰ ਜੱਜ ਇਕਬਾਲ ਸਿੰਘ ਟੀਟੂ, ਮਨਜੀਤ ਸਿੰਘ, ਬਾਬਾ ਦਲਜੀਤ ਸਿੰਘ, ਸਰਵਣ ਸਿੰਘ ਤੋਂ ਇਲਾਵਾ ਕਾਲਾ ਸਿੰਘ ਮਾਹਲਾ ਪਰਿਵਾਰ, ਹਰਦੀਪ ਸਿੰਘ ਦੀਪੂ ਆਦਿ ਹਾਜ਼ਰ ਸਨ।

## ਬੀਬੀ ਰਾਜਵਿੰਦਰ ਕੌਰ ਭਗਵਾਨਪੁਰ ਨੇ ਬਲਾਕ ਸੰਮਤੀ ਦੀ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਰਾਜਵਿੰਦਰ ਕੌਰ ਭਗਵਾਨਪੁਰ ਨੇ ਹਲਕਾ ਡੇਰਾ ਬਾਬਾ ਨਾਨਕ ਦੇ ਸੈਂਕੜੇ ਪੰਚਾਂ, ਸਰਪੰਚਾਂ ਦੀ ਅਗਵਾਈ 'ਚ ਬਲਾਕ ਸੰਮਤੀ ਡੇਰਾ ਬਾਬਾ ਨਾਨਕ ਦੀ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ।ਅਹੁਦਾ ਸੰਭਾਲਣ ਤੋਂ ਪਹਿਲਾਂ ਬੀਬੀ ਰਾਜਵਿੰਦਰ ਕੌਰ ਭਗਵਾਨਪੁਰ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਡੇਰਾ ਬਾਬਾ ਨਾਨਕ ਦੇ ਹੈੱਡ ਗ੍ਰੰਥੀ ਭਾਈ ਨਛੱਤਰ ਸਿੰਘ ਵੱਲੋਂ ਬੀਬੀ ਰਾਜਵਿੰਦਰ ਕੌਰ ਨੂੰ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਰਾਜਵਿੰਦਰ ਕੌਰ ਨੇ ਕਿਹਾ ਕਿ ਸਾਡੇ ਪਰਿਵਾਰ ਵੱਲੋਂ ਜਨਵਰੀ 2027 ਵਿੱਚ ਹਲਕੇ ਦੀਆਂ 200 ਲੋੜਵੰਦ ਲੜਕੀਆਂ ਦੇ ਵਿਆਹ ਕਰਵਾਏ ਜਾਣਗੇ।ਹਲਕੇ ਦੇ ਹਰ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ ਵਿੱਚ 21000 ਰੁਪਏ ਦਾ ਸ਼ਗਨ ਦਿੱਤਾ ਜਾਵੇਗਾ।ਇਸ ਮੌਕੇ ਸੰਮਤੀ ਮੈਂਬਰ ਸਰਵਣ ਸਿੰਘ ਧਰਮਕੋਟ, ਸੰਮਤੀ ਮੈਂਬਰ ਗੁਰਪ੍ਰੀਤ ਸਿੰਘ ਸ਼ਾਮਪੁਰਾ, ਸੰਮਤੀ ਮੈਂਬਰ ਕੰਵਲਜੀਤ ਸਿੰਘ ਫੱਤੂਪੁਰ, ਸੰਮਤੀ ਮੈਂਬਰ ਹਰਜੀਤ ਸਿੰਘ, ਇੰਦਰਜੀਤ ਸਿੰਘ ਸ਼ਹਿਜ਼ਾਦਾ, ਸੁਖਵਿੰਦਰ ਸਿੰਘ ਸਰਪੰਚ ਤਲਵੰਡੀ ਰਾਮਾ, ਅਮਨ ਕਾਹਲੋਂ, ਜਸਬੀਰ ਸਿੰਘ ਵਡਾਲਾ ਬਾਂਗਰ, ਰਣਜੀਤ ਸਿੰਘ ਭੱਟੀ ਸਰਪੰਚ ਦਰਗਾਬਾਦ, ਨਿਰਮਲ ਸਿੰਘ



ਸਰਪੰਚ ਮੋਹਲੋਵਾਲੀ, ਮਲਕੀਤ ਸਿੰਘ ਸਰਪੰਚ ਡੇਰਾ ਪਠਾਣਾ, ਦਲਬੀਰ ਸਿੰਘ ਸਰਪੰਚ ਕੋਟਲੀ, ਸੁਖਵਿੰਦਰ ਸਿੰਘ ਧਾਲੀਵਾਲ ਸਰਪੰਚ ਕੋਟਲੀ, ਬਲਬੀਰ ਸਿੰਘ ਬੀਰਾ ਸਰਪੰਚ ਰਾਏਚੱਕ, ਅਮਰਜੀਤ ਸਿੰਘ ਗੁਰਚੱਕ, ਮੇਜਰ ਸਿੰਘ ਠੇਠਰਕੇ, ਜੱਗੀ ਲਖਮਾਨੀਆ, ਗੁਰਪ੍ਰੀਤ ਸਿੰਘ ਸਰਪੰਚ ਰਹੀਮਾਬਾਦ, ਗੁਰਬਾਜ ਸਿੰਘ ਬਾਜਵਾ ਸਰਪੰਚ ਰਾਏਚੱਕ, ਅਮਨ ਸਰਪੰਚ ਅਦਾਲਤਪੁਰ, ਮੰਨਾ ਸਰਪੰਚ ਚੌੜਾ, ਰੱਜਤ ਕਲਾਨੌਰ, ਮਹਿਕਦੀਪ ਸਿੰਘ ਸਰਪੰਚ ਕਲਾਨੌਰ, ਗੋਲਡੀ ਸਰਪੰਚ ਗਠਾਣਾ ਤੁਲੀਆਂ, ਪ੍ਰਿਤਪਾਲ ਸਿੰਘ ਸਰਪੰਚ ਪਕੀਵਾ, ਟੋਨੀ ਮੁਸਤਫਾਪੁਰ, ਪ੍ਰਿੰਸੀਪਲ ਭਗਵਾਨਪੁਰ, ਰਾਵਲ ਭਗਵਾਨਪੁਰ, ਮਨਜੀਤ ਸਿੰਘ ਸਰਪੰਚ ਮੇਤਲਾ, ਸ਼ੁਭ ਕਰਨ ਸਿੰਘ ਠੇਠਰਕੇ, ਹਰਭਜਨ ਸਿੰਘ ਰੱਤੜ ਛੱਤੜ, ਬਾਬਾ ਗੁਰਦਿੱਤ ਸਿੰਘ ਕਾਲਾ ਗੁਰਾਇਆ, ਹਰਤਾਜ ਸਿੰਘ, ਬਿਕਰਮਜੀਤ ਸਿੰਘ ਮਸਾਣਾ ਸੰਮਤੀ ਮੈਂਬਰ, ਜੱਗੀ ਲੁਕਮਾਨੀਆ, ਹਰਜੀਤ ਸਿੰਘ ਅਠਵਾਲ, ਬਲਕਾਰ ਸਿੰਘ, ਦਿਲਬਾਗ ਸਿੰਘ ਪੀਰਮਣਾ, ਜਰਨੈਲ ਸਿੰਘ ਚੱਕ ਭੰਗਵਾ, ਬਲਵੰਤ ਸਿੰਘ, ਜੋਤੀ, ਬਿੱਲਾ ਸਰਪੰਚ , ਕੁਲਬੀਰ ਸਿੰਘ ਸਰਪੰਚ, ਬੱਲੂ ਸਰਪੰਚ, ਸਰਵਨ ਸਿੰਘ, ਵਿੱਕੀ ਸਰਪੰਚ ਸੰਗਤੂਵਾਲ, ਸੁੱਖਾ ਸਰਪੰਚ ਮਸਤਕੋਟ, ਹੈਪੀ ਸਰਪੰਚ ਖੁਸ਼ੀਪੁਰ, ਸਤਿੰਦਰਜੀਤ ਸਿੰਘ ਸਰਪੰਚ ਮੀਆਂਕੋਟ, ਬਲਵਿੰਦਰ ਸਿੰਘ ਸਰਪੰਚ ਮਾਲੋਗਿੱਲ, ਬਿਕਰਮਜੀਤ ਸਿੰਘ ਬਿੱਕਾ ਸਰਪੰਚ ਮੁਸਤਰਾਪੁਰ, ਕੁਲਦੀਪ ਸਿੰਘ ਦਲੇਰਪੁਰ, ਸੋਨੂੰ ਸਰਪੰਚ ਰਸੂਲਪੁਰ, ਲਵ ਸਰਪੰਚ ਭੰਗਵਾਂ, ਹਰਜੀਤ ਸਿੰਘ ਸੰਮਤੀ ਮੈਂਬਰ, ਰਮਨਦੀਪ ਕੌਰ ਬੰਬ ਸੰਮਤੀ ਮੈਂਬਰ, ਗੁਰਬਚਨ ਸਿੰਘ ਮਾਹਲ ਤੇ ਹੋਰ ਮੋਹਤਬਰ ਆਗੂ ਹਾਜ਼ਰ ਸਨ।

## ਪੰਜਾਬ ਸਰਕਾਰ ਮੁਲਾਜ਼ਮਾਂ ਦਾ ਬਕਾਇਆ ਡੀ ਏ ਤੁਰੰਤ ਜਾਰੀ ਕਰੇ : ਮਦਨ ਲਾਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਪ੍ਰਧਾਨ ਮਦਨ ਲਾਲ ਸ਼ਰਮਾ ਦੀ ਅਗਵਾਈ ਹੇਠ ਸਿਟੀ ਸਰਕਲ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿੱਚ



ਪੈਨਸ਼ਨਰਾਂ ਦੇ ਜੀਵਨ ਪ੍ਰਮਾਣ ਸਰਟੀਫਿਕੇਟ ਆਨਲਾਈਨ ਭਰਵਾਏ ਗਏ ਅਤੇ ਜਿਨ੍ਹਾਂ ਪੈਨਸ਼ਨਰਾਂ ਦੇ ਜੀਵਨ ਪ੍ਰਮਾਣ ਸਰਟੀਫਿਕੇਟ ਆਨਲਾਈਨ ਨਹੀਂ ਅਪਲੋਡ ਹੋ ਰਹੇ ਸੀ ਉਸ ਲਈ ਲੇਖਾ ਅਫਸਰ ਅੰਮ੍ਰਿਤਸਰ ਨਾਲ ਮੀਟਿੰਗ ਲੈ ਕੇ ਉਹ ਸਰਟੀਫਿਕੇਟ ਮੈਨੁਅਲ ਭਰਵਾ ਦਿੱਤੇ ਗਏ। ਇਸ ਤੋਂ ਇਲਾਵਾ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਹੋਇਆਂ ਕਿਹਾ ਕਿ ਸਰਕਾਰ ਮੁਲਾਜ਼ਮਾਂ ਦਾ ਬਕਾਇਆ ਡੀਏ ਜਲਦ ਤੋਂ ਜਲਦ ਰਿਲੀਜ਼ ਕਰੇ ਅਤੇ ਉਨ੍ਹਾਂ ਨੇ ਮਾਨਯੋਗ ਹਾਈ ਕੋਰਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਮਾਣਯੋਗ ਹਾਈਕੋਰਟ ਨੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਡੀਏ ਦੇ ਸੰਬੰਧ ਵਿੱਚ ਫੈਸਲਾ ਦਿੱਤਾ ਹੈ ਉਸ ਦਾ ਅਸੀਂ ਸਵਾਗਤ ਕਰਦੇ ਹਾਂ। ਪੈਨਸ਼ਨਰ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਦਾ ਵਤੀਰਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਪ੍ਰਤੀ ਇਹੋ ਹੀ ਰਿਹਾ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ। ਇਸ ਮੌਕੇ ਹਰਜੀਤ ਸਿੰਘ, ਪਲਵਿੰਦਰ ਸ਼ਰਮਾ, ਕੁਲਵਿੰਦਰ ਸਿੰਘ, ਮਨਜੀਤ ਸਿੰਘ, ਬਾਬਾ ਗੁਰਮੀਤ ਸਿੰਘ, ਸੁਰਜੀਤ ਕੁਮਾਰ, ਰਮੇਸ਼ ਖੰਨਾ ਕੁਲਵੰਤ ਸਿੰਘ, ਰਾਮ ਪ੍ਰਤਾਪ ਅਤੇ ਕੇ. ਕੇ. ਨੰਦਾ ਮੌਜੂਦ ਸਨ।

## ਅਮੀਰਾ ਫ਼ਾਰਮ ਅੰਮ੍ਰਿਤਸਰ ਵਿਖੇ ਹੋਵੇਗਾ ਰਾਸ਼ਟਰੀ ਤ੍ਰੈ-ਭਾਸ਼ਾਈ ਮੁਸ਼ਾਇਰਾ

**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਸਮਾਜ ਸੇਵੀ ਤੇ ਸਾਹਿਤਕਾਰ ਸਤਬੀਰ ਸਿੰਘ ਅੰਮ੍ਰਿਤਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ਵ ਵਿਰਾਸਤੀ ਅਕਾਦਮੀ (ਯੂ.ਐੱਸ.ਏ., ਕੈਨੇਡਾ, ਆਸਟਰੇਲੀਆ, ਭਾਰਤ, ਦੁਬਈ, ਜਰਮਨ, ਯੂ.ਕੇ.) ਦੇ ਚੇਅਰਮੈਨ ਡਾ. ਕਲਸੀ, ਅੰਤਰਰਾਸ਼ਟਰੀ ਸੱਭਿਆਚਾਰਕ ਮੰਚ ਦੇ ਕੌਮੀ ਪ੍ਰਧਾਨ ਬਲਵਿੰਦਰ ਕੌਰ ਪੰਡੋਰੀ ਅਤੇ ਡਾ. ਦਲਬੀਰ ਸਿੰਘ ਕਥੂਰੀਆ



ਦੀ ਸਰਪ੍ਰਸਤੀ ਅਧੀਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਅਮੀਰਾ ਫ਼ਾਰਮ, ਏਅਰਪੋਰਟ ਰੋਡ, ਅੰਮ੍ਰਿਤਸਰ ਵਿਖੇ ਰਾਸ਼ਟਰੀ ਪੱਧਰ ਦਾ ਤ੍ਰੈ-ਭਾਸ਼ਾਈ (ਪੰਜਾਬੀ, ਹਿੰਦੀ, ਉਰਦੂ) ਮੁਸ਼ਾਇਰਾ ਮਿਤੀ 14 ਅਪਰੈਲ ਨੂੰ ਵਿਸਾਖੀ ਵਾਲੇ ਦਿਲ ਕਰਵਾ ਕੇ ਮੇਲਾ ਕਵੀਆਂ ਦਾ ਲਗਵਾਇਆ ਜਾ ਰਿਹਾ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਯੂਥ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਡਾ. ਅਮਨਦੀਪ ਸਿੰਘ ਤੇ ਸ਼੍ਰੋਮਣੀ ਪੰਜਾਬੀ ਕਵੀ ਡਾ. ਰਵਿੰਦਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦੋਂ ਕਿ ਮੈਨੇਜਰ ਅਤਰ ਸਿੰਘ, ਡਾ. ਸਰਵਣ ਸਿੰਘ, ਕਹਾਣੀਕਾਰ ਦੇਵਿੰਦਰ ਦੀਦਾਰ, ਫ਼ਿਲਮੀ ਅਦਾਕਾਰ ਅਰਵਿੰਦਰ ਭੱਟੀ, ਸਾਬਕਾ ਐਕਸਾਈਜ਼ ਕਮਿਸ਼ਨਰ ਪੀ. ਸੀ. ਪਿਆਸਾ, ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਸ਼ਾਇਰ ਹਰਪਾਲ ਸਿੰਘ ਸੰਧਾਵਾਲੀਆ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕਰਨਗੇ।ਜ਼ਿਲ੍ਹਾ ਭਾਸ਼ਾ ਅਫ਼ਸਰ (ਸਾ.) ਗੁਰਦਾਸਪੁਰ ਤੇ ਅੰਮ੍ਰਿਤਸਰ ਡਾ. ਪਰਮਜੀਤ ਸਿੰਘ ਕਲਸੀ ਨੈਸ਼ਨਲ ਐਵਾਰਡੀ ਇਸ ਰਾਸ਼ਟਰੀ ਮੁਸ਼ਾਇਰੇ ਦੀ ਪ੍ਰਧਾਨਗੀ ਅਤੇ ਸਰਪ੍ਰਸਤੀ ਕਰਨਗੇ।ਉੱਘੇ ਵਿਦਵਾਨ ਆਲੋਚਕ ਡਾ. ਗੁਰਵੰਤ ਸਿੰਘ ਇਸ ਮੁਸ਼ਾਇਰੇ ਦੇ ਸੰਚਾਲਕ ਹੋਣਗੇ।ਆਪਣੇ ਖੇਤਰਾਂ ਵਿੱਚ ਮਾਹਰ ਹਸਤੀਆਂ ਡਾ. ਆਂਚਲ ਅਰੋੜਾ, ਡਾ. ਦਵਿੰਦਰ ਸੈਫ਼ੀ ਤੇ ਡਾ. ਗੁਰਵੰਤ ਸਿੰਘ ਨੂੰ ਰਤਨ-ਏ-ਪੰਜਾਬ (ਵਿਰਾਸਤੀ), ਪੰਜਾਬੀ ਕਵਿਤਾ ਰਤਨ ਤੇ ਪੰਜਾਬੀ ਆਲੋਚਨਾ ਰਤਨ ਪੁਰਸਕਾਰ ਮੌਕੇ 'ਤੇ ਸਨਮਾਨ ਸਹਿਤ ਭੇਟ ਕੀਤੇ ਜਾਣਗੇ, ਤਾਂ ਜੋ ਸਮਾਜ ਦੇ ਵੱਖ-ਵੱਖ ਮਾਹਰਾਂ ਨੂੰ ਸਮਾਜ ਦੇ ਹੋਰ ਉਸਾਰੂ ਕਾਰਜਾਂ ਲਈ ਉਤਸ਼ਾਹਿਤ ਕੀਤਾ ਜਾ ਸਕੇ।ਪ੍ਰਬੰਧਕਾਂ ਨੇ ਸਾਰੇ ਸ਼ਾਇਰਾਂ ਤੇ ਲੇਖਕਾਂ ਨੂੰ ਇਸ ਸਮਾਰੋਹ ਵਿੱਚ ਸ਼ਿਰਕਤ ਕਰਨ ਲਈ ਹਾਰਦਿਕ ਸੱਦਾ ਦਿੱਤਾ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਤਰਨਤਾਰਨ ਵੱਲੋਂ ਬਿਜਲੀ ਮੰਤਰੀ ਖ਼ਿਲਾਫ਼ ਧਰਨਾ ਦੇਣ ਦਾ ਐਲਾਨ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪੈਨਸ਼ਨਰ ਐਸੋਸੀਏਸ਼ਨ ਸਰਕਲ ਤਰਨਤਾਰਨ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮੰਨਣ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 18 ਨੂੰ ਬਿਜਲੀ ਮੰਤਰੀ ਸੰਜੀਵ ਅਰੋੜਾ ਦੇ ਖ਼ਿਲਾਫ਼ ਲੁਧਿਆਣਾ



ਵਿਖੇ ਦਿੱਤੇ ਜਾਣ ਵਾਲੇ ਵਿਸ਼ਾਲ ਧਰਨੇ ਦੇ ਸੰਬੰਧ ਵਿੱਚ ਸਾਰੀਆਂ ਡਵੀਜ਼ਨਾਂ ਨੂੰ ਵੱਡੀ ਗਿਣਤੀ ਵਿੱਚ ਬੱਸਾਂ ਲੈ ਕੇ ਧਰਨੇ ਵਿੱਚ ਪਹੁੰਚਣ ਲਈ ਡਿਊਟੀਆਂ ਲਗਾ ਦਿੱਤੀਆਂ ਹਨ।

ਧਰਨੇ ਵਿੱਚ ਲੁਧਿਆਣਾ ਸ਼ਹਿਰ ਵਿਖੇ ਮਾਰਚ ਵੀ ਕੀਤਾ ਜਾਵੇਗਾ ਤੇ ਲੋਕਾਂ ਨੂੰ 2027 ਵਿੱਚ ਇਸ ਸਰਕਾਰ ਨੂੰ ਚੱਲਦਾ ਕਰਨ ਲਈ ਵੀ ਆਖਿਆ ਜਾਵੇਗਾ। ਇਸ ਸਮੇਂ ਸਰਕਲ ਸਕੱਤਰ ਬਲਵਿੰਦਰ ਸਿੰਘ ਪਲਾਸੌਰ, ਅਵਤਾਰ ਸਿੰਘ ਕੈਰੋਂ, ਹਰਭਜਨ ਸਿੰਘ ਬੁਟਾਰੀ, ਰਣਜੀਤ ਸਿੰਘ ਬੱਲ, ਸੋਹਣ ਸਿੰਘ ਰੱਖੜਾ, ਸੁਰਜੀਤ ਸਿੰਘ ਵਰਪਾਲ, ਰਤਨ ਸਿੰਘ ਡਾਲੇਕੇ, ਹਰਜੀਤ ਸਿੰਘ, ਸਾਧਾ ਸਿੰਘ, ਕਰਮ ਸਿੰਘ ਪੰਡੋਰੀ, ਬਾਵਾ ਸਿੰਘ ਕੋਟ, ਦਵਿੰਦਰ ਸਿੰਘ ਜੌਹਲ, ਗੁਰਬਿੰਦਰ ਸਿੰਘ ਪੰਜਵੜ, ਬੂਟਾ ਸਿੰਘ ਪੰਡੋਰੀ, ਧਨਵੰਤ ਸਿੰਘ ਰੰਧਾਵਾ, ਦਿਲਬਾਗ ਸਿੰਘ ਸੁਲਤਾਨਵਿੰਡ, ਇੰਦਰਜੀਤ ਸਿੰਘ, ਬਾਬਾ ਚਰਨਜੀਤ ਸਿੰਘ, ਬਾਬਾ ਸੁਖਦੇਵ ਸਿੰਘ ਮਾਣੋਚਾਹਲ, ਦਰਸ਼ਨ ਸਿੰਘ, ਪਰਮਜੀਤ ਸਿੰਘ, ਸੁਰਿੰਦਰ ਸਿੰਘ ਭੱਠਲ, ਤਰਸੇਮ ਸਿੰਘ, ਕੁਲਦੀਪ ਸਿੰਘ ਦੋਬੁਰਜੀ, ਚਰਨ ਸਿੰਘ ਟੌਹੜਾ, ਜਗਜੀਤ ਸਿੰਘ ਕੰਡਾ, ਸਤਨਾਮ ਸਿੰਘ ਸੁਪਰਡੈਂਟ ਤੇ ਮਿਰਚੂ ਰਾਮ ਹਾਜ਼ਰ ਸਨ। ਪੈਨਸ਼ਨਰਾਂ ਨੂੰ ਆਉਣ ਵਾਲੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਵੀ ਦਿੱਤਾ। ਪ੍ਰੈੱਸ ਨੂੰ ਜਾਣਕਾਰੀ ਗੁਰਪ੍ਰੀਤ ਸਿੰਘ ਮੰਨਣ ਨੇ ਦਿੱਤੀ।

## ਕਸਬਾ ਫਤਿਹਾਬਾਦ ਦੇ ਸਕੂਲ 'ਚੋਂ ਚੋਰਾਂ ਵੱਲੋਂ ਗੈਸ ਸਿਲੰਡਰ ਤੇ ਆਟਾ ਚੋਰੀ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਸਬਾ ਫਤਿਆਬਾਦ ਵਿਖੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਚੋਰਾਂ ਦੇ ਹੌਸਲੇ ਇਸ ਕਦਰ ਬਲੁੰਦ ਹਨ ਕਿ ਉਹ ਵਿੱਦਿਆ ਦੇ ਮੰਦਰ ਸਕੂਲਾਂ ਨੂੰ ਵੀ ਨਹੀਂ ਬਖਸ਼ ਰਹੇ।ਚੋਰ ਰਾਤ ਕਸਬੇ ਦੇ ਬਜ਼ਾਰਾਂ, ਗਲੀਆਂ ਆਦਿ ਵਿੱਚ ਹੁੜਦੰਗ ਮਚਾਉਂਦੇ ਹਨ ਤੇ ਜਿੱਥੇ ਵੀ ਦਾਅ ਲੱਗਦਾ ਲਾਉਂਦੇ ਹਨ ।ਲੋਕਾਂ ਦੇ ਮਾਲ ਅਸਬਾਬ ਨੂੰ ਨੁਕਸਾਨ ਪਹੁੰਚਾਉਂਦੇ ਹਨ।ਬੀਤੀ ਰਾਤ ਚੋਰ ਕਸਬੇ ਦੇ ਸਰਕਾਰੀ ਐਲੀਮੈਂਟਰੀ ਸਕੂਲ (ਲੜਕੇ) 'ਚ ਚੋਰਾਂ ਨੇ ਬੇਖੌਫ ਹੋ ਕੇ ਸਕੂਲ ਦੀਆਂ ਕੰਧਾਂ ਟੱਪ ਕੇ ਬੱਚਿਆਂ ਲਈ ਬਣਦੇ ਖਾਣੇ (ਮਿਡ ਡੇ ਮੀਲ) ਦੀ ਰਸੋਈ ਦੇ ਦੋ ਜਿੰਦਰੇ ਤੋੜ ਕੇ ਇੱਕ ਗੈਸ ਸਿਲੰਡਰ ਤੇ ਡਰੰਮੀ 'ਚੋ ਆਟਾ ਚੋਰੀ ਕਰਕੇ ਲੈ ਗਏ।ਜਾਣਕਾਰੀ ਦਿੰਦਿਆਂ ਸਕੂਲ ਦੇ ਚੌਕੀਦਾਰ ਪ੍ਰਿੰਸ ਨੇ ਦੱਸਿਆ ਕਿ ਬੀਤੀ ਰਾਤ ਕਰੀਬ 12.30 ਤੇ ਚੋਰ ਸਕੂਲ ਦੀਆਂ ਕੰਧ



ਟੱਪ ਕੇ ਸਕੂਲ 'ਚ ਦਾਖਲ ਹੋਏ ਅਤੇ ਰਸੋਈ ਨੂੰ ਲੱਗੇ ਦੋ ਜਿੰਦਰੇ ਤੋੜ ਕੇ ਇੱਕ ਸਿਲੰਡਰ ਅਤੇ ਆਟੇ ਵਾਲੀ ਡਰੰਮੀ ਚੁੱਕ ਕੇ ਸਕੂਲ ਤੋਂ ਬਾਹਰ ਲੈ ਗਏ ਤੇ ਆਟੇ ਵਾਲੀ ਖ਼ਾਲੀ ਡਰੰਮੀ ਛੱਡ ਗਏ।ਚੌਕੀਦਾਰ ਨੇ ਦੱਸਿਆ ਕਿ ਚੋਰੀ ਸਬੰਧੀ ਉਸਨੇ ਸਕੂਲ ਦੇ ਸਟਾਫ ਨੂੰ ਸੂਚਿਤ ਕਰਕੇ ਮੋਹਤਬਰਾਂ ਨਾਲ ਚੋਰਾਂ ਦੀ ਭਾਲ਼ ਵੀ ਕੀਤੀ।ਇਸ ਸਬੰਧੀ ਸਕੂਲ ਦੀ ਹੈੱਡ ਟੀਚਰ ਨੇ ਦੱਸਿਆ ਕਿ ਚੋਰੀ ਸਬੰਧੀ ਪੁਲਸ ਚੌਕੀ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

## ਸੋਸ਼ਲ ਐਂਡ ਸਪੋਰਟਸ ਵੈੱਲਫੇਅਰ ਸੋਸਾਇਟੀ ਨੇ 160 ਸਕੂਲੀ ਬੈਗ ਵੰਡੇ

**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਸ਼ਹੀਦ ਭਗਤ ਸਿੰਘ ਮੈਮੋਰੀਅਲ ਸੋਸ਼ਲ ਐਂਡ ਸਪੋਰਟਸ ਵੈੱਲਫੇਅਰ ਸੋਸਾਇਟੀ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵੱਲੋਂ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਖਰਪੁਰ ਵਿੱਚ 160 ਦੇ ਕਰੀਬ ਸਕੂਲ ਦੇ ਬੱਚਿਆਂ ਨੂੰ ਬੈਗ ਵੰਡੇ ਗਏ।ਪ੍ਰਿੰਸੀਪਲ ਰੰਧਾਵਾ ਨੇ ਕਿਹਾ ਕਿ ਗਰੀਬ ਬੱਚੇ ਜਿਹੜੇ ਪੜ੍ਹਨ ਤੋਂ ਸਮਰੱਥ ਰਹਿ ਜਾਂਦੇ ਉਨ੍ਹਾਂ ਲਈ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ।ਬੱਚਿਆਂ ਨੂੰ ਪੜ੍ਹਾਉਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਸੁਖਚੈਨ ਸਿੰਘ ਬਾਬਾ, ਬਚਨ ਲਾਲ ਕਾਲਾ, ਗੁਲਸ਼ਨ ਕੁਮਾਰ ਬਾਵਾ, ਇੰਦਰਜੀਤ ਸਿੰਘ ਫੌਜੀ, ਜਸਬੀਰ ਸਿੰਘ ਹੰਜਰਾ, ਮਲਕੀਤ ਸਿੰਘ ਕਾਹਲੋਂ, ਰਮੇਸ਼ ਕੁਮਾਰ ਮੁੱਖ ਅਧਿਆਪਕ, ਮਨਦੀਪ ਸਿੰਘ, ਗੁਰਦੇਵ ਸਿੰਘ, ਰਿਸ਼ੀ ਸ਼ਰਮਾ, ਸੁਨੀਤਾ ਰਾਣੀ, ਗੁਰਵਿੰਦਰ ਕੌਰ, ਰਵਿੰਦਰ ਕੌਰ, ਗੁਰਚਰਨ ਸਿੰਘ, ਰਵਦੀਪ ਕੌਰ, ਮਿਲਾਪ ਸਿੰਘ, ਬਲਜਿੰਦਰ ਸਿੰਘ ਕੋਟਲੀ ਆਦਿ ਹਾਜ਼ਰ ਸਨ।



## ਪਿੰਡ ਚਵਿੰਡਾ ਦਾ ਵਿਕਾਸ ਜ਼ੋਰਾਂ 'ਤੇ : ਸਰਪੰਚ ਸੋਨੀ ਰੰਧਾਵਾ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਹਲਕਾ ਮਜੀਠਾ ਵਿੱਚ ਆਮ ਆਦਮੀ ਪਾਰਟੀ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਵੱਲੋਂ ਹਲਕੇ 'ਚ ਵਿਕਾਸ ਕਾਰਜਾਂ ਦੀ ਹਨੇਰੀ ਚੱਲ ਰਹੀ ਹੈ।ਇਸ ਮੌਕੇ ਪਿੰਡ ਚਵਿੰਡਾ ਦੇਵੀ ਦੇ ਸਰਪੰਚ ਸੋਨੀ ਰੰਧਾਵਾ ਨੇ ਦੱਸਿਆ ਕਿ ਹਲਕੇ ਮਜੀਠੇ ਵਿੱਚ ਜ਼ੋਰਾਂ ਸ਼ੋਰਾਂ ਨਾਲ ਵਿਕਾਸ ਹੋ ਰਿਹਾ ਹੈ।ਸਰਪੰਚ ਨੇ ਦੱਸਿਆ ਕਿ ਪਿੰਡ ਚਵਿੰਡਾ ਦੇਵੀ ਵਿੱਚ ਨਾਲੀਆਂ ਗਲੀਆਂ ਅਤੇ ਕਈ ਨਵੀਆਂ ਸੜਕਾਂ



ਦਾ ਨਿਰਮਾਣ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਦਿੱਤੀ ਗਰਾਂਟ ਸਦਕਾ ਸਾਡੇ ਪਿੰਡ ਦੀ ਕਾਇਆ ਕਲਪ ਹੋ ਰਹੀ ਹੈ ਜਿਸਦਾ ਸਿਹਰਾ ਹਲਕਾ ਇਨਚਾਰਜ ਸ. ਤਲਬੀਰ ਸਿੰਘ ਗਿੱਲ ਨੂੰ ਜਾਂਦਾ ਹੈ ਅਤੇ ਪਿਛਲੇ ਕਈ ਦਹਾਕਿਆਂ ਤੋਂ ਜੋ ਕੰਮ ਅਕਾਲੀ ਭਾਜਪਾ ਸਰਕਾਰ ਨਹੀਂ ਕਰ ਸਕੀ ਉਹ ਕੰਮ ਆਮ ਆਦਮੀ ਪਾਰਟੀ ਨੇ ਕਰਕੇ ਦਿਖਾਏ ਹਨ।ਇਸ ਮੌਕੇ ਸੋਨੀ ਰੰਧਾਵਾ, ਮਨਦੀਪ ਸੁੰਦਰ, ਮੈਂਬਰ ਪੰਚਾਇਤ ਸੁੱਖ ਸਿੰਘ, ਮੈਂਬਰ ਪੰਚਾਇਤ ਜੰਗ ਸਿੰਘ ਜੰਗੀ, ਬਿੱਟਾ ਹੰਜਰਾ, ਕੰਤਾ ਹੰਜਰਾ, ਪੰਮਾ ਮਸੀਹ, ਬਿੱਲਾ ਫੋਟੋਗ੍ਰਾਫਰ ਆਦਿ ਹਾਜ਼ਰ ਸਨ।

## ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਤੇ ਕਬੱਡੀ ਕੱਪ 14 ਨੂੰ : ਗੋਸਲ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਸਬਾ ਡੇਰਾ ਬਾਬਾ ਨਾਨਕ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਵਿਸਾਖੀ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਸਤਨਾਮ ਸਿੰਘ ਗੋਸਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਕਬੱਡੀ ਕੱਪ 14 ਅਪ੍ਰੈਲ ਨੂੰ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ 12 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ,14 ਅਪ੍ਰੈਲ ਦਿਨ ਮੰਗਲਵਾਰ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਗੁਰਮਤਿ ਸਮਾਗਮ ਹੋਣਗੇ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਅਤੇ ਪ੍ਰਚਾਰਕ ਸੰਗਤਾਂ ਨੂੰ ਨਿਹਾਲ ਕਰਨਗੇ ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ ਅਤੇ ਸਮੂਹ ਮੈਂਬਰ ਜਾਇਦਾਦ ਸਬ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ



ਸਾਹਿਬ ) ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਜ਼ਿਲ੍ਹਾ ਜਥੇਦਾਰ ਸੁੱਚਾ ਸਿੰਘ ਲੰਗਾਹ ਦੀ ਯੋਗ ਅਗਵਾਈ ਹੇਠ 14 ਅਪ੍ਰੈਲ ਦਿਨ ਮੰਗਲਵਾਰ ਨੂੰ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਦੇ ਕਬੱਡੀ ਮੈਚ ਕਰਵਾਏ ਜਾਣਗੇ।ਪਹਿਲੇ ਸਥਾਨ 'ਤੇ ਆਉਣ ਵਾਲੀ ਕਬੱਡੀ ਟੀਮ ਨੂੰ 51000 ਅਤੇ ਦੂਜਾ ਸਥਾਨ ਹਾਸਲ ਕਰਨ ਵਾਲੀ ਕਬੱਡੀ ਟੀਮ ਨੂੰ 41000 ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ 14 ਅਪ੍ਰੈਲ ਨੂੰ ਡੇਰਾ ਬਾਬਾ ਨਾਨਕ ਵਿਖੇ ਹੁੰਮ-ਹੁਮਾ ਕੇ ਪਹੁੰਚ ਕੇ ਇਸ ਮੇਲੇ ਦੀ ਰੌਣਕ ਨੂੰ ਵਧਾਉਣ।ਸਾਬਕਾ ਕੈਬਨਿਟ ਮੰਤਰੀ ਤੇ ਜ਼ਿਲ੍ਹਾ ਜਥੇਦਾਰ ਸੁੱਚਾ ਸਿੰਘ ਲੰਗਾਹ ਪਹਿਲੇ ਤੇ ਦੂਜੇ ਸਥਾਨ ਤੇ ਰਹਿਣ ਵਾਲੀਆਂ ਕਬੱਡੀ ਟੀਮਾਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨਗੇ।ਇਸ ਮੌਕੇ ਮੈਨੇਜਰ ਸਤਨਾਮ ਸਿੰਘ ਗੋਸਲ ਅਤੇ ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਸ਼੍ਰੀ ਖਡੂਰ ਸਾਹਿਬ ਵਾਲਿਆਂ ਵੱਲੋਂ ਵਿਸਾਖੀ ਦਾ ਮੇਲਾ ਮਨਾਉਣ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ।ਇਸ ਮੌਕੇ ਧਾਰਮਿਕ ਜਥੇਬੰਦੀਆਂ ਵੱਲੋਂ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਜਾਣਗੇ।ਇਸ ਮੌਕੇ ਜਗਜੀਤ ਸਿੰਘ ਸੰਘਾ, ਸੁਰਜੀਤ ਸਿੰਘ ਅਕਾਊਂਟੈਂਟ, ਹਰਵੰਤ ਸਿੰਘ ਸਟੋਰਕੀਪਰ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ ਖਜਾਨਚੀ, ਮਲਕੀਤ ਸਿੰਘ ਰਾਜਕੇ, ਹਰਜਿੰਦਰ ਸਿੰਘ ਲਾਲੇ ਨੰਗਲ, ਜਗਵਿੰਦਰ ਸਿੰਘ ਗੱਬੀ, ਹੀਰਾ ਸਿੰਘ, ਸੁਖਰਾਜ ਰਜਿੰਦਰ ਸਿੰਘ ਵਿੱਕੀ, ਬਲਦੇਵ ਸਿੰਘ ਹੈਪੀ, ਗੁਰਪ੍ਰੀਤ ਸਿੰਘ ਨਿੱਕੋਸਰਾਂ ਆਦਿ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਵੱਲੋਂ ਇੱਕ ਹੋਰ ਲੈਬ ਤੇ ਡਾਇਗਨੋਸਟਿਕ ਸੈਂਟਰ ਸਥਾਪਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਕਾਰਨ ਪੂਰੇ ਦੁਨੀਆਂ ਅੰਦਰ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ (ਮੇਨ ਬ੍ਰਾਂਚ) ਜੀ. ਟੀ. ਰੋਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖੋਲ੍ਹੇ ਗਏ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ ਡਾ. ਓਬਰਾਏ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ, ਜਿਸ ਦੌਰਾਨ ਟਰੱਸਟੀ ਡਾ. ਸਤਨਾਮ ਸਿੰਘ ਨਿੱਜਰ ਤੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਵੀ ਮੌਜੂਦ ਸਨ।ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਅਧੀਨ ਸਕੂਲ ਵਿਖੇ ਖੋਲ੍ਹੀ ਗਈ ਇਸ ਲੈਬਾਰਟਰੀ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਸਥਾਪਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਨਾਲ ਇਸ ਖੇਤਰ ਤੋਂ ਇਲਾਵਾ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ।ਡਾ. ਐਸ. ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ 200 ਲੈਬੋਰਟਰੀਆਂ ਖੋਲ੍ਹਣ ਦਾ ਟੀਚਾ ਰੱਖਿਆ ਗਿਆ ਹੈ ਅਤੇ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ 150



ਤੋਂ ਵਧੇਰੇ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਅੰਦਰ ਪਿਛਲੇ ਸਾਲ ਲਗਭਗ 27 ਲੱਖ ਤੋਂ ਵਧੇਰੇ ਲੋਕਾਂ ਨੇ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਕੇ ਲਾਭ ਲਿਆ ਹੈ।ਇਸ ਮੌਕੇ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸੰਧੂ, ਨਵਜੀਤ ਸਿੰਘ ਘਈ, ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ ਕੌਂਡਲ ਤੋਂ ਇਲਾਵਾ ਦੀਵਾਨ ਦੇ ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਅਜੀਤਪਾਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਤਰਲੋਚਨ ਸਿੰਘ ਮੈਂਬਰ, ਗੁਰਭੇਜ ਸਿੰਘ ਮੈਂਬਰ, ਮਨਜੀਤ ਸਿੰਘ ਬੱਲ, ਲਖਵਿੰਦਰ ਸਿੰਘ ਢਿੱਲੋਂ, ਕਮਲਜੀਤ ਸਿੰਘ ਕੋਹਲੀ, ਹਰਜੀਤ ਸਿੰਘ ਸਾਹਨੀ, ਉਪਕਾਰ ਸਿੰਘ ਛਾਬੜਾ ਆਦਿ ਵੀ ਹਾਜ਼ਰ ਸਨ।

## ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ 14 ਨੂੰ ਮਨਾਇਆ ਜਾਵੇਗਾ : ਜਸਬੀਰ ਝਬਾਲ

**ਝਬਾਲ-(ਹਰਜਿੰਦਰ ਸਿੰਘ ਸੋਨੀ)**- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਇੱਕ ਭਰਵੀਂ ਮੀਟਿੰਗ ਜ਼ਿਲ੍ਹਾ ਅੰਮ੍ਰਿਤਸਰ ਦੇ ਅਧੀਨ ਆਉਂਦੇ ਪਿੰਡ ਖਿਆਲਾਂ ਵਿਖੇ ਰੇਸ਼ਮ ਸਿੰਘ ਫੌਜੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ



ਝਬਾਲ ਨੇ ਕਿਹਾ ਕਿ 14 ਐਪ੍ਰਲ ਨੂੰ ਦਲਿਤਾਂ ਦੇ ਮਹਿਬੂਬ ਨੇਤਾ, ਸੰਵਿਧਾਨ ਦੇ ਰਚੇਤਾ ਤੇ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਜਥੇਬੰਦੀ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਵਿੱਚ ਮਨਾਇਆ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦਾ ਪਰਦਾ ਲੋਕਾਂ ਵਿੱਚ ਨੰਗਾ ਕੀਤਾ ਜਾਵੇਗਾ।ਮਨਰੇਗਾ ਕਾਨੂੰਨ ਨੂੰ ਬਹਾਲ ਕਰਨ ਲਈ ਜਥੇਬੰਦੀ 15 ਮਈ ਨੂੰ ਪੂਰੇ ਭਾਰਤ ਵਿੱਚ ਹੜਤਾਲ ਕਰੇਗੀ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ।ਇਸ ਮੀਟਿੰਗ ਨੂੰ ਤਹਿਸੀਲ ਤੇ ਜਨਰਲ ਸਕੱਤਰ ਲਖਵਿੰਦਰ ਸਿੰਘ ਕਲੇਰ ਤੇ ਜ਼ਿਲ੍ਹਾ ਮੀਤ ਪ੍ਰਧਾਨ ਸਤਨਾਮ ਸਿੰਘ ਕਲੇਰ ਨੇ ਸੰਬੋਧਨ ਕੀਤਾ। ਇਸ ਮੌਕੇ ਜਥੇਬੰਦੀ ਦੀ ਜ਼ਿਲ੍ਹਾ ਖਜਾਨਚੀ ਕੰਵਲਜੀਤ ਕੌਰ ਖਿਆਲਾ ਨੇ ਆਏ ਮਜ਼ਦੂਰ ਵਰਕਰਾਂ ਦਾ ਧੰਨਵਾਦ ਕੀਤਾ।

## ਸ੍ਰੀ ਤਾਰਾ ਚੰਦ ਵਿੱਦਿਆ ਮੰਦਰ 'ਚ ਸਾਈਕਲ ਰੇਸ ਤੇ ਕ੍ਰਿਕਟ ਮੁਕਾਬਲੇ ਕਰਵਾਏ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ 'ਚ ਵਿਦਿਆਰਥੀਆਂ ਲਈ ਖੇਡ ਗਤੀਵਿਧੀਆਂ ਬੜੇ ਉਤਸ਼ਾਹ ਨਾਲ ਕਰਵਾਈਆਂ ਗਈਆਂ।ਇਸ ਮੌਕੇ ਕਲਾਸ ਤੀਜੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਲਈ ਸਾਈਕਲਿੰਗ ਰੇਸ ਤੇ ਕਲਾਸ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦੇ ਕ੍ਰਿਕਟ ਮੈਚ ਕਰਵਾਏ ਗਏ।ਇਸ ਸਮਾਗਮ ਦਾ ਉਦਘਾਟਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬ੍ਰਿਜ ਲਾਲ, ਪ੍ਰਬੰਧਕ ਸਤੀਸ਼ ਕੁਮਾਰ, ਮੈਂਬਰ ਡਾ. ਗੌਰਵ ਗਰਗ, ਜਗਦੀਪ ਸਿੰਘ ਤੇ ਪ੍ਰਿੰਸੀਪਲ ਰਵਿੰਦਰ ਪਟਿਆਲ ਵੱਲੋਂ ਹਰੀ ਝੰਡੀ ਦਿਖਾ ਕੇ ਕੀਤਾ ਗਿਆ।ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਬੇਹੱਦ ਜੋਸ਼ ਤੇ ਉਤਸ਼ਾਹ ਵੇਖਣ ਨੂੰ ਮਿਲਿਆ।ਇਸ ਦੌਰਾਨ ਸਕੂਲ ਪ੍ਰਿੰਸੀਪਲ ਨੇ ਘੋਸ਼ਣਾ ਕੀਤੀ ਕਿ ਸਕੂਲ ਵਿੱਚ ਜਲਦੀ ਹੀ ਕ੍ਰਿਕਟ ਅਕੈਡਮੀ ਸ਼ੁਰੂ ਕੀਤੀ ਜਾਵੇਗੀ, ਤਾਂ ਜੋ ਵਿਦਿਆਰਥੀਆਂ ਵਿੱਚ ਕ੍ਰਿਕਟ ਤੇ ਖੇਡਾਂ ਪ੍ਰਤੀ ਰੁਚੀ ਨੂੰ ਵਧਾਇਆ ਜਾ ਸਕੇ।ਇਸ ਦੇ ਨਾਲ ਹੀ ਸਕੂਲ ਵੱਲੋਂ ਸਾਇਕਲਿੰਗ ਨੂੰ ਇੱਕ ਵਿਅਕਤੀਗਤ ਖੇਡ ਵਜੋਂ ਵੀ ਸ਼ੁਰੂ ਕੀਤਾ ਜਾ ਰਿਹਾ ਹੈ।ਉਨ੍ਹਾਂ ਜੂਨੀਅਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅਜਿਹੇ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਵਾਈਸ ਪ੍ਰਿੰਸੀਪਲ ਰਾਜੇਸ਼ ਕੁਮਾਰ, ਪ੍ਰਾਇਮਰੀ ਕੋਆਰਡੀਨੇਟਰ ਪੂਨਮ ਸ਼ਰਮਾ, ਸਕੂਲ ਡੀ ਪੀ ਭਰਪੂਰ ਸਿੰਘ, ਕ੍ਰਿਕਟ ਕੋਚ ਹਰਪ੍ਰੀਤ ਸ਼ਰਮਾ ਤੇ ਸਕੂਲ ਕ੍ਰਿਕਟ ਕਲੱਬ ਦੇ ਮੁਖੀ ਕੁਲਦੀਪ ਗਿੱਲ ਮੌਜੂਦ ਰਹੇ।

## ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਫਾਇਰ ਬ੍ਰਿਗੇਡ ਹਰ ਵਕਤ ਤਿਆਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਰਾਮ ਭੱਟੀ)**-ਅਪ੍ਰੈਲ ਦੇ ਮਹੀਨੇ ਹਾੜ੍ਹੀ ਦੀ ਫਸਲ ਵੱਢੀ ਜਾਂਦੀ ਹੈ। ਅਕਸਰ ਦੇਖਣ ਸੁਣਨ ਨੂੰ ਮਿਲਦਾ ਹੈ ਕਿ ਕਿਸੇ ਨਾ ਕਿਸੇ ਕਾਰਨ ਖੜੀ ਕਣਕ ਅੱਗ ਦੀ ਲਪੇਟ ਵਿੱਚ ਆ ਜਾਂਦੀ ਹੈ। ਅਜਿਹੇ ਸਮੇਂ ਨਜਿੱਠਣ ਲਈ ਸੁਨਾਮ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸਾਡੇ ਕੋਲ ਤਿੰਨ ਗੱਡੀਆਂ ਹਨ ਤੇ ਅਸੀਂ ਹਰ ਵੇਲੇ ਤਿਆਰ ਰਹਿੰਦੇ ਹਾਂ। ਵਾਹਿਗੁਰੂ ਕਰੇ ਇਹੋ ਜਿਹਾ ਕੁਝ ਨਾ ਹੋਵੇ, ਪਰ ਫਿਰ ਵੀ ਕਈ ਵਾਰੀ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਉਸ ਲਈ 24 ਘੰਟੇ ਅਸੀਂ ਤਿਆਰ ਹਾਂ। ਉਨ੍ਹਾਂ ਪਬਲਿਕ ਨੂੰ ਆਪਣੇ ਫੋਨ ਨੰਬਰ 101, 01676224050 ਦੀ ਦੱਸ ਕਿ ਜੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਤੁਰੰਤ ਸਾਨੂੰ ਫੋਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਅਸੀਂ ਹਰ ਵੇਲੇ ਤੁਹਾਡੀ ਸੇਵਾ ਲਈ ਹਾਜ਼ਰ ਹਾਂ। ਫਾਇਰ ਬ੍ਰਿਗੇਡ ਮੁਲਾਜ਼ਮਾਂ ਦੀ ਮੰਗ ਹੈ ਕਿ ਸਾਨੂੰ ਕੋਈ ਢੁੱਕਵੀਂ ਜਗ੍ਹਾ ਦਿੱਤੀ ਜਾਵੇ ਤਾਂ ਜੋ ਸਾਡੀਆਂ ਗੱਡੀਆਂ ਨੂੰ ਆਵਾਜਾਈ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਆਵੇ ਤੇ ਰਸਤਾ ਖੁੱਲ੍ਹਾ ਮਿਲ ਸਕੇ, ਜਿਸ ਨਾਲ ਅਸੀਂ ਲੋੜੀਂਦੀ ਜਗ੍ਹਾ 'ਤੇ ਜਲਦੀ ਪਹੁੰਚ ਸਕੀਏ।

## ਏ ਐੱਸ ਕਾਲਜ 'ਚ ਲੱਗਿਆ ਮਹਾਂ ਰੋਜ਼ਗਾਰ ਮੇਲਾ




**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਖੰਨਾ ਇਲਾਕੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਏ. ਐੱਸ. ਕਾਲਜ ਸਮਰਾਲਾ ਰੋਡ ਖੰਨਾ ਵੱਲੋਂ 'ਜ਼ਿਲ੍ਹਾ ਰੋਜ਼ਗਾਰ ਤੇ ਉਦਯਮ ਬਿਊਰੋ ਲੁਧਿਆਣਾ' ਦੇ ਸਹਿਯੋਗ ਨਾਲ ਕਾਲਜ ਪ੍ਰਾਂਗਣ ਵਿੱਚ ਮਹਾਂ ਰੋਜ਼ਗਾਰ ਮੇਲਾ ਲਗਾਇਆ ਗਿਆ।ਇਸ ਮਹਾਂ ਸਮਾਗਮ ਵਿੱਚ ਦੇਸ਼ ਭਰ ਦੀਆਂ ਲਗਭਗ 30 ਪ੍ਰਸਿੱਧ ਕੰਪਨੀਆਂ ਨੇ ਹਿੱਸਾ ਲਿਆ, ਜੋ ਆਈ. ਟੀ., ਮੈਨੂਫੈਕਚਰਿੰਗ, ਬੈਂਕਿੰਗ ਤੇ ਮਾਰਕੀਟਿੰਗ ਵਰਗੇ ਖੇਤਰਾਂ ਨਾਲ ਸੰਬੰਧਤ ਸਨ।ਇਸ ਰੋਜ਼ਗਾਰ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਦੇ ਨਾਲ-ਨਾਲ ਇਲਾਕੇ ਦੇ ਵੱਖ-ਵੱਖ ਸੰਸਥਾਨਾਂ ਤੋਂ ਵੀ ਵੱਡੀ ਗਿਣਤੀ ਵਿੱਚ ਨੌਜਵਾਨ ਸ਼ਾਮਲ ਹੋਏ।ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਤੇ ਉਦਯਮ ਬਿਊਰੋ ਲੁਧਿਆਣਾ ਦੇ ਸੀਈਓ ਦੀਪਕ ਭੱਲਾ, ਪਲੇਸਮੈਂਟ ਅਫਸਰ ਘਨਸ਼ਿਆਮ, ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਜੀਵ ਧਮੀਜਾ, ਜਨਰਲ ਸਕੱਤਰ ਰਾਜੇਸ਼ ਡਾਲੀ, ਏ ਐੱਸ ਕਾਲਜ ਫ਼ਾਰ ਵੂਮੈਨ ਦੀ ਸਕੱਤਰ ਕਵਿਤਾ ਗੁਪਤਾ ਸਮੇਤ ਕਈ ਮੋਹਤਬਰ ਵਿਅਕਤੀਆਂ ਨੇ ਸ਼ਿਰਕਤ ਕੀਤੀ। ਕਰੀਅਰ ਗਾਈਡੈਂਸ ਤੇ ਪਲੇਸਮੈਂਟ ਸੈੱਲ ਦੀ ਡਾਇਰੈਕਟਰ ਡਾ. ਯਾਸਮੀਨ ਸੋਫਤ ਨੇ ਦੱਸਿਆ ਕਿ ਇਸ ਮੇਗਾ ਜਾਬ ਫੇਅਰ ਵਿੱਚ ਲਗਭਗ 450 ਨੌਜਵਾਨਾਂ ਨੇ ਰਜਿਸਟ੍ਰੇਸ਼ਨ ਕਰਵਾਇਆ।ਇੰਟਰਵਿਊ ਪ੍ਰਕਿਰਿਆ ਤੋਂ ਬਾਅਦ 153 ਉਮੀਦਵਾਰਾਂ ਦੀ ਚੋਣ ਕੀਤੀ ਗਈ, ਜਦਕਿ 340 ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਕੇ. ਕੇ. ਸ਼ਰਮਾ ਨੇ ਮਹਿਮਾਨਾਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਮਾਡਲ ਸਕੂਲ ਚੁਨਾਗਰਾ ਵਿਖੇ ਸਿਹਤ ਜਾਂਚ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ**-ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਵੀ ਐੱਨ ਐੱਸ ਐੱਸ ਯੂਨਿਟ ਵੱਲੋਂ ਮਾਈ ਭਾਰਤ ਨਵੀਂ ਦਿੱਲੀ, ਡਾਇਰੈਕਟੋਰੇਟ ਐੱਨ ਐੱਸ ਐੱਸ ਨਵੀਂ ਦਿੱਲੀ ਤੇ ਯੁਵਕ ਸੇਵਾਵਾਂ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਤੇ ਸਕੂਲ ਮੁਖੀ ਯੋਗੇਸ਼ ਕੁਮਾਰ ਦੀ ਅਗਵਾਈ ਵਿੱਚ ਵਿਸ਼ਵ ਸਿਹਤ ਦਿਵਸ ਨੂੰ ਸਮਰਪਤ ਡਾ. ਸ੍ਰੀਮਤੀ ਭਾਵਨਾ ਵਰਮਾ, ਦੁਰਗਾ ਦਲ ਸੇਵਾ ਸੰਮਤੀ ਚੈਰੀਟੇਬਲ ਹਸਪਤਾਲ ਪਾਤੜਾਂ ਦੇ ਸਹਿਯੋਗ ਨਾਲ ਸਿਹਤ ਜਾਂਚ ਕੈਂਪ ਲਾਇਆ ਗਿਆ।ਕੈਂਪ ਦੌਰਾਨ ਡਾਕਟਰ ਭਾਵਨਾ ਵਰਮਾ ਤੇ ਉਨ੍ਹਾਂ ਦੀ ਟੀਮ ਦੁਆਰਾ ਵਲੰਟੀਅਰਾਂ, ਵਿਦਿਆਰਥੀਆਂ ਤੇ ਪਿੰਡ ਨਿਵਾਸੀਆਂ ਦੀ ਸਿਹਤ ਜਾਂਚ ਕੀਤੀ ਗਈ ਤੇ ਮੌਜੂਦਾ ਸਿਹਤ ਸਮੱਸਿਆਵਾਂ ਤੇ ਉਨ੍ਹਾਂ ਦੇ ਉਪਾਅਾਂ ਬਾਰੇ ਜਾਗਰੂਕ ਕੀਤਾ ਗਿਆ।ਕੈਂਪ ਸਮਾਪਤੀ ਮੌਕੇ ਐੱਨ ਐੱਸ ਐੱਸ ਯੂਨਿਟ ਵੱਲੋਂ ਡਾਕਟਰ ਸ੍ਰੀਮਤੀ ਭਾਵਨਾ ਵਰਮਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਅੰਤ ਵਿੱਚ ਪ੍ਰੋਗਰਾਮ ਅਫ਼ਸਰ ਲਵਕੇਸ਼ ਕੁਮਾਰ ਨੇ ਕੈਂਪ ਵਿੱਚ ਸਹਿਯੋਗ ਦੇਣ ਲਈ ਸਕੂਲ ਮੁਖੀ, ਸਮੂਹ ਸਟਾਫ਼ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

## ਦੇਵ ਮਾਨ ਨੇ ਨਾਭਾ 'ਚ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਨਾਭਾ ਦੀ ਨਵੀਂ ਅਨਾਜ ਮੰਡੀ ਵਿੱਚ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ।ਉਨ੍ਹਾਂ ਕਿਸਾਨ ਵੀਰਾਂ ਨੂੰ ਮੁਬਾਰਕਬਾਦ ਦਿੰਦਿਆਂ ਸਫਲ ਸੀਜ਼ਨ ਦੀ ਵੀ ਕਾਮਨਾ ਕੀਤੀ।ਉਨ੍ਹਾਂ ਅਧਿਕਾਰੀਆਂ ਨੂੰ ਕਿਸਾਨਾਂ ਦੀ ਸਖ਼ਤ ਮਿਹਨਤ ਨਾਲ ਪੈਦਾ ਕੀਤੀ ਫ਼ਸਲ ਦੀ ਖ਼ਰੀਦ ਤੇ ਲਿਫਟਿੰਗ ਨੂੰ ਯਕੀਨੀ ਬਣਾਉਣ ਲਈ ਕਿਹਾ।ਉਨ੍ਹਾਂ ਕਿਹਾ ਕਿ ਕਿਸਾਨ ਭਰਾਵਾਂ ਨੂੰ ਅਨਾਜ ਮੰਡੀਆਂ 'ਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਤੇ ਪੰਜਾਬ ਦੀ ਮਾਨ ਸਰਕਾਰ ਫਸਲ ਦਾ ਇੱਕ-ਇੱਕ ਦਾਣਾ ਖ੍ਰੀਦਣ ਲਈ ਵਚਨਬੱਧ ਹੈ।ਦੇਵ ਮਾਨ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਾਫ-ਸੁੱਥਰੀ ਕਣਕ ਹੀ ਮੰਡੀ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 2,585 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ।ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਰਪੇਸ਼ ਨਾ ਆਵੇ, ਇਸ ਲਈ ਬਾਰਦਾਨੇ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਪ੍ਰਸ਼ਾਸਨ ਅਧਿਕਾਰੀਆਂ ਨੂੰ ਪਾਰਦਰਸ਼ਿਤਾ ਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਮੰਡੀਆਂ ਵਿੱਚ ਕੰਮਕਾਜ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਵੀ ਦਿੱਤੇ।ਇਸ ਮੌਕੇ ਮਾਰਕਿਟ ਕਮੇਟੀ ਸਕੱਤਰ ਅਮਿਤ ਕੁਮਾਰ, ਤੇਜਿੰਦਰ ਖਹਿਰਾ, ਮਨਪ੍ਰੀਤ ਸਿੰਘ ਧਾਰੋਂਕੀ, ਸਿਮਰਨ ਚੌਹਾਨ, ਸੁਰਿੰਦਰ ਗੁਪਤਾ, ਸਿਕੰਦਰ ਸਿੰਘ ਦੰਦਰਾਲਾ ਢੀਂਡਸਾਂ, ਸੁਖਵੰਤ ਸਿੰਘ, ਹਰਬੰਸ ਸਿੰਘ, ਅਜੀਤ ਗੁਪਤਾ ਅਗੌਲ, ਚਮਨ ਲਾਲ ਆਦਿ ਤੋਂ ਇਲਾਵਾ ਮਾਰਕੀਟ ਕਮੇਟੀ ਸਕੱਤਰ ਅਮਿਤ ਕੁਮਾਰ, ਇੰਸਪੈਕਟਰ ਵਰਿੰਦਰ ਸਿੰਘ, ਸੁਖਚੈਨ ਸਿੰਘ, ਅਮਿਤ ਜਿੰਦਲ, ਦਿਲਪ੍ਰੀਤ ਸਿੰਘ ਆਦਿ ਪ੍ਰਸ਼ਾਸਨਕ ਅਧਿਕਾਰੀ ਹਾਜ਼ਰ ਸਨ।

# ਸਫਾਈ ਕਰਮੀਆਂ ਦੀ ਭਲਾਈ ਲਈ ਕਮਿਸ਼ਨ ਵਚਨਬੱਧ : ਹਰਦੀਪ ਗਿੱਲ

## ਰਾਤ ਵੇਲੇ ਸੀਵਰਮੈਨਾਂ ਕੋਲੋਂ ਸੀਵਰੇਜ ਦੀ ਸਫ਼ਾਈ ਨਾ ਕਰਵਾਉਣ ਦੇ ਨਿਰਦੇਸ਼



**ਮੋਗਾ (ਇਕਬਾਲ ਸਿੰਘ ਖਹਿਰਾ)**-ਨੈਸ਼ਨਲ ਕਮਿਸ਼ਨ ਫਾਰ ਸਫਾਈ ਕਰਮਚਾਰੀ ਦੇ ਉੱਪ ਚੇਅਰਮੈਨ ਸ੍. ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਕੌਮੀ ਕਮਿਸ਼ਨ ਸਫਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ ਹੈ ਤੇ ਸਫ਼ਾਈ ਕਰਮਚਾਰੀਆਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣੇ ਯਕੀਨੀ ਬਣਾਏ ਜਾਣ।ਉਨ੍ਹਾਂ ਇੱਥੇ ਮੋਗਾ ਵਿਖੇ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਤੇ ਸਮੂਹ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਕਰਕੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਪ੍ਰਬੰਧਾਂ ਦੀ ਸਮੀਖਿਆ ਕੀਤੀ।

ਕਮਿਸ਼ਨ ਦੇ ਉਪ-ਚੇਅਰਮੈਨ ਨੇ ਕਿਹਾ ਕਿ ਵੱਧ ਤੋਂ ਵੱਧ ਸਫ਼ਾਈ ਕਰਮਚਾਰੀਆਂ ਨੂੰ ਨਮਸਤੇ ਪੋਰਟਲ ਉੱਪਰ ਰਜਿਸਟਰਡ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਕਮਿਸ਼ਨ ਵੱਲੋਂ ਬਿਲਕੁਲ ਮੁਫ਼ਤ ਸਫਾਈ ਕਿੱਟਾਂ ਤੇ ਸੁਰੱਖਿਆ ਲਈ ਹੋਰ ਸਾਮਾਨ ਦਿੱਤਾ ਜਾ ਸਕੇ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਮੂਹ ਸਫ਼ਾਈ ਕਰਮਚਾਰੀਆਂ ਨੂੰ ਸ਼ਨਾਖਤੀ ਕਾਰਡ ਬਣਾ ਕੇ ਦਿੱਤੇ ਜਾਣ ਤੇ ਉਨ੍ਹਾਂ ਉੱਪਰ ਬਲੱਡ ਗਰੁੱਪ ਜ਼ਰੂਰ ਦਰਜ ਕੀਤਾ ਜਾਵੇ।ਉਨ੍ਹਾਂ ਸਫਾਈ ਕਰਮਚਾਰੀਆਂ ਦੇ ਸੰਗਠਨਾਂ ਦੇ ਮੁਖੀਆਂ ਨਾਲ ਵਿਸਥਾਰ ਵਿੱਚ ਗੱਲਬਾਤ ਕੀਤੀ ਤੇ ਸੰਗਠਨਾਂ ਦੇ ਨੁਮਾਇੰਦਿਆਂ ਵੱਲੋਂ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ ਗਿਆ।ਕਮਿਸ਼ਨ ਦੇ ਉਪ ਚੇਅਰਮੈਨ ਨੇ ਕਿਹਾ ਕਿ ਕਮਿਸ਼ਨ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ।ਉਨ੍ਹਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਹਦਾਇਤ ਕੀਤੀ ਕਿ ਪੇਂਡੂ ਖੇਤਰਾਂ ਵਿੱਚ ਸਫ਼ਾਈ ਕਰਮੀਆਂ ਦੀ ਸਹੀ ਗਿਣਤੀ, ਸਮਾਜਿਕ ਸਥਿਤੀ ਤੇ ਹਾਲਤਾਂ ਬਾਰੇ ਸਰਵੇ ਇਕ ਮਹੀਨੇ ਵਿੱਚ ਮੁਕੰਮਲ ਕਰਕੇ ਰਿਪੋਰਟ ਡਿਪਟੀ ਕਮਿਸ਼ਨਰ ਮੋਗਾ ਨੂੰ ਸੌਂਪੀ ਜਾਵੇ ਜੋ ਕਿ ਅੱਗੇ ਕੌਮੀ ਸਫ਼ਾਈ ਕਮਿਸ਼ਨ ਨੂੰ ਭੇਜੀ ਜਾਵੇ।

ਇਸ ਤੋਂ ਇਲਾਵਾ ਸ਼ਹਿਰੀ ਖੇਤਰਾਂ ਵਿੱਚ ਇਹ ਸਰਵੇ ਨਗਰ ਨਿਗਮ ਵੱਲੋਂ ਕਰਵਾਇਆ ਜਾਵੇਗਾ। ਉਨ੍ਹਾਂ ਨਗਰ ਨਿਗਮ ਮੋਗਾ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਸਫ਼ਾਈ ਕਰਮਚਾਰੀਆਂ ਦੀਆਂ ਖਾਲੀ ਪੋਸਟਾਂ ਨੂੰ ਤੁਰੰਤ ਪ੍ਰਭਾਵ ਨਾਲ ਭਰਿਆ ਜਾਵੇ।ਕਮਿਸ਼ਨ ਦੇ ਉਪ-ਚੇਅਰਮੈਨ ਨੇ ਕਿਹਾ ਕਿ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਸਫਾਈ ਕਰਮਚਾਰੀਆਂ ਦਾ ਪ੍ਰੋਵੀਡੈਂਟ ਫੰਡ ਲਾਜ਼ਮੀ ਕੱਟ ਕੇ ਉਸ ਨੂੰ ਕਰਮਚਾਰੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਵਿੱਚ ਸਫ਼ਾਈ ਕਰਮਚਾਰੀਆਂ ਸਬੰਧੀ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਕੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਐੱਸ ਪੀ ਸਨਦੀਪ ਸਿੰਘ ਤੇ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਜਗਰਾਓਂ ਦੀ ਮੀਟਿੰਗ

**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਜਗਰਾਓਂ ਦੀ ਮੀਟਿੰਗ ਬਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਭਵਨ ਵਿਖੇ ਹੋਈ।ਮੀਟਿੰਗ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਆਗੂ ਜਗਦੀਸ਼ ਸਿੰਘ ਚਾਰਕ, ਗੁਰਮੇਲ ਸਿੰਘ ਮੈਲਡੇ, ਚਮਕੌਰ ਸਿੰਘ ਦੌਧਰ ਸ਼ਾਮਲ ਹੋਏ।ਇਸ ਤੋਂ ਇਲਾਵਾ ਜਗਰਾਓਂ ਬਰਾਂਚ ਦੇ ਨਿਰਮਲ ਸਿੰਘ, ਪ੍ਰਿਤਪਾਲ ਸਿੰਘ, ਜਗਦੀਸ਼ ਸਿੰਘ, ਸਵਰਨ ਸਿੰਘ ਹਠੂਰ ਮੁੱਖ ਤੌਰ 'ਤੇ ਸ਼ਾਮਲ ਹੋਏ।ਸੂਬਾਈ ਆਗੂਆਂ ਤੇ ਬਰਾਂਚ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਸਰਕਾਰ ਤੋਂ ਕੋਈ ਵੀ ਵਰਗ ਖੁਸ਼ ਨਹੀਂ ਹੈ।ਕਿਸੇ ਵੀ ਸਰਕਾਰੀ ਮੁਲਾਜ਼ਮ ਤੇ ਰਿਟਾਇਰਡ ਕਰਮਚਾਰੀ ਦੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ।ਬੁਲਾਰਿਆਂ ਨੇ ਦੱਸਿਆ ਕਿ ਸਰਕਾਰ ਦੀ ਇਸ ਨੀਤੀ ਵਿਰੁੱਧ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੇ ਫੈਸਲਾ ਕੀਤਾ ਹੈ ਕਿ ਅਪ੍ਰੈਲ ਮਹੀਨੇ ਵਿੱਚ ਜ਼ਿਲ੍ਹਾ ਪੱਧਰ ਦੀਆਂ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 1 ਮਈ ਲੇਬਰ ਡੇਅ ਮੌਕੇ ਸਾਰੇ ਮੁਲਾਜ਼ਮ ਇੱਕਠੇ ਹੋ ਕੇ ਸਰਕਾਰ ਦੀਆਂ ਮੁਲਾਜ਼ਮ-ਮਜ਼ਦੂਰ ਵਿਰੋਧੀ ਨੀਤੀਆਂ ਦਾ ਵਿਰੋਧ ਕਰਨਗੇ ਤੇ ਪਿੰਡਾਂ ਅੰਦਰ ਵੀ ਲੋਕਾਂ ਨੂੰ ਇਨ੍ਹਾਂ ਮਾਰੂ ਨੀਤੀਆਂ ਤੋਂ ਜਾਣੂ ਕਰਵਾਇਆ ਜਾਵੇਗਾ। ਇਸ ਸਬੰਧ ਵਿੱਚ 17 ਮਈ ਨੂੰ ਦੇਸ਼ ਭਗਤ ਯਾਦਗਰ ਭਵਨ ਜਲੰਧਰ ਵਿਖੇ ਮੁਲਾਜ਼ਮ/ਪੈਨਸ਼ਨਰ ਸਾਂਝੇ ਫਰੰਟ ਦੀ ਕਨਵੈਨਸ਼ਨ ਕੀਤੀ ਜਾਵੇਗੀ।

## ਸਿਆਸੀ ਪਾਰਟੀਆਂ ਰੈਲੀਆਂ 'ਤੇ ਪੈਸਾ ਖਰਚਣ ਦੀ ਬਜਾਏ ਕਿਸਾਨਾਂ ਦੀ ਮਦਦ ਕਰਨ : ਪ੍ਰਧਾਨ ਡੱਲਾ



**ਬੱਧਨੀ ਕਲਾਂ (ਲਵਲੀ ਕੁਮਾਰ)**-ਜਿਉਂ-ਜਿਉਂ ਵਿਧਾਨ ਸਭਾ ਦੀਆਂ ਚੋਣਾ ਨੇੜੇ ਆ ਰਹੀਆਂ ਹਨ ਤਾਂ ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਸਿਆਸੀ ਚੋਣ ਰੈਲੀਆਂ ਕਰ ਰਹੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵਕ ਪ੍ਰਧਾਨ ਨਿਰਮਲ ਸਿੰਘ ਡੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਪਿਛਲੇ ਵੀਹ ਦਿਨਾਂ ਤੋਂ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਰੁਕ-ਰੁਕ ਕੇ ਬਾਰਸ਼ ਹੋ ਰਹੀ ਹੈ ਤੇ ਕਈ ਥਾਵਾਂ 'ਤੇ ਗੜੇਮਾਰੀ ਹੋ ਚੁੱਕੀ ਹੈ, ਜਿਸ ਨਾਲ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ, ਪਰ ਕਿਸੇ ਵੀ ਸਰਕਾਰ ਨੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਵੱਲ ਤਵੱਜੋਂ ਨਹੀਂ ਦਿੱਤੀ।ਉਨ੍ਹਾ ਕਿਹਾ ਕਿ ਅੱਜ ਪੰਜਾਬ ਦਾ ਅੰਨਦਾਤਾ ਅਖਵਾਉਣ ਵਾਲਾ ਕਿਸਾਨ ਖੁਦ ਦੋ ਵਕਤ ਦੀ ਰੋਟੀ ਤੋਂ ਮੁਥਾਜ ਹੋ ਕੇ ਖੁਦਕਸ਼ੀਆਂ ਦਾ ਰਸਤਾ ਅਖਤਿਆਰ ਕਰ ਰਿਹਾ ਹੈ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।ਉਨ੍ਹਾ ਕਿਹਾ ਕਿ ਬੀਤੇ ਸਾਲ ਅਗਸਤ ਵਿੱਚ ਹੋਈ ਬੇਮੌਸਮੀ ਬਾਰਸ਼ ਕਾਰਨ ਸੂਬੇ ਦੇ ਕਿਸਾਨਾਂ ਦੀ ਝੋਨੇ ਦੀ ਫਸਲ ਹੜ੍ਹਾਂ ਦੇ ਪਾਣੀ ਵਿੱਚ ਰੁੜ੍ਹ ਗਈ ਸੀ, ਜਿਸ ਦਾ ਮੁਆਵਜ਼ਾ ਅੱਜ ਤੱਕ ਨਹੀਂ ਮਿਲਿਆ ਤੇ ਹੁਣ ਆਲੂਆਂ ਦੀ ਫਸਲ ਕੌਡੀਆਂ ਦੇ ਭਾਅ ਵਿਕ ਰਹੀ ਹੈ, ਪਰ ਮਾਲ ਵਿਭਾਗ ਵੱਲੋਂ ਨੁਕਸਾਨੀਆਂ ਫਸਲਾਂ ਦੀ ਕੋਈ ਗਿਰਦਾਵਰੀ ਨਹੀਂ ਕੀਤੀ ਗਈ।ਅੰਤ ਵਿੱਚ ਉਨ੍ਹਾ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰੈਲੀਆਂ ਵਿੱਚ ਖਰਚ ਕਰਨ ਵਾਲੇ ਕਰੋੜਾਂ ਰੁਪਏ ਕਿਸਾਨਾਂ ਨੂੰ ਮੁਆਵਜ਼ੇ ਵਜੋਂ ਦਿੱਤੇ ਜਾਣ ਤਾਂ ਜੋ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਪੰਡ ਕੁਝ ਹੌਲੀ ਹੋ ਸਕੇ।ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਧੀਰਾ ਸਿੰਘ, ਪ੍ਰਧਾਨ ਜੋਰਾ ਸਿੰਘ, ਬਲਵੀਰ ਸਿੰਘ, ਬਿੱਕਰ ਸਿੰਘ, ਬੀਰਾ ਸਿੰਘ ਵਪਾਰੀ, ਨਛੱਤਰ ਸਿੰਘ, ਭਜਨ ਸਿੰਘ, ਗੁਰਚਰਨ ਸਿੰਘ, ਘੰਮੀ ਸਿੰਘ, ਦਰਸ਼ਨ ਸਿੰਘ, ਬਾਬਾ ਕਰਮਜੀਤ ਸਿੰਘ ਹਾਜ਼ਰ ਸਨ।

# ਫਿਰੋਜ਼ਪੁਰ ਮੰਡਲ ਵੱਲੋਂ 69ਵਾਂ ਰੇਲ ਹ਼ਫਤਾ ਇਨਾਮ ਵੰਡ ਸਮਾਰੋਹ

## ਵਧੀਆ ਸੇਵਾਵਾਂ ਨਿਭਾਉਣ ਵਾਲੇ 63 ਰੇਲ ਕਰਮਚਾਰੀ ਕੀਤੇ ਸਨਮਾਨਤ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਰੇਲਵੇ ਮੰਡਲ ਵੱਲੋਂ ਰੇਲਵੇ ਅਫਸਰ ਕਲੱਬ ਵਿਖੇ 69ਵਾਂ ਰੇਲ ਹ਼ਫਤਾ ਇਨਾਮ ਵੰਡ ਸਮਾਰੋਹ ਮਨਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਰਵਾਇਤੀ ਤਰੀਕੇ ਨਾਲ ਸ਼ਮ੍ਹਾਂ ਰੌਸ਼ਨ ਕਰਕੇ ਤੇ ਸਕੂਲੀ ਵਿਦਿਆਰਥਣਾਂ ਵੱਲੋਂ ਪੇਸ਼ ਕੀਤੀ ਗਈ 'ਸਰਸਵਤੀ ਵੰਦਨਾ' ਨਾਲ ਹੋਈ। ਸਮਾਰੋਹ ਦੀ ਪ੍ਰਧਾਨਗੀ ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਧੀਕ ਮੰਡਲ ਰੇਲ ਪ੍ਰਬੰਧਕ ਨਿਤਿਨ ਗਰਗ, ਸੀਨੀਅਰ ਮੰਡਲ ਕਰਮਚਾਰੀ ਅਧਿਕਾਰੀ ਸਾਕਸ਼ੀ ਸਿੰਘ ਸਮੇਤ ਮੰਡਲ ਦੇ ਹੋਰ ਉੱਚ ਅਧਿਕਾਰੀ, ਕਰਮਚਾਰੀ, ਯੂਨੀਅਨਾਂ, ਐਸੋਸੀਏਸ਼ਨਾਂ ਤੇ ਫੈਡਰੇਸ਼ਨਾਂ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉੱਤਰ ਰੇਲਵੇ ਮਹਿਲਾ ਭਲਾਈ ਸੰਗਠਨ ਦੀਆਂ ਮੈਂਬਰਾਂ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਸਾਲ 2024-25 ਵਿੱਚ ਰੇਲਵੇ ਦੀ ਬਿਹਤਰੀ ਲਈ ਸ਼ਾਨਦਾਰ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਨਮਾਨਤ ਕੀਤਾ ਗਿਆ। ਵੱਖ-ਵੱਖ ਵਿਭਾਗਾਂ ਤੇ ਕਾਰਜ ਖੇਤਰਾਂ ਵਿੱਚ ਸ਼ਲਾਘਾਯੋਗ ਪ੍ਰਦਰਸ਼ਨ ਕਰਨ ਵਾਲੇ ਕੁੱਲ 63 ਕਰਮਚਾਰੀਆਂ ਨੂੰ ਇਨਾਮ ਤੇ ਪ੍ਰਸ਼ੰਸਾ ਪੱਤਰ ਦਿੱਤੇ ਗਏ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਮੰਡਲ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਤੁਹਾਡੀ ਸਖ਼ਤ ਮਿਹਨਤ ਤੇ ਇਮਾਨਦਾਰੀ ਦਾ ਨਤੀਜਾ ਹਨ। ਉਸ ਨੂੰ ਉਮੀਦ ਹੈ ਕਿ ਸਨਮਾਨਤ ਕਰਮਚਾਰੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦਾ ਵਧੀਆ ਕੰਮ ਕਰਦੇ ਰਹਿਣਗੇ ਤੇ ਦੂਜੇ ਕਰਮਚਾਰੀ ਵੀ ਇਨ੍ਹਾਂ ਤੋਂ ਪ੍ਰੇਰਣਾ ਲੈ ਕੇ ਆਉਣ ਵਾਲੇ ਸਮੇਂ ਵਿੱਚ ਸਨਮਾਨ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣਗੇ। ਡੀਆਰਐੱਮ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਨੇ ਰਾਸ਼ਟਰੀ ਪੱਧਰ 'ਤੇ ਵੀ ਆਪਣੀ ਪਛਾਣ ਬਣਾਈ ਹੈ। ਨਵੀਂ ਦਿੱਲੀ ਵਿਖੇ ਹੋਏ 69ਵੇਂ ਵਿਸ਼ੇਸ਼ ਰੇਲ ਸੇਵਾ ਪੁਰਸਕਾਰ ਸਮਾਰੋਹ ਦੌਰਾਨ ਉੱਤਰ ਰੇਲਵੇ ਵੱਲੋਂ ਫਿਰੋਜ਼ਪੁਰ ਮੰਡਲ ਨੂੰ ਕਈ ਅਹਿਮ ਸ਼ੀਲਡਾਂ ਨਾਲ ਨਿਵਾਜਿਆ ਗਿਆ ਹੈ। ਅੰਤ ਵਿੱਚ ਉਨ੍ਹਾਂ ਆਸ ਪ੍ਰਗਟਾਈ ਕਿ ਸਾਰਿਆਂ ਦੇ ਸਾਂਝੇ ਯਤਨਾਂ ਸਦਕਾ ਫਿਰੋਜ਼ਪੁਰ ਮੰਡਲ ਭਵਿੱਖ ਵਿੱਚ ਵੀ ਆਪਣੇ ਮਿੱਥੇ ਹੋਏ ਟੀਚਿਆਂ ਨੂੰ ਸਫ਼ਲਤਾਪੂਰਵਕ ਪ੍ਰਾਪਤ ਕਰਦਾ ਰਹੇਗਾ ਤੇ ਭਾਰਤੀ ਰੇਲਵੇ ਦੇ ਵਿਕਾਸ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਵੇਗਾ।

## ਪਾਵਰਕਾਮ ਪੈਨਸ਼ਨਰਜ਼ 18 ਨੂੰ ਬਿਜਲੀ ਮੰਤਰੀ ਦੇ ਘਰ ਦਾ ਕਰਨਗੇ ਘਿਰਾਓ : ਸਕਿੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**

ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ 6 ਤੋਂ 16 ਅਪ੍ਰੈਲ ਤੱਕ ਸੰਘਰਸ਼ ਦੇ ਰੂਪ ਵਿੱਚ ਮੰਡਲ ਪੱਧਰਾਂ 'ਤੇ ਧਰਨੇ ਦਿੱਤੇ ਜਾਣੇ ਹਨ, ਉਸ ਕੜੀ ਤਹਿਤ ਸਮਰਾਲਾ ਮੰਡਲ ਦਾ ਧਰਨਾ ਕੰਪਲੈਂਟ ਸੈਂਟਰ ਖੰਨਾ ਰੋਡ ਸਮਰਾਲਾ ਵਿਖੇ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ।ਧਰਨੇ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਿਕੰਦਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਲਾਗੂ ਨਹੀਂ ਕੀਤੀਆਂ ਜਾ ਰਹੀਆਂ, ਇਸ ਤੋਂ ਇਲਾਵਾ ਪਾਵਰਕਾਮ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੋ ਪੈਨਸ਼ਨਰਾਂ 'ਤੇ ਜੀਵਤ ਸਰਟੀਫਿਕੇਟ ਆਨ ਲਾਈਨ ਲਾਗੂ ਕੀਤਾ ਗਿਆ ਹੈ, ਉਸ ਦੀ ਅਸੀਂ ਨਿਖੇਧੀ ਕਰਦੇ ਹਾਂ, ਕਿਉਂਕਿ ਕਾਫੀ ਪੈਨਸ਼ਨਰਜ਼ ਬਿਰਧ ਅਵਸਥਾ, ਬੀਮਾਰ ਜਾਂ ਚੱਲਣ ਫਿਰਨ ਤੋਂ ਅਸਮਰੱਥ ਹਨ ਤੇ ਉਨ੍ਹਾਂ ਦੇ ਚਿਹਰੇ ਵੀ ਕੰਪਿਊਟਰ ਵੱਲੋਂ ਉਠਾਏ ਨਹੀਂ ਜਾ ਰਹੇ ਅਤੇ ਆਪ ਆਨਲਾਈਨ ਕਰਨਾ ਵੀ ਨਹੀਂ ਜਾਣਦੇ, ਉਨ੍ਹਾਂ ਲਈ ਕੈਫਿਆਂ ਉੱਪਰ ਜਾਣਾ ਤੇ ਲੰਬਾ ਸਮਾਂ ਉਡੀਕ ਕਰਨੀ ਕਾਫੀ ਔਖੀ ਹੈ ਤੇ ਪੈਸੇ ਦੀ ਬਰਬਾਦੀ ਹੈ, ਇਸ ਲਈ ਸਰਕਾਰ ਵੱਲੋਂ ਆਨਲਾਈਨ ਦੇ ਨਾਲ ਨਾਲ ਇਸ ਨੂੰ ਜ਼ਰੂਰੀ ਦੀ ਥਾਂ 'ਤੇ ਆਪਸ਼ਨਲ ਕੀਤਾ ਜਾਵੇ।ਉਨ੍ਹਾਂ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਬੋਲਦੇ ਹੋਏ ਕਿਹਾ ਕਿ ਹਾਈਕੋਰਟ ਨੇ 8 ਅਪ੍ਰੈਲ ਦੇ ਫੈਸਲੇ ਵਿੱਚ ਡੀ ਏ ਦੇਣ ਸਬੰਧੀ 30 ਜੂਨ ਤੱਕ ਸਮਾਂ ਨਿਯਤ ਕੀਤਾ ਹੈ, ਪਰ ਸਰਕਾਰ ਇਸ ਨੂੰ ਲਮਕ ਅਵਸਥਾ ਵਿੱਚ ਰੱਖਣ ਲਈ ਕਮੇਟੀ ਬਣਾ ਹੱਥਕੰਡੇ ਅਪਨਾ ਕੇ ਆਪਣਾ ਟਾਈਮ ਪਾਸ ਕਰ ਰਹੀ ਹੈ। ਪੈਨਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਜਾਇਜ਼ ਮੰਗਾਂ ਜਿਨ੍ਹਾਂ ਵਿੱਚ ਡੀ. ਏ. ਦਾ ਬਕਾਇਆ, 23 ਸਾਲਾ ਸਕੇਲ ਦੇਣਾ, 2.59 ਦਾ ਫਾਰਮੂਲਾ ਲਾਗੂ ਕਰਨਾ, ਕੈਸ਼ਲੈੱਸ ਸਕੀਮ ਚਾਲੂ ਕਰਨੀ, ਬਿਜਲੀ ਵਰਤੋਂ ਵਿੱਚ ਰਿਆਇਤ ਦੇਣਾ ਆਦਿ ਮੰਗਾਂ ਨਾ ਮੰਨਣ ਤੋਂ ਵੀ ਇਨਕਾਰੀ ਹੋ ਰਹੀ ਹੈ।ਇਸ ਲਈ ਸੂਬਾ ਕਮੇਟੀ ਦੇ ਸੱਦੇ 'ਤੇ 18 ਅਪ੍ਰੈਲ ਨੂੰ ਲੁਧਿਆਣਾ ਵਿਖੇ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਸਮਰਾਲਾ ਮੰਡਲ ਦੇ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿੱਚ ਲੁਧਿਆਣਾ ਪੁੱਜਣ ਲਈ ਅਪੀਲ ਕੀਤੀ ਹੈ।

## ਹੈਰੋਇਨ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਦੋ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੋ ਵੱਖ-ਵੱਖ ਮਾਮਲਿਆਂ 'ਚ ਥਾਣਾ ਮੰਡੀ ਗੋਬਿੰਦਗੜ੍ਹ ਤੇ ਥਾਣਾ ਅਮਲੋਹ ਦੀਆਂ ਪੁਲਸ ਪਾਰਟੀਆਂ ਵੱਲੋਂ ਇੱਕ ਮਹਿਲਾ ਸਣੇ ਦੋ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੀ ਦਸਮੇਸ਼ ਕਲੋਨੀ 'ਚ ਗਸ਼ਤ ਕਰ ਰਹੀ ਪੁਲਸ ਪਾਰਟੀ ਨੇ ਸ਼ੱਕ ਵਜੋਂ ਰੋਕੀ ਗੋਗੀ ਨਾਮਕ ਮਹਿਲਾ ਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ ਵਿੱਚੋਂ 22 ਗ੍ਰਾਮ ਹੈਰੋਇਨ ਤੇ 65,000/- ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਗੋਗੀ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ ਵਿੱਚ ਪਿੰਡ ਕਪੂਰਗੜ੍ਹ ਤੋਂ ਮਾਲੋਵਾਲ ਵੱਲ ਨੂੰ ਗਸ਼ਤ ਕਰਦੀ ਜਾ ਰਹੀ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਅਧਾਰ 'ਤੇ ਇੰਦਰਜੀਤ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਕਾਬੂ ਕੀਤਾ ਗਿਆ, ਜਿਸ ਕੋਲੋਂ ਤਲਾਸ਼ੀ ਦੌਰਾਨ 60 ਗੋਲੀਆਂ ਐੱਲਪਰਾਸੇਫ ਬਰਾਮਦ ਹੋਈਆਂ।ਥਾਣਾ ਅਮਲੋਹ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਇੰਦਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਭਗੌੜਾ ਵਕੀਲ ਗ੍ਰਿਫਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੀ ਓ ਸਟਾਫ਼ ਫ਼ਤਹਿਗੜ੍ਹ ਸਾਹਿਬ ਨੇ ਛੇ ਸਾਲਾਂ ਤੋਂ ਭਗੌੜੇ ਚੱਲੇ ਆ ਰਹੇ ਤੇ ਧੋਖਾਧੜੀ ਸਮੇਤ ਵੱਖ-ਵੱਖ ਮਾਮਲਿਆਂ 'ਚ ਲੋੜੀਂਦੇ ਇੱਕ ਵਿਅਕਤੀ ਨੂੰ ਨੋਇਡਾ ਤੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ।ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੀ. ਓ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਪੇਸ਼ੇ ਵਜੋਂ ਵਕੀਲ ਰਹੇ ਕਵਿਸ਼ ਗੋਇਲ ਵਾਸੀ ਮੰਡੀ ਗੋਬਿੰਦਗੜ੍ਹ ਵਿਰੁੱਧ 2019 ਵਿੱਚ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮੁਕੱਦਮਾ ਦਰਜ ਹੋਇਆ ਸੀ।ਉਕਤ ਮਾਮਲੇ ਵਿੱਚ ਇਸ 'ਤੇ ਸਰਹਿੰਦ ਦੇ ਇੱਕ ਵਿਅਕਤੀ ਨੂੰ ਸਰਕਾਰੀ ਨੌਕਰੀ ਦਿਵਾਉਣ ਬਦਲੇ ਪੈਸੇ ਠੱਗਣ ਦੇ ਦੋਸ਼ ਲੱਗੇ ਸਨ।ਉਕਤ ਮਾਮਲੇ ਵਿੱਚ ਕਵਿਸ਼ ਗੋਇਲ ਭਗੌੜਾ ਚੱਲਿਆ ਆ ਰਿਹਾ ਸੀ।ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਕਵਿਸ਼ ਗੋਇਲ ਖ਼ਿਲਾਫ਼ ਉਕਤ ਮੁਕੱਦਮੇ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 10 ਦੇ ਕਰੀਬ ਕੇਸ ਦਰਜ ਹਨ।

## ਵਰਲਡ 'ਵਰਸਿਟੀ ਵੱਲੋਂ ਅਲੂਮਨੀ ਮੀਟ ਦਾ ਸਫਲ ਆਯੋਜਨ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵੱਲੋਂ ਬਹੁਤ ਉਤਸ਼ਾਹ ਨਾਲ ਅਲੂਮਨੀ ਮੀਟ 2026 ਦਾ ਅਯੋਜਨ ਕਰਵਾਇਆ ਗਿਆ।ਇਸ ਮੌਕੇ ਵੱਖ-ਵੱਖ ਦਸਤਿਆਂ ਦੇ ਸਾਬਕਾ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਨਾਲ ਯਾਦਾਂ ਤੇ ਨਵੇਂ ਸਬੰਧਾਂ ਦਾ ਰੰਗੀਨ ਮਾਹੌਲ ਬਣਿਆ।ਕਾਰਜਕ੍ਰਮ ਦੀ ਸ਼ੁਰੂਆਤ ਸੰਗੀਤ ਵਿਭਾਗ ਵੱਲੋਂ ਕੀਰਤਨ ਗਾਇਨ ਨਾਲ ਹੋਈ, ਜਿਸ ਤੋਂ ਬਾਅਦ ਡਾ. ਸਰਪ੍ਰੀਤ ਸਿੰਘ, ਡੀਨ ਸਾਬਕਾ ਵਿਦਿਆਰਥੀ ਵੱਲੋਂ ਸਵਾਗਤ ਕੀਤਾ ਗਿਆ।ਪ੍ਰੋ. (ਡਾ.) ਪਰਿਤ ਪਾਲ ਸਿੰਘ, ਯੂਨੀਵਰਸਿਟੀ ਦੇ ਉਪ-ਕੁਲਪਤੀ ਤੇ ਸਾਬਕਾ ਵਿਦਿਆਰਥੀ ਸਭਾ ਦੇ ਪ੍ਰਧਾਨ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਬਕਾ ਵਿਦਿਆਰਥੀ ਸੰਸਥਾ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਵੀ ਡੀਨ ਸਾਬਕਾ ਵਿਦਿਆਰਥੀ ਤੇ ਆਯੋਜਕ ਟੀਮ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਡਾ. ਤੇਜਬੀਰ ਸਿੰਘ ਰਜਿਸਟਰਾਰ ਤੇ ਸਾਬਕਾ ਵਿਦਿਆਰਥੀ ਸਭਾ ਦੇ ਖਜ਼ਾਨਚੀ, ਡਾ. ਨਵਦੀਪ ਕੌਰ ਡੀਨ ਰਿਸਰਚ, ਡਾ. ਸਿਕੰਦਰ ਸਿੰਘ ਡੀਨ ਵਿਦਿਆਰਥੀ ਭਲਾਈ, ਡਾ. ਅੰਕਦੀਪ ਕੌਰ ਅਟਵਾਲ ਡਾਇਰੈਕਟਰ ਅੰਦਰੂਨੀ ਗੁਣਵੱਤਾ ਨਿਰਧਾਰਣ ਸੈੱਲ ਤੇ ਉਪ-ਪ੍ਰਧਾਨ ਸਾਬਕਾ ਵਿਦਿਆਰਥੀ ਸਭਾ, ਡਾ. ਹਰਦੇਵ ਸਿੰਘ ਸੰਯੋਜਕ ਭਾਰਤੀ ਗਿਆਨ ਪ੍ਰਣਾਲੀ, ਡਾ. ਹਰਨੀਤ ਬਿਲਿੰਗ ਡੀਨ ਸਿੱਖਿਆ ਤੇ ਜਾਣਕਾਰੀ ਵਿਗਿਆਨ ਫੈਕਲਟੀ ਤੇ ਜਗਜੀਤ ਸਿੰਘ ਸਹਾਇਕ ਰਜਿਸਟਰਾਰ ਸਮੇਤ ਵੱਖ-ਵੱਖ ਫੈਕਲਟੀਆਂ ਦੇ ਡੀਨ, ਵਿਭਾਗ ਮੁਖੀ ਤੇ ਅਧਿਆਪਕ ਹਾਜ਼ਰ ਰਹੇ।ਸਾਬਕਾ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਪ੍ਰਸਿੱਧ ਸਾਬਕਾ ਵਿਦਿਆਰਥੀਆਂ ਡਾ. ਲਵਪ੍ਰੀਤ ਕੌਰ (ਫਿਜ਼ਿਓਥੈਰਪੀ), ਜੋ ਇਸ ਵੇਲੇ ਸ੍ਰੀ ਗੁਰੂ ਰਾਮ ਦਾਸ ਹਸਪਤਾਲ ਅੰਮ੍ਰਿਤਸਰ ਵਿੱਚ ਸੇਵਾ ਨਿਭਾਅ ਰਹੇ ਹਨ, ਜਸਪ੍ਰੀਤ ਕੌਰ ਥਾਣਾ ਮੁਖੀ ਮਹਿਲਾ ਥਾਣਾ ਪਟਿਆਲਾ, ਦਿਲਜੋਤ ਸਿੰਘ ਸਾਫਟਵੇਅਰ ਵਿਦਵਾਨ ਤੇ ਗੁਰਧਿਆਨ ਸਿੰਘ (ਮਾਰਕੀਟਿੰਗ ਤੇ ਵਿੱਤ) ਸ਼ਾਖਾ ਵਿਕਰੀ ਪ੍ਰਬੰਧਕ ਐਕਸਿਸ ਬੈਂਕ ਨੇ ਆਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਕਾਬਲ ਸਾਬਕਾ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਅੰਤ ਵਿੱਚ ਡਾ. ਤੇਜਬੀਰ ਸਿੰਘ ਨੇ ਸਮੂਹ ਮਹਿਮਾਨਾਂ, ਸਾਬਕਾ ਵਿਦਿਆਰਥੀਆਂ ਤੇ ਹਿੱਸੇਦਾਰਾਂ ਦਾ ਧੰਨਵਾਦ ਕੀਤਾ।ਸਮਾਗਮ ਦੀ ਸੰਚਾਲਨਾ ਡਾ. ਬਲਜੀਤ ਕੌਰ ਅੰਗਰੇਜ਼ੀ ਵਿਭਾਗ ਵੱਲੋਂ ਸੁਚੱਜੇ ਢੰਗ ਨਾਲ ਕੀਤੀ ਗਈ।ਯੂਨੀਵਰਸਿਟੀ ਵੱਲੋਂ ਸਾਬਕਾ ਵਿਦਿਆਰਥੀਆਂ ਨਾਲ ਮਜ਼ਬੂਤ ਸਬੰਧ ਬਣਾਈ ਰੱਖਣ ਤੇ ਲਗਾਤਾਰ ਸਾਂਝ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ ਗਈ।

## ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਤ ਪੇਂਟਿੰਗ ਪ੍ਰਤੀਯੋਗਤਾ ਕਰਵਾਈ




**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਾਲ ਭਰ ਚੱਲਣ ਵਾਲੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ ਤਹਿਤ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਸਟੇਟ ਐਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਚਿੱਤਰ ਦੀ ਪੇਂਟਿੰਗ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰੋਗਰਾਮ ਦੇ ਨੋਡਲ ਆਫਿਸਰ ਸ੍ਰੀ ਮਨੋਜ ਥਾਪਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਪ੍ਰੈਲ 2026 ਤੋਂ ਲੈ ਕੇ 2027 ਤੱਕ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੇ ਪੰਜਾਬ ਵਿੱਚ ਮਨਾਉਣ ਸਬੰਧੀ ਮਹੀਨਾਵਾਰ ਵੱਖ-ਵੱਖ ਪ੍ਰੋਗਰਾਮ ਉਲੀਕੇ ਹਨ, ਜਿਸ ਵਿੱਚ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਆਦਿ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦੀ ਸਹੁੰ ਚੁੱਕਣਾ, ਪੇਂਟਿੰਗ ਪ੍ਰਤਿਯੋਗਤਾ ਤੇ ਯਾਤਰਾਵਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਅਪ੍ਰੈਲ ਮਹੀਨੇ ਵਿੱਚ ਫੀਲਖਾਨਾ ਸਕੂਲ ਵਿਖੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਵਾਈ ਗਈ ਸੀ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰਜਨੀਸ਼ ਗੁਪਤਾ ਨੇ ਦੱਸਿਆ ਕਿ ਫੀਲਖਾਨਾ ਸਕੂਲ ਵੱਲੋਂ ਸਰਕਾਰ ਦੇ ਨਿਰਦੇਸ਼ਾਂ ਤਹਿਤ ਜੋ ਵੀ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਲੜੀ ਤਹਿਤ ਸਕੂਲ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਇਹ ਕਮੇਟੀ ਸਰਕਾਰ ਵੱਲੋਂ ਜਾਰੀ ਕੈਲੰਡਰ ਤਹਿਤ ਪ੍ਰੋਗਰਾਮ ਕਰਵਾਉਣ ਦਾ ਪ੍ਰਬੰਧ ਕਰੇਗੀ।ਇਨ੍ਹਾਂ ਪ੍ਰੋਗਰਾਮਾਂ ਦੀ ਵਿਸ਼ੇਸ਼ ਪ੍ਰੈੱਸ ਕਵਰੇਜ ਸਕੂਲ ਦੇ ਮੀਡੀਆ ਕੋਆਰਡੀਨੇਟਰ ਅਕਸ਼ੇ ਕਨੌਂਰੀ ਕਰ ਰਹੇ ਹਨ। ਇਸ ਮੌਕੇ ਕਮੇਟੀ ਦੇ ਸਹਾਇਕ ਨੋਡਲ ਅਫਸਰ ਲੈਕਚਰਾਰ ਹਰਪ੍ਰੀਤ, ਮੈਂਬਰ ਮਨਦੀਪ ਕੌਰ, ਕਰਮਜੀਤ ਕੌਰ, ਨੀਤੂ, ਜਸਦੀਪ ਸਿੰਘ ਤੇ ਰਾਜੀਵ ਕੁਮਾਰੀ ਆਦਿ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਵਿਸ਼ੇਸ਼ ਭੂਮਿਕਾ ਅਦਾ ਕੀਤੀ।

## ਡੀ ਸੀ ਐੱਮ ਇੰਟਰਨੈਸ਼ਨਲ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੀ ਸੀ ਐੱਮ ਇੰਟਰਨੈਸ਼ਨਲ ਸਕੂਲ ਵਿੱਚ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਵਿਦਿਆਰਥੀਆਂ ਨੂੰ ਡਿਗਰੀਆਂ ਭੇਟ ਕੀਤੀਆਂ ਗਈਆਂ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਦੀਕਸ਼ਾਂਤ ਸਮਾਰੋਹ ਵਿੱਚ ਜੋਤੀ ਪ੍ਰਚੰਡ ਕੀਤੀ ਗਈ ਤੇ ਸਰਸਵਤੀ ਵੰਦਨਾ ਦਾ ਆਯੋਜਨ ਹੋਇਆ। ਉਨ੍ਹਾਂ ਦੱਸਿਆ ਕਿ ਪ੍ਰੈੱਪ-2 ਤੋਂ ਗ੍ਰੇਡ-1 ਤੇ ਜਮਾਤ ਤੀਜੀ ਤੋਂ ਜਮਾਤ ਚੌਥੀ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਭੇਟ ਕਰਕੇ ਉਨ੍ਹਾਂ ਨੂੰ ਅਗਲੀਆਂ ਵੱਡੀਆਂ ਕਲਾਸਾਂ ਵਿੱਚ ਆਉਣ ਦੀ ਵਧਾਈ ਦਿੱਤੀ ਗਈ। ਸਾਰੇ ਵਿਦਿਆਰਥੀਆਂ ਨੇ ਦੀਕਸ਼ਾਂਤ ਸਮਾਰੋਹ ਦਾ ਭਰਪੂਰ ਆਨੰਦ ਮਾਣਿਆ। ਪ੍ਰਿੰਸੀਪਲ ਨੇ ਵਿੱਦਿਅਕ ਉੱਤਮਤਾ ਅਤੇ ਸਰਵਪੱਖੀ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਆਤਮ-ਵਿਸ਼ਵਾਸ ਨਾਲ ਸਾਹਮਣਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਗ੍ਰੈਜੂਏਸ਼ਨ ਸੈਰੇਮਨੀ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਵਿਚ ਉਤਸ਼ਾਹ ਅਤੇ ਆਤਮ-ਨਿਰਭਰਤਾ ਦੀ ਭਾਵਨਾ ਪੈਦਾ ਹੁੰਦੀ ਹੈ।

## ਐੱਸ ਐੱਸ ਡੀ ਸਰਕਾਰੀ ਸਕੂਲ 'ਚ ਇਨਾਮ ਵੰਡ ਸਮਾਗਮ



**ਸਮਰਾਲਾ (ਸੁਰਜੀਤ ਸਿੰਘ)**-ਵਿਦਿਆਰਥੀਆਂ ਦੇ ਬੌਧਿਕ ਤੇ ਸਰਵਪੱਖੀ ਵਿਕਾਸ ਲਈ ਸਮੇਂ ਸਮੇਂ ਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣੀ ਬੇਹੱਦ ਲਾਜ਼ਮੀ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਕੂਲ ਦੇ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਵੇਰ ਦੀ ਸਭਾ ਵਿੱਚ ਇਨਾਮ ਵੰਡ ਸਮਾਗਮ ਦੌਰਾਨ ਕੀਤਾ।ਸਾਲਾਨਾ ਪ੍ਰੀਖਿਆਵਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਵਿੱਚੋਂ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਮਾਗਮ ਦੇ ਵਿਸ਼ੇਸ਼ ਮਹਿਮਾਨ ਨੰਦ ਕਿਸ਼ੋਰ ਕੌਸ਼ਲ ਪ੍ਰਧਾਨ ਨੇ ਇਨਾਮ ਤਕਸੀਮ ਕੀਤੇ।ਸਮੂਹ ਸਟਾਫ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਪਰਸਨ ਕੁਲਦੀਪ ਕੌਰ, ਮੈਂਬਰ ਜਗਮੀਤ ਸਿੰਘ ਮੱਕੜ, ਮਲਕੀਤ ਕੌਰ, ਸੁਮਨ ਰਾਣੀ, ਜਸਵਿੰਦਰ ਕੌਰ, ਐੱਸ ਐੱਮ ਸੀ ਇੰਚਾਰਜ ਰਾਕੇਸ਼ ਨਾਗਪਾਲ, ਮੈਂਬਰ ਮਨਪ੍ਰੀਤ ਕੌਰ ਬਖਸ਼ੀ ਤੇ ਵਿਦਿਆਰਥੀਆਂ ਦੇ ਮਾਪਿਆਂ ਦੀ ਮੌਜੂਦਗੀ ਵਿੱਚ ਛੇਵੀਂ, ਸੱਤਵੀਂ, ਨੌਵੀਂ ਤੇ ਗਿਆਰਵੀਂ ਜਮਾਤਾਂ ਦੇ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਵਿਦਿਆਰਥੀਆਂ ਨਾਲ਼ ਮੰਜ਼ਿਲਾਂ ਸਰ ਕਰਨ ਲਈ ਗੁਰਮੰਤਰ ਸਾਂਝੇ ਕੀਤੇ।ਸਮਾਗਮ ਨੂੰ ਵਿਸ਼ੇਸ਼ ਮਹਿਮਾਨ ਨੰਦ ਕਿਸ਼ੋਰ ਕੌਸ਼ਲ, ਚੇਅਰਪਰਸਨ ਕੁਲਦੀਪ ਕੌਰ ਤੇ ਆਪ ਆਗੂ ਜਗਮੀਤ ਸਿੰਘ ਮੱਕੜ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਪ੍ਰਦੀਪ ਕੁਮਾਰ ਹਾਊਸ ਇੰਚਾਰਜ ਲੈਕਚਰਾਰ ਰੀਨਾ ਸ਼ਰਮਾ, ਲੈਕ. ਕੰਵਲਜੀਤ ਵਰਮਾ, ਲੈਕਚਰਾਰ ਮਨਪ੍ਰੀਤ ਬਖਸ਼ੀ, ਲੈਕ. ਰੇਨੂ ਸ਼ਰਮਾ, ਲੈਕ. ਅਮਰਜੀਤ ਕੌਰ, ਲੈਕ. ਸੰਜੇ ਕੁਮਾਰ, ਨਿਰਮਲ ਸਿੰਘ, ਸੁਖਬੀਰ ਕੌਰ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਰਹੇ।ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਮੀਨਾਕਸ਼ੀ ਸ਼ਰਮਾ ਨੇ ਬਾਖੂਬੀ ਨਿਭਾਈ।

## ਵਿਧਾਇਕ ਕਾਕਾ ਬਰਾੜ ਨੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਵਿਧਾਇਕ ਸ੍ਰੀ ਜਗਦੀਪ ਸਿੰਘ ਕਾਕਾ ਬਰਾੜ ਨੇ ਸਥਾਨਕ ਅਨਾਜ ਮੰਡੀ ਵਿਖੇ ਕਣਕ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਕਾਕਾ ਬਰਾੜ ਨੇ ਕਿਹਾ ਕਿ ਸਰਕਾਰ ਵੱਲੋਂ ਕਣਕ ਖ੍ਰੀਦਣ ਲਈ ਸਾਰੀਆਂ ਅਨਾਜ ਮੰਡੀਆਂ ਵਿੱਚ ਪ੍ਰਬੰਧ ਕਰ ਲਏ ਗਏ ਹਨ ਤੇ ਕਿਸੇ ਨੂੰ ਵੀ ਅਨਾਜ ਮੰਡੀਆਂ ਵਿੱਚ ਕੋਈ ਪ੍ਰੇਸ਼ਾਨੀ ਪੇਸ਼ ਨਹੀਂ ਆਣ ਦਿੱਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਕਣਕ ਦੀ ਫਸਲ ਅਨਾਜ ਮੰਡੀਆਂ ਵਿੱਚ ਸਾਫ ਸੁਥਰੀ ਤੇ ਸੁੱਕੀ ਲੈ ਕੇ ਆਉਣ ਤਾਂ ਜੋਂ ਅਨਾਜ ਮੰਡੀਆਂ ਵਿੱਚ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਸ੍ਰੀ ਬਲਕਾਰ ਸਿੰਘ ਸਕੱਤਰ ਮਾਰਕੀਟ ਕਮੇਟੀ ਨੇ ਦੱਸਿਆ ਕਿ ਅੱਜ ਦਾਣਾ ਮੰਡੀ ਵਿੱਚ 20 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਤੇ ਪੰਜਾਬ ਵੇਅਰ ਹਾਊਸ ਵੱਲੋਂ 5 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਾਰਕਿਟ ਕਮੇਟੀ ਸੁਰਜੀਤ ਸਿੰਘ, ਐੱਸ.ਡੀ.ਐੱਮ. ਗੁਰਕਿਰਨਦੀਪ ਸਿੰਘ ਸਿੱਧੂ, ਇਕਬਾਲ ਸਿੰਘ ਵੜਿੰਗ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ, ਰਾਜੀਵ ਕੁਮਾਰ ਕਾਕਾ ਗਾਂਧੀ, ਬਲਦੇਵ ਸਿੰਘ ਡੰਡੇਵੱਡ, ਵਿਪਨ ਕੁਮਾਰ, ਪੱਪੂ ਯਾਦਵ, ਗੁਰਮੇਲ ਸਿੰਘ, ਸ਼ੇਖਰ ਬਾਂਸਲ, ਸੰਦੀਪ ਸ਼ਰਮਾ, ਦੀਪਕ ਗਿਰਧਰ, ਅਵਜਿੰਦਰ ਸਿੰਘ ਪ੍ਰਧਾਨ ਪੈਸਟੀਸਾਈਡ ਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਮੌਜੂਦ ਸਨ।

## ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਏਮਜ਼ ਦਾ ਦੌਰਾ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਕਾਰਜਕਾਰੀ ਨਿਰਦੇਸ਼ਕ ਪ੍ਰੋ. (ਡਾ.) ਰਤਨ ਗੁਪਤਾ ਦੀ ਦੂਰਦਰਸ਼ੀ ਅਗਵਾਈ ਹੇਠ ਏਮਜ਼ ਬਠਿੰਡਾ ਦੇ ਬਾਲ ਰੋਗ ਵਿਭਾਗ ਵੱਲੋਂ ਆਟਿਜ਼ਮ ਸਪੈਕਟ੍ਰਮ ਡਿਸਆਰਡਰ : ਸੰਪੂਰਨ ਦੇਖਭਾਲ ਅਪਡੇਟ ਵਿਸ਼ੇ 'ਤੇ ਇਕ ਲਗਾਤਾਰ ਚਿਕਿਤਸਾ ਸਿੱਖਿਆ (ਸੀਐਮਈ) ਪ੍ਰੋਗਰਾਮ ਦਾ ਸਫਲ ਆਯੋਜਨ ਕੀਤਾ ਗਿਆ।ਇਹ ਪ੍ਰੋਗਰਾਮ ਵਿਸ਼ਵ ਆਟਿਜ਼ਮ ਜਾਗਰੂਕਤਾ ਦਿਵਸ ਦੇ ਮੌਕੇ 'ਤੇ ਕਰਵਾਇਆ ਗਿਆ।ਇਸ ਵਿੱਚ ਦੇਸ਼ ਭਰ ਦੇ ਮਾਹਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਪੀਜੀਆਈਐੱਮਈਆਰ ਚੰਡੀਗੜ੍ਹ ਦੇ ਸਾਬਕ ਮੁਖੀ ਡਾ. ਸੁਰਜੀਤ ਸਿੰਘ, ਵੀਐੱਮਐੱਮਸੀ ਤੇ ਸਫਦਰਜੰਗ ਹਸਪਤਾਲ ਨਵੀਂ ਦਿੱਲੀ ਦੀ ਬਾਲ ਤੰਤਰਿਕ ਵਿਗਿਆਨ ਦੀ ਪ੍ਰੋਫੈਸਰ ਡਾ. ਰਚਨਾ ਸਹਿਗਲ ਤੇ ਐੱਲਐੱਚਐੱਮਸੀ ਨਵੀਂ ਦਿੱਲੀ ਦੇ ਮਨੋਚਿਕਿਤਸਾ ਵਿਭਾਗ ਦੇ ਪ੍ਰੋਫੈਸਰ ਡਾ. ਓਮ ਸਾਈ ਰਮੇਸ਼ ਵੀ ਸ਼ਾਮਲ ਸਨ।ਇਸ ਪ੍ਰੋਗਰਾਮ ਵਿੱਚ ਮਾਹਰਾਂ ਵੱਲੋਂ ਗਿਆਨਵਰਧਕ ਤੇ ਰੁਚਿਕਰ ਸੈਸ਼ਨ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਆਟਿਜ਼ਮ ਦੀ ਸ਼ੁਰੂਆਤੀ ਪਹਿਚਾਣ, ਬਹੁ-ਵਿਭਾਗੀ ਪ੍ਰਬੰਧਨ ਤੇ ਇਲਾਜ ਵਿੱਚ ਨਵੀਆਂ ਤਰੱਕੀਆਂ 'ਤੇ ਖ਼ਾਸ ਧਿਆਨ ਦਿੱਤਾ ਗਿਆ।ਆਯੋਜਕ ਚੇਅਰਪਰਸਨ ਡਾ. ਅਰਵਿੰਦਰ ਵਾਂਡਰ ਤੇ ਦਿਵਿਆਂਗ ਸ਼ਿਕਾਇਤ ਨਿਵਾਰਣ ਅਧਿਕਾਰੀ ਡਾ. ਅਨੁਪਿੰਦਰ ਥਿੰਦ ਨੇ ਮਾਤਾ-ਪਿਤਾ ਆਧਾਰਤ ਰਣਨੀਤੀਆਂ, ਸਮੇਂ ਸਿਰ ਦਖ਼ਲਅੰਦਾਜ਼ੀ ਤੇ ਸਿਹਤ ਸੇਵਾ ਪ੍ਰਦਾਤਾਵਾਂ ਵਿਚਕਾਰ ਸਹਿਯੋਗੀ ਦ੍ਰਿਸ਼ਟੀਕੋਣ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਤਰ੍ਹਾਂ ਦੀਆਂ ਅਕਾਦਮਿਕ ਪਹਿਲਾਂ ਏਮਜ਼ ਬਠਿੰਡਾ ਦੀ ਚਿਕਿਤਸਾ ਗਿਆਨ ਨੂੰ ਅੱਗੇ ਵਧਾਉਣ, ਕਲੀਨਿਕਲ ਮੁਹਾਰਤ ਨੂੰ ਮਜ਼ਬੂਤ ਕਰਨ ਤੇ ਬਿਹਤਰ ਬਾਲ ਸਿਹਤ ਅਤੇ ਵਿਕਾਸ ਲਈ ਜਾਗਰੂਕਤਾ ਫੈਲਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੀਆਂ ਹਨ।

## ਨੈਸ਼ਨਲ ਕਾਲਜ ਭੀਖੀ ਨੇ ਵਿੱਦਿਅਕ ਟੂਰ ਲਗਾਇਆ



**ਭੀਖੀ (ਗੁਰਿੰਦਰ ਸਿੰਘ ਔਲਖ)**-ਸਥਾਨਕ ਨੈਸ਼ਨਲ ਕਾਲਜ ਦਾ ਸੈਸ਼ਨ 2025-26 ਦਾ ਸਾਲਾਨਾ ਵਿੱਦਿਅਕ ਟੂਰ ਦੇਹਰਾਦੂਨ, ਰਿਸ਼ੀਕੇਸ਼, ਹਰਿਦੁਆਰ ਤੇ ਮੰਸੂਰੀ ਲਿਜਾਇਆ ਗਿਆ। ਟੂਰ ਨੂੰ ਰਵਾਨਾ ਕਰਦੇ ਸਮੇਂ ਨੈਸ਼ਨਲ ਕਾਲਜ ਕਮੇਟੀ ਦੇ ਪ੍ਰਧਾਨ ਬਾਬਾ ਹਰਬੰਸ ਦਾਸ ਬਾਵਾ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਸਮੇਂ-ਸਮੇਂ 'ਤੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਲਿਜਾਇਆ ਜਾਂਦਾ ਹੈ।ਇਸ ਟੂਰ ਦੌਰਾਨ ਵਿਦਿਆਰਥੀਆਂ ਦੇ ਨਾਲ ਟੂਰ ਕੋਆਰਡੀਨੇਟਰ ਪ੍ਰੋਫੈਸਰ ਹਰਬੰਸ ਸਿੰਘ, ਪ੍ਰੋਫੈਸਰ ਗੁਰਤੇਜ ਸਿੰਘ, ਪ੍ਰੋਫੈਸਰ ਜਸਪ੍ਰੀਤ ਕੌਰ, ਪ੍ਰੋਫੈਸਰ ਜਸਪ੍ਰੀਤ ਕੌਰ ਇੰਗਲਿਸ਼, ਪ੍ਰੋਫੈਸਰ ਜਸਵਿੰਦਰ ਸਿੰਘ, ਨਿਰਮਲ ਸਿੰਘ ਆਦਿ ਸਟਾਫ਼ ਮੈਂਬਰ ਗਏ ਸਨ।ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਕੁਦਰਤੀ ਵਾਤਾਵਰਨ ਤੇ ਸੱਭਿਆਚਾਰਕ ਵਾਤਾਵਰਨ ਬਾਰੇ ਜਾਣਕਾਰੀ ਹਾਸਲ ਕੀਤੀ।

# ਮੰਗਾਂ ਨੂੰ ਲੈ ਕੇ ਹਜ਼ਾਰਾਂ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਨਿਵਾਸ ਵੱਲ ਮਾਰਚ

## ਟੀ ਈ ਟੀ ਦੀ ਸ਼ਰਤ ਖਿਲਾਫ਼ ਰੀਵਿਊ ਪਟੀਸ਼ਨ 'ਤੇ ਵਿਧਾਨ ਸਭਾ 'ਚ ਮਤਾ ਪਾਸ ਕਰਨ ਤੋਂ ਮੁਨਕਰ ਸਰਕਾਰ ਖਿਲਾਫ਼ ਅਧਿਆਪਕਾਂ ਦਾ ਫੁੱਟਿਆ ਗੁੱਸਾ

**ਸੰਗਰੂਰ (ਪ੍ਰਵੀਨ ਸਿੰਘ)**

ਤਿੰਨ ਪ੍ਰਮੁੱਖ ਸੰਘਰਸ਼ੀ ਅਧਿਆਪਕ ਜਥੇਬੰਦੀਆਂ (ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਸੂਬਾ ਪ੍ਰਧਾਨ ਵਿਕਰਮ ਦੇਵ), ਡੀ.ਟੀ.ਐੱਫ. (ਸੂਬਾ ਪ੍ਰਧਾਨ ਦਿਗਵਿਜੇ) ਤੇ ਗੌਰਮਿੰਟ ਫਿਜੀਕਲ ਟੀਚਰ ਐਸੋਸੀਏਸ਼ਨ ਪੰਜਾਬ (ਸੂਬਾ ਪ੍ਰਧਾਨ ਜਗਦੀਸ ਜੱਗੀ) ਦੇ ਸੱਦੇ 'ਤੇ ਪੰਜਾਬ ਭਰ ਤੋਂ ਪਹੁੰਚੇ ਵੱਡੀ ਗਿਣਤੀ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਉੱਪਰ ਟੀਈਟੀ (ਅਧਿਆਪਕ ਯੋਗਤਾ ਪ੍ਰੀਖਿਆ) ਨੂੰ ਇਨਸਰਵਿਸ ਅਧਿਆਪਕਾਂ 'ਤੇ ਜਬਰੀ ਥੋਪਣ ਦੇ ਗੈਰ ਵਾਜਿਬ ਫੈਸਲੇ ਨੂੰ ਪੰਜਾਬ ਵਿੱਚ ਲਾਗੂ ਕਰਨ, ਸੂਬੇ ਦੇ ਸਥਾਨਕ ਹਾਲਾਤਾਂ ਅਨੁਸਾਰ ਆਪਣੀ ਸਿੱਖਿਆ ਨੀਤੀ ਘੜਨ ਤੋਂ ਇਨਕਾਰੀ ਹੋ ਕੇ ਕੇਂਦਰ ਸਰਕਾਰ ਦੀ ਹੀ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਤੇ ਪੁਰਾਣੀ ਪੈਨਸ਼ਨ ਬਹਾਲੀ ਦੇ ਆਪਣੇ ਹੀ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਤੋਂ ਇਨਕਾਰੀ ਹੋਣ ਦਾ ਦੋਸ਼ ਲਗਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਡਰੀਮਲੈਂਡ ਕਲੋਨੀ ਰਿਹਾਇਸ਼ ਤੱਕ ਵਾਅਦਾ ਖਿਲਾਫੀ ਮਾਰਚ ਕੀਤਾ ਗਿਆ।15 ਅਪ੍ਰੈਲ ਨੂੰ ਸਿੱਖਿਆ ਸਕੱਤਰ ਤੇ 16 ਅਪ੍ਰੈਲ ਨੂੰ ਵਿੱਤ ਮੰਤਰੀ ਦੀ ਅਗਵਾਈ ਹੇਠ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਮਿਲਣ 'ਤੇ ਰੋਸ ਪ੍ਰਦਰਸ਼ਨ ਦੀ ਸਮਾਪਤੀ ਕੀਤੀ ਗਈ।ਇਸ ਮੌਕੇ ਸੂਬਾਈ ਅਧਿਆਪਕ ਆਗੂਆਂ ਵਿਕਰਮ ਦੇਵ ਸਿੰਘ, ਦਿਗਵਿਜੇ ਪਾਲ ਸ਼ਰਮਾ ਤੇ ਜਗਦੀਸ਼ ਕੁਮਾਰ ਜੱਗੀ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਇਨਸਰਵਿਸ ਅਧਿਆਪਕਾਂ 'ਤੇ ਟੀ.ਈ.ਟੀ. ਦੀ ਲੱਗੀ ਸ਼ਰਤ ਵਿਰੁੱਧ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਦਾਇਰ ਕਰਨ ਦਾ ਬੀਤੀ 27 ਫਰਵਰੀ ਨੂੰ ਜਨਤਕ ਸਟੇਟਮੈਂਟ ਦਿੱਤੀ ਗਈ ਸੀ ਤੇ ਸਮੂਹ ਅਧਿਆਪਕ ਜਥੇਬੰਦੀਆਂ ਨਾਲ 6 ਮਾਰਚ ਨੂੰ ਹੋਈ ਮੀਟਿੰਗ ਵਿੱਚ ਵਿਧਾਨ ਸਭਾ ਦੇ ਲੰਘੇ ਬਜਟ ਸੈਸ਼ਨ ਵਿੱਚ ਅਧਿਆਪਕਾਂ ਦੀ ਸੇਵਾ ਤੇ ਪ੍ਰਮੋਸ਼ਨ ਨੂੰ ਸੁਰੱਖਿਅਤ ਕਰਨ ਦੇ ਹੱਕ ਵਿੱਚ ਮਤਾ ਲੈ ਕੇ ਆਉਣ ਦਾ ਭਰੋਸਾ ਦਿੱਤਾ ਗਿਆ ਸੀ, ਪ੍ਰੰਤੂ ਇਹ ਭਰੋਸਾ ਲਾਗੂ ਕਰਨ ਦੀ ਥਾਂ ਅਧਿਆਪਕਾਂ 'ਤੇ ਜਬਰੀ ਟੀਈਟੀ ਦੀ ਸ਼ਰਤ ਲਾਗੂ ਕੀਤੀ ਜਾ ਰਹੀ ਹੈ।ਇਸੇ ਤਰ੍ਹਾਂ ਮੁੱਖ ਮੰਤਰੀ ਪੰਜਾਬ ਵੱਲੋਂ ਕੌਮੀ ਸਿੱਖਿਆ ਨੀਤੀ-2020 ਨੂੰ ਪੰਜਾਬ ਵਿੱਚ ਨਾ ਲਾਗੂ ਕਰਨ ਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਸੀ, ਜਿਸ 'ਤੇ ਪੰਜਾਬ ਕੈਬਨਿਟ ਨੇ 5 ਸਤੰਬਰ 2024 ਨੂੰ ਫੈਸਲਾ ਵੀ ਕੀਤਾ ਸੀ, ਪ੍ਰੰਤੂ ਪੰਜਾਬ ਸਰਕਾਰ ਇਸ ਭਰੋਸੇ 'ਤੇ ਵੀ ਕਾਇਮ ਨਹੀਂ ਰਹਿ ਸਕੀ ਹੈ, ਸਗੋਂ ਕੇਂਦਰ ਸਰਕਾਰ ਨਾਲ ਕਦਮ ਤਾਲ ਮਿਲਾਉਂਦੇ ਹੋਏ ਪੰਜਾਬ ਦੇ 500 ਸਰਕਾਰੀ ਸਕੂਲਾਂ ਨੂੰ ਪੀ ਐੱਮ ਸ਼੍ਰੀ ਯੋਜਨਾ ਤਹਿਤ ਕੇਂਦਰ ਸਿੱਖਿਆ ਨੀਤੀ ਦੇ ਹਵਾਲੇ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਪੁਰਾਣੀ ਪੈਨਸ਼ਨ ਦੇ ਮਾਮਲੇ ਵਿੱਚ 18 ਨਵੰਬਰ 2022 ਨੂੰ ਇੱਕ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਨਹੀਂ ਕੀਤਾ ਗਿਆ ਹੈ।



ਇਸ ਮੌਕੇ ਅਧਿਆਪਕ ਆਗੂਆਂ ਰੇਸ਼ਮ ਖੇਮੂਆਣਾ, ਮਹਿੰਦਰ ਕੌੜਿਆਂਵਾਲੀ ਤੇ ਇੰਦਰਪਾਲ ਸਿੰਘ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦਾ ਵਿਰੋਧਾਭਾਸ ਇਸ ਪੱਖ ਤੋਂ ਵੇਖਿਆ ਜਾ ਸਕਦਾ ਹੈ ਕਿ ਇੱਕ ਪਾਸੇ ਉਹ ਟੀਈਟੀ ਸਬੰਧੀ ਇੱਕ ਗਲਤ ਅਦਾਲਤੀ ਫੈਸਲੇ ਨੂੰ ਚੁਣੌਤੀ ਦੇਣ ਦੀ ਥਾਂ ਇਸ ਨੂੰ ਅੱਡੀਆਂ ਚੁੱਕ ਚੁੱਕ ਕੇ ਲਾਗੂ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਦੇ ਮੁਲਾਜ਼ਮਾਂ ਨੂੰ 16% ਪੈਂਡਿੰਗ ਮਹਿੰਗਾਈ ਭੱਤਾ ਦੇ ਕੇ ਆਈ.ਏ.ਐੱਸ. ਤੇ ਆਈ. ਪੀ. ਐੱਸ. ਅਧਿਕਾਰੀਆਂ ਦੇ ਸਾਮਾਨ ਰੱਖ ਕੇ ਦੇਣ ਤੇ 17-7-2020 ਤੋਂ ਬਾਅਦ ਭਰਤੀ ਪੰਜਾਬ ਦੇ ਮੁਲਾਜ਼ਮਾਂ ਲਈ ਪੰਜਾਬ ਤਨਖਾਹ ਸਕੇਲ ਬਹਾਲ ਕਰਨ ਦੇ ਫੈਸਲੇ ਨੂੰ ਤੱਤ ਰੂਪ ਵਿੱਚ ਸਹੀ ਢੰਗ ਨਾਲ ਲਾਗੂ ਕਰਨ ਤੋਂ ਸ਼ਰੇਆਮ ਇਨਕਾਰੀ ਹੋ ਰਹੀ ਹੈ। ਇਸ ਮੌਕੇ ਰਾਜੀਵ ਬਰਨਾਲਾ, ਦਲਜੀਤ ਸਿੰਘ ਸਮਰਾਲਾ, ਨਵਕਿਰਨ ਸਿੰਘ ਖਟੜਾ, ਅਸ਼ਵਨੀ ਅਵਸਥੀ, ਗੁਰਪਿਆਰ ਕੋਟਲੀ, ਜਸਵਿੰਦਰ ਸਿੰਘ ਚੱਪੜ, ਦਾਤਾ ਸਿੰਘ ਨਮੋਲ, ਜਗਪਾਲ ਬੰਗੀ, ਨਿਰਮਲ ਸਿੰਘ ਚੌਹਾਨਕੇ, ਲਖਵੀਰ ਸਿੰਘ ਹਰੀਕੇ, ਰਘਵੀਰ ਸਿੰਘ ਭਵਾਨੀਗੜ੍ਹ, ਸੁਖਵਿੰਦਰ ਗਿਰ, ਬਲਜਿੰਦਰ ਬਠਿੰਡਾ, ਕਰਮਜੀਤ ਤਾਮਕੋਟ, ਸਿਮਰਦੀਪ ਬਰਨਾਲਾ, ਪਵਨ ਮੁਕਤਸਰ ਤੋਂ ਇਲਾਵਾ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਘੱਗਾ, ਇਨਕਲਾਬੀ ਵਿਰਾਸਤ ਮੰਚ ਪੰਜਾਬ ਦੇ ਬਲਵੀਰ ਚੰਦ ਲੌਂਗੋਵਾਲ, ਮੈਰੀਟੋਰੀਅਸ ਟੀਚਰਜ਼ ਯੂਨੀਅਨ ਪੰਜਾਬ ਦੇ ਡਾ. ਅਜੈ ਸ਼ਰਮਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਐੱਸ ਐੱਸ ਏ ਰਮਸਾ ਦੇ ਆਗੂ ਹਰਜੀਤ ਜੀਦਾ, 4161 ਮਾਸਟਰ ਕਾਡਰ ਯੂਨੀਅਨ ਦੇ ਸੰਦੀਪ ਗਿੱਲ, ਬੇਰੁਜ਼ਗਾਰ ਸਾਂਝਾ ਫਰੰਟ ਦੇ ਸੁਖਵਿੰਦਰ ਸਿੰਘ ਢਿੱਲਵਾਂ, ਕੰਪਿਊਟਰ ਫੈਕਲਟੀ ਐਸੋਸੀਏਸ਼ਨ (ਰਜਿ) ਪੰਜਾਬ ਦੇ ਸੂਬਾ ਜਨਰਲ ਸਕੱਤਰ ਲਖਵਿੰਦਰ ਸਿੰਘ ਸਿਮਕ ਨੇ ਵੀ ਸੰਬੋਧਨ ਕੀਤਾ।

# ਡਾ. ਅੰਬੇਡਕਰ ਦਾ ਬੁੱਤ ਲਗਾਉਣ ਲਈ ਅਮਨ ਅਰੋੜਾ ਨੂੰ ਦਿੱਤਾ ਮੰਗ ਪੱਤਰ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਦਲਿਤ ਸਮਾਜ ਸੰਗਠਨ ਕਮੇਟੀ (ਰਜਿ.) ਪੰਜਾਬ ਵੱਲੋਂ ਜ਼ਿਲ੍ਹਾ ਸੰਗਰੂਰ ਇਸਤਰੀ ਵਿੰਗ ਪ੍ਰਧਾਨ ਰਣਜੀਤ ਕੌਰ ਸੁਨਾਮ ਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਸੋਚ ਕਿ ਬਾਬਾ ਸਾਹਿਬ ਜੀ ਦਾ ਬੁੱਤ ਜੋ ਕਿ ਸੁਨਾਮ ਪੀਰਾਂ ਵਾਲੇ ਗੇਟ ਵਿਖੇ ਚੌਂਕ ਖਾਲੀ ਪਿਆ ਹੈ, 'ਤੇ ਉਨ੍ਹਾਂ ਦਾ ਬੁੱਤ ਸਥਾਪਤ ਕੀਤਾ ਜਾਵੇ। ਇਸ ਸਬੰਧੀ ਆਪਣੀ ਪੂਰੀ ਟੀਮ ਨਾਲ ਜ਼ਿਲ੍ਹਾ ਪ੍ਰਧਾਨ ਮੈਡਮ ਰਣਜੀਤ ਕੌਰ ਨੇ ਸੂਬਾ ਪ੍ਰਧਾਨ ਕੈਬਨਟ ਮੰਤਰੀ ਸ੍ਰੀ ਅਮਨ ਅਰੋੜਾ ਨੂੰ ਮੰਗ ਪੱਤਰ ਦਿੱਤਾ ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗ ਸਕੇ ਕਿ ਬਾਬਾ ਸਾਹਿਬ ਜੀਆਂ ਕੀ ਕੀ ਕੁਰਬਾਨੀਆਂ ਹਨ ਤੇ ਆਉਂਦੇ ਜਾਂਦੇ ਹਰ ਇੱਕ ਦੇ ਦਰਸ਼ਨ ਉਸ ਚੌਕ ਵਿੱਚ ਬੁੱਤ ਵਜੋਂ ਬਾਬਾ ਸਾਹਿਬ ਦੇ ਕੀਤੇ ਜਾ ਸਕਣ। ਕੈਬਨਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਵੀ ਟੀਮ ਨੂੰ ਵਿਸ਼ਵਾਸ ਦਿਵਾਇਆ ਕਿ ਬਹੁਤ ਹੀ ਜਲਦ ਇਨ੍ਹਾਂ ਦੀ ਇਹ ਮੰਗ ਪੂਰੀ ਕੀਤੀ ਜਾਵੇਗੀ ਤੇ ਜਲਦੀ ਹੀ ਪ੍ਰਵਾਨਗੀ ਦੇ ਕੇ ਪੀਰਾਂ ਵਾਲੇ ਗੇਟ ਚੌਂਕ ਵਿੱਚ ਬਾਬਾ ਸਾਹਿਬ ਸ੍ਰੀ ਅੰਬੇਡਕਰ ਸਾਹਿਬ ਜੀ ਦਾ ਬੁੱਤ ਲਗਾਇਆ ਜਾਵੇਗਾ। ਸੂਬਾ ਪ੍ਰਧਾਨ ਡਾਕਟਰ ਹਰਮੇਸ਼ ਸਿੰਘ ਹਰਿਆਣਾ ਨੇ ਅਮਨ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਮੈਡਮ ਰਣਜੀਤ ਕੌਰ ਤੇ ਪੂਰੀ ਟੀਮ ਨੇ ਸ਼੍ਰੀ ਅਮਨ ਅਰੋੜਾ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪਰਮਜੀਤ ਕੌਰ, ਲਛਮੀ ਦੇਵੀ, ਸਤਪਾਲ ਰਾਮ, ਅਸ਼ੋਕ ਕੁਮਾਰ, ਸੁਖਵਿੰਦਰ ਕੌਰ, ਨਿੱਕੀ, ਹਰਪ੍ਰੀਤ, ਜਸਵੀਰ ਕੌਰ, ਗੁਰਮੀਤ ਕੌਰ, ਰਾਣੀ ਕੌਰ, ਚਰਨਜੀਤ ਕੌਰ, ਮਨਜੀਤ ਕੌਰ, ਸਿਮਰਨਜੀਤ ਕੌਰ ਪੂਰੀ ਟੀਮ ਸ਼ਾਮਲ ਸਨ।

# ਪਤਨੀ ਨੂੰ ਨਹਿਰ 'ਚ ਸੁੱਟ ਕੇ ਜਾਨੋਂ ਮਾਰਨ ਦੀ ਕੋਸ਼ਿਸ਼, ਪਤੀ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਇੱਕ ਮਹਿਲਾ ਵੱਲੋਂ ਆਪਣੇ ਪਤੀ ਉੱਤੇ ਉਸ ਨੂੰ ਨਹਿਰ ਵਿੱਚ ਸੁੱਟ ਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੇ ਲਗਾਏ ਗਏ ਦੋਸ਼ਾਂ ਦੇ ਮਾਮਲੇ ਵਿੱਚ ਸਰਹਿੰਦ ਪੁਲਸ ਵੱਲੋਂ ਉਸ ਦੇ ਪਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ 35 ਸਾਲਾ ਮਹਿਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 2007 'ਚ ਉਸ ਦਾ ਵਿਆਹ ਘੱਗਾ (ਪਟਿਆਲਾ) ਨੇੜਲੇ ਇੱਕ ਪਿੰਡ ਦੇ ਵਸਨੀਕ ਨਾਲ ਹੋਇਆ ਸੀ, ਜਿਸ ਨਾਲ 2019 ਵਿੱਚ ਉਸ ਦਾ ਤਲਾਕ ਹੋ ਗਿਆ ਸੀ ਤੇ ਵਿਆਹ ਤੋਂ ਉਸ ਦਾ ਇੱਕ ਬਾਰਾਂ ਸਾਲ ਦਾ ਲੜਕਾ ਵੀ ਹੈ।ਸ਼ਿਕਾਇਤਕਰਤਾ ਅਨੁਸਾਰ ਉਸ ਦਾ ਇੱਕ ਸੰਪਰਕ ਬਲਵਿੰਦਰ ਸਿੰਘ ਵਾਸੀ ਪਿੰਡ ਦਨਘੇੜੀ ਨਾਲ ਹੋਇਆ ਤੇ ਉਹ ਦੋਵੇਂ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਲੱਗ ਪਏ।ਬਲਵਿੰਦਰ ਸਿੰਘ ਵੱਲੋਂ ਉਸ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰਨ 'ਤੇ ਉਸ ਨੇ ਬਲਵਿੰਦਰ ਸਿੰਘ ਵਿਰੁੱਧ ਥਾਣਾ ਫਤਹਿਗੜ੍ਹ ਸਾਹਿਬ ਵਿਖੇ ਬਲਾਤਕਾਰ ਦਾ ਮੁਕੱਦਮਾ ਦਰਜ ਕਰਵਾ ਦਿੱਤਾ।ਇਸ ਤੋਂ ਬਾਅਦ ਕੇਸ ਚਲਦੇ ਸਮੇਂ ਬਲਵਿੰਦਰ ਸਿੰਘ ਨੇ ਉਸ ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਕਰ ਲਿਆ, ਜਿਸ 'ਤੇ ਉਸ ਵੱਲੋਂ ਬਲਵਿੰਦਰ ਸਿੰਘ ਵਿਰੁੱਧ ਕੇਸ ਨਾ ਚਲਾਉਣ ਦੀ ਕੀਤੀ ਗਈ ਬੇਨਤੀ ਤੇ ਇਸ ਸਬੰਧੀ ਦਿੱਤੀ ਗਈ ਗਵਾਹੀ ਦੇ ਆਧਾਰ 'ਤੇ ਮਾਣਯੋਗ ਅਦਾਲਤ ਨੇ ਬਲਵਿੰਦਰ ਨੂੰ ਕੇਸ 'ਚੋਂ ਬਰੀ ਕਰ ਦਿੱਤਾ ਤੇ ਉਹ ਦੋਵੇਂ ਵਿਆਹ ਕਰਵਾ ਕੇ ਲੁਧਿਆਣਾ ਵਿਖੇ ਕਿਰਾਏ 'ਤੇ ਰਹਿਣ ਲੱਗ ਪਏ।ਬੀਤੇ ਕਰੀਬ ਇੱਕ ਮਹੀਨੇ ਤੋਂ ਉਹ ਆਪਣੇ ਪੇਕੇ ਪਿੰਡ ਆਈ ਸੀ, ਜਿੱਥੇ 7 ਅਪ੍ਰੈਲ ਨੂੰ ਉਸ ਦਾ ਪਤੀ ਬਲਵਿੰਦਰ ਸਿੰਘ ਉਸ ਨੂੰ ਲੈਣ ਆ ਗਿਆ।ਜਦੋਂ ਉਹ ਉਸ ਨਾਲ ਕਾਰ ਵਿੱਚ ਬੈਠ ਕੇ ਜਾ ਰਹੀ ਸੀ ਤਾਂ ਬਲਵਿੰਦਰ ਸਿੰਘ ਨੇ ਫਲੋਟਿੰਗ ਰੈਸਟੋਰੈਂਟ ਸਰਹਿੰਦ ਤੋਂ ਸੱਜਾ ਹੱਥ ਵੱਲ ਨੂੰ ਜਾਂਦੀ ਨਹਿਰ ਦੀ ਪਟੜੀ 'ਤੇ ਕਾਰ ਰੋਕ ਲਈ ਤੇ ਕਹਿਣ ਲੱਗਾ ਕਿ ਉਸ ਨੇ ਨਹਿਰ ਕੰਢੇ ਮੱਥਾ ਟੇਕਣਾ ਹੈ।ਮੱਥਾ ਟੇਕਣ ਦੇ ਬਹਾਨੇ ਨਹਿਰ ਕੰਢੇ ਪੁੱਜਣ 'ਤੇ ਉਸ ਦੇ ਪਤੀ ਬਲਵਿੰਦਰ ਸਿੰਘ ਨੇ ਚੁੰਨੀ ਨਾਲ ਉਸ ਦਾ ਗਲਾ ਘੁੱਟ ਦਿੱਤਾ, ਜਿਸ ਕਾਰਨ ਉਹ ਬੇਹੋਸ਼ ਹੋ ਗਈ ਤੇ ਬਲਵਿੰਦਰ ਸਿੰਘ ਨੇ ਉਸ ਨੂੰ ਖਿੱਚ ਕੇ ਨਹਿਰ ਵਿੱਚ ਸੁੱਟ ਦਿੱਤਾ।ਨਹਿਰ ਵਿੱਚ ਡਿੱਗ ਕੇ ਉਸ ਨੂੰ ਹੋਸ਼ ਆਈ ਤਾਂ ਉਸ ਨੇ ਬਚਾਓ ਬਚਾਓ ਦਾ ਰੌਲਾ ਪਾ ਦਿੱਤਾ।ਜਦੋਂ ਉਹ ਪਾਣੀ ਵਿੱਚ ਹੀ ਸੋਢਾ ਹੈੱਡ ਕਰਾਸ ਕਰ ਗਈ ਤਾਂ ਪਿੰਡ ਸੋਢਾ ਨਜ਼ਦੀਕ ਪੁੱਜ ਕੇ ਰਾਹਗੀਰਾਂ ਤੇ ਪਿੰਡ ਵਾਸੀਆਂ ਨੇ ਉਸ ਨੂੰ ਨਹਿਰ ਵਿੱਚੋਂ ਬਾਹਰ ਕੱਢ ਲਿਆ।ਮਹਿਲਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੋਸ਼ ਲਾਏ ਕਿ ਉਸ ਦੇ ਪਤੀ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਗਲਾ ਘੁੱਟ ਕੇ ਉਸ ਨੂੰ ਨਹਿਰ ਵਿੱਚ ਸੁੱਟਿਆ ਹੈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਬਲਵਿੰਦਰ ਸਿੰਘ ਵਾਸੀ ਪਿੰਡ ਦਨਘੇੜੀ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਜਸਮੇਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਕਾਤਰਾਂ

### ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਖ਼ੂਨਦਾਨ ਕੈਂਪ ਅੱਜ

**ਕੋਟ ਈਸੇ ਖਾਂ (ਅਰੋੜਾ)**-ਭਾਰਤ ਵਿਕਾਸ ਪ੍ਰੀਸ਼ਦ ਕੋਟ ਈਸੇ ਖਾਂ ਸ਼ਾਖਾ ਦੇ ਪ੍ਰਧਾਨ ਅਮਰਜੀਤ ਸ਼ਰਮਾ ਤੇ ਬਾਕੀ ਅਹੁਦੇਦਾਰਾਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਕੋਟ ਈਸੇ ਖਾਂ ਵੱਲੋਂ 12 ਅਪ੍ਰੈਲ ਨੂੰ ਖ਼ੂਨਦਾਨ ਕੈਂਪ ਸ੍ਰੀ ਬਜਰੰਗ ਭਵਨ ਮੰਦਰ, ਨੇੜੇ ਗਊਸ਼ਾਲਾ ਕੋਟ ਈਸੇ ਖਾਂ ਵਿਖੇ ਲਗਾਇਆ ਜਾ ਰਿਹਾ ਹੈ ਤੇ ਇਹ ਕੈਂਪ ਸਵੇਰੇ 9830 ਵਜੇ ਤੋਂ ਸ਼ਾਮ 3 ਵਜੇ ਤੱਕ ਚੱਲੇਗਾ।ਉਨ੍ਹਾ ਕਿਹਾ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ, ਕਿਉਕਿ ਖ਼ੂਨ ਦਾਨ ਕਰਨ ਨਾਲ ਇਨਸਾਨ ਕਈ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ ਤੇ ਤੰਦਰੁਸਤ ਰਹਿੰਦਾ ਹੈ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਪਹੁੰਚ ਕੇ ਖ਼ੂਨਦਾਨ ਕਰੋ।ਇਸ ਮੌਕੇ ਸੈਕਟਰੀ ਅਸ਼ੋਕ ਕੁਮਾਰ, ਕੈਸ਼ੀਅਰ ਅਰੁਣ ਸ਼ਰਮਾ, ਜਸਵੰਤ ਸਿੰਘ ਬਲੱਡ ਇੰਚਾਰਜ, ਅਕਾਸ਼ਦੀਪ ਸ਼ਰਮਾ ਵਾਤਾਵਰਣ ਪ੍ਰੇਮੀ ਆਦਿ ਹਾਜ਼ਰ ਸਨ।

### ਔਰਤ ਦੇ ਸੱਟਾਂ ਮਾਰਨ ਦੇ ਦੋਸ਼ 'ਚ 6 ਨਾਮਜ਼ਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਅਲੀ ਕੇ ਵਿਖੇ ਇਕ ਔਰਤ ਦੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 6 ਲੋਕਾਂ ਖਿਲਾਫ 117 (2), 115 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਣੋ ਬਾਈ ਪਤਨੀ ਸਵ. ਮਹਿੰਦਰ ਸਿੰਘ ਵਾਸੀ ਪਿੰਡ ਅਲੀ ਕੇ ਨੇ ਦੱਸਿਆ ਕਿ ਦੋਸ਼ੀ ਅਮਰੀਕ ਸਿੰਘ ਪੁੱਤਰ ਮੱਖਣ ਸਿੰਘ, ਮੇਸ਼ੂ ਪੁੱਤਰ ਜੰਗੀਰ, ਸਾਧੂ ਪੁੱਤਰ ਮਹਿੰਦਰ, ਬਿਮਲਾ ਪਤਨੀ ਕਸ਼ਮੀਰ, ਨਿਸ਼ਾ ਪੁੱਤਰੀ ਅਮਰੀਕਾ ਤੇ ਸੁਮਨੀ ਪੁੱਤਰੀ ਬਚਨ ਵਾਸੀਅਨ ਅਲੀ ਕੇ ਨੇ ਉਸ ਦੇ ਸੱਟਾਂ ਮਾਰੀਆਂ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਐਕਸਰੇ ਰਿਪੋਰਟਾਂ ਆਉਣ ਤੋਂ ਬਾਅਦ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਗੋਲੀ ਚੱਲਣ ਨਾਲ ਨਾਬਾਲਿਗ ਲੜਕੀ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਪਛਾੜੀਆਂ (ਆਲੇ ਵਾਲਾ) ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਫਾਇਰ ਕਰਨ ਨਾਲ ਇਕ 12 ਸਾਲ ਦੀ ਨਾਬਾਲਿਗ ਲੜਕੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 109, 3 (5) ਬੀਐੱਨਐੱਸ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਗੀਚਾ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਪਛਾੜੀਆਂ (ਆਲੇ ਵਾਲਾ) ਨੇ ਦੱਸਿਆ ਕਿ ਉਸ ਦੀ ਭਤੀਜੀ ਮਨਜੋਤ ਕੌਰ ਉਮਰ ਕਰੀਬ 12 ਸਾਲ ਵਿਹੜੇ ਵਿੱਚ ਖੇਡ ਰਹੀ ਸੀ ਤਾਂ ਅਣਪਛਾਤੇ ਵਿਅਕਤੀਆਂ ਨੇ ਫਾਇਰਿੰਗ ਕੀਤੀ, ਜਿਸ ਕਾਰਨ ਇਕ ਗੋਲੀ ਲੜਕੀ ਮਨਜੋਤ ਕੌਰ ਨੂੰ ਲੱਗੀ ਤੇ ਉਹ ਜ਼ਖਮੀਂ ਹੋ ਗਈ। ਇਸ ਦਾ ਮੈਡੀਸਿਟੀ ਹਸਪਤਾਲ ਵਿਖੇ ਇਲਾਜ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸੀ ਆਈ ਏ ਸਟਾਫ ਵੱਲੋਂ 5 ਪਿਸਟਲ, 4 ਮੈਗਜ਼ੀਨ ਤੇ 10 ਜ਼ਿੰਦਾ ਰੌਂਦ ਸਮੇਤ 2 ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਪ੍ਰੇਸ਼ਨ ਪਰਹਾਰ ਤਹਿਤ ਵਿੱਢੀ ਮਹਿਮ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਸੀ.ਆਈ.ਏ. ਸਟਾਫ ਵੱਲੋਂ ਜਦੋਂ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਪੰਜ ਪਿਸਤੌਲ, ਚਾਰ ਮੈਗਜ਼ੀਨ ਤੇ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਐਸਪੀ ਹੈੱਡ ਕੁਆਰਟਰ ਹੈੱਡ ਕੁਆਰਟਰ ਸੰਦੀਪ ਸਿੰਘ ਮੰਡ ਨੇ ਦੱਸਿਆ ਮੋਗਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਐੱਸ. ਪੀ. (ਇਨਵੈਸਟਿਗੇਸ਼ਨ) ਬਾਲ ਕ੍ਰਿਸ਼ਨ ਸਿੰਗਲਾ ਤੇ ਡੀ.ਐੱਸ.ਪੀ. (ਡੀ) ਸੁਖਅਮ੍ਰਿਤ ਸਿੰਘ ਦੀ ਅਗਵਾਈ ਹੇਠ ਮੋਗਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਨੇ ਸੀ.ਆਈ.ਏ. ਇੰਚਾਰਜ ਦਲਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪੰਜ ਪਿਸਤੌਲ, ਚਾਰ ਮੈਗਜ਼ੀਨ ਤੇ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਐੱਸ.ਐੱਸ.ਪੀ. ਅਜੈ ਗਾਂਧੀ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਮੋਗਾ ਦੇ ਏ.ਐੱਸ.ਆਈ. ਲਵਜੀਤ ਸਿੰਘ ਪੁਲਸ ਪਾਰਟੀ ਸਮੇਤ ਡਗਰੂ ਰੇਲਵੇ ਫਾਟਕ ਦੇ ਨੇੜੇ ਗਸ਼ਤ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਮੁਖਬਿਰ ਤੋਂ ਸੂਚਨਾ ਮਿਲੀ ਕਿ ਆਕਾਸ਼ਦੀਪ ਸਿੰਘ ਉਰਫ਼ ਨਿੱਕੂ ਵਾਸੀ ਪਿੰਡ ਦੌਲਤਪੁਰਾ ਨੀਵਾ ਮੋਗਾ ਤੇ ਜਸਵਿੰਦਰ ਸਿੰਘ ਉਰਫ਼ ਲਿਆਕਤ ਵਾਸੀ ਬਸਤੀ ਮਾਛੀਆ, ਜ਼ੀਰਾ (ਜ਼ਿਲ੍ਹਾ ਫਿਰੋਜ਼ਪੁਰ), ਜਿਨ੍ਹਾਂ ਕੋਲ ਨਾਜਾਇਜ਼ ਹਥਿਆਰ ਹਨ ਤੇ ਜਿਨ੍ਹਾਂ ਖ਼ਿਲਾਫ ਪਹਿਲਾਂ ਵੀ ਮਾਮਲੇ ਦਰਜ ਹਨ, ਇਸ ਵੇਲੇ ਭਗੌੜੇ ਚੱਲ ਰਹੇ ਹਨ, ਇੱਕ ਇਨੋਵਾ ਗੱਡੀ ਵਿੱਚ ਸਵਾਰ ਹੋ ਕੇ ਡਗਰੂ ਫਾਟਕ ਤੋਂ ਪਿੰਡ ਸੱਧਾ ਸਿੰਘ ਵਾਲਾ ਨੂੰ ਜਾਂਦੀ ਲਿੰਕ ਰੋਡ 'ਤੇ ਪੁਲ ਸੇਮ ਨਾਲੇ ਦੀ ਪਟੜੀ ਕੋਲ ਕਿਸੇ ਦੀ ਉਡੀਕ ਕਰ ਰਹੇ ਹਨ।ਇਸ ਜਾਣਕਾਰੀ 'ਤੇ ਏ.ਐੱਸ.ਆਈ. ਲਵਦੀਪ ਸਿੰਘ ਨੇ ਕਾਰਵਾਈ ਕਰਦਿਆਂ ਦੋਨਾਂ ਖ਼ਿਲਾਫ ਕੇਸ ਦਰਜ ਕਰਕੇ ਆਕਾਸ਼ਦੀਪ ਸਿੰਘ ਤੇ ਜਸਵਿੰਦਰ ਸਿੰਘ ਨੂੰ ਇਨੋਵਾ ਗੱਡੀ ਸਮੇਤ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਇੱਕ 30 ਬੋਰ ਪਿਸਤੌਲ ਸਮੇਤ ਮੈਗਜ਼ੀਨ, ਇੱਕ ਦੇਸੀ 30 ਬੋਰ ਪਿਸਤੌਲ ਸਮੇਤ ਮੈਗਜ਼ੀਨ, ਚਾਰ ਜਿੰਦਾ ਕਾਰਤੂਸ 30 ਬੋਰ, ਇੱਕ ਦੇਸੀ 32 ਬੋਰ ਪਿਸਤੌਲ ਸਮੇਤ ਮੈਗਜ਼ੀਨ, ਚਾਰ ਜਿੰਦਾ ਕਾਰਤੂਸ 32 ਬੋਰ ਤੇ ਇੱਕ ਦੇਸੀ ਕੱਟਾ 315 ਬੋਰ ਸਮੇਤ ਦੋ ਕਾਰਤੂਸ 315 ਬੋਰ ਬਰਾਮਦ ਕੀਤੇ ਗਏ।

# ਨਰੇਗਾ ਕਾਮਿਆਂ ਵੱਲੋਂ ਰੋਸ ਪ੍ਰਦਰਸ਼ਨ, ਏ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿਸਟਰਡ) ਏਟਕ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਦੇ ਨਰੇਗਾ ਆਗੂਆਂ ਤੇ ਮੇਟਾਂ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਗਿਆ।ਏ.ਡੀ.ਸੀ. ਦਫ਼ਤਰ ਸਾਹਮਣੇ ਇਕੱਠੇ ਹੋਏ ਵਰਕਰਾਂ ਨੇ ਸਰਕਾਰਾਂ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਪ੍ਰਸ਼ਾਸਨ ਰਾਹੀਂ ਆਪਣਾ ਮੰਗ ਪੱਤਰ ਸੌਂਪਿਆ।ਇਸ ਮੌਕੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਨਰੇਗਾ ਤੇ ਵੀ.ਬੀ.ਜੀ. ਰਾਮ ਜੀ ਸਕੀਮ ਦੇ ਨਾਂ 'ਤੇ ਅਜਿਹਾ ਰੋਲ-ਘਚੋਲਾ ਪਾਇਆ ਹੈ ਕਿ ਗ਼ਰੀਬ ਮਜ਼ਦੂਰ ਰੁਜ਼ਗਾਰ ਤੋਂ ਵਾਂਝਾ ਹੋ ਕੇ ਰਹਿ ਗਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਨਾ ਤਾਂ ਲੋਕਾਂ ਨੂੰ ਠੇਕਾ ਪ੍ਰਣਾਲੀ ਤਹਿਤ ਕੰਮ ਦਿੱਤਾ ਜਾ ਰਿਹਾ ਹੈ ਅਤੇ ਨਾ ਹੀ ਨਵੀਆਂ ਸਕੀਮਾਂ ਸਹੀ ਢੰਗ ਨਾਲ ਲਾਗੂ ਹੋ ਰਹੀਆਂ ਹਨ।ਦਿਹਾਤੀ ਮਜ਼ਦੂਰ ਸਭਾ ਦੇ ਆਗੂ ਬਲਕਾਰ ਸਿੰਘ ਔਲਖ ਤੇ ਸਿਕੰਦਰ ਸਿੰਘ ਔਲਖ ਨੇ ਮੰਗ ਕੀਤੀ ਕਿ ਸਾਲ ਵਿੱਚ ਘੱਟੋ-ਘੱਟ 200 ਦਿਨ ਦਾ ਕੰਮ ਯਕੀਨੀ ਬਣਾਇਆ ਜਾਵੇ।ਦਿਹਾੜੀ ਦੇ ਰੇਟ ਵਿੱਚ ਵਾਧਾ ਕੀਤਾ ਜਾਵੇ।ਕੰਮ ਮੰਗਣ 'ਤੇ ਤੁਰੰਤ ਰਸੀਦ ਮਿਲਣ ਦੀ ਗਰੰਟੀ ਹੋਵੇ।ਕੁਝ ਚੋਣਵੇਂ ਘਰਾਂ ਨੂੰ ਲਾਭ ਪਹੁੰਚਾਉਣ ਦੀ ਬਜਾਏ ਹਰੇਕ ਲੋੜਵੰਦ ਮਜ਼ਦੂਰ ਨੂੰ ਕੰਮ ਦਿੱਤਾ ਜਾਵੇ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਤੁਰੰਤ ਕੰਮ ਜਾਂ ਬੇਰੁਜ਼ਗਾਰੀ ਭੱਤਾ ਦੇਣਾ ਸ਼ੁਰੂ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਜਟਾਣਾ, ਰਾਮ ਸਿੰਘ ਚੈਨਾ, ਰੁਪਿੰਦਰ ਕੌਰ ਔਲਖ, ਗਗਨਦੀਪ ਕੌਰ ਤੇ ਬਲੀ ਸਿੰਘ ਢਿੱਲਵਾਂ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਸਾਬਕਾ ਵਿਧਾਇਕ ਰਾਜਿੰਦਰ ਸਿੰਘ ਤੇ ਸਮੂਹ ਪਰਵਾਰ ਵੱਲੋਂ ਦੁੱਖ ਸਾਂਝਾ ਕਰਨ ਵਾਲਿਆਂ ਦਾ ਧੰਨਵਾਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਟਕਸਾਲੀ ਆਗੂ ਤੇ ਸਾਬਕਾ ਮੰਤਰੀ ਲਾਲ ਸਿੰਘ ਦੀਆਂ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ ਹਜ਼ਾਰਾਂ ਸਨੇਹੀਆਂ ਵੱਲੋਂ ਲਾਲ ਸਿੰਘ ਨੂੰ ਸ਼ਰਧਾਂਜਲੀ ਅਰਪਤ ਕੀਤੀ।ਸਵ: ਲਾਲ ਸਿੰਘ ਦੇ ਸਪੁੱਤਰ ਸਮਾਣਾ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਤੇ ਸਮੂਹ ਪਰਵਾਰ ਵੱਲੋਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ, ਕਿਸਾਨ ਯੂਨੀਅਨ, ਆੜ੍ਹਤੀਆ ਐਸਸੀਏਸ਼ਨਾਂ ਦੇ ਮੁਖੀਆਂ, ਪਾਰਟੀ ਵਰਕਰਾਂ ਵੱਲੋਂ ਉਨ੍ਹਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਤੇ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੋਣ ਲਈ ਤਹਿਦਿਲੋਂ ਧੰਨਵਾਦ ਕੀਤਾ ਗਿਆ ਹੈ। ਰਾਜਿੰਦਰ ਸਿੰਘ ਤੇ ਸਮੂਹ ਪਰਵਾਰ ਵੱਲੋਂ ਆਲ ਇੰਡੀਆ ਕਾਂਗਰਸ ਦੇ ਸੀਨੀਅਰ ਆਗੂ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਹੁਲ ਗਾਂਧੀ, ਪੰਜਾਬ ਸਰਕਾਰ ਦੇ ਗਵਰਨਰ ਗੁਲਾਬ ਚੰਦ ਕਟਾਰੀਆ, ਹਰਿਆਣਾ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਪੰਜਾਬ ਵਿਧਾਨ ਸਭਾ ਦੇ ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਭਾਰਤੀ ਜਨਤਾ ਪਾਰਟੀ ਦੀ ਆਗੂ ਬੀਬੀ ਪ੍ਰਨੀਤ ਕੌਰ, ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕ੍ਰਮ ਸਿੰਘ ਮਜੀਠੀਆ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਵਿਜੈਇੰਦਰ ਸਿੰਗਲਾ, ਐੱਸ ਪੀ ਓਬਰਾਏ, ਸੁਖਪਾਲ ਖਹਿਰਾ, ਸ਼ਮਸ਼ੇਰ ਦੂਲੋ, ਸਾਬਕਾ ਮੰਤਰੀ ਬਲਬੀਰ ਸਿੱਧੂ, ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਮੰਤਰੀ ਬਲਬੀਰ ਸਿੰਘ, ਐੱਮ ਪੀ ਡਾ. ਧਰਮਵੀਰ ਗਾਂਧੀ, ਮਨਪ੍ਰੀਤ ਸਿੰਘ ਬਾਦਲ, ਅਜੀਤ ਇੰਦਰ ਸਿੰਘ ਮੋਫਰ, ਗੁਰਕੀਰਤ ਕੋਟਲੀ, ਹਰਮਿੰਦਰ ਗਿੱਲ, ਮਹਿੰਦਰ ਸਿੰਘ ਕੇਪੀ, ਮਦਨ ਜਲਾਲਪੁਰ, ਗੁਲਾਬ ਚੰਦ ਕਟਾਰੀਆ, ਤ੍ਰਿਪਤ ਰਜਿੰਦਰ ਬਾਜਵਾ, ਬ੍ਰਹਮ ਮਹਿੰਦਰਾ, ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਮੋਹਿਤ ਮਹਿੰਦਰਾ, ਗੁਰਜੀਤ ਸਿੰਘ ਰਾਣਾ, ਰਾਣਾ ਸੋਢੀ, ਸਾਬਕਾ ਐੱਮ ਪੀ ਮੁਹੰਮਦ ਸਦੀਕ, ਐਮ ਪੀ ਗੁਰਜੀਤ ਸਿੰਘ ਔਜਲਾ, ਸੁੱਖ ਸਰਕਾਰੀਆ, ਕੈਪ. ਸੰਦੀਪ ਸੰਧੂ, ਸੁਰਜੀਤ ਸਿੰਘ ਰੱਖੜਾ, ਗੁਰਕੀਰਤ ਸਿੰਘ ਕੋਟਲੀ, ਲਖਵੀਰ ਸਿੰਘ ਲੱਖਾ ਪਾਇਲ, ਆਪ ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਦਲਬੀਰ ਗੋਲਡੀ, ਮਲਕੀਤ ਦਾਖਾ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਐੱਨ ਕੇ ਸ਼ਰਮਾ, ਰਣਜੀਤ ਸਿੰਘ ਰਾਣਾ ਰਾਜਪੁਰਾ ਤੋਂ ਇਲਾਵਾ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਸਾਬਕਾ ਚੇਅਰਮੈਨ ਸੁਰਿੰਦਰ ਮਿੱਤਲ, ਹਲਕਾ ਸ਼ੁਤਰਾਣਾ ਤੋਂ ਦਰਸ਼ਨ ਸਿੰਘ ਸਿੱਧੂ, ਮਦਨ ਲਾਲ ਜਲਾਲਪੁਰ, ਸਾਧੂ ਸਿੰਘ ਧਰਮਸੋਤ ਵਿਧਾਨ ਸਭਾ ਹਲਕਾ ਸਮਾਣਾ ਤੇ ਸਨੌਰ ਦੇ ਪਾਰਟੀ ਆਗੂਆਂ, ਵਰਕਰਾਂ ਤੇ ਸਨੇਹੀਆਂ ਦਾ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



# ਸ਼ਸ਼ੀ ਭੂਸ਼ਣ ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਦੇ ਪ੍ਰਧਾਨ ਨਿਯੁਕਤ

## ਉਦਯੋਗਿਕ ਵਿਕਾਸ ਤੇ ਸਮਾਜ ਸੇਵਾ ਦਾ ਲਿਆ ਅਹਿਦ



ਧੂਰੀ-ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ (ਬਲਾਕ ਧੂਰੀ) ਦੀ ਨਵੀਂ ਚੁਣੀ ਗਈ ਕਮੇਟੀ।

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ (ਬਲਾਕ ਧੂਰੀ) ਦੀ ਸਥਾਨਕ ਉਦਯੋਗਪਤੀਆਂ ਦੀ ਸਹਿਮਤੀ ਨਾਲ ਜਥੇਬੰਦੀ ਦੀ ਨਵੀਂ ਕਾਰਜਕਾਰਨੀ ਦੀ ਕੀਤੀ ਗਈ ਚੋਣ 'ਚ ਸ਼ਸ਼ੀ ਭੂਸ਼ਣ ਬਾਂਸਲ ਨੂੰ ਸਰਬਸੰਮਤੀ ਨਾਲ ਅਗਲੇ ਸਾਲ ਲਈ ਚੈਂਬਰ ਦਾ ਪ੍ਰਧਾਨ ਚੁਣਿਆ ਗਿਆ।ਚੋਣ ਪ੍ਰਕਿਰਿਆ ਦੌਰਾਨ ਸਾਰੇ ਮੈਂਬਰਾਂ ਨੇ ਇੱਕਜੁੱਟਤਾ ਦਿਖਾਉਂਦਿਆਂ ਬਾਂਸਲ ਦੀ ਅਗਵਾਈ 'ਤੇ ਭਰੋਸਾ ਜਤਾਇਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਰਾਈਸਿਲਾ ਦੇ ਡਾਇਰੈਕਟਰ ਪੁਰਸ਼ੋਤਮ ਦਾਸ ਗਰਗ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਚੋਪੜਾ ਕਿੱਟੀ ਤੇ ਜ਼ਿਲ੍ਹਾ ਸੈਕਟਰੀ ਐੱਮ. ਪੀ. ਸਿੰਘ ਨੇ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੱਤੀ।ਮੀਟਿੰਗ ਦੌਰਾਨ ਪ੍ਰਧਾਨ ਤੋਂ ਇਲਾਵਾ ਹੋਰ ਅਹੁਦੇਦਾਰਾਂ ਦੀ ਨਿਯੁਕਤੀ ਵੀ ਬੜੇ ਸੁਖਾਵੇਂ ਮਾਹੌਲ ਵਿੱਚ ਕੀਤੀ ਗਈ।ਗੁਰਬਖ਼ਸ਼ ਸਿੰਘ ਗੁੱਡੂ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪੀ ਗਈ, ਜਦਕਿ ਰਾਜੇਸ਼ ਸਿੰਗਲਾ ਸ਼ੈਂਟੀ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸੇ ਤਰ੍ਹਾਂ ਤੇਜਿੰਦਰ ਸਿੰਘ ਨੂੰ ਸੈਕਟਰੀ ਤੇ ਸੰਜੇ ਗੋਇਲ ਨੂੰ ਉੱਪ-ਚੇਅਰਮੈਨ ਵਜੋਂ ਸੇਵਾਵਾਂ ਨਿਭਾਉਣ ਲਈ ਚੁਣਿਆ ਗਿਆ।ਬਾਕੀ ਰਹਿੰਦੀ ਕਾਰਜਕਾਰਨੀ ਤੇ ਮੈਂਬਰਾਂ ਦੀ ਨਿਯੁਕਤੀ ਦੇ ਸਾਰੇ ਅਧਿਕਾਰ ਸਰਬਸੰਮਤੀ ਨਾਲ ਨਵ-ਨਿਯੁਕਤ ਪ੍ਰਧਾਨ ਸ਼ਸ਼ੀ ਭੂਸ਼ਣ ਬਾਂਸਲ ਨੂੰ ਦਿੱਤੇ ਗਏ ਤਾਂ ਜੋ ਉਹ ਉਦਯੋਗਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਟੀਮ ਦਾ ਵਿਸਤਾਰ ਕਰ ਸਕਣ।ਆਪਣੀ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਸ਼ੀ ਭੂਸ਼ਣ ਬਾਂਸਲ ਨੇ ਕਿਹਾ ਕਿ ਚੈਂਬਰ ਆਉਣ ਵਾਲੇ ਸਮੇਂ ਵਿੱਚ ਨਾ ਸਿਰਫ਼ ਉਦਯੋਗਪਤੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਕੰਮ ਕਰੇਗਾ, ਸਗੋਂ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਨਵੀਆਂ ਪੈੜਾਂ ਪਾਵੇਗਾ। ਉਨ੍ਹਾਂ ਕਿਹਾ ਕਿ ਉਦਯੋਗਿਕ ਇਕਾਈਆਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾਉਣਾ ਤੇ ਇਲਾਕੇ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ।ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਸ਼ੈਂਟੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਚੈਂਬਰ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਲੋਕ-ਭਲਾਈ ਦੇ ਕੰਮਾਂ ਤੇ ਪ੍ਰਾਪਤੀਆਂ 'ਤੇ ਚਾਨਣਾ ਪਾਇਆ।ਇਸ ਚੋਣ ਮੀਟਿੰਗ ਦੌਰਾਨ ਮੁਕੇਸ਼ ਸਿੰਗਲਾ ਬੰਟੀ, ਅਮਿਤ ਗੋਇਲ, ਚੰਦਨ ਮਿੱਤਲ, ਦਰਸ਼ਨ ਸਿੰਘ ਜੇ ਡੀ, ਜਗਦੇਵ ਜਿੰਦਲ, ਵਿਨੋਦ ਗਰਗ, ਮਨੂ ਕਾਂਸਲ, ਜਸਵਿੰਦਰ ਸਿੰਘ ਬਿੱਲੂ, ਜੀਵਨ ਜੈਨ, ਰੋਮੀ ਸਿੰਗਲਾ ਤੇ ਰਾਜੀਵ ਜਿੰਦਲ ਸ਼ਾਮਲ ਸਨ।

# ਕੌਮਾਂਤਰੀ ਮਜ਼ਦੂਰ ਦਿਹਾੜੇ ਨੂੰ ਸਮਰਪਤ ਸਨਮਾਨ ਸਮਾਗਮ ਪਹਿਲੀ ਨੂੰ



**ਲੁਧਿਆਣਾ (ਸਤੀਸ਼ ਸਚਦੇਵਾ)**-ਪੰਜਾਬ ਲੋਕ ਸੱਭਿਆਚਾਰ ਮੰਚ ਵੱਲੋਂ ਪਹਿਲੀ ਮਈ ਦੀ ਰਾਤ (ਕੌਮਾਂਤਰੀ ਮਜ਼ਦੂਰ ਦਿਹਾੜੇ ਨੂੰ ਸਮਰਪਤ) ਸ਼ਾਮ 8 ਵਜੇ ਤੋਂ ਦਿਨ ਚੜ੍ਹਾਅ ਤੱਕ ਲੋਕ ਪੱਖੀ, ਨਾਟਕਾਂ, ਗੀਤ, ਸੰਗੀਤ ਕੋਰਿਓਗ੍ਰਾਫੀਆਂ, ਸ਼ਹੀਦਾਂ ਨੂੰ ਸ਼ਰਧਾਂਜਲੀਆਂ ਤੇ ਲੋਕ ਹਿੱਤਾਂ ਲਈ ਜੂਝਣ ਵਾਲੀਆਂ ਸਰਗਰਮ ਸ਼ਖ਼ਸੀਅਤਾਂ ਦਾ ਸਨਮਾਨ ਸਮਾਗਮ ਕਰਵਾਇਆ ਜਾ ਰਿਹਾ ਹੈ।ਪਲਸ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਤੇ ਜਨਰਲ ਸਕੱਤਰ ਅਮੋਲਕ ਸਿੰਘ, ਕੰਵਲਜੀਤ ਖੰਨਾ, ਵਿੱਤ ਸਕੱਤਰ ਕਸਤੂਰੀ ਲਾਲ ਨੇ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਪਹਿਲੀ ਮਈ ਦੀ ਰਾਤ (ਕੌਮਾਂਤਰੀ ਮਜ਼ਦੂਰ ਦਿਹਾੜੇ ਨੂੰ ਸਮਰਪਤ) ਪਹਿਲੀ ਮਈ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਾਮ 8 ਵਜੇ ਤੋਂ ਸਾਰੀ ਰਾਤ ਤੱਕ ਲੋਕਪੱਖੀ ਨਾਟਕਾਂ, ਗੀਤ ਸੰਗੀਤ, ਸ਼ਹੀਦਾਂ ਨੂੰ ਸਮਰਪਤ ਸ਼ਰਧਾਂਜਲੀਆਂ ਤੇ ਸੁਨੇਹਾ, ਗੁਰਸ਼ਰਨ ਕਲਾ ਸਨਮਾਨ ਤੇ ਵੱਖ-ਵੱਖ ਪ੍ਰਕਾਸ਼ਕਾਂ ਵੱਲੋਂ ਪੁਸਤਕ ਪ੍ਰਦਰਸ਼ਨੀ ਪੰਜਾਬੀ ਭਵਨ ਲੁਧਿਆਣਾ ਵਿਖੇ ਲਗਾਈ ਜਾ ਰਹੀ ਹੈ।ਇਹ ਸਮਾਗਮ ਸਾਮਰਾਜੀ ਜੰਗ ਵਿਰੋਧੀ ਲੋਕ ਲਹਿਰ ਤੇ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਤ ਹੋਵੇਗਾ।

# ਭਗਵੰਤ ਮਾਨ ਸਰਕਾਰ ਦੀ ਚਾਰ ਸਾਲਾਂ ਦੀ ਬੇਮਿਸਾਲ ਕਾਰਗੁਜ਼ਾਰੀ ਤੋਂ ਲੋਕ ਪੂਰੀ ਤਰ੍ਹਾਂ ਸੰਤੁਸ਼ਟ : ਸੁਖਵੀਰ ਸੁੱਖੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀ ਪਿਛਲੇ ਚਾਰ ਸਾਲਾਂ ਦੀ ਬੇਮਿਸਾਲ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੜ ਸੱਤਾ 'ਚ ਆਉਣਾ ਤੈਅ ਹੈ।ਇਹ ਦਾਅਵਾ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਕੁਤਬਾ ਵਿਖੇ ਸਾਬਕਾ ਸਰਪੰਚ ਨਿਰੰਜਣ ਸਿੰਘ ਰਾਏ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਉਪਰੰਤ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਅਜਿਹੇ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਨੇ ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਹੈ, ਜਿਸ ਤਹਿਤ ਘਰੇਲੂ ਬਿਜਲੀ ਦੇ ਬਿੱਲ ਜ਼ੀਰੋ ਕਰਕੇ ਲੋਕਾਂ ਨੂੰ ਵੱਡੀ ਆਰਥਿਕ ਰਾਹਤ ਦਿੱਤੀ ਗਈ ਹੈ ਤੇ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇਨਕਲਾਬੀ ਕਦਮ ਚੁੱਕਦਿਆਂ ਪਿੰਡਾਂ ਤੇ ਸ਼ਹਿਰਾਂ ਵਿੱਚ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ ਤਾਂ ਜੋ ਲੋਕਾਂ ਨੂੰ ਮੁਫ਼ਤ ਦਵਾਈਆਂ ਤੇ ਟੈਸਟਾਂ ਦੀ ਸਹੂਲਤ ਘਰਾਂ ਦੇ ਨੇੜੇ ਮਿਲ ਸਕੇ।ਸੁਖਵੀਰ ਸਿੰਘ ਸੁੱਖੀ ਨੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਹਜ਼ਾਰਾਂ ਸਰਕਾਰੀ ਨੌਕਰੀਆਂ ਦੇ ਕੇ ਪਾਰਦਰਸ਼ੀ ਪ੍ਰਸ਼ਾਸਨ ਦੀ ਮਿਸਾਲ ਪੇਸ਼ ਕੀਤੀ ਗਈ ਹੈ ਅਤੇ ਖੇਤੀਬਾੜੀ ਦੇ ਖੇਤਰ ਵਿੱਚ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ ਸਮੇਤ ਕਿਸਾਨਾਂ ਨੂੰ ਫ਼ਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਜਾਰੀ ਕਰ ਕੇ ਅੰਨਦਾਤੇ ਦੀ ਬਾਂਹ ਫੜੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਮੌਜੂਦ ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੇ ਪਾਰਟੀ ਵਰਕਰਾਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਕੀਤੇ ਗਏ ਇਨ੍ਹਾਂ ਲੋਕ-ਪੱਖੀ ਕਾਰਜਾਂ ਬਾਰੇ ਜਾਣਕਾਰੀ ਘਰ-ਘਰ ਤੱਕ ਪਹੁੰਚਾਉਣ ਤਾਂ ਜੋ ਵਿਰੋਧੀ ਪਾਰਟੀਆਂ ਦੇ ਗੁਮਰਾਹਕੁੰਨ ਪ੍ਰਚਾਰ ਨੂੰ ਠੱਲ੍ਹ ਪਾਈ ਜਾ ਸਕੇ।

ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਵੀ ਇਸ ਦੌਰਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਤੇ ਕਿਹਾ ਕਿ ਪੰਜਾਬ ਦੇ ਲੋਕ ਰਿਵਾਇਤੀ ਪਾਰਟੀਆਂ ਦੀ ਰਾਜਨੀਤੀ ਨੂੰ ਤਿਆਗ ਕੇ ਵਿਕਾਸ ਦੀ ਰਾਜਨੀਤੀ ਨਾਲ ਜੁੜ ਚੁੱਕੇ ਹਨ।ਇਸ ਮੌਕੇ ਮਾਸਟਰ ਹਰਮਨਜੀਤ ਸਿੰਘ, ਬਲਰਾਮ ਸਿੰਘ ਰਾਏ, ਹਰਸਿਮਰਨਜੀਤ ਸਿੰਘ, ਅਰੁਣ ਕੁਮਾਰ ਬਾਂਸਲ, ਰਿੰਕਾ ਬਾਹਮਣੀਆਂ ਤੇ ਦਵਿੰਦਰ ਸਿੰਘ ਧਨੌਆ ਆਦਿ ਹਾਜ਼ਰ ਸਨ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ



ਪ੍ਰਧਾਨ ਕਰਮਜੀਤ ਸ਼ਰਮਾ ਮਾਸਿਕ ਮੀਟਿੰਗ ਦੌਰਾਨ ਮੌਜੂਦ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮਾਸਿਕ ਮੀਟਿੰਗ ਸਥਾਨਕ ਪੈਨਸ਼ਨਰ ਭਵਨ ਵਿਖੇ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਅਗਵਾਈ ਵਾਲੇ ਹਰਦੇਵ ਸਿੰਘ, ਮੇਜਰ ਸਿੰਘ ਚੌਂਤਰਾ, ਸੁਖਮੰਦਰ ਸਿੰਘ ਬੇਦੀ, ਬਲਵੰਤ ਸਿੰਘ ਅਟਵਾਲ ਤੇ ਜਗਦੀਸ਼ ਰਾਏ ਢੋਸੀਵਾਲ 'ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੀਆਂ ਪੈਨਸ਼ਨਰ ਜਥੇਬੰਦੀਆਂ ਦੇ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਅਮਰਜੀਤ ਸਿੰਘ, ਦਰਸ਼ਨ ਸਿੰਘ, ਬਲਜੀਤ ਸਿੰਘ ਅਰੋੜਾ ਦੀ ਸੱਸ ਸ੍ਰੀਮਤੀ ਮਨਜੀਤ ਕੌਰ ਬਲਵੀਰ ਸਿੰਘ ਸੱਕਾਂਵਾਲੀ ਤੇ ਧੰਨ ਰਾਮ ਦੀ ਪਤਨੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਦੇ ਨਾਲ ਹੀ ਮਥਰਾ ਵਿਖੇ ਦਰਦਨਾਕ ਕਿਸ਼ਤੀ ਹਾਦਸੇ ਵਿੱਚ ਮਾਰੇ ਗਏ ਪੰਜਾਬ ਦੇ ਸ਼ਰਧਾਲੂਆਂ ਦੀ ਬੇਵਕਤੀ ਮੌਤ 'ਤੇ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਦੌਰਾਨ ਮਿਸ਼ਨ ਦੇ ਅਕਾਲ ਚਲਾਣਾ ਕਰ ਗਏ ਮੈਂਬਰਾਂ ਤੇ ਉਕਤ ਮ੍ਰਿਤਕ ਸ਼ਰਧਾਲੂਆਂ ਨੂੰ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੌਰਾਨ ਚੌ. ਬਲਬੀਰ ਸਿੰਘ, ਜਸਵੰਤ ਸਿੰਘ ਬਰਾੜ, ਅਜੈਬ ਸਿੰਘ ਰੁਪਾਣਾ, ਮੇਜਰ ਸਿੰਘ ਚੌਂਤਰਾ, ਇੰਦਰ ਸਿੰਘ ਤੇ ਹੋਰਨਾਂ ਨੇ ਵੀ ਆਪਣੇ ਸੰਬੋਧਨ ਵਿੱਚ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ।ਮੀਟਿੰਗ ਦੌਰਾਨ ਸਟੇਜ ਸਕੱਤਰ ਦੀ ਕਾਰਵਾਈ ਸ਼ਾਇਰਾਨਾ ਅੰਦਾਜ਼ ਵਿੱਚ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਬਾਖੂਬੀ ਨਿਭਾਈ।ਸਮੂਹ ਮੈਂਬਰਾਂ ਵੱਲੋਂ 14 ਅਪ੍ਰੈਲ ਨੂੰ ਆਉਣ ਵਾਲੀ ਵਿਸਾਖੀ ਤੇ ਡਾ. ਅੰਬੇਡਕਰ ਜੈਅੰਤੀ ਦੀ ਸਭਨਾਂ ਨੂੰ ਵਧਾਈ ਦਿੱਤੀ ਗਈ।ਮੁੱਖ ਰੂਪ ਵਿੱਚ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਰਮਜੀਤ ਸ਼ਰਮਾ ਨੇ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਡੀ. ਏ. ਦੇ ਬਕਾਏ ਸਬੰਧੀ ਦਿੱਤੇ ਇਤਿਹਾਸਕ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅੱਜ ਦੇਸ਼ ਦੇ ਹਾਲਾਤ ਐਨੇ ਖਰਾਬ ਹੋ ਚੁੱਕੇ ਹਨ ਕਿ ਆਪਣੇ ਛੋਟੇ-ਛੋਟੇ ਹੱਕਾਂ ਲਈ ਵੀ ਅਦਾਲਤਾਂ ਦਾ ਬੂਹਾ ਖੜਕਾਉਣਾ ਪੈਂਦਾ ਹੈ। ਸਰਕਾਰਾਂ ਆਮ ਜਨਤਾ ਅਤੇ ਮੁਲਾਜ਼ਮਾਂ ਦੇ ਹੱਕਾਂ ਪ੍ਰਤੀ ਅੱਖਾਂ ਮੀਟੀ ਬੈਠੀਆਂ ਹਨ। ਉਨ੍ਹਾਂ ਨੇ ਅੱਜਕਲ੍ਹ ਸਰਕਾਰੀ ਬੈਂਕਾਂ ਵਿਚ ਕਰੰਸੀ ਦੀ ਭਾਰੀ ਤੋਟ ਦਾ ਜਿਕਰ ਵੀ ਕੀਤਾ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਮੰਗ ਕੀਤੀ ਕਿ ਸਾਰੇ ਬੈਂਕਾਂ ਵਿੱਚ ਉਨ੍ਹਾਂ ਨੂੰ ਲੋੜੀਂਦੀ ਕਰੰਸੀ ਮੁਹੱਈਆ ਕਰਵਾਈ ਜਾਵੇ।ਉਕਤ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦਿੱਤੀ।

# ਮੋਗਾ-ਬਰਨਾਲਾ ਰੋਡ 'ਤੇ ਨਜਾਇਜ਼ ਕੱਟ ਬਣ ਰਹੇ ਨੇ ਜਾਨਲੇਵਾ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੋਗਾ-ਬਰਨਾਲਾ ਐੱਨ ਐੱਚ 703 ਰੋਡ 'ਤੇ ਬਣੇ ਨਜਾਇਜ਼ ਕੱਟ ਲੋਕਾਂ ਲਈ ਵੱਡਾ ਖਤਰਾ ਬਣਦੇ ਜਾ ਰਹੇ ਹਨ।ਇਸ ਸੜਕ 'ਤੇ ਹਰ ਰੋਜ਼ ਛੋਟੇ-ਵੱਡੇ ਹਾਦਸੇ ਵਾਪਰ ਰਹੇ ਹਨ, ਜਿਨ੍ਹਾਂ ਕਰਕੇ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ।ਸਥਾਨਕ ਰਹਿਣ ਵਾਲਿਆਂ ਦਾ ਕਹਿਣਾ ਹੈ ਕਿ ਸੜਕ 'ਤੇ ਬਿਨਾਂ ਕਿਸੇ ਯੋਜਨਾ ਅਤੇ ਇਜਾਜ਼ਤ ਦੇ ਕੱਟ ਬਣਾਏ ਗਏ ਹਨ, ਜਿਸ ਨਾਲ ਵਾਹਨਾਂ ਦੀ ਆਵਾਜਾਈ ਬੇਤਰਤੀਬ ਹੋ ਗਈ ਹੈ।ਅਚਾਨਕ ਮੁੜਨ ਵਾਲੇ ਵਾਹਨ ਹੋਰ ਚੱਲ ਰਹੇ ਟ੍ਰੈਫਿਕ ਲਈ ਵੱਡਾ ਖਤਰਾ ਬਣ ਰਹੇ ਹਨ।ਰੋਜ਼ਾਨਾ ਸਕੂਲ ਜਾਣ ਵਾਲੇ ਬੱਚੇ, ਦਫ਼ਤਰ ਜਾਣ ਵਾਲੇ ਲੋਕ ਤੇ ਆਮ ਯਾਤਰੀ ਇਸ ਸਮੱਸਿਆ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।ਕਈ ਵਾਰ ਤੇਜ਼ ਰਫ਼ਤਾਰ ਵਾਹਨ ਅਚਾਨਕ ਆ ਰਹੇ ਵਾਹਨਾਂ ਨਾਲ ਟਕਰਾ ਜਾਂਦੇ ਹਨ, ਜਿਸ ਨਾਲ ਜਾਨੀ ਨੁਕਸਾਨ ਦਾ ਵੀ ਖਤਰਾ ਬਣਦਾ ਹੈ।

ਇਸ ਸਬੰਧੀ ਲੋਕ ਇਨਸਾਫ਼ ਜਥੇਬੰਦੀ ਦੇ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਇਨ੍ਹਾਂ ਨਜਾਇਜ਼ ਕੱਟਾਂ ਨੂੰ ਤੁਰੰਤ ਬੰਦ ਕੀਤਾ ਜਾਵੇ ਤੇ ਜਿੱਥੇ ਜ਼ਰੂਰੀ ਹੋਵੇ, ਠੀਕ ਢੰਗ ਨਾਲ ਯੋਜਨਾਬੱਧ ਕੱਟ ਬਣਾਏ ਜਾਣ।ਇਸ ਦੇ ਨਾਲ ਹੀ ਸੜਕ 'ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਤਾਂ ਜੋ ਹਾਦਸਿਆਂ 'ਤੇ ਕਾਬੂ ਪਾਇਆ ਜਾ ਸਕੇ।ਜੇਕਰ ਸਮੇਂ 'ਤੇ ਇਸ ਮਾਮਲੇ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਵੱਡਾ ਹਾਦਸਾ ਵਾਪਰ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਸੰਬੰਧਤ ਵਿਭਾਗਾਂ 'ਤੇ ਹੋਵੇਗੀ।

# ਮੌਜੂਦਾ ਸਰਕਾਰ ਸਭ ਤੋਂ ਨਿਕੰਮੀ : ਜਗਦੀਸ਼ ਸਿੰਘ ਚਾਹਲ

## ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਬ੍ਰਾਂਚ ਦੇ ਐਕਟਿੰਗ ਪ੍ਰਧਾਨ ਅਜਮੇਰ ਸਿੰਘ ਅਖਾੜਾ ਦੀ ਪ੍ਰਧਾਨਗੀ ਹੇਠ ਸ਼ਹੀਦ ਕਾ. ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ।ਮੀਟਿੰਗ ਵਿੱਚ ਬਲਵਿੰਦਰ ਸਿੰਘ ਨਿਆਮੀਵਾਲਾ ਤੇ ਬਲਵਿੰਦਰ ਸਿੰਘ ਧਰਮਕੋਟ ਦੀ ਪਤਨੀ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਅਫ਼ਸੋਸ ਪ੍ਰਗਟ ਕੀਤਾ ਗਿਆ।ਇਸ ਉਪਰੰਤ ਮੀਟਿੰਗ ਦੀ ਕਾਰਵਾਈ ਭੁਪਿੰਦਰ ਸਿੰਘ ਸੇਖੋਂ ਨੇ ਚਲਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਹੁਣ ਮਾਣਯੋਗ ਅਦਾਲਤ ਦੇ ਹੁਕਮਾਂ ਨੂੰ ਵੀ ਟਿੱਚ ਜਾਣ ਦੀ ਹੈ।ਹੁਕਮਾਂ ਨੂੰ ਟਾਲਣ ਦਾ ਹਰ ਹੀਲਾ ਵਰਤ ਰਹੀ ਹੈ।ਉਨ੍ਹਾਂ ਮਾਣਯੋਗ ਅਦਾਲਤ ਵੱਲੋਂ ਮੁਲਾਜ਼ਮਾਂ ਨੂੰ ਡੀ. ਏ. ਦੇਣ ਦੇ ਹੁਕਮ ਜਾਰੀ ਕਰਨ ਦਾ ਧੰਨਵਾਦ ਕੀਤਾ, ਪਰ ਪੰਜਾਬ ਸਰਕਾਰ ਵੱਲੋਂ ਇਹ ਹਲਫ਼ਨਾਮਾ ਦੇਣਾ ਕਿ 'ਇਹ ਸਰਕਾਰ ਦੀ ਮਰਜ਼ੀ ਹੈ ਮੁਲਾਜ਼ਮਾਂ ਨੂੰ ਡੀ.ਏ. ਦੇਵੇ ਜਾਂ ਨਾ ਦੇਵੇ' ਨਿੰਦਣਯੋਗ ਹੈ, ਜਦਕਿ ਪੰਜਾਬ ਸਰਕਾਰ ਪਹਿਲਾਂ ਤੋਂ ਕੇਂਦਰ ਸਰਕਾਰ ਦੀ ਤਰਜ਼ 'ਤੇ ਲਗਾਤਾਰ ਡੀ ਏ ਦੇ ਰਹੀ ਹੈ।ਇਸ ਮੌਕੇ ਗੁਰਜੰਟ ਸਿੰਘ ਕੋਕਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਇਸ਼ਤਿਹਾਰਾਂ ਰਾਹੀਂ ਪ੍ਰਚਾਰ ਤਾਂ ਕਰ ਰਹੀ ਹੈ ਕਿ ਸਰਕਾਰ ਨੇ ਨਵੀਆਂ ਬੱਸਾਂ ਪਾਈਆਂ ਹਨ, ਪਰ ਇਹ ਸਾਰੀਆਂ ਬੱਸਾਂ ਕਿਲੋਮੀਟਰ ਸਕੀਮ ਅਧੀਨ ਹੀ ਪਾਈਆਂ ਗਈਆਂ ਹਨ।ਪੰਜਾਬ ਦਾ ਮੁੱਖ ਮੰਤਰੀ ਕਿਸੇ ਵੀ ਮੁਲਾਜ਼ਮ, ਮਜ਼ਦੂਰ ਜਾਂ ਕਿਸਾਨਾਂ ਦੀ ਜਥੇਬੰਦੀ ਨੂੰ ਟਿੱਚ ਕਰਕੇ ਸਮਝ ਰਿਹਾ ਹੈ। ਉਸ ਨੇ ਕਿਸੇ ਜਥੇਬੰਦੀ ਦੇ ਮਸਲੇ ਹੱਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।ਇਸ ਮੌਕੇ ਕਾ. ਜਗਦੀਸ਼ ਸਿੰਘ ਚਾਹਲ ਸੂਬਾ ਪ੍ਰਧਾਨ ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਬੋਲਦਿਆਂ ਕਿਹਾ ਕਿ ਭਾਵੇਂ ਪਿਛਲੀਆਂ ਸਰਕਾਰਾਂ ਨੇ ਮੁਲਾਜ਼ਮਾਂ ਤੇ ਲੋਕਾਂ ਨਾਲ ਧੋਖਾ ਹੀ ਕੀਤਾ ਹੈ, ਪਰ ਇਹ ਸਰਕਾਰ ਤਾਂ ਸਭ ਤੋਂ ਨਿਕੰਮੀ ਹੀ ਨਿਕਲੀ ਹੈ।ਉਨ੍ਹਾਂ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਅੱਜ ਤੋਂ ਹੀ ਇਸ ਸਰਕਾਰ ਨੂੰ ਚਲਦਾ ਕਰਨ ਲਈ ਜ਼ੋਰ ਲਗਾਉਣਾ ਸ਼ੁਰੂ ਕਰ ਦਿਓ।ਵਿਸ਼ੇਸ਼ ਮਤਿਆਂ ਰਾਹੀਂ ਪੰਜਾਬ ਸਰਕਾਰ ਵੱਲੋਂ ਸੰਘਰਸ਼ ਕਰ ਰਹੀਆਂ ਨਰਸਾਂ 'ਤੇ ਐਸਮਾ ਲਾਗੂ ਕਰਨ ਦੀ ਨਿਖੇਧੀ ਕੀਤੀ ਗਈ।ਕੇਂਦਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡਾਂ, ਬਿਜਲੀ ਸੋਧ ਬਿੱਲ 2025, ਬੀਜ ਸੋਧ ਬਿੱਲ 2025 ਦਾ ਸਰਵਸੰਮਤੀ ਨਾਲ ਵਿਰੋਧ ਕੀਤਾ ਗਿਆ। ਇਸ ਸਮੇਂ ਜ. ਸਕੱਤਰ ਬੂਟਾ ਸਿੰਘ ਭੱਟੀ, ਸਤਪਾਲ ਸਹਿਗਲ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਕੈਸ਼ੀਅਰ, ਚਮਕੌਰ ਸਿੰਘ ਲੰਗੇਆਣਾ, ਉਂਕਾਰ ਸਿੰਘ ਫਰਵਾਹਾ, ਸੁਰਜੀਤ ਸਿੰਘ ਡਰੋਲੀ, ਗੁਰਜੀਤ ਸਿੰਘ ਡਰੋਲੀ, ਅਵਤਾਰ ਸਿੰਘ, ਛਿੰਦਰਪਾਲ ਸਿੰਘ, ਕਰਨੈਲ ਸਿੰਘ ਭਲੂਰ, ਦਰਸ਼ਨ ਸਿੰਘ ਕਲਸੀ ਆਦਿ ਵੀ ਹਾਜ਼ਰ ਸਨ।ਇਸ ਮੌਕੇ ਦਰਸ਼ਨ ਸਿੰਘ ਸਿੰਘਾਂਵਾਲਾ ਨੂੰ 70 ਸਾਲ ਦੀ ਉਮਰ ਤੱਕ ਯੂਨੀਅਨ ਪ੍ਰਤੀ ਵਫ਼ਦਾਰ ਰਹਿਣ ਕਾਰਨ ਇੱਕ ਲੋਈ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

## ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਵੱਲੋਂ ਕੀਤਾ ਜਾਵੇਗਾ ਅਰਥੀ ਫੂਕ ਮੁਜ਼ਾਹਰਾ

**ਨਕੋਦਰ (ਮਨਜੀਤ ਮਾਨ)**- ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਵੀਰ ਸਿੰਘ ਰਾਣਾ ਅਤੇ ਸੂਬਾ ਜਰਨਲ ਸਕੱਤਰ ਕੁਲਦੀਪ ਸਿੰਘ ਸੰਗਰੂਰ, ਸੂਬਾ ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਸ਼ੀਰਾ, ਪੀ. ਡਬਲਯੂ.ਡੀ. ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਹਿਦਪੁਰੀ, ਗ੍ਰਾਮ ਪੰਚਾਇਤ ਪੰਪ ਉਪ੍ਰੇਟਰ ਐਸੋਸੀਏਸ਼ਨ ਦੇ ਪ੍ਰਧਾਨ ਬੇਅੰਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਬੰਦੀਆਂ ਦੀ ਮੀਟਿੰਗ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨਾਲ ਸਿਵਲ ਸਕੱਤਰੇਤ ਚੰਡੀਗੜ੍ਹ ਵਿੱਚ ਸਵੇਰੇ 11 ਵਜੇ ਆਪਣੇ ਦਫਤਰ ਵਿਚ ਨਿਸਚਿਤ ਕੀਤੀ ਗਈ ਸੀ ਜਿਸ ਦੇ ਸਬੰਧ ਵਿੱਚ ਮੁੱਖ ਸੂਬਾ ਆਗੂ ਸਵੇਰੇ ਤੜਕਸਾਰ ਤੋਂ ਹੀ ਆਪਣੇ ਘਰਾਂ ਤੋਂ ਤੁਰੇ ਹੋਏ ਸਨ ਜੋ ਕਿ ਆਪਣੇ ਟਾਈਮ ਨਾਲ ਮੀਟਿੰਗ ਲਈ ਪਹੁੰਚ ਗਏ ਸਨ ਪਰ ਅਫਸੋਸ ਅਹਿਮ ਸਮੇਂ ਇਹ ਪਤਾ ਲਗਦਾ ਹੈ ਕਿ ਮੀਟਿੰਗ ਦਾ ਸਮਾਂ 3.30 ਵਜੇ ਕਰ ਦਿੱਤਾ ਗਿਆ ਹੈ। ਜਦੋਂ ਸ਼ਾਮ ਦਾ ਸਮਾਂ ਹੁੰਦਾ ਹੈ ਤੇ ਇਹ ਪਤਾ ਲਗਦਾ ਹੈ ਕਿ ਇਹ ਮੀਟਿੰਗ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਵਲੋਂ ਕੀਤੀ ਜਾਵੇਗੀ ਜਿਹਨਾ ਦਾ ਕਿ ਸਾਡੀਆਂ ਮੰਗਾਂ ਨਾਲ ਕੋਈ ਵੀ ਸਬੰਧ ਨਹੀਂ ਸੀ, ਜਿਸ ਦੇ ਰੋਸ ਵਜੋਂ ਜਲ ਸਪਲਾਈ ਵਿਭਾਗ ਦੀਆਂ 3 ਜਥੇਬੰਦੀਆਂ ਵਲੋਂ ਮੀਟਿੰਗ ਦਾ ਬਾਈਕਾਟ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਵਲੋਂ ਇੱਕਠੇ ਹੋ ਕੇ ਵਿਸ਼ਾਲ ਇਕੱਠ ਕਰਕੇ ਪੰਜਾਬ ਸਰਕਾਰ ਦਾ ਪਿਟ ਸਿਆਪਾ ਕੀਤਾ ਜਾਵੇਗਾ।ਇਸ ਉਪਰੰਤ ਸੂਬਾ ਪ੍ਰਧਾਨ ਦਰਸ਼ਵੀਰ ਸਿੰਘ ਰਾਣਾ ਨੇ ਦੱਸਿਆ ਕਿ ਇਸ ਦੇ ਵਿਰੋਧ ਵਿੱਚ ਸੂਬੇ ਭਰ ਵਿੱਚ ਜ਼ਿਲ੍ਹਾ ਲੈਵਲ ਤੇ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਪ ਉਪ੍ਰੇਟਰ ਐਸੋਸੀਏਸ਼ਨ ਦੇ ਪ੍ਰਧਾਨ ਬੇਅੰਤ ਸਿੰਘ ਨੇ ਕਿਹਾ ਕਿ ਇਸ ਦੇ ਵਿਰੋਧ ਵਿੱਚ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ ਵਿੱਚ ਰੋਸ਼ ਮਾਰਚ ਕਰਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ।ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ 26 ਦੇ ਆਗੂ ਸੂਬਾ ਜੁਆਇੰਟ ਸਕੱਤਰ ਸੁਖਵਿੰਦਰ ਸਿੰਘ ਖਰਲ,ਵਿੱਤ ਸਕੱਤਰ ਬਲਜਿੰਦਰ ਸਿੰਘ ਸਮਾਣਾ, ਪ੍ਰੈਸ ਸਕੱਤਰ ਦਵਿੰਦਰ ਸਿੰਘ ਨਾਭਾ, ਜੁਆਇੰਟ ਪ੍ਰੈਸ ਸਕੱਤਰ ਬਲਵੀਰ ਸਿੰਘ ਹਿਰਦਾਪੁਰ, ਪ੍ਰਚਾਰ ਸਕੱਤਰ ਇੰਦਰਜੀਤ ਸਿੰਘ ਕਪੂਰਥਲਾ ਤੋਂ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

## ਵੀਨਾ ਕੁਮਾਰੀ ਨੇ ਚੇਅਰਪਰਸਨ ਤੇ ਜਸਪਾਲ ਕੌਰ ਨੇ ਵਾਈਸ ਚੇਅਰਪਰਸਨ ਦਾ ਅਹੁਦਾ ਸੰਭਾਲਿਆ

**ਗੁਰਾਇਆ (ਬਿੰਦਰ ਸੁਮਨ)** ਬੀਤੇ ਦਿਨੀ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਰੁੜਕਾ ਕਲਾਂ ਵਿਖੇ ਚੇਅਰਪਰਸਨ ਦੀ ਚੋਣ ਹੋਈ ਸੀ, ਜਿਸ ਵਿੱਚ ਆਪ ਪਾਰਟੀ ਦੇ ਬਲਾਕ ਸੰਮਤੀ ਮੈਂਬਰ ਵੀਨਾ ਕੁਮਾਰੀ ਨੂੰ ਚੇਅਰਪਰਸਨ ਚੁਣਿਆ ਗਿਆ ਸੀ, ਜਿਨ੍ਹਾਂ ਬੀ



ਡੀ ਪੀ ਓ ਦਫਤਰ ਰੁੜਕਾ ਕਲਾਂ ਵਿਖੇ ਬਤੌਰ ਚੇਅਰਪਰਸਨ ਆਪਣਾ ਚਾਰਜ਼ ਸੰਭਾਲਿਆ, ਚਾਰਜ਼ ਸੰਭਾਲਣ ਮੌਕੇ ਹਲਕਾ ਫਿਲੌਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ਼ ਪ੍ਰਿੰਸੀਪਲ ਪ੍ਰੇਮ ਕੁਮਾਰ, ਪਾਰਟੀ ਦੇ ਹਲਕਾ ਫਿਲੌਰ ਤੋ ਸੰਗਠਨ ਇੰਚਾਰਜ਼ ਸੰਜੇ ਅਟਵਾਲ ਤੋਂ ਇਲਾਵਾ ਪਾਰਟੀ ਦੇ ਹੋਰ ਕਈ ਆਗੂ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਬਲਾਕ ਰੁੜਕਾ ਕਲਾਂ ਅਧੀਨ ਆਉਦੇਂ ਪਿੰਡਾਂ ਅੰਦਰ ਵਿਕਾਸ ਕਾਰਜਾਂ ਲਈ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਉਨ੍ਹਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਉਨ੍ਹਾਂ ਨੂੰ ਇਹ ਜੁੰਮੇਵਾਰੀ ਸੌਂਪਣ ਤੇ ਧੰਨਵਾਦ ਵੀ ਕੀਤਾ। ਇਸ ਮੌਕੇ ਬੀ ਡੀ ਪੀ ਓ ਰਾਮ ਪਾਲ ਰਾਣਾ, ਹਰਮੇਸ਼ ਲਾਲ ਪ੍ਰਧਾਨ ਨਗਰ ਕੌਂਸਲ ਗੁਰਾਇਆ, ਬਲਾਕ ਪ੍ਰਧਾਨ ਸ਼ੁਦੇਸ਼ ਕੁਮਾਰ, ਅਵਤਾਰ ਸਿੰਘ ਬਾਸੀ, ਮਨਦੀਪ ਸਿੰਘ, ਬਲਾਕ ਸੰਮਤੀ ਮੈਂਬਰ ਸੋਡੀ ਰਾਮ, ਗੁਰਵਿੰਦਰ ਸਿੰਘ ਭੀਮਾ, ਸੰਤੋਖ ਸਿੰਘ, ਅਜੀਤ ਪਾਲ ਸਰਪੰਚ, ਲਾਡੀ ਬਸਰਾ ਸਰਪੰਚ, ਚੇਅਰਪਰਸਨ ਸ਼੍ਰੀਮਤੀ ਵੀਨਾ ਕੁਮਰੀ ਪਿੰਡ ਵਿਰਕ , ਵਾਇਸ ਚੇਅਰਪਰਸਨ ਸ਼੍ਰੀਮਤੀ ਜਸਪਾਲ ਕੌਰ ਪਾਸਲਾ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਗੁਰਪ੍ਰੀਤ ਕੌਰ ਦੁਸਾਂਝ ਕਲਾਂ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਰਿੰਕੀ ਰਾਣੀ ਰੁੜਕਾ ਕਲਾਂ, ਬਲਾਕ ਸੰਮਤੀ ਮੈਂਬਰ ਅਮਨਦੀਪ ਕੌਰ ਢੀਂਡਸਾ, ਬਲਾਕ ਸੰਮਤੀ ਮੈਂਬਰ ਸ਼੍ਰੀਮਤੀ ਮਹਿੰਦਰ ਕੌਰ ਅਨੀਹਰ, ਜੌਹਲ ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ, ਮਾਹਲ ਬਲਾਕ ਸੰਮਤੀ ਮੈਂਬਰ ਜਸਪ੍ਰੀਤ ਸਿੰਘ, ਲਾਗੜੀਆ ਬਲਾਕ ਸੰਮਤੀ ਮੈਂਬਰ ਜਸਪਾਲ ਮਹਿਮੀ, ਘੁੜਕਾ ਬਲਾਕ ਸੰਮਤੀ ਮੈਂਬਰ ਸੋਢੀ, ਮੁਠੱਡਾ ਬਲਾਕ ਸੰਮਤੀ ਮੈਂਬਰ ਕਮਲਜੀਤ, ਢੇਸੀਆਂ ਕਾਹਨਾਂ ਬਲਾਕ ਸੰਮਤੀ ਮੈਂਬਰ ਬਲਜਿੰਦਰ ਕੁਮਾਰ, ਬੰਡਾਲਾ ਬਲਾਕ ਸੰਮਤੀ ਮੈਂਬਰ ਨਵਪ੍ਰੀਤ ਸਿੰਘ, ਚਚਰਾੜੀ ਬਲਾਕ ਸੰਮਤੀ ਮੈਂਬਰ ਅਨੂਪ ਬੰਗੜ, ਪ੍ਰੀਤਪਾਲ ਸਿੰਘ, ਕੀਰਤਾ ਰਾਮ ਢੀਡਸਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਹਲਕਾ ਆਦਮਪੁਰ ਦੀ ਇੱਕ ਅਹਿਮ ਬੈਠਕ ਜੱਥੇਦਾਰ ਹਰਨਾਮ ਸਿੰਘ ਅਲਾਵਲਪੁਰ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਤੋਂ ਅਕਾਲੀ ਆਗੂ ਹਾਜ਼ਰ ਹੋਏ।ਇਸ ਮੌਕੇ ਜੱਥੇਦਾਰ ਹਰਨਾਮ ਸਿੰਘ ਨੇ ਕਿਹਾ ਕਿ ਆਦਮਪੁਰ ਦੇ ਸਾਰੇ ਅਕਾਲੀ ਆਗੂ ਧੜੇ ਬੰਦੀ ਤੋਂ ਉੱਪਰ ਉੱਠ ਕੇ ਪਾਰਟੀ ਲਈ ਕੰਮ ਕਰ ਰਹੇ ਹਾਂ ਤੇ ਜੱਥੇਬੰਦੀ ਦੀ ਮਜਬੂਤੀ ਤੇ ਆਉਂਦੀਆਂ ਵਿਧਾਨਸਭਾ ਚੋਣਾਂ ਵਿਚ ਪਾਰਟੀ ਨੂੰ ਹਲਕੇ ਵਿੱਚ ਵੱਡੀ ਲੀਡ ਨਾਲ ਜਿਤਾਵਾਂਗੇ।ਉਨ੍ਹਾਂ ਕਿਹਾ ਕਿ ਹਲਕੇ ਵਿੱਚ ਉਮੀਦਵਾਰੀ ਲਈ ਪਾਰਟੀ ਹੈ ਕਮਾਂਡ ਨੂੰ ਮਿਲ ਕੇ ਵੀ ਆਪਣੀ ਰਾਏ ਦੇਵਾਂਗੇ ਤੇ ਪਾਰਟੀ ਜੋ ਫੈਸਲਾ ਕਰੇਗੀ ਓਹ ਸਰਵ ਪ੍ਰਵਾਨ ਹੋਵੇਗਾ।ਇਸ ਮੌਕੇ ਆਪਣੇ ਸੰਬੋਧਨ ਅੰਦਰ ਸੀਨੀਅਰ ਆਗੂ ਬਲਵਿੰਦਰ ਸਿੰਘ ਕਾਲਰਾ, ਯੂਥ ਆਗੂ ਸਨੀ ਢਿੱਲੋਂ,ਰਵਿੰਦਰ ਸਿੰਘ ਫੁੱਲ ਅਤੇ ਕਈ ਹੋਰ ਆਗੂਆਂ ਨੇ ਕਿਹਾ ਕਿ ਪਾਰਟੀ ਹਾਈ ਕਮਾਂਡ ਦਾ ਫੈਸਲੇ ਤੇ ਫੁੱਲ ਚੜ੍ਹਾਉਂਦਿਆਂ ਪਾਰਟੀ ਉਮੀਦਵਾਰ ਦੀ ਡੱਟ ਕੇ ਹਮਾਇਤ ਕਰਾਂਗੇ ਪਰ ਪਾਰਟੀ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ ਪਾਰਟੀ ਦੇ ਉਸ ਟਕਸਾਲੀ ਆਗੂ ਨੂੰ ਟਿਕਟ ਦੇਵੇ ਜਿਨ੍ਹਾਂ ਪਾਰਟੀ ਨੂੰ ਮਜਬੂਤ ਕਰਨ ਲਈ ਔਖੇ ਸਮੇਂ ਅੰਦਰ ਪਾਰਟੀ ਦਾ ਸਾਥ ਦਿੱਤਾ ਨਾਂ ਕਿ ਦੂਸਰੀ ਪਾਰਟੀਆਂ ਦੇ ਸੱਤਾ ਦੇ ਲੋਭੀ ਵਿਅਕਤੀਆਂ ਨੂੰ ਪਾਰਟੀ ਵਿੱਚ ਲਿਆ ਅੱਗੇ ਕੀਤਾ ਜਾਵੇ।

ਇਸ ਮੌਕੇ ਧਰਮਪਾਲ ਲੇਸੜੀਵਾਲ ਸੁਰਜੀਤ ਸਿੰਘ ਡਿੰਗਰੀਆਂ, ਸੰਨੀ ਢਿਲੋ ਅਲਾਵਲਪੁਰ, ਪਰਮਜੀਤ ਸਿੰਘ ਮਹੱਦੀਪੁਰ ਬਲਦੇਵ ਸਿੰਘ ਪਰਮਿੰਦਰ ਸਿੰਘ ਕਰਵਲ, ਰਵਿੰਦਰ ਸਿੰਘ ਫੁੱਲ ਕਿਸ਼ਨਗੜ੍ਹ, ਗੋਪੀ ਵਡਾਲਾ, ਰੇਸ਼ਮ ਸਿੰਘ ਡਿਗਰੀਆਂ ਹਰਵਿੰਦਰ ਸਿੰਘ ਡਿਗਰੀਆਂ ਜਸਵਿੰਦਰ ਸਿੰਘ ਸੋਨੂ ਦਵਿੰਦਰ ਸਿੰਘ ਚੂਹੜਵਾਲੀ, ਗੁਰਪ੍ਰੀਤ ਸਿੰਘ ਗੋਪੀ ਬਡਾਲਾ,ਸੁਖਬੀਰ ਸਿੰਘ ਢਿੱਲੋ,ਗਗਨਦੀਪ ਸਿੰਘ,ਦਵਿੰਦਰ ਸਿੰਘ ਲੰਬੜਦਾਰ, ਤਜਿੰਦਰ ਸਿੰਘ, ਕੁਲਦੀਪ ਸਿੰਘ,ਗੁਰਪਾਲ ਸਿੰਘ, ਗੁਰਦੇਵ ਸਿੰਘ, ਹਰਮਿੰਦਰ ਸਿੰਘ ਦੋਲੀਕੇ ਅਤੇ ਹੋਰ ਹਾਜਰ ਸਨ।

## ਵਰਜੀਤ ਵਾਲੀਆ ਨੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- 2018 ਬੈਚ ਦੇ ਆਈ ਏ ਐੱਸ ਅਧਿਕਾਰੀ ਵਰਜੀਤ ਵਾਲੀਆ ਨੇ ਜਲੰਧਰ ਜ਼ਿਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ।ਜ਼ਿਲ੍ਹਾ



ਪ੍ਰਬੰਧਕੀ ਕੰਪਲੈਕਸ ਵਿਖੇ ਚਾਰਜ ਸੰਭਾਲਣ ਤੋਂ ਪਹਿਲਾਂ, ਉਨ੍ਹਾਂ ਨੂੰ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਅਹੁਦਾ ਸੰਭਾਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਯੋਜਨਾਵਾਂ ਅਤੇ ਲੋਕ ਭਲਾਈ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਉਨ੍ਹਾਂ ਦੀ ਪ੍ਰਮੁੱਖ ਤਰਜ਼ੀਹ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।ਜਲੰਧਰ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਨਿਯੁਕਤ ਹੋਣ ਤੋਂ ਪਹਿਲਾਂ ਉਹ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ।


## ਕਿਸਾਨ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ : ਡਾ. ਸੁਖਵਿੰਦਰ ਕੁਮਾਰ ਸੁੱਖੀ

**ਬੰਗਾ (ਅਵਤਾਰ ਕਲੇਰ)**- ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਬਜਾਜ ਪੈਲੇਸ ਬੰਗਾ ਵਿਖੇ ਲਗਾਇਆ ਗਿਆ। ਇਸ ਮੇਲੇ ਵਿਚ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਲਕਾ ਬੰਗਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦੁਆਰਾ ਸਿਫਾਰਿਸ਼ ਕੀਤੇ ਬੀਜ, ਖਾਦ ਅਤੇ ਦਵਾਈਆਂ ਦੀ ਹੀ ਵਰਤੋਂ ਕਰਨ।



ਉਹਨਾਂ ਕਿਹਾ ਕਿ ਸਰਕਾਰ ਦੀ ਸਕੀਮ ਪਾਣੀ ਬਚਾਓ ਪੈਸਾ ਬਚਾਓ ਤਹਿਤ ਵੱਧ ਤੋਂ ਵੱਧ ਕਿਸਾਨ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿੱਗਣ ਤੋਂ ਬਚਾਉਣ ਦੇ ਨਾਲ ਚੰਗਾ ਮੁਨਾਫਾ ਵੀ ਕਮਾ ਸਕਦੇ ਹਨ।ਇਸ ਕਿਸਾਨ ਮੇਲੇ ਵਿਚ ਡਾ.ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਖੇਤੀਬਾੜੀ ਵਿਭਾਗ, ਸਹਿਯੋਗੀ ਮਹਿਕਮਿਆਂ ਅਤੇ ਸੈਲਫ ਹੈਲਪ ਗਰੁੱਪਾਂ ਵੱਲੋਂ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਦੀ ਵਿਜਟ ਵੀ ਕੀਤੀ ਗਈ।ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਖਾਦ ਵਿਕ੍ਰੇਤਾਵਾਂ ਦੁਆਰਾ ਕਿਸਾਨਾਂ ਨੂੰ ਖਾਦ ਵੇਚਣ ਸਮੇਂ ਕਿਸੇ ਵੀ ਕਿਸਮ ਦੀ ਟੈਗਿੰਗ ਨਾ ਕੀਤੀ ਜਾਵੇ।ਸਰਕਾਰ ਕਿਸਾਨਾਂ ਦੀ ਕਣਕ ਦੀ ਫਸਲ ਦਾ ਦਾਣਾ ਦਾਣਾ ਚੁੱਕਣ ਲਈ ਬਚਨਬੱਧ ਹੈ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸਾਨ ਮੰਡੀ ਵਿਚ ਸੁੱਕੀ ਕਣਕ ਹੀ ਲੈ ਕੇ ਆਉਣ।

## ਸੈਂਟ ਸੋਲਜਰ ਇੰਸਟੀਚਿਊਟ ਨੇ ਉਦਯੋਗਿਕ ਦੌਰਾ ਕਰਵਾਇਆ



**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨੋਲੋਜੀ, ਦੇ ਦੂਜੇ ਸਮੈਸਟਰ ਦੇ ਵਿਦਿਆਰਥੀਆਂ ਨੇ ਕਾਲਜ ਦੀ ਪ੍ਰਿੰਸੀਪਲ ਕੀਰਤੀ ਸ਼ਰਮਾ ਦੀ ਨਿਗਰਾਨੀ ਹੇਠ ਹਯਾਤ ਰੀਜੈਂਸੀ ਅੰਮ੍ਰਿਤਸਰ ਦਾ ਉਦਯੋਗਿਕ ਦੌਰਾ ਸ਼ੁਰੂ ਕੀਤਾ। ਇਹ ਦੌਰਾ ਉਭਰਦੇ ਮਹਿਮਾਨ ਨਿਵਾਜ਼ੀ ਪੇਸ਼ੇਵਰਾਂ ਨੂੰ ਵਿਹਾਰਕ ਐਕਸਪੋਜ਼ਰ ਅਤੇ ਉਦਯੋਗਿਕ ਸੂਝ ਪ੍ਰਦਾਨ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਵਿਦਿਆਰਥੀਆਂ ਦੇ ਨਾਲ ਸੀਨੀਅਰ ਫੂਡ ਐਂਡ ਬੇਵਰੇਜ ਸਰਵਿਸ ਲੈਕਚਰਾਰ, ਮੰਗਤ ਸਿੰਘ, ਲੈਕਚਰਾਰ-ਕਮ-ਸਿਖਲਾਈ ਅਤੇ ਪਲੇਸਮੈਂਟ ਕੋਆਰਡੀਨੇਟਰ, ਕੁਨਾਲ ਸ਼ਰਮਾ, ਤੇ ਕੰਪਿਊਟਰ ਅਧਿਆਪਕ, ਲਖਵੀਰ ਕੌਰ ਵੀ ਸਨ। ਦੌਰੇ ਦੌਰਾਨ ਵਿਦਿਆਰਥੀਆਂ ਨੂੰ ਹੋਟਲ ਦੇ ਵੱਖ-ਵੱਖ ਸੰਚਾਲਨ ਵਿਭਾਗਾਂ ਦੀ ਪੜਚੋਲ ਕਰਨ ਦਾ ਮੌਕਾ ਮਿਲਿਆ, ਆਧੁਨਿਕ ਮਹਿਮਾਨ ਨਿਵਾਜ਼ੀ ਅਭਿਆਸਾਂ, ਮਹਿਮਾਨ ਸੇਵਾ ਮਿਆਰਾਂ ਅਤੇ ਪ੍ਰਬੰਧਨ ਤਕਨੀਕਾਂ ਦਾ ਸਿੱਧਾ ਗਿਆਨ ਪ੍ਰਾਪਤ ਕੀਤਾ। ਪੰਜ-ਸਿਤਾਰਾ ਡੀਲਕਸ ਜਾਇਦਾਦ ਨੇ ਵਿਦਿਆਰਥੀਆਂ ਨੂੰ ਇਸਦੇ ਵਿਸ਼ਵ-ਪੱਧਰੀ ਬੁਨਿਆਦੀ ਢਾਂਚੇ ਨਾਲ ਪ੍ਰਭਾਵਿਤ ਕੀਤਾ, ਜਿਸ ਵਿੱਚ 248 ਚੰਗੀ ਤਰ੍ਹਾਂ ਨਿਯੁਕਤ ਸਮਕਾਲੀ ਕਮਰੇ, ਵਧੀਆ ਡਾਇਨਿੰਗ ਰੈਸਟੋਰੈਂਟ, ਇੱਕ ਤਾਜ਼ਗੀ ਭਰਪੂਰ ਸਪਾ ਤੇ ਇੱਕ ਪੂਰੀ ਤਰ੍ਹਾਂ ਲੈਸ ਫਿਟਨੈਸ ਸੈਂਟਰ ਸ਼ਾਮਲ ਹਨ। ਸੰਸਥਾ ਦੇ ਗਰੁੱਪ ਚੇਅਰਮੈਨ, ਅਨਿਲ ਚੋਪੜਾ ਨੇ ਇਸ ਦੌਰੇ ਦੇ ਆਯੋਜਨ ਲਈ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ।

## 20 ਕੈਡਿਟ ਐੱਨ ਡੀ ਏ ਦੀ ਮੈਰਿਟ ਸੂਚੀ 'ਚ ਸ਼ਾਮਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਮਾਣਮੱਤੇ ਟਰੈਕ-ਰਿਕਾਰਡ ਵਿੱਚ ਇੱਕ ਹੋਰ ਸ਼ਾਨਦਾਰ ਉਪਲਬਧੀ ਸ਼ਾਮਲ ਕਰਦਿਆਂ ਸੰਸਥਾ ਦੇ 20 ਕੈਡਿਟਾਂ ਨੇ ਸਰਵਿਸ ਸਿਲੈਕਸ਼ਨ ਬੋਰਡ (ਐੱਸ ਐੱਸ ਬੀ) ਇੰਟਰਵਿਊ ਨੂੰ ਸਫ਼ਲਤਾਪੂਰਵਕ ਪਾਸ ਕੀਤਾ ਹੈ ਅਤੇ ਜੂਨ 2026 ਵਿੱਚ ਸ਼ੁਰੂ ਹੋਣ ਵਾਲੇ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐੱਨ ਡੀ ਏ)- 156 ਕੋਰਸ ਲਈ ਅੰਤਿਮ ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕੀਤਾ ਹੈ।ਮੋਹਾਲੀ ਦੇ ਕੈਡਿਟ ਅਭੀਸ਼ੇਕ ਨੇ ਆਲ ਇੰਡੀਆ ਪੱਧਰ 'ਤੇ ਚੌਥਾ ਰੈਂਕ ਪ੍ਰਾਪਤ ਕੀਤਾ ਹੈ, ਜਦਕਿ ਮਾਲੇਰਕੋਟਲਾ ਦੇ ਕੈਡਿਟ ਗੁਰਕਰਨਜੀਤ ਸਿੰਘ ਨੇ 12ਵਾਂ



ਰੈਂਕ ਪ੍ਰਾਪਤ ਕੀਤਾ ਹੈ। ਇਸ ਤਰ੍ਹਾਂ ਇੰਸਟੀਚਿਊਟ ਦੇ ਕੁੱਲ ਪੰਜ ਕੈਡਿਟਾਂ ਨੇ ਕੌਮੀ ਮੈਰਿਟ ਸੂਚੀ ਦੇ ਸਿਖਰਲੇ 100 ਸਥਾਨਾਂ ਵਿੱਚ ਆਪਣੀ ਜਗ੍ਹਾ ਬਣਾਈ ਹੈ। ਚੁਣੇ ਗਏ ਕੈਡਿਟਾਂ ਨੂੰ ਹੁਣ ਨੈਸ਼ਨਲ ਡਿਫੈਂਸ ਅਕੈਡਮੀ, ਖੜਕਵਾਸਲਾ ਤੋਂ ਆਪਣੇ ਜੁਆਇਨਿੰਗ ਲੈਟਰਾਂ ਦੀ ਉਡੀਕ ਹੈ।ਪੰਜਾਬ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਇਸ ਪ੍ਰਾਪਤੀ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰੱਖਿਆ ਖੇਤਰ ਵਿੱਚ ਪੰਜਾਬ ਦੇ ਵਧ ਰਹੇ ਦਬਦਬੇ ਦਾ ਪ੍ਰਮਾਣ ਦੱਸਦਿਆਂ ਕੈਡਿਟਾਂ ਦੀ ਭਰਵੀਂ ਸ਼ਲਾਘਾ ਕੀਤੀ।

## ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ 'ਚ ਸਮਾਜਿਕ ਤੇ ਧਾਰਮਿਕ ਸਮਾਗਮਾਂ ਦਾ ਮਹੱਤਵਪੂਰਨ ਯੋਗਦਾਨ: ਬੈਂਸ

**ਨੰਗਲ ਭਲਾਣ (ਹਰਭਜਨਸਿੰਘ ਢਿੱਲੋਂ)**- ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਕੈਬਿਨਟ ਸਿੱਖਿਆ ਮੰਤਰੀ ਹਰਜੋਤ ਸਿੰਘ ਨੇ ਟੱਪਰੀਆਂ ਦੀ ਸਰਪੰਚ ਨੀਲਮ ਸੋਨੀ ਦੇ ਗ੍ਰਹਿ ਵਿਖੇ ਆਯੋਜਿਤ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਕਿਹਾ ਕਿ ਸਮਾਜਿਕ



ਅਤੇ ਧਾਰਮਿਕ ਸਮਾਗਮ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਮੀਡੀਆ ਕੋਆਰਡੀਨੇਟਰ ਦੀਪਕ ਸੋਨੀ ਦੇ ਪੁੱਤਰ ਨਿਦਿਸ਼ ਸੋਨੀ ਦੇ ਜਨਮ ਦਿਨ ਮੌਕੇ ਆਯੋਜਿਤ ਵਿਸ਼ਾਲ ਭਗਵਤੀ ਜਾਗਰਣ ਮੌਕੇ ਆਪ ਦੇ ਵਰਕਰਾਂ ਨੂੰ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਤੇ ਲੋਕ ਭਲਾਈ ਸਕੀਮਾਂ ਚਲਾਈਆਂ ਗਈਆਂ ਹਨ ਜਿਨ੍ਹਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚਾਉਣਾ ਸਾਡੀ ਜਿੰਮੇਵਾਰੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ, ਜਿੱਥੇ ਲੋਕ ਆਪਸ ਵਿਚ ਮਿਲ ਕੇ ਸਾਰੇ ਤਿਉਹਾਰ ਮਨਾਉਦੇ ਹਨ, ਅਸੀ ਆਪਣੀਆਂ ਖੁਸ਼ੀਆਂ ਮੌਕੇ ਧਾਰਮਿਕ ਅਤੇ ਸਮਾਜਿਕ ਸਮਾਗਮ ਆਯੋਜਿਤ ਕਰਕੇ ਆਪਣੇ ਸੂਬੇ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣੇ ਹਾਂ। ਇਸ ਮੌਕੇ ਵੱਡੀ ਗਿਣਤੀ ਵਿਚ ਇਲਾਕਾ ਵਾਸੀ, ਪੰਚ, ਸਰਪੰਚ, ਅਹੁਦੇਦਾਰ ਹਾਜ਼ਰ ਸਨ।

## ਪੰਪ ਅਪਰੇਟਰ ਦੀ ਬੇਰਹਿਮੀ ਨਾਲ ਕੁੱਟਮਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਥਾਨਕ ਬਾਰਾਂਪੁਰ ਰੋਡ 'ਤੇ ਸਥਿਤ ਇਕੋ ਗ੍ਰੀਨ ਸਿਟੀ-2 ਸੁਸਾਇਟੀ ਵਿੱਚ ਮਾਨਵਤਾ ਤੇ ਗੁਆਂਢੀ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੀ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਸੁਸਾਇਟੀ ਵਿੱਚ ਪਾਣੀ ਦੀ ਸਪਲਾਈ ਦੀ ਨਿਰਸਵਾਰਥ ਸੇਵਾ ਨਿਭਾ ਰਹੇ ਇੱਕ 66 ਸਾਲਾ ਬਜ਼ੁਰਗ, ਜੋ ਕਿ ਭਾਰਤੀ ਹਵਾਈ ਸੈਨਾ (ਏਅਰ ਫੋਰਸ) ਤੋਂ ਸੇਵਾਮੁਕਤ ਹਨ, ਉੱਪਰ ਸੁਸਾਇਟੀ ਦੇ ਹੀ ਇੱਕ ਨਿਵਾਸੀ ਵੱਲੋਂ ਬੇਰਹਿਮੀ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਲਹੂ-ਲੁਹਾਨ ਕਰ ਦਿੱਤਾ ਗਿਆ। ਗੰਭੀਰ ਹਾਲਤ ਵਿੱਚ ਜ਼ਖ਼ਮੀ ਬਜ਼ੁਰਗ ਨੂੰ ਇਲਾਜ ਲਈ ਡੇਰਾਬੱਸੀ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਾਰੀ ਘਟਨਾ ਦੀ ਜੜ੍ਹ ਸੁਸਾਇਟੀ ਦੇ ਵਟਸਐਪ ਗਰੁੱਪ ਵਿੱਚ ਪਾਈ ਗਈ ਇੱਕ ਪੋਸਟ ਦੱਸੀ ਜਾ ਰਹੀ ਹੈ। ਪੀੜਤ ਬਜ਼ੁਰਗ ਮਹੇਸ਼ਵਰ ਦੇ ਪੁੱਤਰ ਟਿੰਕੂ ਨੇ ਦੱਸਿਆ ਕਿ ਉਸ ਦੇ ਪਿਤਾ ਲੰਮੇ ਸਮੇਂ ਤੋਂ ਸੁਸਾਇਟੀ ਦੇ ਟਿਊਬਵੈੱਲ ਨੂੰ ਚਲਾਉਣ ਤੇ ਬੰਦ ਕਰਨ ਦੀ ਸੇਵਾ ਬਿਨਾਂ ਕਿਸੇ ਲਾਲਚ ਤੋਂ ਨਿਭਾ ਰਹੇ ਹਨ। ਬੀਤੇ ਦਿਨੀਂ ਸੁਸਾਇਟੀ ਦੇ ਸੋਸ਼ਲ ਮੀਡੀਆ ਗਰੁੱਪ ਵਿੱਚ ਕਿਸੇ ਵਿਅਕਤੀ ਨੇ ਇੱਕ ਮੈਸੇਜ ਪਾਇਆ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਪੰਪ ਆਪਰੇਟਰ ਵੱਲੋਂ ਟਿਊਬਵੈੱਲ ਦਾ ਪੰਪ ਸਮੇਂ ਸਿਰ ਬੰਦ ਨਹੀਂ ਕੀਤਾ ਜਾ ਰਿਹਾ ਅਤੇ ਇਸ ਨੂੰ ਬੇਵਜ੍ਹਾ ਚਲਾ ਕੇ ਪਾਣੀ ਤੇ ਬਿਜਲੀ ਦੀ ਬਰਬਾਦੀ ਕੀਤੀ ਜਾ ਰਹੀ ਹੈ। ?ਟਿੰਕੂ ਨੇ ਅੱਗੇ ਦੱਸਿਆ ਕਿ ਜਦੋਂ ਉਸ ਦੇ ਪਿਤਾ ਨੂੰ ਇਸ ਮੈਸੇਜ ਬਾਰੇ ਪਤਾ ਲੱਗਿਆ ਤਾਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਏ। ਆਪਣੀ ਇਮਾਨਦਾਰੀ 'ਤੇ ਉਂਗਲ ਉੱਠਦੀ ਦੇਖ ਉਹ ਸਬੰਧਤ ਵਿਅਕਤੀ ਨਾਲ ਗੱਲਬਾਤ ਕਰਨ ਤੇ ਆਪਣਾ ਪੱਖ ਸਪੱਸ਼ਟ ਕਰਨ ਲਈ ਉਸ ਦੇ ਘਰ ਚਲੇ ਗਏ। ਜਦੋਂ ਉਹ ਉੱਥੇ ਪਹੁੰਚੇ ਤਾਂ ਉਕਤ ਵਿਅਕਤੀ ਘਰ ਮੌਜੂਦ ਨਹੀਂ ਸੀ। ਜਦੋਂ ਉਹ ਵਾਪਸ ਆਪਣੇ ਘਰ ਵੱਲ ਆ ਰਹੇ ਸਨ ਤਾਂ ਰਸਤੇ ਵਿੱਚ ਉਨ੍ਹਾਂ ਨੂੰ ਸੁਸਾਇਟੀ ਦਾ ਇੱਕ ਹੋਰ ਵਸਨੀਕ ਮਿਲ ਗਿਆ। ਦੋਸ਼ ਹੈ ਕਿ ਗੱਲਬਾਤ ਦੌਰਾਨ ਉਕਤ ਨਿਵਾਸੀ ਤੈਸ਼ ਵਿੱਚ ਆ ਗਿਆ ਤੇ ਉਸ ਨੇ ਬਜ਼ੁਰਗ ਮਹੇਸ਼ਵਰ ਉੱਪਰ ਹਮਲਾ ਕਰ ਦਿੱਤਾ। ?ਪੀੜਤ ਪਰਿਵਾਰ ਦੇ ਅਨੁਸਾਰ ਹਮਲਾਵਰ ਨੇ ਬਜ਼ੁਰਗ ਦੀ ਬੜੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਹਮਲੇ ਦੌਰਾਨ ਬਜ਼ੁਰਗ ਦੇ ਮੂੰਹ, ਬੁੱਲ੍ਹਾਂ ਅਤੇ ਲੱਤਾਂ 'ਤੇ ਗੰਭੀਰ ਸੱਟਾਂ ਲੱਗੀਆਂ ਹਨ। 66 ਸਾਲਾ ਬਜ਼ੁਰਗ ਦੀ ਹਾਲਤ ਵਿਗੜਦੀ ਦੇਖ ਕੇ ਗੁਆਂਢੀਆਂ ਤੇ ਪਰਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਤੁਰੰਤ ਡੇਰਾਬੱਸੀ ਦੇ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।



ਇਸ ਘਟਨਾ ਤੋਂ ਬਾਅਦ ਸੁਸਾਇਟੀ ਦੇ ਵਸਨੀਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਸਥਾਨਕ ਪੁਲਿਸ ਚੌਕੀ ਦੇ ਮੁਲਾਜ਼ਮਾਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵੱਲੋਂ ਪੀੜਤ ਬਜ਼ੁਰਗ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਤੇ ਸੁਸਾਇਟੀ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਵੀ ਖੰਗਾਲਿਆ ਜਾ ਰਿਹਾ ਹੈ ਤਾਂ ਜੋ ਹਕੀਕਤ ਸਾਹਮਣੇ ਆ ਸਕੇ।

## ਲਾਇਲਪੁਰ ਖਾਲਸਾ ਕਾਲਜ ਦੀਆਂ ਸ਼ਾਨਦਾਰ ਪ੍ਰਾਪਤੀਆਂ


**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਐੱਨ ਐੱਸ ਐੱਸ ਯੂਨਿਟ ਦੇ ਵਲੰਟੀਅਰਾਂ ਨੇ ਮਾਰਚ ਵਿੱਚ ਨਾਗਾਲੈਂਡ ਵਿਖੇ ਉੱਤਰ ਪੂਰਬੀ ਯੁਵਾ ਤਿਉਹਾਰ, ਵਿਸ਼ਵ ਯੁਵਾ ਸੰਸਦ,



ਰਾਸ਼ਟਰੀ ਏਕਤਾ ਕੈਂਪ, ਰਾਜ ਯੁਵਾ ਸੰਸਦ ਅਤੇ ਰਾਜ ਐੱਨ ਐੱਸ ਐੱਸ ਕਨਵੈਨਸ਼ਨ ਵਰਗੇ ਰਾਜ ਤੇ ਰਾਸ਼ਟਰੀ ਪੱਧਰ ਦੇ ਸਮਾਗਮਾਂ ਵਿੱਚ ਹਿੱਸਾ ਲੈ ਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਭਾਗੀਦਾਰਾਂ ਦਾ ਸਨਮਾਨ ਕੀਤਾ। ਉਨ੍ਹਾਂ ਨੇ ਰਾਸ਼ਟਰੀ ਪੱਧਰ 'ਤੇ ਨਿਰੰਤਰ ਮੌਜੂਦਗੀ ਲਈ ਕਾਲਜ ਐੱਨ ਐੱਸ ਐੱਸ ਯੂਨਿਟ ਨੂੰ ਵਧਾਈ ਦਿੱਤੀ। ਖੜ੍ਹ ਵਿਖੇ ਸਟੇਟ ਐੱਨ ਐੱਸ ਐੱਸ ਕਨਵੈਨਸ਼ਨ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਨ ਵਾਲੇ ਐੱਨ ਐੱਸ ਐੱਸ ਦੇ ਮੁੱਖ ਪ੍ਰੋਗਰਾਮ ਅਫਸਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਐੱਨ ਐੱਸ ਐੱਸ ਵਲੰਟੀਅਰ ਨਤਾਸ਼ਾ ਅਤੇ ਰਿਤਿਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਇਕਲੌਤੀਆਂ ਮਹਿਲਾ ਵਲੰਟੀਅਰ ਸਨ ਜਿਨ੍ਹਾਂ ਨੂੰ ਨਾਗਾਲੈਂਡ ਵਿਖੇ ਉੱਤਰ ਪੂਰਬੀ ਯੁਵਾ ਉਤਸਵ ਲਈ ਚੁਣਿਆ ਗਿਆ ਸੀ, ਵਲੰਟੀਅਰ ਸਿਮਰਨ ਨੂੰ ਪੁਣੇ ਵਿਖੇ ਵਰਲਡ ਯੂਥ ਪਾਰਲੀਮੈਂਟ ਵਿੱਚ ਸ਼ਾਂਤੀ ਅਤੇ ਸੁਰੱਖਿਆ ਵਿਸ਼ੇ ਵਿੱਚ ਸਭ ਤੋਂ ਵਧੀਆ ਬੁਲਾਰਾ ਚੁਣਿਆ ਗਿਆ, ਵਲੰਟੀਅਰ ਮਨੀਸ਼ ਅਤੇ ਦਮਨ ਨੇ ਬਿਹਾਰ ਵਿਖੇ ਐਨ.ਆਈ.ਸੀ. ਵਿੱਚ ਹਿੱਸਾ ਲਿਆ, ਰਘੁਨੰਦਨ ਅਤੇ ਦੇਵ ਅੰਸ਼ ਨੇ ਹਰਿਆਣਾ ਵਿਖੇ ਐਨ.ਆਈ.ਸੀ. ਵਿੱਚ ਹਿੱਸਾ ਲਿਆ, ਜਦੋਂ ਕਿ ਸੁਖਪ੍ਰੀਤ ਅਤੇ ਸਿਮਰਨ ਨੇ ਗੁਜਰਾਤ ਵਿਖੇ ਐਨ.ਆਈ.ਸੀ. ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ, ਨਤਾਸ਼ਾ, ਕੋਮਲ, ਭੂਮਿਕਾ ਅਤੇ ਰਿਤਿਕਾ ਵਰਗੇ ਵਲੰਟੀਅਰਾਂ ਨੇ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿਖੇ ਅੰਤਰ-ਰਾਜੀ ਯੁਵਾ ਐਕਸਚੇਂਜ ਪ੍ਰੋਗਰਾਮ ਵਿੱਚ ਹਿੱਸਾ ਲਿਆ। ਵਲੰਟੀਅਰ ਗੁਰਵਿੰਦਰ ਕੌਰ ਨੂੰ ਖੜ੍ਹ ਵਿਖੇ ਸਟੇਟ ਐੱਨ ਐੱਸ ਐੱਸ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਵਲੰਟੀਅਰ ਏਕਤਾ ਪਾਂਡੇ ਅਤੇ ਵੰਸ਼ਿਕਾ ਨੇ ਚੰਡੀਗੜ੍ਹ ਵਿਖੇ ਸਟੇਟ ਯੂਥ ਪਾਰਲੀਮੈਂਟ ਵਿੱਚ ਹਿੱਸਾ ਲਿਆ। ਜਦੋਂ ਕਿ ਜਸਕਰਨ ਸਿੰਘ ਨੇ ਮਾਈ ਭਾਰਤ ਪੋਰਟਲ 'ਤੇ ਆਨਲਾਈਨ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਲਈ ਸਭ ਤੋਂ ਵਧੀਆ ਬਦਲਾਅ ਲਿਆਉਣ ਵਾਲਿਆਂ ਵਿੱਚੋਂ ਇੱਕ ਵਜੋਂ 20,000/- ਰੁਪਏ ਨਕਦ ਅਤੇ ਉਪਹਾਰ ਵੀ ਜਿੱਤੇ।

## ਅੱਠਵੀਂ ਦਾ ਨਤੀਜਾ 100 ਫੀਸਦੀ ਰਿਹਾ

**ਗੁਰਾਇਆ (ਬਿੰਦਰ ਸੁਮਨ)** ਨਜ਼ਦੀਕੀ ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਅੱਠਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ 100 ਫੀਸਦੀ ਰਿਹਾ।ਜਾਣਕਾਰੀ ਦਿੰਦੇ ਹੋਏ ਸਕੂਲ ਐਮ ਡੀ ਸੁਖਦੀਪ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ 'ਚ ਕੁੱਲ 63 ਵਿਦਿਆਰਥੀ ਅਪੀਅਰ ਹੋਏ ਸਨ ਅਤੇ ਸਾਰੇ ਵਿਦਿਆਰਥੀ ਪਹਿਲੀ ਪੁਜੀਸ਼ਨ ਲੈ ਕੇ



ਪਾਸ ਹੋਏ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਬਲਜਿੰਦਰ ਕੁਮਾਰ , ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਬੰਦਨਾ ਰਾਣੀ ਨੇ 97 ਫੀਸ ਦੀ ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦ ਕਿ ਨਵਨੀਤ ਬਲ ਨੇ 96.5 ਫੀਸ ਦੀ ਅੰਕ ਲੈ ਕੇ ਦੂਸਰਾ ਸਥਾਨ ਅਤੇ ਪ੍ਰੀਤ ਕੌਰ ਨੇ 96 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਜਦ ਕਿ ਜੈਸਕਾ, ਦਿਵਜੋਤ, ਹਰਲੀਨ ਅਤੇ ਤਨੀਸ਼ਾ ਚੰਦੜ ਨੇ ਫੁਲ ਫੁਲ ਤੇ ਬਨੀ ਤੇਰੀ 95.8 ਅੰਕ ਲੈ ਕੇ ਚੌਥਾ ਸਥਾਨ ਹਾਸਲ ਕੀਤਾ।ਇਸ ਮੌਕੇ ਉਹਨਾਂ ਦੱਸਿਆ ਕਿ 15 ਵਿਦਿਆਰਥੀਆਂ ਨੇ 95 ਫੀਸਦੀ ਤੋਂ ਉਪਰ ਅੰਕ ਹਾਸਲ ਕੀਤੇ ਹਨ ਜਦਕਿ 27 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉਪਰ ਅੰਕ ਹਾਸਲ ਕੀਤੇ ਹਨ। ਉਨ੍ਹਾਂ ਇਸ ਸ਼ਾਨਦਾਰ ਨਤੀਜੇ ਦੀ ਸਫਲਤਾ ਨੂੰ ਵਿਦਿਆਰਥੀਆਂ ਦੀ ਲਗਨ, ਮਾਪਿਆਂ ਦਾ ਸਹਿਯੋਗ ਅਤੇ ਸਮੁੱਚੀ ਸਕੂਲ ਟੀਮ ਦੀ ਮਿਹਨਤ ਨੂੰ ਦੱਸਿਆ। ਇਸ ਮੌਕੇ ਸਕੂਲ ਪ੍ਰਬੰਧਕ ਚਰਨਜੀਤ ਸਿੰਘ ਅਤੇ ਰਵਿੰਦਰਜੀਤ ਕੌਰ ਨੇ ਕਿਹਾ ਕਿ ਸਕੂਲ ਆਪਣੇ ਟੀਚੇ ਜੋ ਕਿ ਮਿਆਰੀ ਸਿੱਖਿਆ ਦੇ ਨਾਲ ਨਾਲ ਇਲਾਕੇ 'ਚ ਬੱਚਿਆਂ ਦਾ ਸਰਬਪੱਖੀ ਵਿਕਾਸ ਲਈ ਵਚਨ ਵੱਧ ਰਹੇਗਾ।

## ਚੇਅਰਪਰਸਨ ਸੰਦੀਪ ਕੌਰ ਨੇ ਚਾਰਜ ਸੰਭਾਲਿਆ

**ਫਿਲੌਰ (ਹਰਜਿੰਦਰ ਕੌਰ ਚਾਹਲ)** ਬਹੁਜਨ ਸਮਾਜ ਪਾਰਟੀ ਦੇ ਬਲਾਕ ਸੰਮਤੀ ਫਿਲੌਰ ਦੇ ਚੇਅਰਪਰਸਨ ਸੰਦੀਪ ਕੌਰ ਤੇ ਵਾਈਸ ਚੇਅਰਪਰਸਨ ਨੇ ਚਾਰਜ ਸੰਭਾਲ ਲਿਆ।ਬਲਾਕ ਸੰਮਤੀ ਫਿਲੌਰ ਦੀ ਮੀਟਿੰਗ ਬੀ ਡੀ ਓ ਦਫਤਰ ਵਿਖੇ ਹੋਈ। ਇਹ ਮੀਟਿੰਗ ਬਲਾਕ ਸੰਮਤੀ ਫਿਲੌਰ ਦੇ ਚੇਅਰਪਰਸਨ ਸੰਦੀਪ ਕੌਰ ਦੀ ਅਗਵਾਈ ਵਿੱਚ ਹੋਈ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਚੇਅਰਪਰਸਨ ਸੰਦੀਪ ਕੌਰ ਨੇ ਦੱਸਿਆ ਕਿ ਬਲਾਕ ਸੰਮਤੀ ਫਿਲੌਰ ਵਿੱਚ 80 ਪਿੰਡ ਪੈਂਦੇ ਹਨ ਤੇ ਇਹਨਾਂ ਪਿੰਡਾਂ ਦੇ ਜੋ ਵੀ ਵਿਕਾਸ ਦੇ ਕੰਮ ਹਨ ਉਹ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ। ਇਸ ਮੀਟਿੰਗ ਵਿੱਚ 4 ਮਤੇ ਪਾਏ ਗਏ ਹਨ ਜਿਹਨਾਂ ਵਿੱਚ ਬਲਾਕ ਸੰਮਤੀ ਦੇ ਚੇਅਰਮੈਨ ਦੇ ਕਮਰੇ ਬਾਥਰੂਮ ਦੀ ਰਿਪੇਅਰ ਕਰਨ ਸਬੰਧੀ, ਕਾਰਜ ਸਾਧਕ ਅਫਸਰ ਲਈ ਨਵੀਂ ਗੱਡੀ ਦੀ ਖਰੀਦ ਕਰਨ ਸਬੰਧੀ, 15ਵੇਂ ਵਿੱਤ ਕਮਿਸ਼ਨ ਸਬੰਧੀ, ਬਲਾਕ ਸੰਮਤੀ ਦੁਕਾਨਾਂ ਸਬੰਧੀ ਮਤੇ ਪਾਏ ਗਏ ਤੇ ਬਲਾਕ ਸੰਮਤੀ ਮੈਂਬਰਾਂ ਨੂੰ ਮੀਟਿੰਗ ਦੇ ਭੱਤੇ ਵੀ ਦਿੱਤੇ ਗਏ। ਬੀ ਡੀ ਪੀ ਓ ਜਸਲੀਨ ਕੌਰ ਵੀ ਮੌਜੂਦ ਸਨ।ਇਸ ਸਮੇਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਵੀ ਪਹੁੰਚੇ। ਉਹਨਾਂ ਬਹੁਜਨ ਸਮਾਜ ਪਾਰਟੀ ਦੇ ਬਲਾਕ ਸੰਮਤੀ ਦੇ ਚੇਅਰਪਰਸਨ ਸੰਦੀਪ ਕੌਰ ਤੇ ਵਾਈਸ ਚੇਅਰਪਰਸਨ ਬੀਬੀ ਨਛੱਤਰੋ ਨੂੰ ਵਧਾਈਆਂ ਦਿੱਤੀਆਂ ਤੇ ਹਾਰ ਪਾਏ। ਇਸ ਮੌਕੇ ਤੀਰਥ ਰਾਜਪੁਰਾ, ਲਾਲ ਚੰਦ ਔਜਲਾ, ਖੁਸ਼ੀ ਰਾਮ, ਇੰਜੀਨੀਅਰ ਸੁਸ਼ੀਲ ਬਿਰਦੀ, ਮਹਿੰਦਰ ਸਿੰਘ ਤੇਹਿੰਗ, ਵੇਦ ਪ੍ਰਕਾਸ਼ ਦੇਬੀ, ਨਵਦੀਪ ਬਲਾਕ ਸੰਮਤੀ ਮੈਂਬਰ, ਅਨੀਤਾ ਰਾਣੀ ਬਲਾਕ ਸੰਮਤੀ ਮੈਂਬਰ, ਸੁੱਚਾ ਰਾਮ ਬਲਾਕ ਸੰਮਤੀ ਮੈਂਬਰ, ਸੁਖਬੀਰ ਸਿੰਘ, ਅਮਨਦੀਪ ਟੀਨੂੰ, ਕੁਲਵੀਰ ਅੱਟੀ ਤੋਂ ਇਲਾਵਾ ਹੋਰ ਬਸਪਾ ਆਗੂ ਤੇ ਵਰਕਰ ਮੌਜੂਦ ਸਨ।



## ਸ਼ਮਸ਼ੇਰ ਸੰਧੂ ਨਾਲ ਖੁੱਲ੍ਹੀਆਂ ਗੱਲਾਂ ਸਮਾਗਮ ਅੱਜ : ਭੁਪਿੰਦਰ ਮਲਿਕ



**ਚੰਡੀਗੜ੍ਹ (ਸੁਰਜੀਤ ਸੁਮਨ)** ਪੰਜਾਬੀ ਲੇਖਕ ਸਭਾ (ਰਜਿ.) ਚੰਡੀਗੜ੍ਹ ਵੱਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਗੀਤਕਾਰ ਅਤੇ ਸੀਨੀਅਰ ਪੱਤਰਕਾਰ ਸ਼ਮਸ਼ੇਰ ਸੰਧੂ ਨਾਲ ਸੂਤਰਧਾਰ ਨਵਦੀਪ ਗਿੱਲ, ਖੇਡ ਲੇਖਕ ਅਤੇ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਖੁੱਲ੍ਹੀਆਂ ਗੱਲਾਂ ਤਹਿਤ 'ਯਾਰ ਬੋਲਦਾ' ਸਮਾਗਮ 12 ਅਪ੍ਰੈਲ, ਦਿਨ ਐਤਵਾਰ, ਸਵੇਰੇ 10.30 ਵਜੇ, ਪੰਜਾਬ ਕਲਾ ਭਵਨ, ਸੈਕਟਰ-16 ਬੀ, ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਅਤੇ ਜਨਰਲ ਸਕੱਤਰ ਭੁਪਿੰਦਰ ਮਲਿਕ ਨੇ ਦੱਸਿਆ ਕਿ ਇਸ ਮੌਕੇ ਸ਼ਮਸ਼ੇਰ ਸੰਧੂ ਦੇ ਗੀਤਾਂ ਦਾ ਗਾਇਨ ਵੀ ਹੋਵੇਗਾ।

## ਅੱਤਵਾਦ ਦੌਰਾਨ ਪੀੜਤ ਪਰਵਾਰਾਂ ਦੇ ਮਨਜ਼ੂਰ ਹੋਏ 781 ਕਰੋੜ ਦੇਵੇ ਸਰਕਾਰ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਅੱਤਵਾਦ ਦੌਰਾਨ 35 ਹਜਾਰ ਹਿੰਦੂਆਂ ਦੇ ਪੀੜਤ ਪਰਵਾਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਸਮੇਂ-ਸਮੇਂ ਤੇ ਕਈ ਹਿੰਦੂ ਸੰਗਠਨਾਂ ਨੇ ਆਵਾਜ਼ ਬੁਲੰਦ ਕੀਤੀ ਸੀ ਜਿਸ ਦੇ ਸਿੱਟੇ ਵਜੋਂ ਪੰਜਾਬ ਕਾਂਗਰਸ ਦੀ ਕੈਪਟਨ ਸਰਕਾਰ ਸਮੇਂ 781 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ ਪਰ ਅੱਜ ਤੱਕ ਇਹ ਰਕਮ ਹਿੰਦੂਆਂ ਨੂੰ ਨਾ ਦੇਣ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਸ਼ਿਵ ਸੈਨਾ ਦੇ ਇੱਕ ਵਫਦ ਨੇ ਏ ਡੀ ਸੀ ਹੁਸ਼ਿਆਰਪੁਰ ਗੁਰਪ੍ਰੀਤ ਕੌਰ ਨਾਲ ਮੁਲਾਕਾਤ ਕੀਤੀ।



ਸ਼ਿਵ ਸੈਨਾ ਦੇ ਵਫ਼ਦ ਵਿੱਚ ਸ਼ਾਮਿਲ ਜ਼ਿਲ੍ਹਾ ਪ੍ਰਧਾਨ ਰਜਿੰਦਰ ਸ਼ਰਮਾ, ਪੰਜਾਬ ਵਾਈਸ ਪ੍ਰਧਾਨ ਰਜਿੰਦਰ ਰਾਣਾ, ਜ਼ਿਲਾ ਚੇਅਰਮੈਨ ਵਿਵੇਕ ਵਿਜਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਸਚਿਵ ਪੰਡਿਤ ਮਿਥਲੇਸ਼ ਗਰਗ, ਜ਼ਿਲ੍ਹਾ ਯੂਥ ਪ੍ਰਧਾਨ ਪੁਨੀਤ ਢਿੰਗਰਾ, ਲੇਬਰ ਸੈਲ ਜ਼ਿਲ੍ਹਾ ਪ੍ਰਧਾਨ ਅਮਨ ਠੇਕੇਦਾਰ, ਹੁਸ਼ਿਆਰਪੁਰ ਸਿਟੀ ਪ੍ਰਧਾਨ ਹਰਪ੍ਰੀਤ ਰਾਜੂ, ਬਲਾਕ ਚੇਅਰਮੈਨ ਗੌਰਵ ਬੇਦੀ, ਹਿੰਦੂ ਨੇਤਾ ਕਮਲ ਧੀਰ, ਹਿੰਦੂ ਨੇਤਾ ਮੋਨੂੰ ਖੁਰਾਣਾ, ਉਘੇ ਸਮਾਜ ਸੇਵੀ ਅਰਵ ਖੋਸਲਾ ਤੋਂ ਇਲਾਵਾ ਹੋਰ ਸ਼ਿਵ ਸੇਨਾ ਵਰਕਰਾਂ ਨੇ ਹਿੰਦੂਆਂ ਦੀਆਂ ਮੰਗਾਂ ਸਬੰਧੀ ਮਾਨ ਸਰਕਾਰ ਦੇ ਨਾਂ ਤੇ ਏ ਡੀ ਸੀ ਨੂੰ ਇੱਕ ਮੰਗ ਪੱਤਰ ਦਿੱਤਾ।ਰਾਹੁਲ ਖੰਨਾ ਨੇ ਕਿਹਾ ਕਿ ਅੱਤਵਾਦ ਦੌਰਾਨ ਹਿੰਦੂ ਪੀੜਤ ਪਰਵਾਰਾਂ ਨੂੰ ਮੁਆਵਜੇ ਵਜੋਂ ਮਨਜ਼ੂਰ ਹੋਈ 781 ਕਰੋੜ ਰੁਪਏ ਰਿਲੀਜ਼ ਕਰਕੇ ਹਿੰਦੂ ਪਰਿਵਾਰਾਂ ਨੂੰ ਦੇਣ ਸਬੰਧੀ ਮਾਨ ਸਰਕਾਰ ਦੇ ਨਾਂ ਤੇ ਏ ਡੀ ਸੀ ਹੁਸ਼ਿਆਰਪੁਰ ਨੂੰ ਮੰਗ ਪੱਤਰ ਦਿੱਤਾ ਗਿਆ ਹੈ ਜਿਸ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਉਨ੍ਹਾਂ ਨੇ ਭਰੋਸਾ ਦਿੱਤਾ ਹੈ।

## ਬਡਹੇੜੀ ਨੇ ਸ਼ਿੰਗਾਰਾ ਸਿੰਘ ਦੜੀਆ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)** ਕਿਸਾਨ ਆਗੂ ਪ੍ਰਧਾਨ ਚੰਡੀਗੜ੍ਹ ਲੰਬੜਦਾਰ ਯੂਨੀਅਨ ਰਾਜਿੰਦਰ ਸਿੰਘ ਬਡਹੇੜੀ ਸਾਬਕਾ ਡਾਇਰੈਕਟਰ ਪੰਜਾਬ ਮੰਡੀ ਬੋਰਡ ਨੇ ਭਾਜਪਾ ਨੇਤਾ ਅਤੇ ਚੰਡੀਗੜ੍ਹ ਪੰਚਾਇਤ ਸੰਮਤੀ ਦੇ ਸਾਬਕਾ ਚੇਅਰਮੈਨ ਸ਼ਿੰਗਾਰਾ ਸਿੰਘ ਦੜੀਆ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼ਿੰਗਾਰਾ ਸਿੰਘ ਇੱਕ ਸੁਲਝੇ ਹੋਏ ਵਿਅਕਤੀ ਸਨ, ਜਿਨ੍ਹਾਂ ਦੀ ਮੌਤ ਨਾਲ ਪਰਵਾਰ ਅਤੇ ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਦੇ ਪੇਂਡੂ ਖੇਤਰ ਨੂੰ ਵੱਡਾ ਘਾਟਾ ਪਿਆ ਹੈ ਜੋ ਕਦੇ ਵੀ ਪੂਰਿਆ ਨਹੀਂ ਜਾ ਸਕਦਾ।ਉਨ੍ਹਾਂ ਯਾਦ ਸਾਂਝੀ ਕਰਦਿਆਂ ਕਿਹਾ ਕਿ ਅਕਸਰ ਅਸੀਂ ਸਥਾਨਕ ਅਦਾਰਿਆਂ ਦੀਆਂ ਚੋਣਾਂ ਸਮੇਂ ਕਦੇ ਇੱਕ ਮੰਚ 'ਤੇ ਅਤੇ ਕਦੇ ਵੱਖ ਵੱਖ-ਵੱਖ ਮੰਚਾਂ 'ਤੇ ਹੁੰਦੇ, ਪਰ ਸਮਾਜਿਕ ਮੁੱਦਿਆਂ 'ਤੇ ਉਹ ਹਮੇਸ਼ਾ ਧੜਿਆਂ ਨੂੰ ਪਾਸੇ ਰੱਖ ਕੇ ਲੋਕ ਭਲਾਈ ਲਈ ਇੱਕਜੁਟ ਹੋ ਕੇ ਕੰਮ ਕਰਦੇ ਰਹੇ। ਗ਼ੈਰ-ਰਸਮੀ ਗੱਲਬਾਤ ਵਿੱਚ ਉਨ੍ਹਾਂ ਵਿਛੜੇ ਆਗੂ ਨਾਲ਼ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ।



## ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਕਰ ਰਹੀ ਸੂਬਾ ਸਰਕਾਰ : ਮੋਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸਕੂਲ ਖੇਡਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਵਡਮੁੱਲੇ ਯੋਗਦਾਨ ਲਈ ਪ੍ਰਿੰਸੀਪਲਾਂ ਤੇ



ਅਧਿਆਪਕਾਂ ਦਾ ਸਨਮਾਨ ਕਰਦਿਆਂ ਪੰਜਾਬ ਸਰਕਾਰ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਦੁਹਰਾਈ। ਇਥੇ ਲਾ ਬਲਾਸਮ ਸਕੂਲ ਵਿਖੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵੱਲੋਂ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਰਾਜ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸੂਬੇ ਨੂੰ ਖੇਡਾਂ ਦੇ ਖੇਤਰ ਵਿੱਚ ਵੀ ਮੋਹਰੀ ਬਣਾਉਣ ਲਈ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਤਵਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਖੇਡਾਂ ਲਈ 1790 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇਸ ਮੌਕੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ। ਵਿਸ਼ੇਸ਼ ਮਹਿਮਾਨ ਰਜਿੰਦਰ ਕੌਰ ਥਿਆੜਾ ਨੇ ਸਨਮਾਨਤ ਹਸਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਸੁਧਾਰ ਲਈ ਲਗਾਤਾਰ ਕਈ ਮਹੱਤਵਪੂਰਣ ਕਦਮ ਚੁੱਕੇ ਹਨ, ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਸਮਾਰੋਹ ਦੌਰਾਨ ਕਰੀਬ 100 ਖੇਡ ਹਸਤੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਖੇਡਾਂ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ), ਡਾ. ਜਤਿੰਦਰ ਸਾਬੀ, ਪ੍ਰਿੰਸੀਪਲ ਜਤਿੰਦਰ ਕੁਮਾਰ, ਪ੍ਰਿੰਸੀਪਲ ਸੁਖਦੇਵ ਲਾਲ ਬੱਬਰ, ਪ੍ਰਿੰਸੀਪਲ ਭੁਪਿੰਦਰ ਪਾਲ ਸਿੰਘ, ਪ੍ਰਿੰਸੀਪਲ ਪਰਮਿੰਦਰ ਫਲੋਰਾ,ਪ੍ਰਿੰਸੀਪਲ ਦਿਨੇਸ਼ ਕੁਮਾਰ ਤੋਂ ਇਲਾਵਾ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਸ਼ਾਮਲ ਹਨ।

## ਸ੍ਰੀ ਹਨੂਮਤ ਇੰਸਟੀਚਿਊਟ ਵਿਖੇ ਆਨ-ਕੈਂਪਸ ਪਲੇਸਮੈਂਟ ਡਰਾਈਵ

**ਗੁਰਾਇਆ (ਬਿੰਦਰ ਸੁਮਨ)** ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਵਿਖੇ ਆਨ-ਕੈਂਪਸ ਪਲੇਸਮੈਂਟ ਡਰਾਈਵ ਦਾ ਸਫਲ ਆਯੋਜਨ



ਕੀਤਾ ਗਿਆ, ਜਿਸ ਨੇ ਵਿਦਿਆਰਥੀਆਂ ਨੂੰ ਆਪਣੇ ਪੇਸ਼ਾਵਰ ਕਰੀਅਰ ਦੀ ਸ਼ੁਰੂਆਤ ਲਈ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕੀਤਾ।ਇਸ ਡਰਾਈਵ ਵਿੱਚ ਬੀ ਬੀ ਏ, ਬੀ ਸੀ ਏ, ਬੀ ਕਾਮ, ਬੀ ਐਚ ਐਮ ਸੀ ਟੀ, ਬੀ ਐਮ ਐਲ ਐਸ ਅਤੇ ਬੀ ਐਸ ਸੀ ਫੈਸ਼ਨ ਡਿਜ਼ਾਈਨਿੰਗ ਸਮੇਤ ਵੱਖ-ਵੱਖ ਵਿਭਾਗਾਂ ਦੇ ਕੁੱਲ 138 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਕਾਲਜ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਦੀ ਦੂਰਦਰਸ਼ੀ ਅਤੇ ਗਤੀਸ਼ੀਲ ਅਗਵਾਈ ਹੇਠ ਇਹ ਆਯੋਜਨ ਕੀਤਾ ਗਿਆ ਸੀ।ਪਲੇਸਮੈਂਟ ਡਰਾਈਵ ਵਿੱਚ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਕੰਪਨੀਆਂ ਦੇ ਪ੍ਰਤੀਨਿਧੀ ਮੌਜੂਦ ਸਨ, ਜਿਨ੍ਹਾਂ ਵਿੱਚ ਹੋਟਲ ਪਾਰਕ ਇਨ ਬਾਈ ਰੈਡਿਸਨ, ਗੋਲਡਨ ਟਿਊਲਿਪ, ਰਮਾਡਾ, ਹਯਾਤ ਰੀਜੈਂਸੀ ਤੋਂ ਇਲਾਵਾ ਅਗੇਤੀ ਟਰੇਨਿੰਗ ਅਤੇ ਆਈ.ਟੀ. ਕੰਪਨੀਆਂ ਕੇ. ਡੀ. ਟੈਕ ਪਾਠਸ਼ਾਲਾ, ਟੈਕਐਡ ਡਿਜੀਟੈਕ ਇੰਸਟੀਚਿਊਟ ਅਤੇ ਵਰਚੁਅਸਿਟੀ ਡਿਜੀਟਲ ਵਿਸ਼ੇਸ਼ ਤੌਰ 'ਤੇ ਜਿਕਰਯੋਗ ਹਨ।ਸਭ ਤੋਂ ਪਹਿਲਾਂ ਗਰੁੱਪ ਡਿਸਕਸ਼ਨ ਰਾਊਂਡ ਵਿੱਚ ਵਿਦਿਆਰਥੀਆਂ ਦੇ ਸੰਚਾਰ ਕੌਸ਼ਲ, ਆਤਮਵਿਸ਼ਵਾਸ, ਟੀਮ ਵਰਕ ਅਤੇ ਵਿਚਾਰ ਪ੍ਰਸਤੁਤ ਕਰਨ ਦੀ ਸਮਰੱਥਾ ਦਾ ਮੁਲਾਂਕਣ ਕੀਤਾ ਗਿਆ। ਇਸ ਤੋਂ ਬਾਅਦ ਸਫਲ ਉਮੀਦਵਾਰਾਂ ਦਾ ਐਚ.ਆਰ. ਇੰਟਰਵਿਊ ਲਿਆ ਗਿਆ, ਜਿਸ ਵਿੱਚ ਵਿਸ਼ੇ ਦੇ ਗਿਆਨ, ਪਰਸਨੈਲਿਟੀ, ਸਮੱਸਿਆ-ਹਲ ਸਮਰੱਥਾ ਅਤੇ ਜੌਬ ਰੋਲ ਲਈ ਉਪਯੋਗਤਾ ਨੂੰ ਪਰਖਿਆ ਗਿਆ।ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਦੱਸਿਆ ਕਿ ਕੰਪਨੀਆਂ ਵੱਲੋਂ ਕੁੱਲ ਭਾਗੀਦਾਰਾਂ ਵਿੱਚੋਂ 92 ਵਿਦਿਆਰਥੀਆਂ ਦੀ ਚੋਣ ਕੀਤੀ ਗਈ, ਜੋ ਸੰਸਥਾਨ ਲਈ ਮਾਣ ਵਾਲੀ ਗੱਲ ਹੈ। ਇਹ ਉਪਲਬਧੀ ਸ਼ਿਮਟ ਦੇ ਵਿਦਿਆਰਥੀਆਂ ਦੀ ਮਜ਼ਬੂਤ ਵਿਦਿਅਕ ਬੁਨਿਆਦ ਅਤੇ ਉਦਯੋਗ ਲਈ ਉਨ੍ਹਾਂ ਦੀ ਤਿਆਰੀ ਨੂੰ ਦਰਸਾਉਂਦੀ ਹੈ।ਪ੍ਰਿੰਸੀਪਲ ਨੇ ਟਰੇਨਿੰਗ ਅਤੇ ਪਲੇਸਮੈਂਟ ਕਮੇਟੀ ਅਤੇ ਕੈਂਪਸ ਸਟਾਫ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੀ ਇੱਕ ਰੋਜ਼ਾ ਸਕੂਲਿੰਗ 14 ਨੂੰ

**ਜਲੰਧਰ (ਰਾਜੇਸ਼ ਥਾਪਾ)** ਭਾਰਤ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਇਕ ਰੋਜ਼ਾ ਸਕੂਲਿੰਗ 14 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ ਕੌਮੀ ਵਾਈਸ ਪ੍ਰਧਾਨ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਇਸ ਦਾ ਫੈਸਲਾ ਪਿਛਲੇ ਦਿਨੀ ਫ਼ਰੀਦਾਬਾਦ (ਹਰਿਆਣਾ) ਵਿਖੇ ਹੋਈ ਮੀਟਿੰਗ ਸਮੇਂ ਕੀਤਾ ਗਿਆ ਸੀ। ਇਹ ਸਕੂਲ ਸਾਰੇ ਭਾਰਤ ਅੰਦਰ ਵੱਖ-ਵੱਖ ਥਾਵਾਂ ਉੱਪਰ ਲਗਾਏ ਜਾ ਰਹੇ ਹਨ।ਇਹਨਾਂ ਸਕੂਲਾਂ ਤੋਂ ਬਾਅਦ 09 ਅਤੇ 10 ਮਈ 2026 ਨੂੰ ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੀ ਕੇਂਦਰੀ ਕਮੇਟੀ ਦੀ ਮੀਟਿੰਗ ਮੁੜ ਫਰੀਦਾਬਾਦ ਵਿਖੇ ਜਥੇਬੰਦੀ ਦੇ ਮੁੱਖ ਦਫਤਰ ਵਿੱਚ ਹੋਵੇਗੀ। ਜਿਸ ਵਿੱਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਇਸ ਖੇਤਰੀ ਸਕੂਲਿੰਗ ਵਿੱਚ ਪੰਜਾਬ, ਹਰਿਆਣਾ, ਚੰਡੀਗੜ੍ਹ,ਜੰਮੂ ਕਸ਼ਮੀਰ ਅਤੇ ਹਿਮਾਚਲ ਦੇ ਮੁਲਾਜ਼ਮ ਭਾਗ ਲੈਣਗੇ।

## ਇਲਾਕੇ ਦੀ ਸੁਖ-ਸ਼ਾਂਤੀ ਲਈ 'ਸ੍ਰੀ ਅਖੰਡ ਪਾਠ ਸਾਹਿਬ' ਦੇ ਭੋਗ ਅੱਜ

**ਬਲਾਚੌਰ / ਪੋਜੇਵਾਲ (ਜਸਵਿੰਦਰ ਬੈਂਸ/ ਰਾਮ ਲਾਲ)** ਬਲਿਕ ਕੈਰੀਅਰ ਟਰੱਕ ਯੂਨੀਅਨ, ਬ੍ਰਾਂਚ ਆਸਰੋਂ ਵੱਲੋਂ ਸਮੂਹ ਡਰਾਈਵਰਾਂ, ਮਾਲਕਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਅਤੇ ਇਲਾਕੇ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ।ਯੂਨੀਅਨ ਦੇ ਪ੍ਰਧਾਨ ਸ਼ਾਮ ਲਾਲ ਮੇਹਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਧਾਰਮਿਕ ਸਮਾਗਮ ਦਾ ਮੁੱਖ ਉਦੇਸ਼ ਸਮੂਹ ਸੰਗਤ ਅਤੇ ਨਗਰ ਨਿਵਾਸੀਆਂ ਦੀ ਸੁਖ-ਸ਼ਾਂਤੀ ਲਈ ਅਰਦਾਸ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 12 ਅਪ੍ਰੈਲ (ਐਤਵਾਰ) ਸਵੇਰੇ 10:00 ਵਜੇ ਪਾਏ ਜਾਣਗੇ।

## Public Notice

I, Sarbjit Singh S/o Satpal Singh R/o Vill. Bhule Chak, P.O. Tibri, Gurdaspur, Pin-143530, Punjab, India, declare that my given name as Sarbjit and my Surname as Singh.

## Change of Name

I, Pawan S/o Kush Kumar Malhotra R/o H.No. 273, Gali No.14, Guru Har Rai Avenue, Majitha Road, Amritsar, Punjab have changed my name from Pawan to Pawan Kumar Malhotra.

**AXIS BANK LTD.** ਰਿਟੇਲ ਐਸੇਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਜ਼ਬਰਿਜ, ਅਹਿਮਦਾਬਾਦ-380006

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ

ਇਹ ਨੋਟਿਸ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਕਰਜ਼ਦਾਰ/ਗਰੰਟਰ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਸਚਿਤ ਮਿਤੀ 'ਤੇ ਮੂਲ ਰਕਮ ਅਤੇ ਇਸ 'ਤੇ ਵਿਆਜ ਦੀ ਮੁੜ ਅਦਾਇਗੀ ਲਈ ਅਨੇਕਾਂ ਭੁੱਲਾਂ ਕੀਤੀਆਂ ਹਨ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਮੁਤਾਬਿਕ ਅਜਿਹੇ ਖਾਤੇ ਨਾਨ-ਪਰਫਾਰਮਿੰਗ ਐਸਟ ਵਜੋਂ ਕਲਾਸੀਫਾਈਡ ਕਰ ਦਿੱਤੇ ਗਏ ਹਨ। ਸਰਫੇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਜੋ ਕਿ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਇਹ ਸੂਚਨਾ ਇਸ ਦੇ ਸੰਬੰਧ 'ਚ ਹੀ ਜਨਤਕ ਨੋਟਿਸ ਰਾਹੀਂ ਦਿੱਤੀ ਜਾ ਰਹੀ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸਾਂ ਦਾ ਨਾਂਅ | ਐੱਨ ਪੀ ਏ ਦੀ ਮਿਤੀ / ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਅਨੁਸਾਰ) | ਮਨਜ਼ੂਰ ਕਰਜ਼ਾ ਰਕਮ/ਡਿਸਬਰਸਡ |
|---|---|---|---|---|
| 1. | 1. ਸ੍ਰੀ ਭੂਸ਼ਣ ਕੁਮਾਰ ਪੁੱਤਰ ਅਸ਼ੋਕ ਕੁਮਾਰ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਪਾਇਲ ਗਰਗ ਪਤਨੀ ਭੂਸ਼ਣ ਕੁਮਾਰ (ਸਹਿ-ਕਰਜ਼ਦਾਰ) | 05-03-2026 / 17-03-2026 | ਰੁਪਏ 34,24,095/- (ਚੌਂਤੀ ਲੱਖ ਚੌਵੀ ਹਜ਼ਾਰ ਪਚਾਨਵੇਂ ਰੁਪਏ ਕੇਵਲ) | 1. ਰੁਪਏ 25,99,852/- ( ਪੱਚੀ ਲੱਖ ਨੜਿੰਨਵੇ ਹਜ਼ਾਰ ਅੱਠ ਸੌ ਬਵੰਜਾ ਰੁਪਏ ਕੇਵਲ) ਦੀ ਪਾਵਰ ਹੋਮ ਲੋਨ ਸਹੂਲਤ ਅਤੇ 2. ਰੁਪਏ 11,20,000/- (ਗਿਆਰਾਂ ਲੱਖ ਵੀਹ ਹਜ਼ਾਰ ਰੁਪਏ) ਦੀ ਐਸਟ ਪਾਵਰ ਹੋਮ ਲੋਨ ਸਹੂਲਤ |
| | ਬੈਨਾਮਾ ਦਸਤਾਵੇਜ਼ ਨੰ. 2020-21/11/1/6660 ਮਿਤੀ 22 ਅਕਤੂਬਰ 2020 ਅਨੁਸਾਰ ਸ੍ਰੀ ਭੂਸ਼ਨ ਕੁਮਾਰ ਗਰਗ ਪੁੱਤਰ ਅਸ਼ੋਕ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 702, ਰਕਬਾ 116.90 ਵਰਗ ਗਜ਼, ਖਸਰਾ ਨ. 13/3/1/6(0- 14), ਖੇਵਟ ਨੰ. 594-595, ਖਤੌਨੀ ਨੰ. 1097, ਜਮਾਂਬੰਦੀ ਸਾਲ 2013-2014, ਗੁਰੂ ਨਾਨਕ ਨਗਰ ਵਿਖੇ ਸਥਿਤ, ਗਲੀ ਨੰ. 7, ਰਕਬਾ ਤਫਜਲਪੁਰਾ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ, ਪੱਛਮ : ਨਿਰਮਿਤ ਮਕਾਨ, ਉੱਤਰ : ਜਗਦੇਵ ਸਿੰਘ ਦਾ ਮਕਾਨ ਨੰ. 407, ਦੱਖਣ : ਜਾਇਦਾਦ | | | |
| 2. | 1. ਸ੍ਰੀ ਵਿਸ਼ਾਲ ਮਹਿਰਾ ਪੁੱਤਰ ਕਮਲ ਮਹਿਰਾ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਮੰਜੂ ਪਤਨੀ ਕਮਲ ਮਹਿਰਾ (ਸਹਿ-ਕਰਜ਼ਦਾਰ/ਰਹਿਣਕਾਰ) | 10-03-2026 / 17-03-2026 | ਰੁਪਏ 15,29,054/- (ਪੰਦਰਾਂ ਲੱਖ ਉਨੱਤੀ ਹਜ਼ਾਰ ਚੁਰੰਜਾ ਰੁਪਏ ਕੇਵਲ) | ਰੁਪਏ 15,30,000/- ( ਪੰਦਰਾਂ ਲੱਖ ਤੀਹ ਹਜ਼ਾਰ ਰੁਪਏ ਕੇਵਲ) |
| | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ : ਬੈਨਾਮਾ ਦਸਤਾਵੇਜ਼ ਨੰ. 2021-22/187/1/2721 ਮਿਤੀ 29 ਜੂਨ 2021 ਅਨੁਸਾਰ ਸ੍ਰੀਮਤੀ ਮੰਜੂ ਪਤਨੀ ਸ੍ਰੀ ਕਮਲ ਮਹਿਰਾ ਅਤੇ ਸ੍ਰੀ ਵਿਸ਼ਾਲ ਮਹਿਰਾ ਪੁੱਤਰ ਸ੍ਰੀ ਕਮਲ ਮਹਿਮਾ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 04 ਮਰਲੇ, ਖਸਰਾ ਨੰ. 565, ਹੱਦਬਸਤ 158, ਜਮ੍ਹਾਂਬੰਦੀ ਸਾਲ 2012-2013, ਰਤਨ ਨਗਰ ਵਿਖੇ ਸਥਿਤ ਪਿੰਡ ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਖਾਲੀ ਪਲਾਟ 43'-6", ਪੱਛਮ : ਮਦਨ ਲਾਲ ਅਤੇ ਹੋਰ 43'-6", ਉੱਤਰ : ਗਲੀ 15' 19'-0", ਦੱਖਣ : ਗਲੀ 12' 19'-0" | | | |
| 3. | 1. ਸ੍ਰੀ ਹਰੀਸ਼ ਚੰਦਰ ਪੁੱਤਰ ਕਾਂਤਾ ਪ੍ਰਸਾਦ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸ਼ਾਂਤੀ ਦੇਵੀ ਪਤਨੀ ਹਰੀਸ਼ ਚੰਦਰ (ਸਹਿ-ਕਰਜ਼ਦਾਰ/ਰਹਿਣਕਾਰ) | 10-03-2026 / 19-03-2026 | ਰੁਪਏ 11,09,157/- (ਗਿਆਰਾਂ ਲੱਖ ਨੌਂ ਹਜ਼ਾਰ ਇੱਕ ਸੌ ਸਤਵਿੰਜਾ ਰੁਪਏ ਕੇਵਲ) | ਰੁਪਏ 16,18,380/- ( ਸੌਲਾਂ ਲੱਖ ਅਠਾਰਾਂ ਹਜ਼ਾਰ ਤਿੰਨ ਸੌ ਅੱਸੀ ਰੁਪਏ ਕੇਵਲ) |
| | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ : ਬੈਨਾਮਾ ਦਸਤਾਵੇਜ਼ ਨੰ. 2020-21/186/1/3321 ਮਿਤੀ 18 ਸਤੰਬਰ 2020 ਅਨੁਸਾਰ ਸ੍ਰੀਮਤੀ ਸ਼ਾਂਤੀ ਦੇਵੀ ਪਤਨੀ ਹਰੀਸ਼ ਚੰਦਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ 49 ਦਾ ਹਿੱਸਾ ਰਕਬਾ 01 ਮਰਲਾ-268 ਵਰਗ ਫੁੱਟ, ਖਸਰਾ ਨੰ. 25//14/1, 17/1, 16/1, 25/2, 27, 26//20/2, 21/2, 27//4/1/2, 4/2/2, 25//14/2, 15/2, 24/2, 25/1, 27//4/2/1, 25//6/2, 26//10/2, 11/1, 25//15/1, 16/2 ਜਮ੍ਹਾਂਬੰਦੀ ਸਾਲ 2018-19, ਹੱਦਬਸਤ ਨੰ. 2028, ਵਾਕਿਆ ਅਬਾਦੀ ਪਿੰਡ ਨੰਗਲ, ਸਲੇਮਪੁਰ, ਤਹਿ. ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਵਿਸ਼ਾਲ ਬਾਵਾ ਦਾ ਮਕਾਨ ਨੰ. 50, ਪੱਛਮ : ਮਕਾਨ ਨੰ. 49 ਦਾ ਬਾਕੀ ਹਿੱਸਾ, ਉੱਤਰ : ਸੰਜੇ ਪਾਲ ਦਾ ਮਕਾਨ ਨੰ. 48, ਦੱਖਣ : ਸੜਕ। | | | |
| 4. | 1. ਸ੍ਰੀ ਸੁਸ਼ੀਲ ਕੁਮਾਰ ਪੁੱਤਰ ਰਮੇਸ਼ ਕੁਮਾਰ (ਕਰਜ਼ਦਾਰ) ਅਤੇ 2. ਸ੍ਰੀਮਤੀ ਅਨੂੰ ਦੇਵੀ ਪਤਨੀ ਸੁਸ਼ੀਲ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 10-03-2026 / 23-03-2026 | ਰੁਪਏ 11,96,009/- (ਗਿਆਰਾਂ ਲੱਖ ਛਿਆਨਵੇਂ ਹਜ਼ਾਰ ਨੌਂ ਰੁਪਏ ਕੇਵਲ) | 1. ਰੁਪਏ 12,47,121/- ( ਬਾਰਾਂ ਲੱਖ ਸੰਤਾਲੀ ਹਜ਼ਾਰ ਇੱਕ ਸੌ ਇੱਕੀ ਰੁਪਏ ਕੇਵਲ) ਦੀ ਪਾਵਰ ਹੋਮ ਲੋਨ ਸਹੂਲਤ ਅਤੇ ਰੁਪਏ 2,60,000/- (ਦੋ ਲੱਖ ਸੱਠ ਹਜ਼ਾਰ ਰੁਪਏ ਕੇਵਲ) ਦੀ ਪਾਵਰ ਹੋਮ ਲੋਨ ਸਹੂਲਤ |
| | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ : ਬੈਨਾਮਾ ਦਸਤਾਵੇਜ਼ ਨੰ. 2020-21/189/1/1163 ਮਿਤੀ 15 ਜੁਲਾਈ 2023 ਅਨੁਸਾਰ ਸੁਸ਼ੀਲ ਕੁਮਾਰ ਪੁੱਤਰ ਰਮੇਸ਼ ਕੁਮਾਰ ਅਤੇ ਸ੍ਰੀਮਤੀ ਅਨੁ ਦੇਵੀ ਪਤਨੀ ਸੁਸ਼ੀਲ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 203 'ਤੇ ਬਣਿਆ ਮਕਾਨ ਰਕਬਾ 82 ਵਰਗ ਗਜ਼, ਖਸਰਾ ਨੰ. 6316/4486 ਮਿਨ, ਖੱਤਾ ਖਤੌਨੀ ਨੰ. 1258/3191, ਜਮ੍ਹਾਂਬੰਦੀ ਸਾਲ 2015-16, ਵਾਕਿਆ ਸੁਲਤਾਨਵਿੰਡ ਵਿਖੇ ਸਥਿਤ, ਸਬ-ਅਰਬਨ ਤਰਫ ਮਾਹਲ-2, ਅਬਾਦੀ ਕੋਟ ਮਿੱਤ ਸਿੰਘ, ਨੇੜੇ ਭਾਈ ਮੰਡ ਫਲੈਟ ਅਤੇ ਸੁਟਡੈਂਟ ਹੈਵਨ ਪਬਲਿਕ ਸਕੂਲ, ਨੇੜੇ ਵਾਟਰ ਟੈਂਕ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਲਾਂਘਾ, ਪੱਛਮ : ਪਲਾਟ ਨੰ. 202, ਉੱਤਰ : ਪਲਾਟ ਨੰ. 204, ਦੱਖਣ: ਹੋਰ। | | | |
| 5. | 1. ਸ੍ਰੀ ਸੋਨੀ ਸਿੰਘ ਪੁੱਤਰ ਜੋਰਾ ਰਾਮ (ਕਰਜ਼ਦਾਰ) ਅਤੇ 2. ਸ੍ਰੀਮਤੀ ਪਰਮਜੀਤ ਕੌਰ ਪਤਨੀ ਸੋਨੀ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 05-03-2026 / 24-03-2026 | ਰੁਪਏ 8,22,747/- (ਅੱਠ ਲੱਖ ਬਾਈ ਹਜ਼ਾਰ ਸੱਤ ਸੌ ਸੰਤਾਲੀ ਰੁਪਏ ਕੇਵਲ) | ਰੁਪਏ 8,11,744/- ( ਅੱਠ ਲੱਖ ਗਿਆਰਾਂ ਹਜ਼ਾਰ ਸੱਤ ਸੌ ਚੁਤਾਲੀ ਰੁਪਏ ਕੇਵਲ) |
| | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ : ਬੈਨਾਮਾ ਦਸਤਾਵੇਜ਼ ਨੰ. 2019-20/83/1/3135 ਮਿਤੀ 05-03-2020 ਅਨੁਸਾਰ ਸ੍ਰੀਮਤੀ ਪਰਮਜੀਤ ਕੌਰ ਪਤਨੀ ਸੋਨੀ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 0 ਕਨਾਲ 5-1/2 ਮਰਲੇ (162.27 ਵਰਗ ਗਜ਼), ਖੇਵਟ ਖਤੌਨੀ ਨੰ. 40/36/113, ਖਸਰਾ ਨੰ. 36//15 (1-14), 36//16 (0-14), 37//11 (8-0), 37//12 (6-0), 37//20/1(2-9), ਸੈਲਵਾਲਾ ਵਿਖੇ ਸਥਿਤ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਲਾਂਘਾ, ਪੱਛਮ : ਰੂਪ ਸਿੰਘ, ਉੱਤਰ : ਦੇਵਾ ਰਾਮ, ਦੱਖਣ : ਲਾਂਘਾ। | | | |
| 6. | 1. ਸ੍ਰੀ ਮੁਹੰਮਦ ਇਤਾਫ ਪੁੱਤਰ ਅਬਦੂਲ ਮਜੀਦ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸੂਫੀਆ ਬਾਨੋ ਪਤਨੀ ਮੁਹੰਮਦ ਇਤਾਫ (ਸਹਿ-ਕਰਜ਼ਦਾਰ) | 08-02-2026 / 25-03-2026 | ਰੁਪਏ 37,9,878/- (ਸੈਂਤੀ ਲੱਖ ਨੌਂ ਹਜ਼ਾਰ ਅੱਠ ਸੌ ਅਠੱਤਰ ਰੁਪਏ ਕੇਵਲ) | ਰੁਪਏ 16,00,000/- ( ਸੌਲਾਂ ਲੱਖ ਰੁਪਏ ਕੇਵਲ) |
| | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ : ਬੈਨਾਮਾ ਦਸਤਾਵੇਜ਼ ਨੰ. 2630, ਵਹੀ ਨੰ.1, ਜਿਲਦ ਨੰ. 2140 ਮਿਤੀ 04-01-1999 ਅਨੁਸਾਰ ਮੁਹੰਮਦ ਇਲਤਾਫ ਪੁੱਤਰ ਅਬਦੁੱਲ ਮਜੀਦ ਦੇ ਨਾਂਅ ਰਜਿਸਟਰਡ ਜਾਇਦਾਦ ਰਿਹਾਇਸ਼ੀ ਜਾਇਦਾਦ/ਪਲਾਟ 'ਤੇ ਬਣਿਆ ਮਕਾਨ ਰਕਬਾ 214.8/9 ਵਰਗ ਗਜ਼, ਖਸਰਾ ਨੰ. 1689, ਵਾਕਿਆ ਜਵਾਹਰ ਨਗਰ ਵਿਖੇ ਸਥਿਤ, ਕਮਲ ਸਿਨੇਮਾ ਰੋਡ, ਮਲੇਰਕੋਟਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਹੋਰਾਂ ਦੀ ਇਮਾਰਤ, ਪੱਛਮ : ਅਬਦੁੱਲ ਰਹਿਮਾਨ ਪੁੱਤਰ ਅਲੀ ਮੁਹੰਮਦ ਦਾ ਮਕਾਨ, ਉੱਤਰ : ਮੁਹੰਮਦ ਸ਼ਰੀਫ ਪੁੱਤਰ ਮੁਹੰਮਦ ਰਫੀਕ ਦਾ ਮਕਾਨ, ਦੱਖਣ : ਗਲੀ 15' ਚੌੜੀ। | | | |
| 7. | 1. ਸ੍ਰੀ ਸੰਨੀ ਦਿਓਲ ਪੁੱਤਰ ਜੱਗਾ ਸਿੰਘ (ਕਰਜ਼ਦਾਰ) ਅਤੇ 2. [illegible] | 04-06-2021 / 17-03-2026 | ਰੁਪਏ 2,22,473/- (ਦੋ ਲੱਖ [illegible]) | ਰੁਪਏ 1,06,457.00/- ( ਇੱਕ ਲੱਖ [illegible]) |
| | [illegible] | | | |
| 8. | [illegible] | 04-12-2025 / 17-03-2026 | ਰੁਪਏ 13,84,749/- [illegible] | ਰੁਪਏ 13,09,500.00/- [illegible] |
| | [illegible] | | | |
| 9. | [illegible] | 04-12-2025 / 17-03-2026 | ਰੁਪਏ 23,90,681.46/- [illegible] | ਰੁਪਏ 25,69,190.00/- [illegible] |
| | [illegible] | | | |
| 10. | [illegible] | 10-03-2026 / 25-03-2026 | ਰੁਪਏ 44,29,920/- [illegible] | ਰੁਪਏ 49,19,490.00/- [illegible] |
| | [illegible] | | | |
| 11. | [illegible] | 03-03-2026 / 25-03-2026 | ਰੁਪਏ 6,87,897/- [illegible] | ਰੁਪਏ 20,84,655.00/- [illegible] |
| | [illegible] | | | |
| 12. | [illegible] | 02-02-2026 / 17-03-2026 | ਰੁਪਏ 1,729,106/- [illegible] | ਰੁਪਏ 20,66,904.00/- [illegible] |
| | [illegible] | | | |
| 13. | [illegible] | 30-07-2021 / 26-03-2026 | ਰੁਪਏ 26,95,741/- [illegible] | ਰੁਪਏ 24,70,060.00/- [illegible] |
| | [illegible] | | | |
| 14. | [illegible] | 08-08-2023 / 23-03-2026 | ਰੁਪਏ 3,089,263.00/- [illegible] | ਰੁਪਏ 2,912,720.00/- [illegible] |
| | [illegible] | | | |
| 15. | [illegible] | 19-03-2026 / 25-03-2026 | ਰੁਪਏ 9,73,475.00/- [illegible] | ਰੁਪਏ 15,00,000.00/- [illegible] |
| | [illegible] | | | |

[illegible] ...ਨੂੰ ਆਪਣੇ ਸਕਿਓਰਡ ਐਸਟਸ ਦੇ ਪੁਨਰਗ੍ਰਹਿਣ ਲਈ ਆਪਣੇ ਅਧਿਕਾਰਾਂ ਵਾਸਤੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।
ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਕਤ ਦੱਸੇ ਐਕਟ ਸੈਕਸ਼ਨ 13(13) ਤਹਿਤ ਸਕਿਓਰਡ ਕ੍ਰੈਡਿਟਰ ਦੇ ਬਿਨਾਂ ਅਗਾਊਂ ਲਿਖਤੀ ਸਹਿਮਤੀ ਦੇ ਕਰਜ਼ਦਾਰ ਜਾਇਦਾਦ ਨੂੰ ਵਿੱਕਰੀ ਰਾਹੀਂ ਤਬਾਦਲਾ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਸਕਿਓਰਡ ਐਸਟਸ ਦੀ ਵਿੱਕਰੀ ਕਰਨ ਦਾ ਅਧਿਕਾਰ ਨਹੀਂ ਹੈ।

ਮਿਤੀ : 12.04.2026, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਇਸ ਦਫਤਰ ਅਧੀਨ ਅਸ਼ੋਕ ਕੁਮਾਰ ਪੁੱਤਰ ਪੂਰਨ ਚੰਦ ਵਾਸੀ ਪਿੰਡ ਟਾਹਲੀਆਂ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਦੇ ਨਾਂਅ 'ਤੇ ਪਿੰਡ ਟਾਹਲੀਆਂ ਵਿਖੇ ਇੱਕ ਐਸ ਪੀ (ਆਟਾ ਚੱਕ) ਕੁਨੈਕਸ਼ਨ ਚੱਲ ਰਿਹਾ ਹੈ, ਜਿਸ ਦਾ ਖਾਤਾ ਨੰ. ਬੀ 73 ਬੀ ਪੀ-400233 ਐਨ ਹੈ, ਜਿਸ ਨੂੰ ਜਸਵੀਰ ਸਿੰਘ ਪੁੱਤਰ ਸ੍ਰੀ ਹਾਕਮ ਸਿੰਘ ਵਾਸੀ ਪਿੰਡ ਆਹਮਦਪੁਰ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਆਪਣੇ ਨਾਂਅ ਤਬਦੀਲ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸਹਾਇਕ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਬੋਹਾ ਦਫਤਰ ਵਿਖੇ ਇਤਰਾਜ਼ ਕਰ ਸਕਦਾ ਹੈ।

ਰਾਮ ਮੂਰਤੀ ਪੁੱਤਰ ਸਾਧੂ ਰਾਮ ਵਾਸੀ ਆਦਰਸ਼ ਨਗਰ,ਅੰਮ੍ਰਿਤਸਰ ਦੇ ਨਾਮ ਤੇ ਪਿੰਡ ਧਾਰੀਵਾਲ ਭੋਜਾ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਚੱਲਦੇ 5 ਹਾਰਸਪਾਵਰ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏਪੀ 07/0429 ਨੂੰ ਆਪਣੇ ਨਾਮ ਕਰਵਾਉਣ ਲਈ ਨਿਸ਼ਾ ਬਾਵਾ ਪਤਨੀ ਸੰਦੀਪ ਕੁਮਾਰ ਵਾਸੀ ਧਾਰੀਵਾਲ ਭੋਜਾ ਨੇ ਅਰਜ਼ੀ ਦਿੱਤੀ ਹੈ, ਇਤਰਾਜ਼ ਕਰਤਾ 10 ਦਿਨਾਂ ਦੇ ਅੰਦਰ ਅੰਦਰ ਉਪ ਮੰਡਲ ਅਫਸਰ ਡੇਹਰੀਵਾਲ ਦਰੋਗਾ ਕੋਲ ਇਤਰਾਜ਼ ਪੇਸ਼ ਕਰੇ।

### ਬੇਦਖਲੀ ਨੋਟਿਸ

ਮੈਂ ਫਰੋਜੀਆ ਪੁੱਤਰ ਮਨਸੂਰੀਆ ਵਾਸੀ ਮੱਖੂ ਤਹਿ: ਜ਼ੀਰਾ (ਫਿਰੋਜ਼ਪੁਰ) ਹਾਲ ਅਬਾਦ ਕੋਟ ਈਸੇ ਖਾਂ ਤਹਿ: ਧਰਮਕੋਟ (ਮੋਗਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿਨ ਮੇਰੇ ਤੇ ਪਰਿਵਾਰ ਦੇ ਕਹਿਣੇ 'ਚੋਂ ਬਾਹਰ ਹੈ। ਉਸ ਨੂੰ ਅਸੀਂ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਲਦੇਵ ਸਿੰਘ ਪੁੱਤਰ ਦਰਸਨ ਸਿੰਘ ਵਾਸੀ ਪਿੰਡ ਮੱਲੈਆਣਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਸਾਦੀਸ਼ੁਦਾ ਲੜਕੇ ਸਤਨਾਮ ਸਿੰਘ ਤੇ ਉਸ ਦੀ ਪਤਨੀ ਸੁਖਪ੍ਰੀਤ ਕੌਰ ਤੇ ਬੱਚੇ ਗੁਰਬਾਜ ਸਮੇਤ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੀ ਚੱਲ-ਅਚੱਲ ਜਾਇਦਾਦ 'ਚੋਂ ਬੇਦਖਲ ਕਰ ਦਿਤਾ ਹੈ। ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਉਹਨਾਂ ਨਾਲ ਕੋਈ ਵਾਸਤਾ ਨਹੀ, ਸੰਬਧਤ ਨੋਟ ਕਰਨ।

ਮੈਂ ਬਲਜੀਤ ਕੌਰ ਪਤਨੀ ਪ੍ਰੇਮ ਸਿੰਘ ਵਾਸੀ 307, ਫੈਜਪੁਰਾ, ਅਲੀਵਾਲ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ । ਮੇਰਾ ਲੜਕਾ ਮਲਕੀਤ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਅਤੇ ਕੀਤੇ ਹੋਏ ਚੰਗੇ-ਮਾੜੇ ਕੰਮਾਂ ਦਾ ਇਹ ਖੁਦ ਜਿੰਮੇਵਾਰ ਹੋਵੇਗਾ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਾਲੁਕ ਵਾਸਤਾ ਨਹੀਂ ਹੈ ।ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਅਵਤਾਰ ਸਿੰਘ ਪੁੱਤਰ ਰੁਲਦਾ ਸਿੰਘ ਵਾਸੀ ਪਿੰਡ ਨੀਲਾ ਨਲੋਆ ਡਾਕ: ਬੱਸੀ ਬਜ਼ੀਦ ਤਹਿਸੀਲ ਅਤੇ ਜ਼ਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਕੁਮਾਰ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਹੈ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ, ਜੇਕਰ ਉਨ੍ਹਾਂ ਨਾਲ ਕੋਈ ਵੀ ਲੈਣ ਦੇਣ ਕਰੇਗਾ ਤਾਂ ਮੈ ਜਾਂ ਮੇਰਾ ਪਰੀਵਾਰ ਉਨ੍ਹਾਂ ਦੇ ਲੈਣ ਦੇਣ ਦੇ ਜ਼ਿਮੇਵਾਰ ਨਹੀ ਹੋਵਾਂਗੇ। ਉਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਸੰਬਧਤ ਨੋਟ ਕਰਨ।

ਮੈਂ, ਮਦਨ ਲਾਲ ਪੁੱਤਰ ਸ਼ਿਵ ਲਾਲ ਵਾਸੀ ਵਾਰਡ ਨੰ. 13, ਡਾ. ਅੰਬੇਦਕਰ ਨਗਰ, ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਮਨ ਕੁਮਾਰ ਅਤੇ ਮੇਰੀ ਨੂੰਹ ਸੰਜਨਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਵਿੰਦਰ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਵਾਰਡ ਨੰ. 25 ਨਿਗਾਰਾ ਰੋਡ, ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿੱਕੀ ਸਿੰਘ ਉਰਫ ਕਾਲਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ ਬਾਬਾ ਬੁੱਢਾ ਜੀ ਨਗਰ, ਗੇਟ ਨੰਬਰ 02, ਪਿੰਡ ਰਾਵਲ, ਰੇਲ ਕੋਚ ਫੈਕਟਰੀ, ਜ਼ਿਲ੍ਹਾ ਕਪੂਰਥਲਾ , ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਜੋਬਨਪ੍ਰੀਤ ਸਿੰਘ ਅਤੇ ਨੂੰਹ ਰਾਜਦੀਪ ਕੌਰ, ਜੋ ਕਿ ਕੈਨੇਡਾ ਵਿੱਚ ਰਹਿ ਰਹੇ ਹਨ, ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਕਤ ਆਪਣੇ ਬੇਟੇ ਅਤੇ ਨੂੰਹ ਨੂੰ ਆਪਣੀ ਚੱਲ ਅਚੱਲ ਸੰਪਤੀ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਦ ਮੇਰਾ ਉਕਤ ਦੋਨਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ । ਇਹਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਦਾਰ ਹੋਵੇਗਾ ।

ਮੈਂ, ਕਰਨੈਲ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਮਕਾਨ ਨੰਬਰ ਬੀ-26/140ਏ, ਮੁਹੱਲਾ ਸ਼ੇਰਗੜ੍ਹ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਭਸ਼ਰਨ ਸਿੰਘ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਆਪਣੀ ਮਰਜ਼ੀ ਕਰਦਾ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਪ੍ਰਭਸ਼ਰਨ ਸਿੰਘ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਮੇਰੇ ਲੜਕੇ ਪ੍ਰਭਸ਼ਰਨ ਸਿੰਘ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪੁਨਮ ਦੇਵੀ ਪਤਨੀ ਸ਼੍ਰੀ ਵਿਕਰਮ ਵਾਸੀ ਮਕਾਨ ਨੰ. 1, ਰਾਮ ਸ਼ਰਨਮ ਕਲੋਨੀ, ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਜੇ ਮਹੰਤ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਨਾਂਅ ਦੀ ਬਦਲੀ

ਮੈ ਸਲੋਨੀ ਪੁਤਰੀ ਪਰਦੀਪ ਕੁਮਾਰ, ਮਕਾਨ ਨੰ 88, ਮੁਹੱਲਾ ਨੰ: 27, ਜਲੰਧਰ ਕੈਂਟ, ਡਾਕਖਾਨਾ ਜਲੰਧਰ, ਜਿਲਾ ਜਲੰਧਰ, ਪੰਜਾਬ-144005 ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣਾ ਨਾਮ ਸਲੋਨੀ ਤੋਂ ਬਦਲ ਕੇ ਸਲੋਨੀ ਕੁਮਾਰੀ ਰੱਖ ਲਿਆ ਹੈ।

ਮੈਂ ਮੋਹਿਤ ਕੁਮਾਰ ਪੁੱਤਰ ਵਿਜੇ ਕੁਮਾਰ ਸਿੰਘ ਵਾਸੀ ਪਤਾਰਾ ਜਿਲਾ ਜਲੰਧਰ ਪੰਜਾਬ 144101 ਘੋਸ਼ਿਤ ਕਰਦਾ ਹਾ ਕਿ ਮੋਹਿਤ ਮੇਰਾ ਪਹਿਲਾ ਨਾਮ ਹੈ ਅਤੇ ਕੁਮਾਰ ਮੇਰਾ ਸਰ ਨੇਮ ਹੈ । ਸੰਬੰਧਿਤ ਨੋਟ ਕਰਨ ।

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ

ਮਿਸਲ ਨੰ. 12, ਐਫ ਟੀ ਸੀ — ਦਾਇਰ ਮਿਤੀ : 20/03/25
ਪਿੰਡ/ਰਕਬਾ : ਨੌਰਾ, — ਪੇਸ਼ੀ ਮਿਤੀ : 28/04/2026
ਕੇਸ ਕਿਸਮ : ਤਕਸੀਮ

1. ਨਿਰਮਲ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਨੌਰਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਅੱਵਲ)

ਬਨਾਮ

1. ਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੱਥਾ ਸਿੰਘ 2. ਸੁਖਵੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੱਥਾ ਸਿੰਘ ਦੋਵੇਂ ਵਾਸੀ ਪਿੰਡ ਨੌਰਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

(ਧਿਰ ਉੱਤਰਵਾਦੀਆਨ)

ਉੱਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 28/04/2026 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਹ ਇਸ਼ਤਿਹਾਰ ਰਾਹੀਂ ਉਤਰਵਾਦੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 27/03/2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਜ਼ਿਲ੍ਹਾ ਮਾਲ ਅਫਸਰ-ਕਮ-ਏ ਸੀ ਫਸਟ ਗਰੇਡ,
ਸ਼ਹੀਦ ਭਗਤ ਸਿੰਘ ਨਗਰ।

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ

ਮਿਸਲ ਨੰ. 13 ਐਫ ਟੀ ਸੀ — ਦਾਇਰ ਮਿਤੀ : 20/03/2025
ਪਿੰਡ/ਰਕਬਾ : ਨੌਰਾ, — ਪੇਸ਼ੀ ਮਿਤੀ : 28/04/2026
ਕੇਸ ਕਿਸਮ : ਤਕਸੀਮ

1. ਨਿਰਮਲ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਨੌਰਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਅੱਵਲ)

ਬਨਾਮ

1. ਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੱਥਾ ਸਿੰਘ 2. ਸੁਖਵੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਨੱਥਾ ਸਿੰਘ ਦੋਵੇਂ ਵਾਸੀ ਪਿੰਡ ਨੌਰਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

(ਧਿਰ ਉੱਤਰਵਾਦੀਆਨ)

ਉੱਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 28/04/2026 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਹ ਇਸ਼ਤਿਹਾਰ ਰਾਹੀਂ ਉਤਰਵਾਦੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 27/03/2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਜ਼ਿਲ੍ਹਾ ਮਾਲ ਅਫਸਰ-ਕਮ-ਏ ਸੀ ਫਸਟ ਗਰੇਡ,
ਸ਼ਹੀਦ ਭਗਤ ਸਿੰਘ ਨਗਰ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Change of name

I, Gurdeep S/o Daulat Ram R/o Village Udesian PO Adampur Distt. Jalandhar Punjab have changed my name from Gurdeep to Gurdeep Singh. Singh is my surname and given name is Gurdeep. Concerned note.

I, Randhir Bajaj S/O Ramesh Kumar R/O Jandiala Guru Distt Amritsar have changed my name from Randhir Bajaj to Randhir Kumar

I, Gurminder Singh S/o Jaswant Singh R/o H.No.F18/253 Gulmohar Avenue Majitha Road Amritsar have changed the name of my minor Son from Harmeet Singh to Given name Harmeet Surname Singh

I, Gurjinder Kaur W/o Gurminder Singh R/o H.No.F18/253 Gulmohar Avenue Majitha Road Amritsar have changed my name from Gurjinder Kaur to Given name Gurjinder Surname Kaur

I, Arshdeep Singh S/o kulwant Singh R/o Post office Wadala Viram, Tehsil Majitha, Distt, Amritsar, Punjab-143601, I have change my name from Arshdeep Singh to Singh is my surname and Arshdeep is my given name.

I, Hashmeet Kaur D/o Sukhwinder Singh R/o H.No.423 Gali No.6 Krishana Nagar Amritsar have changed my name from Hashmeet Kaur to Given name Hashmeet Surname Kaur

I Rattan Singh S/o Darshan Singh R/o 56 Bazar No.5 Satguru Ram Singh Avenue PO Khalsa College Amritsar have changed my name from Rattan Singh to Given name Rattan Surname Singh

I, Pooja D/o Kuldeep W/o Rohit Kumar R/o Gali No.8, Near K.P.Model School, Madhuban Colony, Kabir Vihar, P.O. Basti Bawa Khel, Jalandhar, Punjab-144021 changed my name to Pooja Rani.

I, Hithherto known as Maninder Singh S/o Dawinder Singh R/o Vill. Dehriwal, P.O. Bassi Jalal, Teh. Dasuya. (Hoshiarpur), Punjab-144203, have changed my name and shall hereafter be known as Singh Maninder.

I Dalbir Kaur W/o Rattan Singh R/o 56 Bazar No.5 Satguru Ram Singh Avenue PO Khalsa College Amritsar have changed my name from Dalbir Kaur to Given name Dalbir Surname Kaur

I, Sukhraj Singh S/O Nirvail Singh R/O VPO Gaggobua Tehsil & Distt. TarnTaran hereby inform that Sukhraj is my given name while Singh is my Surname.Concerned please note.

I, Sukhmanpreet Singh S/o Manjit Singh R/o VPO Bagga, Tehsil Baba Bakala, Distt. Amritsar, Punjab have changed my name from Sukhmanpreet Singh to Singh is my surname and Sukhmanpreet is my given name.

I, Jodhbir Singh S/o Baldev Singh R/o VPO Bagga, Tehsil Baba Bakala, Distt. Amritsar, Punjab have changed my name from Jodhbir Singh to Singh is my surname and Jodhbir is my given name.

I, Kulwinder Kaur W/o Sukhdev Singh R/o VPO Bagga, Tehsil Baba Bakala, Distt. Amritsar, Punjab have changed my name from Kulwinder Kaur to Kaur is my surname and Kulwinder is my given name.

I, Shama Malhotra W/o Pawan Kumar Malhotra R/o H.No. 273, Gali No.14, Majitha Road, Guru Har Rai Avenue, Amritsar, Punjab have changed my name from Shama Malhotra to Shama.

I, Rachpal Singh S/o Ram Singh R/o Vill. Kaloya, P.O. Bainch Baja, Tehsil Tanda, Distt. Hoshiarpur, Punjab, I have changed my name from Rachpal Singh to Rashpal Singh. Please note.

## ਦੀ RCF ਐਮਪਲੋਈਸ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਜਲੰਧਰ

ਚੋਣ ਪ੍ਰੋਗਰਾਮ

ਮਿਤੀ : 02/04/2026

ਅੱਜ ਇਜਲਾਸ ਕਮੇਟੀ ਸ੍ਰੀ ਰੋਹਿਤ ਕੁਮਾਰ ਰਤਨ,ਚੋਣ ਮੈਨੇਜਰ ਦੀ RCF ਐਮਪਲੋਈਸ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਜਲੰਧਰ ਦੀ ਪ੍ਰਧਾਨਗੀ ਹੇਠ ਹੋ ਕੇ ਹੇਠ ਲਿਖੀ ਕਾਰਵਾਈ ਪਾਸ ਕੀਤੀ ਗਈ।

ਤਜਵੀਜ ਹੋ ਕੇ ਪਾਸ ਹੋਇਆ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 26.04.2026 ਨੂੰ ਸਭਾ ਦੇ ਦਫਤਰ RCF ਕਾਲੋਨੀ ਜਲੰਧਰ ਵਿੱਚ ਹੋਵੇਗੀ। ਜਿਸ ਵਿੱਚ 9 (ਨੌਂ) ਮੈਂਬਰ ਚੁਣੇ ਜਾਣਗੇ। ਦੀ ਪੰਜਾਬ ਕੋਆਪ੍ਰੇਟਿਵ ਸੁਸਾਇਟੀ (ਅਮੈਂਡਮੈਂਟ) ਬਿੱਲ 2014 (ਪੰਜਾਬ ਐਕਟ ਨੰਬਰ 14 ਆਫ 2014) ਦੇ ਅਮੈਂਡਮੈਂਟ ਸੈਕਸ਼ਨ 26 ਆਫ ਪੰਜਾਬ ਐਕਟ 1961 ਸਨਮੁੱਖ ਇਨ੍ਹਾਂ ਮੈਂਬਰਾਂ ਵਿੱਚ ਸ਼ਡਿਊਲਡ ਕਾਸਟ ਦੀ ਇੱਕ ਰਾਖਵੀਂ ਸੀਟ ਅਤੇ ਦੋ ਇਸਤਰੀ ਮੈਂਬਰਾਂ ਦੀਆਂ ਸੀਟਾਂ ਰਾਖਵੀਆ ਹੋਣਗੀਆ। ਇਸ ਚੋਣ ਸਬੰਧੀ ਬੁਲਾਏ ਗਏ ਆਮ-ਅਜਲਾਸ ਬਾਬਤ ਨਿਯਮਾਂ ਮੁਤਾਬਕ ਨਿਰਧਾਰਤ ਵਿਧੀ ਅਨੁਸਾਰ ਮੈਂਬਰਾਂ ਨੂੰ ਸੂਚਨਾ ਦੇਣ ਦੀ ਜਿੰਮੇਵਾਰੀ ਸਕੱਤਰ ਸਭਾ ਦੀ ਹੋਵੇਗੀ

ਚੋਣ ਅਜੰਡਾ ਹੇਠ ਲਿਖੇ ਅਨੁਸਾਰ ਹੈ।

1. ਹਾਜ਼ਰੀ ਮੈਂਬਰਾਨ ਮਿਤੀ 26.04.2026 ਨੂੰ 10:00 ਵਜੇ ਸਵੇਰੇ ਤੋਂ 11.00 ਵਜੇ ਸਵੇਰੇ ਤੱਕ। 2. ਨਾਮਜ਼ਦਗੀ ਕਾਗਜ਼ਾਤ ਮਿਤੀ 26.04.2026 ਨੂੰ 11.00 ਵਜੇ ਸਵੇਰੇ ਤੋਂ 12.00 ਵਜੇ ਸਵੇਰੇ ਤੱਕ। 3. ਪ੍ਰਾਪਤ ਹੋਏ ਨਾਮਜ਼ਦਗੀ ਪੇਪਰਾਂ ਦੀ ਸੂਚੀ ਲਗਾਉਣ/ਚਸਪਾ ਕਰਨ ਦਾ ਸਮਾਂ ਮਿਤੀ 26.04.2026 ਨੂੰ 12:00 ਵਜੇ ਸਵੇਰੇ ਤੋਂ 12.30 ਵਜੇ ਸਵੇਰੇ ਤੱਕ। 4. ਇਤਰਾਜ਼ ਦਾ ਸਮਾਂ ਮਿਤੀ 26.04.2026 ਨੂੰ 12.30 ਵਜੇ ਸਵੇਰੇ ਤੋਂ 01.00 ਵਜੇ ਦੁਪਹਿਰ ਤੱਕ। 5. ਪੜਤਾਲ ਕਾਗਜ਼ਾਤ ਨਾਮਜ਼ਦਗੀ ਮਿਤੀ 26.04.2026 ਨੂੰ 1.00 ਵਜੇ ਤੋਂ ਦੁਪਹਿਰ 01.30 ਵਜੇ ਤੱਕ। 6. ਠੀਕ ਪਾਏ ਗਏ ਉਮੀਦਵਾਰਾਂ ਦੀ ਸੂਚੀ ਜਾਰੀ ਕਰਨਾ ਮਿਤੀ 26.04.2026 ਨੂੰ 01.30 ਵਜੇ ਤੋਂ 2.00 ਵਜੇ ਦੁਪਹਿਰ ਤੱਕ। 7. ਵਾਪਸੀ ਕਾਗਜ਼ਾਤ ਨਾਮਜ਼ਦਗੀ ਮਿਤੀ 26.04.2026 ਨੂੰ 2.00 ਵਜੇ ਦੁਪਹਿਰ ਤੋਂ 2.30 ਵਜੇ ਤੱਕ। 8. ਚੋਣ ਨਿਸ਼ਾਨ ਅਲਾਟਮੈਂਟ ਮਿਤੀ 26.04.2026 ਨੂੰ 2.30 ਵਜੇ ਦੁਪਹਿਰ ਤੋਂ 3.00 ਵਜੇ ਦੁਪਹਿਰ ਤੱਕ। 9. ਵੋਟਾਂ ਪਾਉਣ ਦਾ ਸਮਾਂ ਮਿਤੀ 26.04.2026 ਨੂੰ 3.30 ਵਜੇ ਦੁਪਹਿਰ ਤੋਂ 4:30 ਵਜੇ ਸ਼ਾਮ ਤੱਕ। 10. ਗਿਣਤੀ ਵੋਟਾਂ ਮਿਤੀ 26.04.2026 ਨੂੰ 4.30 ਵਜੇ ਸ਼ਾਮ ਤੋਂ ਬਾਅਦ ਕੀਤੀ ਜਾਵੇ ਅਤੇ ਸਫਲ ਉਮੀਦਵਾਰਾਂ ਦਾ ਐਲਾਨ ਰਿਟਰਨਿੰਗ ਅਫਸਰ ਕਰ ਦੇਣਗੇ। 11. ਕੋਈ ਵੀ ਮੈਂਬਰ ਜੋ ਕਰਜੇ ਜਾਂ ਹਿੱਸੇ ਦਾ ਡਿਫਾਲਟਰ ਹੋਵੇਗਾ, ਉਸਨੂੰ ਵੋਟ ਪਾਉਣ ਦਾ ਅਤੇ ਉਮੀਦਵਾਰ ਖੜੇ ਹੋਣ ਦਾ ਅਧਿਕਾਰ ਨਹੀਂ ਹੋਵੇਗਾ। 12. ਜਿਸ ਮੈਂਬਰ ਨੇ ਬਕਾਇਆ ਹਿੱਸੇ ਦੀ ਅਦਾਇਗੀ ਕਰਨੀ ਹੋਵੇ ਉਹ ਮਿਤੀ 24.04.2026 ਨੂੰ ਸ਼ਾਮ ਦੇ 5.00 ਵਜੇ ਤੱਕ ਸਭਾ ਦੇ ਸਕੱਤਰ ਨੂੰ ਦੇ ਸਕਦਾ ਹੈ। ਇਸ ਟਾਈਮ ਤੋਂ ਮਗਰੋਂ ਕੋਈ ਲੈਣ ਨਹੀਂ ਹੋਵੇਗਾ। 13. ਇਸ ਪ੍ਰੋਗਰਾਮ ਦੀਆ (4) ਚਾਰ ਪਰਤਾਂ ਉਪ ਰਜਿਸਟਰਾਰ, ਸਹਿਕਾਰੀ ਸਭਾਵਾ, ਜਲੰਧਰ ਨੂੰ ਭੇਜੀਆ ਜਾਣ ਤਾਂ ਕਿ ਉਹ ਸਭਾ ਦੀ ਕਮੇਟੀ ਦੀ ਚੋਣ ਕਰਵਾਉਣ ਲਈ ਰਿਟਰਨਿੰਗ ਅਫਸਰ ਨਿਯੁਕਤ ਕਰ ਦੇਣ। 14. ਪ੍ਰਬੰਧਕ ਕਮੇਟੀ ਦੀ ਚੋਣ ਪੰਜਾਬ ਸਹਿਕਾਰੀ ਸਭਾਵਾ ਐਕਟ, ਰੂਲਜ਼, ਬਾਈਲਾਜ਼ ਤੇ ਰਜਿਸਟਰਾਰ ਸਾਹਿਬ ਵੱਲੋਂ ਚੋਣ ਸਬੰਧੀ ਸਮੇਂ ਸਮੇਂ ਸਿਰ ਜਾਰੀ ਹੋਈਆ ਹਦਾਇਤਾਂ ਅਨੁਸਾਰ ਹੋਵੇਗੀ। 15. ਆਮ ਅਜਲਾਸ ਵਿੱਚ ਹਾਜ਼ਰ ਹੋਣ ਲਈ ਇਤਲਾਹ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਮਨਿਆਦੀ ਕਰਵਾ ਕੇ ਅਤੇ ਮੁੱਖ ਥਾਂਵਾ ਤੇ ਇਸ਼ਤਿਹਾਰ ਲਾਕੇ ਦਿੱਤੀ ਜਾਵੇਗੀ। 16. ਸਭਾ ਦੀ ਪ੍ਰਬੰਧਕ ਕਮੇਟੀ ਦੀ ਮਿਆਦ 13.02.2026 ਨੂੰ ਖਤਮ ਹੋ ਗਈ ਹੈ।

ਪ੍ਰਵਾਨ ਹੈ। — ਸ੍ਰੀ ਰੋਹਿਤ ਕੁਮਾਰ ਰਤਨ — ਚੋਣ ਮੈਨੇਜਰ
ਦੀ RCF ਐਮਪਲੋਈਸ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਜਲੰਧਰ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. :- 433-Sig_33_25_26 — ਮਿਤੀ: 09.04.2026
ਸਮਾਪਤੀ ਮਿਤੀ/ਸਮਾਂ: 01.05.2026 15:00

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਨ ਵਾਲੇ ਸੀਨੀਅਰ ਡੀਐਸਟੀਈ/ਜੇਏਟੀ ਨਿਵਿਦਾ ਸੂਚਨਾ ਨੰਬਰ 433-Sig_33_25_26 ਸਮਾਪਤੀ ਮਿਤੀ/ਸਮਾਂ 01.05.2026 15:00 ਵਜੇ ਦੇ ਵਿਰੁਧ https://www.ireps.gov.in 'ਤੇ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟ ਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੇਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਦੀ ਇਜਾਜਤ ਨਹੀਂ ਹੈ।

ਐਨਆਈਟੀ ਹੇਡਰ

| | | | |
|---|---|---|---|
| ਕਰਾਰ ਦਾ ਪ੍ਰਕਾਰ | ਕੰਮ | | |
| ਕੰਮ ਦਾ ਨਾਮ | ਜੰਮੂ ਡਵੀਜਨ ਵਿਚ ਸਥਾਪਿਤ ਅਫਟ੍ਰਾਨਿਕਸ ਕੰਪਨੀ ਦੇ ਡੇਟਾ ਲਾਗਰ ਸਿਸਟਮ ਦੇ ਲਈ ਤਿੰਨ (03) ਸਾਲਾਂ ਦਾ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ (ਏਐਮਸੀ) | | |
| ਨਿਵਿਦਾ ਸਮਾਪਤੀ ਮਿਤੀ ਸਮਾਂ | 01.05.2026 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09.04.2026 19:44 |
| ਵਿਗਿਆਪਤ ਮੂਲ (ਰੁ.) | 13491884.01 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਕਰਨ ਦੀ ਮਿਤੀ | 17.04.2026 |
| ਬਿਆਨਾ ਰਾਸ਼ੀ (ਰੁ.) | 269800.00 | ਪੂਰਾ ਹੋਣ ਦਾ ਸਮਾਂ | 36 ਮਹੀਨੇ |

1204/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 04.05.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| | | | | | |
|---|---|---|---|---|---|
| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | 10.04.2026 | ਬੋਲੀ ਸ਼ੁਰੂ ਦੀ ਮਿਤੀ | 20.04.2026 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 04.05.2026 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 04-2026-27-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਆਉਣ ਵਾਲੇ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ਮਲਹੌਰ/ਅੰਮ੍ਰਿਤਸਰ ਦੇ ਅਨੁਭਾਗ ਵਿਚ ਅੰਮ੍ਰਿਤਸਰ ਸਟੇਸ਼ਨ ਉਤੇ ਯਾਰਡ ਲਾਈਨਾਂ ਦੇ ਵਿਚ ਪਹਿਲਾਂ ਬਣੇ ਕੇਂਦਰੀ ਨਾਲੀ ਦੀ ਉਸਾਰੀ ਕੀਤੀ ਜਾਵੇਗੀ। |
| | ਵਿਗਿਆਪਨ ਮੁੱਲ (ਰੁ.): ₹ 4,94,92,068.95 | ਬਿਆਨਾ ਰਾਸ਼ੀ (ਰੁ.): ₹ 9,89,800.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਤੀ ਦਾ ਸਮਾਂ: 09 ਮਹੀਨੇ |
| | | ਸਮਾਨ ਨੇਚਰ ਦਾ ਕੰਮ:- ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।'' |
| 2. | 05-2026-27-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਸੀਨੀਅਰ ਅਨੁਭਾਗੀ/ਪੀ.ਵੇ/ ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਯਾਰਡ ਦੇ ਯਾਰਡ ਅਤੇ ਪਾਣੀ ਨਿਕਾਸੀ ਸੁਧਾਰ ਨਾਲ ਸਬੰਧਿਤ ਵਖ-ਵਖ ਟ੍ਰੈਕ ਕੰਮ। |
| | ਵਿਗਿਆਪਨ ਮੁੱਲ (ਰੁ.): ₹ 1,26,91,680.72 | ਬਿਆਨਾ ਰਾਸ਼ੀ (ਰੁ.): ₹ 2,53,800.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਤੀ ਦਾ ਸਮਾਂ: 10 ਮਹੀਨੇ |
| | | ਕੰਮ ਦੀ ਸਮਾਨ ਨੇਚਰ:- ``ਟ੍ਰੈਕ ਨੂੰ ਉਪਰ ਵਧਾਉਣਾ, ਸਕ੍ਰੀਨਿੰਗ ਕਰਨਾ, ਟ੍ਰੈਕ ਨੂੰ ਸਮਤਲ ਕਰਨਾ, ਟ੍ਰੈਕ ਰਖਰਖਾਅ ਮਸ਼ੀਨਾਂ ਜਿਵੇਂ ਟੈਪਿੰਗ ਮਸ਼ੀਨ/ਗਿਟੀ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਆਦਿ ਦੇ ਲਈ ਪਹਿਲਾਂ ਅਤੇ ਬਾਅਦ ਕੰਮ ਸਮੇਤ ਸੀਟੀਆਰ/ਟੀਆਰਆਰ/ ਟੀਐਫਆਰ/ਟੀਟੀਆਰ ਅਤੇ ਟੀਟੀਆਰ ਟੀ28 ਦੁਆਰਾ ਟੀ28 ਦੁਆਰਾ ਟੀਟੀਆਰ।'' |
| 3. | 06-2026-27-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਸੀਨੀਅਰ ਅਨੁਭਾਗੀ/ਪੀ.ਵੇ/ ਅੰਮ੍ਰਿਤਸਰ ਦੇ ਤਹਿਤ ਦੇ ਤਹਿਤ ਵੇਰਕਾ - ਬਟਾਲਾ ਅਤੇ ਬਟਾਲਾ - ਕਾਦਿਯਨ ਸੈਕਸ਼ਨ ਵਿਚ ਵਖ-ਵਖ ਯਾਰਡਾਂ ਦੇ ਯਾਰਡ ਅਤੇ ਪਾਣੀ ਨਿਕਾਸੀ ਸੁਧਾਰ ਨਾਲ ਸਬੰਧਿਤ ਵਖ-ਵਖ ਟ੍ਰੈਕ ਕੰਮ। |
| | ਵਿਗਿਆਪਨ ਮੁੱਲ (ਰੁ.): ₹ 1,15,04,998,60 | ਬਿਆਨਾ ਰਾਸ਼ੀ (ਰੁ.): ₹ 2,30,100.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਤੀ ਦਾ ਸਮਾਂ: 10 ਮਹੀਨੇ |
| | | ਕੰਮ ਦੀ ਸਮਾਨ ਨੇਚਰ:- ``ਟ੍ਰੈਕ ਨੂੰ ਉਪਰ ਵਧਾਉਣਾ, ਸਕ੍ਰੀਨਿੰਗ ਕਰਨਾ, ਟ੍ਰੈਕ ਨੂੰ ਸਮਤਲ ਕਰਨਾ, ਟ੍ਰੈਕ ਰਖਰਖਾਅ ਮਸ਼ੀਨਾਂ ਜਿਵੇਂ ਟੈਪਿੰਗ ਮਸ਼ੀਨ/ਗਿਟੀ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਆਦਿ ਦੇ ਲਈ ਪਹਿਲਾਂ ਅਤੇ ਬਾਅਦ ਕੰਮ ਸਮੇਤ ਸੀਟੀਆਰ/ਟੀਆਰਆਰ/ ਟੀਐਫਆਰ/ਟੀਟੀਆਰ ਅਤੇ ਟੀਟੀਆਰ ਟੀ28 ਦੁਆਰਾ ਟੀ28 ਦੁਆਰਾ ਟੀਟੀਆਰ।'' |
| 4. | 07-2026-27-ADEN-JUC | ਸਹਾਇਕ ਮੰਡਲ ਇੰਜੀਨੀਅਰ ਜਲੰਧਰ ਸੈਕਸ਼ਨ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ / ਪੀ.ਵੇ./ ਜਲੰਧਰ ਦੇ ਤਹਿਤ ਜਲੰਧਰ ਯਾਰਡ ਦੇ ਯਾਰਡ ਅਤੇ ਪਾਣੀ ਨਿਕਾਸੀ ਸੁਧਾਰ ਨਾਲ ਸਬੰਧਿਤ ਵਖ-ਵਖ ਟ੍ਰੈਕ ਕੰਮ। |
| | ਵਿਗਿਆਪਨ ਮੁੱਲ (ਰੁ.): ₹ 1,25,96,760.43 | ਬਿਆਨਾ ਰਾਸ਼ੀ (ਰੁ.): ₹ 2,51,900.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਤੀ ਦਾ ਸਮਾਂ: 10 ਮਹੀਨੇ |
| | | ਕੰਮ ਦੀ ਸਮਾਨ ਨੇਚਰ:- ``ਟ੍ਰੈਕ ਨੂੰ ਉਪਰ ਵਧਾਉਣਾ, ਸਕ੍ਰੀਨਿੰਗ ਕਰਨਾ, ਟ੍ਰੈਕ ਨੂੰ ਸਮਤਲ ਕਰਨਾ, ਟ੍ਰੈਕ ਰਖਰਖਾਅ ਮਸ਼ੀਨਾਂ ਜਿਵੇਂ ਟੈਪਿੰਗ ਮਸ਼ੀਨ/ਗਿਟੀ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਆਦਿ ਦੇ ਲਈ ਪਹਿਲਾਂ ਅਤੇ ਬਾਅਦ ਕੰਮ ਸਮੇਤ ਸੀਟੀਆਰ/ਟੀਆਰਆਰ/ ਟੀਐਫਆਰ/ਟੀਟੀਆਰ ਅਤੇ ਟੀਟੀਆਰ ਟੀ28 ਦੁਆਰਾ ਟੀ28 ਦੁਆਰਾ ਟੀਟੀਆਰ।'' |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਨੰਬਰ : 04, 05, 06-2026-27-ADEN-I-ASR & 07-2026-27-ADEN-JUC — ਤਾਰੀਕ : 10.04.2026 — 1227/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਉਪ ਮੁੱਖ ਬਿਜਲੀ ਇੰਜੀਨੀਅਰ/ਗਤੀ ਸ਼ਕਤੀ ਯੂਨਿਟ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 04.05.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ ਰੁ. | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ ਵੇਰਵਾ |
|---|---|---|---|---|---|---|---|---|
| 27-ਟੀਆਰਡੀ-ਜੀਐਸਯੂ-ਟੀ-110ਏ-2026-27 | ਟੀਆਰਡੀ ਲੁਧਿਆਣਾ ਆਊਟ ਪਿਟ ਵਿਚ ਈਐਲਐਸ / ਐਲਡੀਐਚ ਆਧਾਰਿਤ ਇਲੈਕਟ੍ਰਿਕ ਲੋਕੋ ਦੇ ਤੈਅ/ ਬਿਨ ਤੈਅ ਨਿਰੀਖਣ ਦੇ ਲਈ ਬੁਨਿਆਦੀ ਢਾਂਚੇ ਦੀ ਉਸਾਰੀ ਨਾਲ ਸਬੰਧਿਤ ਕੰਮ ਕਰ ਰਿਹਾ ਹੈ। | 1,17,00,532.07P | ਜੀਰੋ | 04.05.2026 15:00 ਵਜੇ ਤਕ | 2,34,000.00 | 12 ਮਹੀਨੇ | 04.05.2026 15:00 ਵਜੇ ਦੇ ਬਾਅਦ | www.ireps.gov.in |

ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੇਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਕ੍ਰਮਾਂਕ:-27-ਟੀਆਰਡੀ-ਜੀਐਸਯੂ-ਟੀ-110ਏ-2026-27 ਮਿਤੀ: 10.04.2026 — 1228/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਨਿਤਿਨ ਕੋਹਲੀ ਨੇ ਕਾਂਗਰਸੀ ਆਗੂ ਸੁਮਿਤ ਸ਼ਰਮਾ ਨੂੰ 'ਆਪ' 'ਚ ਸ਼ਾਮਲ ਕਰਵਾਇਆ



ਜਲੰਧਰ : ਜਲੰਧਰ ਵਿੱਚ ਇੱਕ ਅਹਿਮ ਰਾਜਨੀਤਿਕ ਵਿਕਾਸ ਦੇ ਤੌਰ 'ਤੇ ਕਾਂਗਰਸ ਨਾਲ ਸੰਬੰਧਤ ਆਗੂ ਅਤੇ ਪ੍ਰਮੁੱਖ ਉਦਯੋਗਪਤੀ ਸੁਮਿਤ ਸ਼ਰਮਾ ਨੇ ਆਮ ਆਦਮੀ ਪਾਰਟੀ ਦਾ ਦਾਮਨ ਥਾਮ ਲਿਆ। ਇਹ ਜੁਆਇਨਿੰਗ ਸ਼ਹੀਦ ਊਧਮ ਸਿੰਘ ਨਗਰ ਵਿਖੇ ਸਥਿਤ ਨਿਤਿਨ ਕੋਹਲੀ ਦੇ ਦਫ਼ਤਰ ਵਿੱਚ ਹੋਈ, ਜਿੱਥੇ ਨਿਤਿਨ ਕੋਹਲੀ (ਹਲਕਾ ਇੰਚਾਰਜ ਜਲੰਧਰ ਸੈਂਟਰਲ), ਅੰਮ੍ਰਿਤਪਾਲ ਸਿੰਘ (ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ), ਦਿਨੇਸ਼ ਢੱਲ (ਹਲਕਾ ਇੰਚਾਰਜ ਜਲੰਧਰ ਨਾਰਥ) ਵੱਲੋਂ ਉਨ੍ਹਾਂ ਨੂੰ ਵਿਧੀਵਤ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ ਅਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸੁਮਿਤ ਸ਼ਰਮਾ ਖੇਡ ਉਦਯੋਗ ਵਿੱਚ ਇੱਕ ਪ੍ਰਸਿੱਧ ਨਾਂਅ ਹਨ। ਉਹ ਵਿਕਿਸ਼ ਸਪੋਰਟਸ, ਨੋਵਾ ਸਪੋਰਟਸ ਐਂਡ ਫਿਟਨੈਸ, ਗੋਲਡਨ ਜਿਮ ਜਲੰਧਰ ਦੇ ਮੈਨੇਜਿੰਗ ਡਾਇਰੈਕਟਰ ਹਨ। ਇਸ ਤੋਂ ਇਲਾਵਾ, ਉਹ ਸਪੋਰਟਸ ਐਕਸ ਐਕਸ (ਖੇਡਾਂ ਅਤੇ ਖਿਡੌਣਿਆਂ ਦੇ ਨਿਰਯਾਤਕ ਸੰਗਠਨ) ਦੇ ਸਾਬਕਾ ਚੇਅਰਮੈਨ ਰਹਿ ਚੁੱਕੇ ਹਨ ਅਤੇ ਐਸੋਸੀਏਸ਼ਨ ਆਫ ਇੰਡੀਆ ਸਪੋਰਟਸ ਗੁੱਡਜ਼ ਇੰਡਸਟਰੀਜ਼ ਦੇ ਵਾਈਸ ਪ੍ਰੈਜ਼ੀਡੈਂਟ ਵਜੋਂ ਵੀ ਆਪਣੀ ਭੂਮਿਕਾ ਨਿਭਾ ਰਹੇ ਹਨ।ਉਹ ਜਲੰਧਰ ਜਿਮਖਾਨਾ ਕਲੱਬ ਦੇ ਐਗਜ਼ਿਕਿਊਟਿਵ ਮੈਂਬਰ ਰਹਿ ਚੁੱਕੇ ਹਨ ਅਤੇ ਲਗਾਤਾਰ ਤਿੰਨ ਮਿਆਦਾਂ ਲਈ ਚੋਣਾਂ ਜਿੱਤ ਕੇ ਛੇ ਸਾਲ ਤੱਕ ਸੇਵਾ ਨਿਭਾ ਚੁੱਕੇ ਹਨ।ਇਸ ਮੌਕੇ ਨਿਤਿਨ ਕੋਹਲੀ ਨੇ ਕਿਹਾ ਕਿ ਸੁਮਿਤ ਸ਼ਰਮਾ ਵਰਗੇ ਤਜਰਬੇਕਾਰ ਅਤੇ ਲੋਕਾਂ ਨਾਲ ਜੁੜੇ ਆਗੂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਜਲੰਧਰ ਵਿੱਚ ਵਿਕਾਸ ਦੇ ਕੰਮ ਹੋਰ ਤੇਜ਼ੀ ਨਾਲ ਅੱਗੇ ਵਧਣਗੇ।ਸੁਮਿਤ ਸ਼ਰਮਾ ਨੇ ਕਿਹਾ ਕਿ ਉਹ ਜੀ-ਜਾਨ ਨਾਲ ਜਲੰਧਰ ਸੈਂਟਰਲ ਹਲਕੇ ਵਿੱਚ ਨਿਤਿਨ ਕੋਹਲੀ ਦੀ ਅਗਵਾਈ ਹੇਠ ਦਿਨ-ਰਾਤ ਮਿਹਨਤ ਕਰਾਂਗਾ। ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਸਕੀਮਾਂ ਅਤੇ ਕਾਰਗੁਜ਼ਾਰੀ ਨੂੰ ਘਰ-ਘਰ ਤੱਕ ਪਹੁੰਚਾਉਣਾ ਮੇਰਾ ਮੁੱਖ ਲਕਸ਼ ਹੈ।ਅੰਤ ਵਿੱਚ ਪਾਰਟੀ ਆਗੂਆਂ ਨੇ ਸਾਂਝੇ ਤੌਰ 'ਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਸੁਮਿਤ ਸ਼ਰਮਾ ਵਰਗੇ ਤਜਰਬੇਦਾਰ, ਉਦਯੋਗਿਕ ਪਿਛੋਕੜ ਵਾਲੇ ਅਤੇ ਜ਼ਮੀਨੀ ਪੱਧਰ ਨਾਲ ਜੁੜੇ ਆਗੂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਜਲੰਧਰ ਸੈਂਟਰਲ ਹਲਕੇ ਵਿੱਚ ਪਾਰਟੀ ਨੂੰ ਨਵੀਂ ਦਿਸ਼ਾ ਅਤੇ ਤਾਕਤ ਮਿਲੇਗੀ।

## ਐੱਸ ਜੀ ਆਰ ਡੀ ਕਾਲਜ ਆਫ ਐਜੂਕੇਸ਼ਨ ਪੰਧੇਰ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ੍ਰੀ ਗੁਰੂ ਰਾਮਦਾਸ ਕਾਲਜ ਆਫ ਐਜੂਕੇਸ਼ਨ ਪੰਧੇਰ ਅੰਮ੍ਰਿਤਸਰ ਦਾ ਬੀ.ਐੱਡ. ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੀਐੱਡ. ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ।ਕਾਲਜ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ 82 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ।

ਵਿਕਰਮਜੀਤ ਸਿੰਘ ਨੇ 79 ਫੀਸਦੀ ਅੰਕਾਂ ਨਾਲ ਦੂਸਰਾ ਸਥਾਨ ਹਾਸਲ ਕੀਤਾ ਹੈ।78 ਫੀਸਦੀ ਅੰਕਾਂ ਨਾਲ 4 ਵਿਦਿਆਰਥੀਆਂ ਗੁਰਕੀਰਤ ਸਿੰਘ, ਪਰੁਲ ਤਲਵਾਰ, ਜਸਦੀਪ ਸਿੰਘ, ਨਵਪ੍ਰੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਮੀਨੂੰ ਚੌਧਰੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਲਗਨ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ।ਕਾਲਜ ਦੀ ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਕਿਹਾ ਕਿ ਸਾਨੂੰ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ 'ਤੇ ਪੂਰਾ ਮਾਣ ਹੈ। ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਕਿਹਾ ਪੰਧੇਰ ਕਾਲਜਿਜ਼ ਅੰਦਰ ਹਮੇਸ਼ਾ ਗੁਣਵੱਤਾ ਵਾਲੀ ਸਿੱਖਿਆ ਦਿੰਦੀ ਹੈ ਅਤੇ ਅਸੀਂ ਅੱਗੇ ਵੀ ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਹੋਰ ਵਧੀਆ ਨਤੀਜਿਆਂ ਲਈ ਉਤਸਾਹਿਤ ਕਰਦੇ ਰਹਾਂਗੇ।ਕਾਲਜ ਪ੍ਰਬੰਧਕਾਂ ਅਤੇ ਸਟਾਫ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਬਿਹਤਰ ਭਵਿੱਖ ਲਈ ਅਰਦਾਸ ਕੀਤੀ ਗਈ।

## ਏ ਐੱਸ ਆਈ ਸੁਖਦੇਵ ਸਿੰਘ ਨੇ ਪੁਲਸ ਚੌਕੀ ਧਰਮਕੋਟ ਰੰਧਾਵਾ ਦਾ ਚਾਰਜ ਸੰਭਾਲਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੁਲਸ ਚੌਕੀ ਧਰਮਕੋਟ ਰੰਧਾਵਾ ਦੇ ਇੰਚਾਰਜ ਵਜੋਂ ਏਐੱਸਆਈ ਸੁਖਦੇਵ ਸਿੰਘ ਨੇ ਰਸਮੀ ਤੌਰ 'ਤੇ ਚਾਰਜ ਸੰਭਾਲ ਲਿਆ ਹੈ।ਨਵ-ਨਿਯੁਕਤ ਪੁਲਸ ਚੌਕੀ ਇੰਚਾਰਜ ਨੇ ਪਿੰਡਾਂ ਦੇ ਮੋਹਤਬਰ ਆਗੂਆਂ ਅਤੇ ਪੰਚਾਂ ਸਰਪੰਚਾਂ ਨਾਲ ਮੀਟਿੰਗ ਕਰਕੇ ਨਸ਼ਿਆਂ ਅਤੇ ਜੁਰਮ ਨੂੰ ਖਤਮ ਕਰਨ ਲਈ ਸਹਿਯੋਗ ਮੰਗਿਆ।ਗੱਲਬਾਤ ਦੌਰਾਨ ਸੁਖਦੇਵ ਸਿੰਘ ਨੇ ਦੱਸਿਆ ਕਿ ਮਾਨਯੋਗ ਡੀਜੀਪੀ ਪੰਜਾਬ ਗੌਰਵ ਯਾਦਵ, ਐੱਸਐੱਸਪੀ ਬਟਾਲਾ ਡਾਕਟਰ ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀਐੱਸਪੀ ਜੋਗਾ ਸਿੰਘ ਡੇਰਾ ਬਾਬਾ ਨਾਨਕ ਦੀਆਂ ਹਦਾਇਤਾਂ ਅਨੁਸਾਰ ਐੱਸਐੱਚਓ ਡੇਰਾ ਬਾਬਾ ਨਾਨਕ ਅਸ਼ੋਕ ਕੁਮਾਰ ਸ਼ਰਮਾ ਦੀ ਯੋਗ ਅਗਵਾਈ ਹੇਠ ਨਸ਼ਿਆਂ ਅਤੇ ਹੋਰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਖਤਮ ਕਰਨ ਲਈ ਇਲਾਕੇ ਦੇ ਮੋਹਤਬਰ ਆਗੂਆਂ ਅਤੇ ਪੰਚਾਂ ਸਰਪੰਚਾਂ ਨਾਲ ਮੀਟਿੰਗ ਕਰਕੇ ਸਹਿਯੋਗ ਮੰਗਿਆ।

ਉਨ੍ਹਾਂ ਭੈੜੇ ਅਨਸਰਾਂ ਅਤੇ ਗੈਂਗਸਟਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਮਾੜੇ ਕੰਮ ਛੱਡ ਕੇ ਮੁੱਖ ਧਾਰਾ ਵਿੱਚ ਆ ਜਾਣ ਨਹੀਂ ਤਾਂ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਮੋਹਤਬਰ ਆਗੂਆਂ ਨੇ ਮੁੱਖ ਮੰਤਰੀ ਮਾਨ ਦੀ ਸਰਕਾਰ ਅਤੇ ਹਲਕਾ ਵਿਧਾਇਕ ਡੇਰਾ ਬਾਬਾ ਨਾਨਕ ਗੁਰਦੀਪ ਸਿੰਘ ਰੰਧਾਵਾ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹ ਇਲਾਕੇ ਵਿੱਚ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਸ ਚੌਂਕੀ ਧਰਮਕੋਟ ਰੰਧਾਵਾ ਵਿਖੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਪੂਰਨ ਸਹਿਯੋਗ ਦੇਣਗੇ।

ਇਸ ਮੌਕੇ ਅਮਰਜੀਤ ਸਿੰਘ ਸਰਪੰਚ ਗੁਰਚੱਕ, ਸਾਬਕਾ ਚੇਅਰਮੈਨ ਅਸ਼ੋਕ ਕੁਮਾਰ, ਏਐੱਸਆਈ ਵਿਲਿਅਮ ਮਸੀਹ, ਥਾਣੇਦਾਰ ਕਾਬਲ ਸਿੰਘ, ਥਾਣੇਦਾਰ ਸ਼ਰੀਫ਼ ਮਸੀਹ, ਮੁਨਸ਼ੀ ਰਣਜੋਧ ਸਿੰਘ, ਥਾਣੇਦਾਰ ਮਲਕੀਤ ਸਿੰਘ, ਥਾਣੇਦਾਰ ਮੁੱਖ ਮੁਨਸ਼ੀ ਜੋਬਨਜੀਤ ਸਿੰਘ, ਹੌਲਦਾਰ ਅਵਤਾਰ ਸਿੰਘ, ਜੁਗਰਾਜ ਸਿੰਘ ਰੰਧਾਵਾ ਆਦਿ ਤੋਂ ਇਲਾਵਾ ਹੋਰ ਪਿੰਡਾਂ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।

## ਸਕੂਲ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਹਰ ਵਾਰ ਦੀ ਤਰ੍ਹਾਂ ਸਕੂਲ ਦਾ ਸਥਾਪਨਾ ਦਿਵਸ ਮਨਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਪਾਠੀ ਸਿੰਘਾਂ, ਸਕੂਲੀ ਬੱਚਿਆਂ ਤੇ ਅਧਿਆਪਕਾਂ ਨੇ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਜਾਪ ਕੀਤਾ।ਰਾਗੀ ਸਿੰਘਾਂ ਨੇ ਇਲਾਹੀ ਗੁਰਬਾਣੀ ਦੇ ਸ਼ਬਦ ਸਰਵਣ ਕਰਵਾਏ। ਸਕੂਲ ਦੇ ਸੰਗੀਤ ਦੇ ਅਧਿਆਪਕ ਤੇ ਸਕੂਲੀ ਵਿਦਿਆਰਥੀਆਂ ਨੇ ਮਿਲ ਕੇ ਸ਼ਬਦ ਗਾਇਨ ਕੀਤੇ ।ਅਰਦਾਸ ਉਪਰੰਤ ਪਾਠੀ ਸਿੰਘ ਵੱਲੋਂ ਪਾਵਨ ਹੁਕਮਨਾਮਾ ਸੁਣਾਇਆ ਗਿਆ ਤੇ ਸਕੂਲ ਦੀ ਚੜ੍ਹਦੀ ਕਲਾ, ਸੁੱਖ-ਸ਼ਾਂਤੀ ਤੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਦੀ ਅਰਦਾਸ ਕੀਤੀ। ਇਸ ਸ਼ੁਭ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

### ਬੇਦਖਲੀ ਨੋਟਿਸ

ਮੈਂ, ਗੁਰਬਖਸ਼ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਕਾਲਾ ਬਕਰਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਦੇਵ ਨੰਗਲ ਅਤੇ ਉਸਦੀ ਪਤਨੀ ਮੀਨਾ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸ੍ਰੀਮਤੀ ਸ਼ਿੰਦਰ ਪਤਨੀ ਹਰਜਿੰਦਰ ਸਿੰਘ ਵਾਸੀ ਮੜੀਆਵਾਲ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਜਨਪ੍ਰੀਤ ਸਿੰਘ ਵਾ ਮੇਰੀ ਨੂੰਹ ਕਾਜਲ ਪਤਨੀ ਸਾਜਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

# ਵਿਸਾਖੀ ਦਿਹਾੜੇ 'ਤੇ ਬਿੰਦਰ ਸੁਮਨ ਵੱਲੋਂ ਗੁਰਾਇਆ ਵਿਸ਼ੇਸ਼ ਸਪਲੀਮੈਂਟ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਿੰਸੀਪਲ ਪ੍ਰੇਮ ਕੁਮਾਰ 'ਆਪ' ਹਲਕਾ ਇਚਾਰਜ ਫਿਲੌਰ | ਸੰਜੇ ਅਟਵਾਲ ਸੰਗਠਨ ਇਚਾਰਜ ਵਿਧਾਨ ਸਭਾ ਹਲਕਾ ਫਿਲੌਰ | ਅਵਤਾਰ ਸਿੰਘ ਬਾਸੀ ਬਲਾਕ ਪ੍ਰਧਾਨ | ਮਨਦੀਪ ਸਿੰਘ ਬਲਾਕ ਪ੍ਰਧਾਨ | ਕੀਰਤਾ ਰਾਮ ਆਪ ਆਗੂ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਜਸਬੀਰ ਸਿੰਘ ਸੂਬਾ ਮੀਤ ਪ੍ਰਧਾਨ | ਤਰਸੇਮ ਸਿੰਘ ਜ਼ਿਲ੍ਹਾ ਜਲੰਧਰ ਸਕੱਤਰ | ਰਣਜੀਤ ਸਿੰਘ ਸਰਕਲ ਪ੍ਰਧਾਨ ਗੋਰਾਇਆ

ਵੱਲੋਂ : ਭਾਰਤੀ ਕਿਸਾਨ ਯੂਨੀਅਨ ਦੋਆਬਾ



ਰਾਮਪਾਲ ਰਾਣਾ ਬੀ ਡੀ ਪੀ ਓ ਰੁੜਕਾ ਕਲਾਂ | ਅਜਨੀਸ਼ ਕੁਮਾਰ ਜੇ ਈ | ਅਸ਼ੋਕ ਕੁਮਾਰ ਸੈਕਟਰੀ | ਬਲਵਿੰਦਰ ਕੌਰ ਸਰਪੰਚ | ਮਨਜੀਤ ਕੌਰ ਪੰਚ | ਸ਼ਰਨਜੀਤ ਕੌਰ ਪੰਚ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਬਿੰਦਰ ਲਾਲ ਪੰਚ | ਜਸਬੀਰ ਪੰਚ | ਦਲਜੀਤ ਸਿੰਘ ਪੰਚ | ਸੁਰਜੀਤ ਸਿੰਘ ਪੰਚ | ਬਲਵਿੰਦਰ ਕੌਰ ਪੰਚ

ਵੱਲੋਂ : ਸਮੂਹ ਗ੍ਰਾਮ ਪੰਚਾਇਤ ਪਿੰਡ ਢੰਡਾ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸਤਨਾਮ ਸਿੰਘ ਯੂ ਐਸ ਏ | ਅਵਤਾਰ ਸਿੰਘ ਯੂ ਐਸ ਏ

ਰਣਜੀਤ ਸਿੰਘ ਢੰਡਾ ਯੂ ਕੇ
ਸਾਬਕਾ ਪ੍ਰਧਾਨ ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ

ਢੰਡਾ ਬ੍ਰਦਰਜ਼ ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਅਤੇ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ



ਮਨਜੀਤ ਢੰਡਾ, ਯੂ ਕੇ | ਗੁਰਪ੍ਰੀਤ ਢੰਡਾ, ਯੂ ਕੇ | ਮਨਿੰਦਰ ਢੰਡਾ, ਯੂ ਕੇ | ਬਲਜਿੰਦਰ ਢੰਡਾ, ਯੂ ਕੇ | ਮੱਲੀ ਢੰਡਾ, ਯੂ ਕੇ | ਦੀਪਾ ਢੰਡਾ, ਯੂ ਕੇ | ਤਿੰਦਾ ਢੰਡਾ, ਯੂ ਐਸ ਏ | ਗਿੰਦਾ ਢੰਡਾ, ਯੂ ਐਸ ਏ
ਅਮਰਜੀਤ ਸਿੰਘ ਖੰਗੂੜਾ | ਸਾਬੀ ਗਾਖਲ | ਪਿੰਦੂ ਢੰਡਾ, ਯੂ ਕੇ | ਪਿੰਦਾ ਢੰਡਾ, ਯੂ ਕੇ | ਪੰਮਾ ਢੰਡਾ, ਯੂ ਕੇ | ਪ੍ਰਿਥੀ ਢੰਡਾ, ਯੂ ਕੇ | ਮੰਗਾ ਬਾਸੀ, ਯੂ ਐਸ ਏ | ਬਿੰਦਰ ਸੁਮਨ, ਢੰਡਾ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਿੰਸੀਪਲ ਪ੍ਰੇਮ ਕੁਮਾਰ | ਹਰਮੇਸ਼ ਲਾਲ ਚੌਹਾਨ


ਵੱਲੋਂ: ਸਮੂਹ ਆਮ ਆਦਮੀ ਪਾਰਟੀ, ਗੁਰਾਇਆ।

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸ਼ਿੰਗਾਰਾ ਸਿੰਘ ਕੂਨਰ ਚੇਅਰਮੈਨ | ਜੀਤਾ ਸੇਖੋਂ | ਗੋਰਾ ਕੂਨਰ

Mob.: 81460-49273, 98783-60175, 84279-40800
**Shingar Palace**
Big Hall (AC), Mini Hall
G.T. ROAD, GORAYA (Jalandhar)





ADMISSIONS OPEN 2026–27
Accepting New Admissions for Nursery to 8th
- Overall Development: Academics, Sports, Extracurricular Activities
- Affordable Fees Structure: Value-Based Education, Personalized Attention, Safe Environment

90410 60708 · 98881 19991

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਿੰਸੀਪਲ ਪ੍ਰੇਮ ਕੁਮਾਰ 'ਆਪ' ਹਲਕਾ ਇਚਾਰਜ ਫਿਲੌਰ | ਗੁਰਦਿਆਲ ਸਿੰਘ ਸੈਕਟਰੀ ਪਿੰਡ ਢੰਡਾ | ਅਵਤਾਰ ਸਿੰਘ ਆਪ ਆਗੂ

ਹਲਕਾ ਫਿਲੌਰ ਦੇ ਬਲਾਕ ਰੁੜਕਾ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਸ਼੍ਰੀਮਤੀ ਵੀਨਾ ਕੁਮਾਰੀ (ਰਿਟਾ. ਬੈਂਕ ਅਫ਼ਸਰ) ਨੂੰ ਚੇਅਰਪ੍ਰਸਨ ਬਣਾਉਣ ਤੇ ਹਾਈ ਕਮਾਂਡ ਸਮੁੱਚੀ ਲੀਡਰਸ਼ਿਪ ਅਤੇ ਵੋਟਰਾਂ-ਸਪੋਟਰਾਂ ਦਾ ਕੋਟਿਨ-ਕੋਟਿ ਧੰਨਵਾਦ



ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਜੀ | ਸੁਮੀਤ ਬਸਰਾ (ਲਾਡੀ) | ਸ਼੍ਰੀਮਤੀ ਵੀਨਾ ਕੁਮਾਰੀ

ਵਲੋਂ: ਆਮ ਆਦਮੀ ਪਾਰਟੀ, ਵਿਧਾਨ ਸਭਾ ਹਲਕਾ, ਫਿਲੌਰ।

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਕੁਲਵਿੰਦਰ ਸਿੰਘ ਕਾਲਾ | ਸੁਖਜੀਤ ਸਿੰਘ ਯੂ ਐਸ ਏ | ਜਗਰੂਪ ਸੰਧੂ ਯੂ ਐਸ ਏ | ਸ਼ਾਨ ਸੰਧੂ ਯੂ ਐਸ ਏ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



510 750 3598
SS TRUCKING INC
sandhu@sstruckinginc.com



₹1000 ਰੁਪਏ ਮਹੀਨੇ ਦਾ ਵਾਅਦਾ ਪੁਗਾਇਆ
ਮਾਨ ਸਰਕਾਰ ਨੇ ਮਾਵਾਂ-ਭੈਣਾਂ ਦਾ ਮਾਣ ਵਧਾਇਆ
ਵਾਅਦਿਆਂ ਦੀ ਪੱਕੀ ਮਾਨ ਸਰਕਾਰ ਹੁਣ ਹਰ ਮਹੀਨੇ ਮਿਲੇਗਾ ਮਹਿਲਾਵਾਂ ਨੂੰ 1 ਹਜ਼ਾਰ

ਰੋਸ਼ਨ ਲਾਲ ਰੋਸ਼ੀ (ਚੇਅਰਮੈਨ ਮਾਰਕਿਟ ਕਮੇਟੀ, ਫਿਲੌਰ)
ਆਮ ਆਦਮੀ ਪਾਰਟੀ ਹਲਕਾ ਫਿਲੌਰ। M: 98155-79914

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਰਾਮਪਾਲ ਰਾਣਾ ਬੀ ਡੀ ਪੀ ਓ ਰੁੜਕਾ ਕਲਾਂ | ਅਜਨੀਸ਼ ਕੁਮਾਰ ਜੇ ਈ | ਅਸ਼ੋਕ ਕੁਮਾਰ ਸੈਕਟਰੀ | ਸੋਢੀ ਰਾਮ ਬਲਾਕ ਸੰਮਤੀ ਮੈਂਬਰ | ਜਰਨੈਲ ਕੌਰ ਸਰਪੰਚ, ਘੁੜਕਾ

ਵੱਲੋਂ : ਸਮੂਹ ਗ੍ਰਾਮ ਪੰਚਾਇਤ ਘੁੜਕਾ

**ADMISSION OPEN** — ਦਾਖਲਾ ਸ਼ੁਰੂ
Each One Bring One
J.S.F.H. KHALSA SENIOR SECONDARY SCHOOL ATTA (JAL.)
ਜੇ.ਐਸ. ਐਫ. ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਅੱਟਾ (ਜਲੰਧਰ)
ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਮੀਡੀਅਮ
ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ

ਸਕੂਲ ਦੀਆਂ ਵਿਸ਼ੇਸ਼ਤਾਵਾਂ
1. 10+1 ਅਤੇ 10+2 ਦੇ ਵਿਦਿਆਰਥੀਆਂ ਲਈ ਮੈਡੀਕਲ ਅਤੇ ਨਾਨ-ਮੈਡੀਕਲ ਆਰਟਸ, ਕਾਮਰਸ ਸਟਰੀਮ
2. ਆਰਟਸ ਵਿੱਚ ਹਰੇਕ ਵਿਸ਼ੇ ਦੀ ਪੜ੍ਹਾਈ ਕਰਵਾਈ ਜਾਂਦੀ ਹੈ।
3. ਬਾਕੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਂਦੀ ਹੈ।
4. ਸਕੂਲ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮੀਡੀਅਮ ਹਨ।
5. ਬੱਚਿਆਂ ਦੇ ਖੇਡਣ ਵਾਸਤੇ ਵਧੀਆ ਖੇਡ ਦਾ ਮੈਦਾਨ ਵੀ ਹੈ।
6. ਪੰਜਾਬ ਸਰਕਾਰ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵੀ ਬੱਚਿਆਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਹਨ।
7. ਸਮੇਂ ਸਮੇਂ ਤੇ ਵਿਦਿਅਕ ਟੂਰ ਕਰਵਾਏ ਜਾਂਦੇ ਹਨ।
8. NRI ਵੀਰਾਂ ਵੱਲੋਂ ਬੱਚਿਆਂ ਲਈ ਸਕਾਲਰਸ਼ਿਪ ਪ੍ਰੋਗਰਾਮ
9. ਮੈਰਿਟ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ।

ਵਿਸ਼ੇਸ਼ ਸਹੂਲਤਾਂ :-
1. ਕੰਪਿਊਟਰ ਲੈਬ
2. ਸਮਾਰਟ ਪ੍ਰੋਜੈਕਟਰ ਰੂਮ
3. ਭਾਸ਼ਾ ਲੈਬ
4. ਬਾਇਓ, ਫਿਜ਼ਿਕਸ ਤੇ ਕਮੇਸਟਰੀ ਲੈਬ
5. ਸਾਇੰਸ ਲੈਬ
6. ਮੈਥ ਲੈਬ
7. ਇੰਗਲਿਸ਼ ਲੈਬ
8. ਲਾਇਬਰੇਰੀ
7. ਵਿੱਦਿਅਕ ਪਾਰਕ
8. ਫੁੱਟਬਾਲ ਗਰਾਊਂਡ
9. ਵਰਲਡ ਕਲਾਸ ਬੈਡਮਿੰਟਨ ਹਾਲ
10. ਕਬੱਡੀ, ਬਾਕਸਿੰਗ ਅਤੇ ਕਰਾਟੇ

Nursery to 5th, 6th to 10th Class, 10+1 & 10+2 — ARTS, COMMERCE, Medical & Non Medical — ਹਰ ਸਾਲ ਸ਼ਾਨਦਾਰ ਨਤੀਜੇ

ਸੁਰੱਖਿਆ ਪੱਖੋਂ ਹਰ ਕਲਾਸਰੂਮ ਵਿੱਚ ਨਿਗਰਾਨੀ ਲਈ ਸੀ. ਸੀ. ਟੀ. ਵੀ. ਕੈਮਰੇ ਲੱਗੇ ਹੋਏ ਹਨ।



JASKARAN RAJU 490/500 98% Punjab Rank - 10 | MUSKAN SANDHU 486/500 97.2% Punjab Rank - 14

ਉਮੀਦ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਸਾਡੇ ਸਕੂਲ ਵਿੱਚ ਦਾਖਲ ਕਰਵਾਓਗੇ।
ਸਕੂਲ ਮੈਨੇਜਮੈਂਟ, ਪ੍ਰਿੰਸੀਪਲ, ਸਟਾਫ ,ਅਤੇ ਸਮੂਹ ਵਿਦਿਆਰਥੀ
ਜੇ.ਐਸ. ਐਫ. ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਅੱਟਾ (ਜਲੰਧਰ) — PRINCIPAL M: 98158-34062

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਬਲਵਿੰਦਰ ਕੁਮਾਰ ਤਹਿਸੀਲ ਪ੍ਰਧਾਨ | ਬੂਟਾ ਰਾਮ ਅਕਲਪੁਰ ਜਨਰਲ ਸੈਕਟਰੀ | ਰਤਨ ਸਿੰਘ ਵਿੱਤ ਸਕੱਤਰ | ਤੀਰਥ ਸਿੰਘ ਬਾਸੀ ਸੂਬਾ ਜਨਰਲ ਸਕੱਤਰ
ਤਾਰਾ ਸਿੰਘ ਬੀਕਾ ਜਨਰਲ ਸਕੱਤਰ, ਪੰਜਾਬ | ਸਤਪਾਲ ਮਹਿਮੀ ਮੁੱਖ ਸਲਾਹਕਾਰ | ਪ੍ਰਧਾਨ ਨਾਥ ਪ੍ਰਧਾਨ ਪੰਜਾਬ ਰਿਟਾ. ਪੈਨ. ਯੂਨੀ. ਗੋਰਾਇਆ | ਕੁਲਦੀਪ ਸਿੰਘ ਕੌੜਾ ਮੁੱਖ ਸਲਾਹਕਾਰ

ਜਾਰੀ ਕਰਤਾ-
ਕੁਲਦੀਪ ਸਿੰਘ ਕੌੜਾ ਮੁੱਖ ਸਲਾਹਕਾਰ, ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਰੁੜਕਾ ਕਲਾਂ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ, ਰੁੜਕਾ ਕਲਾਂ

ਪਿਆਰੇ ਕਿਸਾਨ ਵੀਰੋ
2026 ਸਾਲ ਅੰਤਰ ਰਾਸ਼ਟਰੀ ਪੱਧਰ ਉੱਤੇ ਮਹਿਲਾ ਕਿਸਾਨਾ ਲਈ ਚੁਣਿਆ ਗਿਆ ਹੈ। ਔਰਤਾਂ ਦੇਸ਼ ਦੀ ਆਬਾਦੀ ਦਾ 50% ਹਨ। ਆਓ ਇਸ ਸਾਲ ਔਰਤਾਂ ਨੂੰ ਵੱਧ ਤੋਂ ਵੱਧ ਆਤਮ ਨਿਰਭਰ ਬਣਾਈਏ ਅਤੇ ਦੇਸ਼ ਨੂੰ ਅੱਗੇ ਲੈ ਕੇ ਜਾਈਏ।



ਡਾ. ਰਮਨਦੀਪ
ਖੇਤੀਬਾੜੀ ਵਿਕਾਸ ਅਫ਼ਸਰ ਰੁੜਕਾ ਕਲਾਂ
98886-45989

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ (ਜਲੰਧਰ)

**ਦਾਖ਼ਲਾ ਸ਼ੁਰੂ**
- ਛੇਵੀਂ ਤੋਂ ਅੱਠਵੀਂ ਬਿਲਕੁਲ ਮੁਫ਼ਤ (ਖਾਣਾ, ਵਰਦੀਆਂ, ਕਿਤਾਬਾਂ) ਪੜ੍ਹਾਈ।
- 2025 ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੇ ਸਲਾਨਾ ਨਤੀਜੇ 100%।
- 9 ਵਿਦਿਆਰਥੀ ਸਟੇਟ ਖਿਡਾਰੀ (ਵਾਲੀਬਾਲ) ਅਤੇ 32 ਜ਼ਿਲ੍ਹਾ ਖਿਡਾਰੀ।
- ਨੌਵੀਂ ਤੋਂ ਬਾਰਵੀਂ NSQF ਆਈ.ਟੀ./ਬਿਊਟੀ ਐਂਡ ਵੈਲਨੈਸ।
- ਮੈਡੀਕਲ ਟੀਮਾਂ ਅਤੇ ਵਿਦਿਅਕ ਮਾਹਿਰਾਂ ਦੁਆਰਾ ਮੋਟੀਵੇਸ਼ਨ/ਗੈਸਟ ਲੈਕਚਰ।
- ਮਿਹਨਤੀ ਅਤੇ ਵੈਲ ਕੁਆਲੀਫਾਈਡ ਸਟਾਫ।
- ਸਮੇਂ ਸਮੇਂ 'ਤੇ ਵਿੱਦਿਅਕ ਅਤੇ ਇੰਡਸਟਰੀਅਲ ਟੂਰ।
- ਸਕੂਲ ਗਰਾਊਂਡ, ਲਾਇਬ੍ਰੇਰੀ, ਸਾਇੰਸ, ਮੈਥ, ਕੰਪਿਊਟਰ, ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ, IT, ਬਿਊਟੀ ਐਂਡ ਵੈਲਨੈਸ ਲੈਬ, ਜਨਰੇਟਰ, ਹਰ ਕਲਾਸ ਵਿੱਚ ਪ੍ਰੋਜੈਕਟਰ ਦੀ ਸਹੂਲਤ।



ਹਰਦੀਪ ਸਿੰਘ (ਪ੍ਰਿੰਸੀਪਲ)
ਮੌਕੇ ਦਾ ਲਾਭ ਲੈਣ ਲਈ ਸੰਪਰਕ ਕਰੋ। ਸੰਪਰਕ: 94646-79785

ਸ਼੍ਰੋਮਣੀ ਅਕਾਲੀ ਦਲ, ਹਲਕਾ ਫਿਲੌਰ (ਜਲੰਧਰ)



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਲਕਾ ਫਿਲੌਰ ਦੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਜਿਨ੍ਹਾਂ ਨੇ ਦਾਸ ਨੂੰ ਗੁਰਾਇਆ ਸ਼ਹਿਰ ਤੋਂ ਸਰਕਲ ਪ੍ਰਧਾਨ ਨਿਯੁਕਤ ਕਰਨ 'ਤੇ ਤਹਿ ਦਿਲੋਂ ਧੰਨਵਾਦ

ਵੱਲੋਂ: ਕੁਲਵਿੰਦਰ ਸਿੰਘ ਸੰਧੂ, ਸਰਕਲ ਪ੍ਰਧਾਨ ਸ਼ਹਿਰੀ ਗੁਰਾਇਆ। ਮੋ: 99880-45001

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਪ੍ਰਦੀਪ ਦੁੱਗਲ ਚੇਅਰਮੈਨ ਮਾਰਕੀਟ ਕਮੇਟੀ ਗੋਰਾਇਆ | ਦਲਬੀਰ ਸਿੰਘ ਸਕੱਤਰ | ਗੁਰਪ੍ਰੀਤ ਸਿੰਘ ਪੁਰੇਵਾਲ





The Sukh Resort
Where Tradition Meet Luxury
Step into Elegance, and Celebrate your Special Moments with a hint of Royalty
- Our banquet hall can graciously hots Up to- 2000 guests
- Our elegant mini hall is ideal for Up to- 200 guests with a stunning lawn
- Luxurious room and suites for comfort and style, perfect for overnight guest
- Stunning decor, modern amenities, and ample parking, all under one roof

Booking Open
Make every moment Majestic
Rurka Kalan
Goraya to Jandiala Road
85048-00011, 85039-00011

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਹੈਪੀ ਮਾਹੀ
ਸਮਾਜ ਸੇਵਕ ਤੇ ਨੰਬਰਦਾਰ





S.T.S WORLD SCHOOL
PRE-NUR TO GRADE XII

ADMISSION OPEN 2026–27
- Strong Academics & 100% Results
- Smart Classes & Technology
- Sports & Physical Developement
- Activities, Creativity & Art
- Competitions & Confidence Building
- Caring teachers & Safe Environment

WHY CHOOSE US?
LIMITED SEATS — Book Your seat now

8427866005
Email: stsws@ymail.com
https://www.stsworldschool.edu.in
VISIT US — S.T.S World School, Vill Rajgomal, P.O Rurka Kalan
BUILDING CONFIDENT LEARNERS FOR TOMORROW

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਰਾਮਪਾਲ ਰਾਣਾ ਬੀ ਡੀ ਪੀ ਓ ਰੁੜਕਾ ਕਲਾਂ | ਅਜਨੀਸ਼ ਕੁਮਾਰ ਜੇ ਈ | ਸਤਵਿੰਦਰ ਜੰਡੂ ਸਰਪੰਚ, ਦੰਦੂਵਾਲ



ਬਦਲਾਅ ਰੈਲੀ
ਆਓ ਰਲ ਕੇ ਬਦਲੀਏ ਪੰਜਾਬ

ਵਿਪਨ ਆਨੰਦ ਮੰਡਲ ਪ੍ਰਧਾਨ, ਗੁਰਾਇਆ | ਨਵੀਨ ਜਨਰਲ ਸੈਕਟਰੀ, ਗੁਰਾਇਆ | ਸਿਕੰਦਰ ਮੰਡਲ ਪ੍ਰਧਾਨ (ਬੀ ਸੀ ਮੋਰਚਾ) | ਰਜਨੀ ਗਾਬਾ ਐਮ. ਸੀ. ਵਾਰਡ-5

ਭਾਰਤੀ ਜਨਤਾ ਪਾਰਟੀ ਮੰਡਲ ਗੁਰਾਇਆ (ਜਲੰਧਰ)





ADMISSION Open For 2026
We are excited to welcome new students for the upcoming academic year. we are committed to fostering excellence student

Why Choose Us?
- Safe and secure environment for all students
- Personalized attention to every learner
- Extracurricular activities for all-round growth
- Affordable fee structure

ENROLL NOW

Our Facilities
- Sport Area
- Computer Lab
- Science Lab
- Playground
- Library

FOR MORE INFORMATION :
+919815192491 | 9872908050 | Atti road, Goraya



ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਭਲਵਿੰਦਰ ਕੌਰ (ਸੰਗ ਢੇਸੀਆਂ)
ਜ਼ਿਲ੍ਹਾ ਪ੍ਰੀਸ਼ਦ ਮੈਂਬਰ

ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਸਾਹਿਬ ਡਾ: ਬੀ.ਆਰ ਅੰਬੇਡਕਰ ਜੀ ਦੇ ਜਨਮ ਦਿਨ, ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਰਾਮਪਾਲ ਰਾਣਾ ਬੀ ਡੀ ਪੀ ਓ ਰੁੜਕਾ ਕਲਾਂ | ਅਜੀਤ ਪਾਲ ਸਿੰਘ ਸਰਪੰਚ, ਰਾਜਗੋਮਾਲ | ਅਜਨੀਸ਼ ਕੁਮਾਰ ਜੇ ਈ | ਅਸ਼ੋਕ ਕੁਮਾਰ ਸੈਕਟਰੀ

ਗੁਰੂ ਨਾਨਕ ਐਜੂਕੇਸ਼ਨਲ ਬੋਰਡ, ਬਾਬਾ ਸੰਗ ਢੇਸੀਆਂ, ਗੁਰਾਇਆ (ਜਲੰਧਰ) ਅਧੀਨ ਚਲ ਰਹੇ ਅਦਾਰੇ
ਦਾਖਲਾ ਸ਼ੁਰੂ — admission 2026-27

ਗੁਰੂ ਨਾਨਕ ਖਾਲਸਾ ਪਬਲਿਕ ਸਕੂਲ (ਪਲੇਅ ਵੇ ਤੋਂ ਅੱਠਵੀਂ ਕਲਾਸ ਤੱਕ)
ਗੁਰੂ ਨਾਨਕ ਖਾਲਸਾ ਗਰਲਜ਼ ਕਾਲਜੀਏਟ ਸੀ. ਸੈ. ਸਕੂਲ
9th. to 10+2 ARTS, COMMERCE & SCIENCE (MEDICAL & NON MEDICAL) — ਦੱਸਣ ਦੀ ਦਸਵੀਂ ਅਤੇ ਬਾਰ੍ਹਵੀਂ PSEB ਮੋਹਾਲੀ ਤੋਂ ਉਪਲਬਧ ਹੈ
ਗੁਰੂ ਨਾਨਕ ਖਾਲਸਾ ਇੰਸਟੀਟਿਊਟ ਆਫ ਸਪੈਸ਼ਲ ਨੀਡ
ਸਪੈਸ਼ਲ ਸਕੂਲ ਅਪੰਗਤਾ ਅਤੇ ਮੰਦਬੁੱਧੀ ਬੱਚਿਆਂ ਲਈ
ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ
Affilated to GNDU, Amritsar — ਨੈਕ ਐਕਰੇਡਿਟ ਬੀ ਗਰੇਡ
BA / B.Com / BCA — MA. Pbi, Pol. Sc./MSC (Comp. Sc.)/ PGDCA

ਗੁਰੂ ਨਾਨਕ ਖਾਲਸਾ ਟੈਕਨੀਕਲ ਇੰਸਟੀਟਿਊਟ
NIOS ਦੇ ਅੰਡਰ ਚੱਲ ਰਹੇ ਕੋਰਸ

| | (ਸਮਾਂ) |
|---|---|
| 1. ਬਿਊਟੀ ਕਲਚਰ ਐਂਡ ਹੇਅਰ ਕੇਅਰ | 1ਸਾਲ |
| 2. ਇਲੈਕਟ੍ਰੀਸ਼ਨ | 1ਸਾਲ |
| 3. ਰੈਫਰੀਜ਼ੇਸ਼ਨ ਐਂਡ ਏਅਰ ਕੰਡੀਸ਼ਨਿੰਗ | 1ਸਾਲ |
| 4. ਕੰਪਿਊਟਰ ਹਾਰਡਵੇਅਰ ਅਸੈਂਬਲ ਐਂਡ ਮੇਟੇਂਨਸ | 6 ਮਹੀਨੇ |
| 5. ਡਾਟਾ ਐਂਟਰੀ | 6 ਮਹੀਨੇ |
| 6. ਸਪੋਕਨ ਇੰਗਲਿਸ਼ | |
| 7. IELTS | |

GURU NANAK KHALSA GIRLS COLLEGE
Baba Sang Dhesian Branch Rauli Mandiala
31 ਮਈ 2026 ਤੋਂ ਪਹਿਲਾਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਛੋਟ
01826-268146, 01826-294174, (Mob) 88376-48732, 98155-54646



A PREMIER INSTITUTION
SHREE HANUMAT International Public School
Affiliated to the C.B.S.E., New Delhi
An English Medium Co-Education Senior Secondary School
S.H.I.P.S.

ADMISSION OPEN (2025-26) For Classes Pre-Nursery to IX & XI (Medical, Non-Medical, Commerce & Humanities)
Take Admission in Pre-Nursery at SHIPS for only Rs. 1500/- per month (Tuition Fee)
NO ADMISSION FEE For FIRST 100 ADMISSIONS (Nursery to II) 50% Discount on Admission Fee for Classes III-IX and XI (All Streams)
Conditions Apply*

NH-44, GORAYA
Tel. 78376-36615, 99887-03474
www.shipsgoraya.com | hpsgoraya@gmail.com | s.h.i.p.s.goraya@gmail.com
Call us at 78376-36615, 99887-03474 for a free school visit.

ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ
1. ਰਿਹਾਇਸ਼ੀ ਫੁੱਟਬਾਲ ਅਕੈਡਮੀ। ਸਲਾਨਾ 5000 ਫੁੱਟਬਾਲ ਖਿਡਾਰੀਆਂ ਨੂੰ ਮੁਫਤ ਟ੍ਰੇਨਿੰਗ ਅਤੇ ਖੇਡ ਕਿੱਟ।
2. 25 ਪਿੰਡਾ ਵਿੱਚ ਫੁੱਟਬਾਲ ਟ੍ਰੇਨਿੰਗ ਸੈਂਟਰ।
4. ਆਧੁਨਿਕ ਸਹੂਲਤਾ ਨਾਲ ਬਣਾਇਆ ਗਿਆ ਮਲਟੀ ਸਪੋਰਟਸ ਕੰਪਲੈਕਸ।
5. ਰੈਸਲਿੰਗ, ਕਬੱਡੀ, ਬੈਡਮਿੰਟਨ, ਅਤੇ ਐਥਲੈਟਿਕਸ ਦੀ ਮੁਫਤ ਟ੍ਰੇਨਿੰਗ।
6. 20 ਪਿੰਡਾ ਦੇ ਸੈਕੰਡਰੀ ਸਕੂਲਾਂ ਵਿੱਚ ਯੂਥ ਮੈਂਟਰਾਂ ਦੀ ਨਿਯੁਕਤੀ
7. ਫਰੀ ਕੰਪਿਊਟਰ ਸੈਂਟਰ।
8. ਬਜ਼ੁਰਗਾਂ ਅਤੇ ਸਪੈਸ਼ਲ ਬੱਚਿਆ ਲਈ ਮੁਫਤ ਫਿਜ਼ੀਉਥਰੈਪੀ ਸੈਂਟਰ।
9. ਹਰ ਸਾਲ ਅੱਖਾਂ ਅਤੇ ਕੈਂਸਰ ਦਾ ਮੁਫਤ ਚੈਕਅੱਪ ਕੈਂਪ।
10. ਕਰੀਬ 80 ਦੇ ਕਰੀਬ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਰੋਜ਼ਗਾਰ।

ਸਾਰੇ ਲੋਕਾ ਅਤੇ ਬੱਚਿਆਂ ਨੂੰ ਇਹ ਸਾਰੀਆ ਸਹੂਲਤਾ ਮੁਫਤ ਦਿੱਤੀਆਂ ਜਾਦੀਆਂ ਹਨ।



YFC ਪ੍ਰਧਾਨ ਗੁਰਮੰਗਲ ਦਾਸ



ਮਲਟੀ ਸਪੋਰਟਸ ਕੰਪਲੈਕਸ | ਫਿਜ਼ੀਉਥਰੈਪੀ ਅਤੇ ਸਪੈਸ਼ਲ ਨੀਡਜ਼ ਸੈਂਟਰ | ਵਾਈ.ਐਫ.ਸੀ ਫੁੱਟਬਾਲ ਅਕੈਡਮੀ
ਕੰਪਿਊਟਰ ਸੈਂਟਰ | ਬੈਡਮਿੰਟਨ | ਵਾਈ.ਐਫ.ਸੀ ਕੁਸ਼ਤੀ ਅਤੇ ਕਬੱਡੀ ਅਕੈਡਮੀ



ਆਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਦੀ ਲਹੂ ਭਿੱਜੀ ਦਾਸਤਾਨ
(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.-00068/57

ਜਲੰਧਰ : ਐਤਵਾਰ, 12 ਅਪ੍ਰੈਲ 2026

www.nawanzamana.in

ਕੀਮਤ 5.00 ਰੁਪਏ


*ਤਿਹਾਏ ਰਿਸ਼ਤਿਆਂ 'ਤੇ ਮੇਘ*
*ਬਣ ਵਰ੍ਹਦਾ ਰਿਹਾ ਬਾਪੂ।*
*ਤੇ ਸਾਰੀ ਉਮਰ ਮੋਹ ਦੀ ਔੜ*
*ਵਿੱਚ ਪਿਆਸਾ ਰਿਹਾ ਬਾਪੂ।*
*- ਜਗਵਿੰਦਰ ਜੋਧਾ*

## ਜਲ੍ਹਿਆਂਵਾਲਾ ਬਾਗ ਦਾ ਸ਼ਹੀਦ

# ਭਾਗ ਮੱਲ ਭਾਟੀਆ ਤੇ ਅਤਰ ਕੌਰ

### ਚਰੰਜੀ ਲਾਲ ਕੰਗਣੀਵਾਲ

ਸਾਕਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦ ਭਾਗ ਮੱਲ ਭਾਟੀਆ ਦੇ ਪੁੱਤਰ ਸੋਹਣ ਲਾਲ ਦੁਆਰਾ ਲਿਖੇ ਹੋਏ ਕੁਝ ਕਾਗਜ਼ ਮੈਨੂੰ ਕਿਵੇਂ ਤੇ ਕਿਥੋਂ ਪ੍ਰਾਪਤ ਹੋਏ, ਯਾਦ ਨਹੀਂ, ਪਰ ਇਨ੍ਹਾਂ ਦੀ ਇਬਾਰਤ ਤੋਂ ਜ਼ਾਹਰ ਹੈ ਕਿ ਉਹ ਕਾਮਰੇਡ ਅਰਜਨ ਸਿੰਘ ਗੜਗੱਜ ਨੂੰ ਗੁਰਚਰਨ ਸਿੰਘ ਸੈਂਸਰਾਂ ਰਾਹੀਂ ਭੇਜੇ ਗਏ ਸਨ, ਜਿਨ੍ਹਾਂ ਦਾ ਸੰਬੰਧ ਭਾਗ ਮਲ ਭਾਟੀਆ ਤੇ ਉਸ ਦੇ ਪਰਵਾਰ ਨਾਲ ਹੈ। ਸ਼ਹੀਦ ਭਾਗ ਮਲ ਭਾਟੀਆ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਘਰ ਪਤਨੀ ਅਤਰ ਕੌਰ, ਨੌਂ ਸਾਲ ਉਮਰ ਦੀ ਲੜਕੀ, ਪੰਜ ਸਾਲ ਦਾ ਲੜਕਾ ਅਤੇ ਤੀਜਾ ਲੜਕਾ ਸੋਹਨ ਲਾਲ ਭਾਟੀਆ ਜੋ ਸਾਕੇ ਤੋਂ ਚਾਰ ਮਹੀਨੇ ਤੋਂ ਬਾਅਦ ਪੈਦਾ ਹੋਇਆ ਸੀ।

ਸ਼ਹੀਦ ਭਾਗ ਮੱਲ ਭਾਟੀਆ ਦਾ ਜਨਮ 1876 ਈ. ਵਿਚ ਅੰਮ੍ਰਿਤਸਰ ਦੇ ਸ਼ਿਵਰਾਮ ਦਾਸ ਤੇ ਮਾਤਾ ਹੀਰਾ ਦੇਵੀ ਦੇ ਘਰ ਹੋਇਆ। ਸ੍ਰੀ ਭਾਗ ਮਲ ਭਾਟੀਆ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਸੀ। ਜਦੋਂ ਉਹ ਪੰਜ ਸਾਲ ਦਾ ਸੀ ਤਾਂ ਉਸ ਦੇ ਪਿਤਾ ਸਵਰਗ ਸੁਧਾਰ ਗਏ। ਉਹ ਬਹੁਤ ਮਿਹਨਤੀ ਤੇ ਉਤਸ਼ਾਹੀ ਸਨ। ਕੋਸ਼ਿਸ਼ਾਂ ਕਰਦੇ-ਕਰਦੇ ਉਸ ਨੇ ਲੱਕੜੀ ਦਾ ਕਾਰੋਬਾਰ ਸ਼ੁਰੂ ਕੀਤਾ, ਜਿਸ ਵਿੱਚ ਉਸ ਨੇ ਚੰਗੀ ਸਫ਼ਲਤਾ ਪ੍ਰਾਪਤ ਕੀਤੀ। ਉਸ ਦੀ ਸ਼ਾਦੀ ਅਤਰ ਕੌਰ ਨਾਲ ਹੋਈ, ਜਿਸ ਦਾ ਜਨਮ 1894 ਵਿੱਚ ਜੌੜੇ ਕਾਰਨਾਣੇ ਦੇ ਰਾਮ ਮੱਲ ਭਾਟੀਆ ਦੇ ਘਰ ਹੋਇਆ ਸੀ। ਪਤੀ-ਪਤਨੀ ਨੂੰ ਦੇਸ਼ ਨਾਲ ਪਿਆਰ ਸੀ। ਜਦ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿੱਚ ਗੋਲੀਆਂ ਚੱਲੀਆਂ ਤਾਂ ਭਾਗ ਮੱਲ ਭਾਟੀਆ ਵੀ ਉਥੇ ਹੀ ਸ਼ਹੀਦ ਹੋ ਗਏ। ਉਨ੍ਹਾਂ ਦੇ ਜਿਸਮ ਉੱਤੇ ਜਨਰਲ ਡਾਇਰ ਦੀਆਂ ਗੋਲੀਆਂ ਦੇ 45 ਨਿਸ਼ਾਨ ਸਨ। ਉਹ ਆਪਣੇ ਪਿੱਛੇ ਬੁੱਢੀ ਮਾਤਾ, ਨੌਜਵਾਨ ਪਤਨੀ, ਇੱਕ 9 ਸਾਲ ਦੀ ਲੜਕੀ ਦੇਵਕੀ, 5 ਸਾਲ ਦਾ ਮੋਹਨ ਲਾਲ ਅਤੇ ਇਕ ਲੜਕਾ ਸੋਹਨ ਲਾਲ ਜਿਹੜਾ ਉਸ ਸਮੇਂ ਗਰਭ ਵਿੱਚ ਸੀ, ਛੱਡ ਗਏ। ਅਤਰ ਕੌਰ ਨੂੰ ਗੋਲੀ ਚੱਲਣ ਦਾ ਪਤਾ ਲੱਗਾ ਤਾਂ ਉਹ ਜਲ੍ਹਿਆਂਵਾਲੇ ਬਾਗ਼ ਵਿੱਚ ਪਹੁੰਚੀ। ਉਹ ਆਪਣੇ ਪਤੀ ਨੂੰ ਲੱਭਦੀ ਹੋਈ ਆਸੇ-ਪਾਸੇ ਪਈਆਂ ਲਾਸ਼ਾਂ ਵੱਲ ਦੇਖਦੀ ਹੋਈ ਗੋਲੀਆਂ ਨਾਲ ਜ਼ਖ਼ਮੀ ਹੋਇਆਂ ਨੂੰ ਹੌਸਲਾ ਦਿੰਦੀ ਹੋਈ ਉਨ੍ਹਾਂ ਦੀ ਸੇਵਾ ਕਰਦੀ ਰਹੀ। ਮਾਰਸ਼ਲਾ ਦੌਰਾਨ ਰਾਤੀਂ ਦਸ ਵਜੇ ਬੜੀ ਹਿੰਮਤ ਨਾਲ ਆਪਣੇ ਪਤੀ ਦੀ ਲਾਸ਼ ਨੂੰ ਲੱਭ ਕੇ ਘਰ ਲੈ ਆਈ ਸੀ।

ਪੰਜਾਬ ਵਿੱਚ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਵਿੱਚ ਭਾਗ ਮੱਲ ਭਾਟੀਆ, 13 ਸਾਲ ਦਾ ਮਦਨ ਮੋਹਨ ਜਿਹੇ ਦੋ ਹਜ਼ਾਰ ਦੇ ਕਰੀਬ ਬੁੱਢੇ, ਜਵਾਨ ਅਤੇ ਬੱਚਿਆਂ ਦੀ ਸ਼ਹਾਦਤ ਨੇ ਭਾਰਤੀਆਂ ਅੰਦਰ ਅੰਗਰੇਜ਼ੀ ਸਾਮਰਾਜ ਵਿਰੁੱਧ ਗੁੱਸਾ ਤੇ ਰੋਹ ਭਰ ਦਿੱਤਾ, ਜਿਸ ਨਾਲ ਪੈਦਾ ਹੋਈ ਲੋਕ ਲਹਿਰ ਨਾਲ ਆਜ਼ਾਦੀ ਦੀ ਨੀਂਹ ਰੱਖੀ ਗਈ।

ਕਵੀ ਰਵਿੰਦਰ ਨਾਥ ਟੈਗੋਰ ਹੁਰਾਂ ਨੇ ਰੋਸ ਵਿੱਚ 'ਸਰ' ਦਾ ਖਿਤਾਬ ਵਾਪਸ ਕਰਦਿਆਂ ਆਪਣੇ ਪੱਤਰ ਵਿੱਚ ਲਿਖਿਆ :

"ਐਸਾ ਵਕਤ ਆ ਗਿਆ ਹੈ ਜਦੋਂ ਕਿ ਇੱਜ਼ਤ ਦੇ ਬਿੱਲੇ ਨਰਾਦਰੀ ਦੇ ਅਣਜਰਵੇਂ ਮਾਹੌਲ ਵਿੱਚ ਘੋਰ ਸ਼ਰਮਿੰਦਗੀ ਦਾ ਬਾਇਸ ਬਣ ਗਏ ਹਨ। ਮੈਂ ਇਹ ਖ਼ਾਸ ਵਖਰੇਵੇਂ ਲਾਹ ਕੇ ਆਪਣੇ ਦੇਸ਼ ਦੇ ਉਹਨਾਂ ਲੋਕਾਂ ਨਾਲ ਖਲੋਣਾ ਚਾਹੁੰਦਾ ਹਾਂ, ਜਿਹੜੇ ਨਿਗੂਣੇ ਹੋਣ ਕਾਰਨ ਅਣਮਨੁੱਖੀ ਬੇਇਜ਼ਤੀਆਂ ਝੱਲਦੇ ਹਨ। ਇਹੀ ਗੱਲਾਂ ਹਨ, ਜਿਹੜੀਆਂ ਢੁਕਵੇਂ ਅਦਬ ਤੇ ਔਖ ਨਾਲ ਆਪ ਮਹਾਰਾਜ ਨੂੰ ਆਖਣ ਉੱਤੇ ਮਜਬੂਰ ਕਰਦੀਆਂ ਹਨ, ਕਿ ਮੈਨੂੰ ਸਰਦਾਰੀ ਦੇ ਇਸ ਲਕਬ ਤੋਂ ਮੁਕਤ ਕੀਤਾ ਜਾਵੇ।"

ਦੂਜੇ ਪਾਸੇ ਅੰਮ੍ਰਿਤਸਰ ਸ਼ਹਿਰ ਵਿੱਚ ਹੀ ਬਹੁਤ ਸਾਰੇ 'ਰਾਏ ਸਾਹਿਬ', 'ਰਾਏ ਬਹਾਦਰੀ' ਖਿਤਾਬ ਵਾਲੇ ਅਨੇਕਾਂ ਸਨ, ਪਰ ਉਹਨਾਂ ਨੂੰ ਇਸ ਖ਼ੂਨੀ ਕਾਂਡ ਵਿਚ ਮਰਨ ਵਾਲਿਆਂ ਆਪਣਿਆਂ ਲਈ ਕੋਈ ਦਰਦ ਨਹੀਂ ਹੋਇਆ।

ਸਾਕੇ ਤੋਂ ਛੇ ਮਹੀਨੇ ਬਾਅਦ ਸਰਕਾਰੀ ਕਰਮਚਾਰੀ ਬੀਬੀ ਅਤਰ ਕੌਰ ਨੂੰ ਮਿਲੇ ਤੇ ਕਿਹਾ : "ਅੰਗਰੇਜ਼ ਸਰਕਾਰ ਨੇ ਤੇਰੇ ਬੱਚਿਆਂ ਲਈ 25 ਹਜ਼ਾਰ ਦਾ ਮੁਆਵਜ਼ਾ ਭੇਜਿਆ ਹੈ। ਲੈ ਕੇ ਗੁਜ਼ਾਰਾ ਕਰੋ"। ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਅਤਰ ਕੌਰ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਚਾਹੁੰਦੇ ਹੋ ਕਿ ਮੈਂ ਆਪਣੇ ਸ਼ਹੀਦ ਪਤੀ ਦੀ ਕੀਮਤ ਵੱਟ ਕੇ ਆਪਣੇ ਬੱਚਿਆਂ ਦੇ ਮੂੰਹ ਨੂੰ ਕਾਲਖ ਲਵਾ ਲਵਾਂ ਤੇ ਆਪਣੇ ਦੇਸ਼ ਦੇ ਇਤਿਹਾਸ ਨੂੰ ਝੂਠਾ ਬਣਾ ਦਿਆਂ? ਮੈਨੂੰ ਤਾਂ ਉਸ ਵੇਲੇ ਸ਼ਾਂਤੀ ਮਿਲੂ, ਜਦੋਂ ਗੋਲੀਆਂ ਚਲਾਉਣ ਵਾਲੇ ਜ਼ਾਲਮ ਡਾਇਰ ਦੀ ਪਤਨੀ ਲਾਸ਼ ਨੂੰ ਆਪਣੀ ਗੋਦੀ ਵਿੱਚ ਰੱਖ ਕੇ ਕਹੇਗੀ : "ਮੇਰੇ ਬੱਚਿਓ ਤੁਹਾਡਾ ਪਿਤਾ ਇਸ ਸੰਸਾਰ ਵਿੱਚ ਨਹੀਂ ਰਿਹਾ।" ਅਤਰ ਕੌਰ ਨੇ ਇਸ ਤਰ੍ਹਾਂ ਉੱਤਰ ਦੇ ਕੇ ਭਾਰਤੀ ਨਾਰੀ ਦਾ ਮਾਣ ਰੱਖ ਲਿਆ। ਅਤਰ ਕੌਰ ਦੀ ਅਭਿਲਾਸ਼ਾ ਸੱਚੀ ਹੋ ਗਈ ਜਦੋਂ ਊਧਮ ਸਿੰਘ ਸੁਨਾਮ ਨੇ 13 ਮਾਰਚ 1940 ਨੂੰ ਜਲ੍ਹਿਆਂਵਾਲੇ ਬਾਗ ਦੇ ਸਾਕੇ ਦਾ ਜ਼ੁੰਮੇਵਾਰ ਮਾਈਕਲ ਓਡਵਾਇਰ ਨੂੰ ਉਸ ਦੇ ਜ਼ੁਲਮਾਂ ਦੀ ਸਜ਼ਾ ਦੇ ਕੇ ਥਾਂ ਸਿਰ ਢੇਰੀ ਕਰ ਦਿੱਤਾ।

ਫਰਵਰੀ 1956 ਨੂੰ ਅੰਮ੍ਰਿਤਸਰ ਵਿੱਚ ਹੋਏ ਕਾਂਗਰਸ ਦੇ ਅਜਲਾਸ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਤੇ ਮੌਲਾਨਾ ਆਜ਼ਾਦ ਨੇ ਬੀਬੀ ਅਤਰ ਕੌਰ ਨੂੰ ਮਿਲ ਕੇ ਹਰ ਤਰ੍ਹਾਂ ਦੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਤਾਂ, ਤਦ ਵੀ ਅਤਰ ਕੌਰ ਨੇ ਕਿਹਾ : "ਮੈਂ ਆਪਣੇ ਦੇਸ਼ ਨੂੰ ਅੱਗੇ ਵਧਦਾ ਦੇਖਣਾ ਚਾਹੁੰਦੀ ਹਾਂ, ਇਹੋ ਮੇਰੇ ਬੱਚਿਆਂ ਦੀ ਵੱਡੀ ਸਹਾਇਤਾ ਹੈ।" ਉਸ ਨੇ ਆਪਣੇ ਪਤੀ ਸਮੇਤ ਬਾਕੀ ਸ਼ਹੀਦ ਹੋਇਆਂ ਦੇ ਨਾਂਅ ਲਿਖੇ ਜਾਣ ਵਾਲੇ ਦੇਸ਼ ਦੇ ਇਤਿਹਾਸ ਵਿੱਚ ਲਿਖਾਉਣ ਦੀ ਖਾਹਿਸ਼ ਜ਼ਾਹਿਰ ਕੀਤੀ। ਆਪ ਦੀ ਦੇਸ਼ ਭਗਤੀ ਨੂੰ ਦੇਖਦਿਆਂ ਦੇਸ਼ ਦੀਆਂ ਉੱਚੀਆਂ ਹਸਤੀਆਂ ਨੇ ਲਿਖਤੀ ਸੰਦੇਸ਼ ਭੇਜੇ ਸਨ।





ਅਤਰ ਕੌਰ





ਭਾਗ ਮੱਲ ਭਾਟੀਆ









ਭਾਗ ਮੱਲ ਪਾਟੀਆ ਦੀਆਂ ਹੱਥ ਲਿਖਤਾਂ

# ਸਾਦਗੀ, ਸਮਰਪਣ ਤੇ ਸੰਘਰਸ਼ ਦੀ ਮਿਸਾਲ- ਤੇਜਾ ਸਿੰਘ ਸੁਤੰਤਰ

### ਐੱਮ ਐੱਸ ਭਾਟੀਆ

12 ਅਪ੍ਰੈਲ 2026 ਨੂੰ ਅਸੀਂ ਸਾਥੀ ਤੇਜਾ ਸਿੰਘ ਸੁਤੰਤਰ ਦੀ 53ਵੀਂ ਬਰਸੀ ਮਨਾ ਰਹੇ ਹਾਂ। ਇਹ ਮੌਕਾ ਸਿਰਫ਼ ਉਹਨਾਂ ਨੂੰ ਯਾਦ ਕਰਨ ਦਾ ਹੀ ਨਹੀਂ, ਸਗੋਂ ਉਹਨਾਂ ਦੇ ਜੀਵਨ, ਸੰਘਰਸ਼ ਅਤੇ ਸਾਦਗੀ ਤੋਂ ਸਿੱਖਣ ਦਾ ਵੀ ਹੈ। ਸਾਥੀ ਤੇਜਾ ਸਿੰਘ ਸੁਤੰਤਰ ਉਹ ਵਿਅਕਤੀ ਸਨ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋਕਾਂ ਦੀ ਭਲਾਈ, ਦੇਸ਼ ਦੀ ਆਜ਼ਾਦੀ ਅਤੇ ਮਜ਼ਦੂਰ-ਕਿਸਾਨ ਵਰਗ ਦੇ ਹੱਕਾਂ ਲਈ ਸਮਰਪਿਤ ਕੀਤੀ।

ਸਾਥੀ ਤੇਜਾ ਸਿੰਘ ਸੁਤੰਤਰ ਦਾ ਜਨਮ 16 ਜੁਲਾਈ 1901 ਜ਼ਿਲ੍ਹਾ ਗੁਰਦਾਸਪੁਰ ਦੇ ਅਲੂਆਣਾ ਪਿੰਡ ਵਿੱਚ ਹੋਇਆ। ਉਹਨਾਂ ਦਾ ਬਚਪਨ ਦਾ ਨਾਂਅ ਸੁਮੰਦ ਸਿੰਘ ਸੀ।

ਜਦੋਂ ਉਨ੍ਹਾਂ ਨੇ ਵੀਲਾ ਤੇਜਾ ਗੁਰਦੁਆਰੇ ਨੂੰ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਇਆ ਤਾਂ ਉਹ ਤੇਜਾ ਸਿੰਘ ਬਣ ਗਏ।

ਜਦੋਂ ਉਨ੍ਹਾਂ ਨੇ 'ਸੁਤੰਤਰ ਜੱਥੇ' ਦੀ ਅਗਵਾਈ ਕੀਤੀ, ਜੋ ਕਿ ਗੁਰਦੁਆਰਾ ਮੁਕਤੀ ਵਿੱਚ ਸਭ ਤੋਂ ਅੱਗੇ ਸੀ, ਉਦੋਂ ਉਨ੍ਹਾਂ ਦੇ ਨਾਂਅ ਨਾਲ ਸੁਤੰਤਰ ਜੁੜਿਆ।

1923 ਦੇ ਸ਼ੁਰੂ ਵਿੱਚ ਸਾਥੀ ਤੇਜਾ ਸਿੰਘ ਇੱਕ ਸਿੱਖ ਮਿਸ਼ਨਰੀ ਵਜੋਂ ਕਾਬੁਲ ਗਏ, ਜਿੱਥੇ ਉਹ ਗ਼ਦਰ ਪਾਰਟੀ ਦੇ ਕੁਝ ਆਗੂਆਂ ਦੇ ਸੰਪਰਕ ਵਿੱਚ ਆਏ।

1925 ਵਿੱਚ ਉਹ ਆਜ਼ਾਦ ਬੇਗ ਦੇ ਉਪਨਾਮ ਹੇਠ ਤੁਰਕੀ ਫੌਜੀ ਅਕੈਡਮੀ ਵਿੱਚ ਸ਼ਾਮਲ ਹੋਏ।

ਉਨ੍ਹਾਂ ਨੂੰ ਤੁਰਕੀ ਦੀ ਨਾਗਰਿਕਤਾ ਦਿੱਤੀ ਅਤੇ ਤੁਰਕੀ ਫੌਜ ਵਿੱਚ ਕਮਿਸ਼ਨ ਦਿੱਤਾ ਗਿਆ।

ਉਹ ਸਿਰਫ਼ ਇੱਕ ਸੁਤੰਤਰਤਾ ਸੰਗਰਾਮੀ ਹੀ ਨਹੀਂ ਸਨ, ਸਗੋਂ ਇੱਕ ਜ਼ਿੰਮੇਵਾਰ ਜਨ-ਨਾਇਕ ਵਜੋਂ ਵੀ ਜਾਣੇ ਜਾਂਦੇ ਸਨ। ਦੇਸ਼ ਦੀ ਆਜ਼ਾਦੀ ਲਈ ਚੱਲੇ ਅੰਦੋਲਨਾਂ ਵਿੱਚ ਉਹਨਾਂ ਨੇ ਸਰਗਰਮ ਭੂਮਿਕਾ ਨਿਭਾਈ ਅਤੇ ਬਰਤਾਨਵੀ ਹਕੂਮਤ ਦੇ ਜ਼ੁਲਮਾਂ ਦਾ ਡਟ ਕੇ ਸਾਹਮਣਾ ਕੀਤਾ।

ਉਨ੍ਹਾਂ ਦੀ ਅਗਵਾਈ ਹੇਠ ਪੈਪਸੂ ਮੁਜ਼ਾਰਾ ਲਹਿਰ ਵਿੱਚ ਲੱਗਭੱਗ 784 ਪਿੰਡਾਂ ਨੇ ਹਿੱਸਾ ਲਿਆ।ਨਿਹਾਲਗੜ੍ਹ ਇਨ੍ਹਾਂ ਪਿੰਡਾਂ ਵਿੱਚੋਂ ਇੱਕ ਸੀ।

ਆਜ਼ਾਦੀ ਤੋਂ ਬਾਅਦ ਵੀ ਉਹਨਾਂ ਦਾ ਸੰਘਰਸ਼ ਖਤਮ ਨਹੀਂ ਹੋਇਆ; ਉਹ ਲੋਕਾਂ ਦੇ ਅਧਿਕਾਰਾਂ ਲਈ ਲੜਦੇ ਰਹੇ ਅਤੇ ਸੰਸਦ ਮੈਂਬਰ (ਐੱਮ ਪੀ) ਵਜੋਂ ਲੋਕਾਂ ਦੀ ਆਵਾਜ਼ ਬਣੇ।

ਕਮਿਊਨਿਸਟ ਪਾਰਟੀ ਨਾਲ ਜੁੜਨ ਤੋਂ ਪਹਿਲਾਂ ਹੀ ਉਹਨਾਂ ਦੇ ਅੰਦਰ ਲੋਕ ਸੇਵਾ ਅਤੇ ਸੰਘਰਸ਼ ਦੀ ਭਾਵਨਾ ਮਜ਼ਬੂਤ ਹੋ ਚੁੱਕੀ ਸੀ। ਆਪਣੇ ਸ਼ੁਰੂਆਤੀ ਜੀਵਨ ਵਿੱਚ ਉਹ ਗੁਰਦੁਆਰਾ ਸੁਧਾਰ ਲਹਿਰ ਨਾਲ ਜੁੜੇ ਰਹੇ, ਜੋ ਸਿੱਖ ਗੁਰਦੁਆਰਿਆਂ ਨੂੰ ਮਹੰਤਾਂ ਅਤੇ ਬਰਤਾਨਵੀ ਹਕੂਮਤ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਚੱਲਿਆ ਇੱਕ ਮਹੱਤਵਪੂਰਨ ਅੰਦੋਲਨ ਸੀ। ਇਸ ਲਹਿਰ ਵਿੱਚ ਸ਼ਾਮਲ ਹੋ ਕੇ ਉਹਨਾਂ ਨੇ ਨਿਰਭੀਕਤਾ, ਸੰਗਠਨਸ਼ੀਲਤਾ ਅਤੇ ਲੋਕਾਂ ਨਾਲ ਨਿਭਾਉਣ ਦੀ ਸਿਖਲਾਈ ਪ੍ਰਾਪਤ ਕੀਤੀ। ਇਹ ਅਨੁਭਵ ਹੀ ਉਹਨਾਂ ਦੇ ਅੱਗੇ ਦੇ ਰਾਜਨੀਤਕ ਜੀਵਨ ਦੀ ਮਜ਼ਬੂਤ ਨੀਂਹ ਬਣਿਆ ਅਤੇ ਉਹਨਾਂ ਨੂੰ ਵੱਡੇ ਜਨ-ਅੰਦੋਲਨਾਂ ਵਿੱਚ ਕੰਮ ਕਰਨ ਲਈ ਤਿਆਰ ਕੀਤਾ।

ਸਾਥੀ ਤੇਜਾ ਸਿੰਘ ਸੁਤੰਤਰ ਦੀ ਸਭ ਤੋਂ ਵੱਡੀ ਖਾਸੀਅਤ ਉਹਨਾਂ ਦੀ ਸਾਦਗੀ ਅਤੇ ਇਮਾਨਦਾਰੀ ਸੀ। ਉਹਨਾਂ ਨੇ ਸਿਆਸਤ ਨੂੰ ਕਦੇ ਵੀ ਨਿੱਜੀ ਲਾਭ ਲਈ ਨਹੀਂ ਵਰਤਿਆ। ਉਹਨਾਂ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਅਸਲ ਆਗੂ ਉਹ ਹੁੰਦਾ ਹੈ, ਜੋ ਲੋਕਾਂ ਦੇ ਦੁੱਖ-ਦਰਦ ਨੂੰ ਸਮਝੇ ਅਤੇ ਉਹਨਾਂ ਦੇ ਨਾਲ ਖੜ੍ਹਾ ਰਹੇ। ਉਹ ਸਧਾਰਨ ਜੀਵਨ ਜਿਉਂਦੇ ਹੋਏ ਵੀ ਉੱਚੇ ਵਿਚਾਰਾਂ ਦੇ ਮਾਲਕ ਸਨ ਅਤੇ ਆਪਣੇ ਆਚਰਣ ਨਾਲ ਹੋਰਾਂ ਲਈ ਪ੍ਰੇਰਣਾ ਬਣੇ।

ਪਹਿਲਾਂ ਉਹ ਗ਼ਦਰ ਲਹਿਰ ਅਤੇ ਕਿਰਤੀ ਅੰਦੋਲਨ ਨਾਲ ਜੁੜੇ ਰਹੇ।

ਕਿਰਤੀ ਗਰੁੱਪ ਦੇ ਕਈ ਆਗੂਆਂ ਵਾਂਗ, ਉਹ ਵੀ ਬਾਅਦ ਵਿੱਚ ਕਮਿਊਨਿਸਟ ਪਾਰਟੀ ਨਾਲ ਜੁੜ ਗਏ।

1920ਵਿਆਂ ਦੇ ਅੰਤ ਵਿੱਚ ਪੰਜਾਬ ਵਿੱਚ ਕਮਿਊਨਿਸਟ ਲਹਿਰ ਮਜ਼ਬੂਤ ਹੋ ਰਹੀ ਸੀ, ਜਿਸ ਵਿੱਚ ਉਹਨਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਤਰ੍ਹਾਂ ਉਹ ਕਮਿਊਨਿਸਟ ਪਾਰਟੀ ਦੇ ਸ਼ੁਰੂਆਤੀ ਦੌਰ ਦੇ ਪੰਜਾਬੀ ਆਗੂਆਂ ਵਿੱਚੋਂ ਇੱਕ ਬਣੇ।

ਆਜ਼ਾਦੀ ਤੋਂ ਬਾਅਦ, ਸਾਥੀ ਤੇਜਾ ਸਿੰਘ, ਜੋ ਕਿ ਕਿਸਾਨ ਸਭਾ ਦੇ ਇੱਕ ਪ੍ਰਮੁੱਖ ਨੇਤਾ ਸਨ, ਨੇ ਸਰਕਾਰ ਅਤੇ ਜ਼ਿਮੀਂਦਾਰਾਂ ਵਿਰੁੱਧ ਕਈ ਕਿਸਾਨ ਅੰਦੋਲਨਾਂ ਦੀ ਅਗਵਾਈ ਕੀਤੀ।

ਪੈਪਸੂ (ਪਟਿਆਲਾ ਅਤੇ ਪੂਰਬੀ ਪੰਜਾਬ ਸਟੇਟਸ ਯੂਨੀਅਨ) ਮੁਜ਼ਾਰਾ ਅੰਦੋਲਨ 1930 ਦੇ ਦਹਾਕੇ ਵਿੱਚ ਸ਼ੁਰੂ ਹੋਇਆ, ਜਿਸ ਵਿੱਚ ਭੂਮੀਹੀਣ ਕਿਸਾਨਾਂ (ਮੁਜ਼ਾਰਿਆਂ) ਦੁਆਰਾ ਉਸ ਜ਼ਮੀਨ ਦੇ ਮਾਲਕੀ ਅਧਿਕਾਰ ਪ੍ਰਾਪਤ ਕਰਨ ਲਈ ਜਿਸ ਦੀ ਉਹ ਪੀੜ੍ਹੀਆਂ ਤੋਂ ਵਾਹੀ ਕਰ ਰਹੇ ਸਨ।

ਕਿਸਾਨਾਂ ਨੂੰ ਅੰਤ ਵਿੱਚ 1952 ਵਿੱਚ ਜ਼ਮੀਨ ਦੇ ਅਧਿਕਾਰ ਪ੍ਰਾਪਤ ਹੋਏ।

ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਲਈ ਉਹਨਾਂ ਦੀ ਲੜਾਈ ਅੱਜ ਵੀ ਓਨੀ ਹੀ ਪ੍ਰਸੰਗਿਕ ਹੈ। ਅੱਜ ਦੇ ਸਮੇਂ ਵਿੱਚ ਜਦੋਂ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਵਧ ਰਹੀਆਂ ਹਨ, ਸਾਥੀ ਤੇਜਾ ਸਿੰਘ ਸੁਤੰਤਰ ਦੇ ਵਿਚਾਰ ਸਾਨੂੰ ਸਹੀ ਦਿਸ਼ਾ ਦਿੰਦੇ ਹਨ। ਉਹ ਸਦਾ ਹੀ ਸੰਗਠਨ ਅਤੇ ਇਕੱਠ ਦੀ ਤਾਕਤ 'ਤੇ ਵਿਸ਼ਵਾਸ ਕਰਦੇ ਸਨ ਅਤੇ ਲੋਕਾਂ ਨੂੰ ਜਥੇਬੰਦਕ ਸੰਘਰਸ਼ ਲਈ ਪ੍ਰੇਰਿਤ ਕਰਦੇ ਰਹੇ।

12 ਅਪ੍ਰੈਲ 1973 ਨੂੰ ਸੰਸਦ ਦੇ ਅੰਦਰ ਹੀ ਉਹਨਾਂ ਦੀ ਅਚਾਨਕ ਮੌਤ ਹੋ ਗਈ ਸੀ, ਜਿਸ ਨਾਲ ਪੂਰੇ ਦੇਸ਼ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਉਹਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਸੀ ਕਿ ਸਾਥੀ ਤੇਜਾ ਸਿੰਘ ਸੁਤੰਤਰ ਇੱਕ ਸੱਚੇ-ਸੁੱਚੇ ਅਤੇ ਨਿਸ਼ਕਾਮ ਜਨ-ਸੇਵਕ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਅਤੇ ਲੋਕਾਂ ਦੀ ਭਲਾਈ ਲਈ ਸਮਰਪਿਤ ਕੀਤੀ।

ਉਹਨਾਂ ਦੀ ਯਾਦ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਅਸੀਂ ਆਪਣੇ ਹੱਕਾਂ ਲਈ ਜਾਗਰੂਕ ਹੋਈਏ, ਇਕੱਠੇ ਹੋਈਏ ਅਤੇ ਇਨਸਾਫ਼ ਲਈ ਲੜਾਈ ਜਾਰੀ ਰੱਖੀਏ। ਇਹੀ ਉਹਨਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ।

ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਜਨਮ ਸਥਾਨ ਪਿੰਡ ਨਿਹਾਲਗੜ੍ਹ ਵਿੱਚ ਉਹਨਾਂ ਦਾ ਆਦਮਕੱਦ ਬੁੱਤ ਸਥਾਪਤ ਕੀਤਾ ਗਿਆ ਹੈ, ਜੋ ਅੱਜ ਵੀ ਲੋਕਾਂ ਲਈ ਪ੍ਰੇਰਣਾ ਦਾ ਕੇਂਦਰ ਬਣਿਆ ਹੋਇਆ ਹੈ। ਇਹ ਬੁੱਤ ਸਿਰਫ਼ ਇੱਕ ਯਾਦਗਾਰ ਨਹੀਂ, ਸਗੋਂ ਉਹਨਾਂ ਦੇ ਸੰਘਰਸ਼ਮਈ ਜੀਵਨ ਅਤੇ ਉੱਚੇ ਆਦਰਸ਼ਾਂ ਦੀ ਨਿਸ਼ਾਨੀ ਹੈ।

ਉਹਨਾਂ ਦੀ 53ਵੀਂ ਬਰਸੀ (12 ਅਪ੍ਰੈਲ 2026 ) ਦੇ ਮੌਕੇ ਉਹਨਾਂ ਦੀ ਯਾਦ ਵਿੱਚ ਸਾਥੀ ਤੇਜਾ ਸਿੰਘ ਸੁਤੰਤਰ ਲੋਕ ਚੇਤਨਾ ਮੰਚ ਲੁਧਿਆਣਾ ਵੱਲੋਂ ਰਿਸ਼ੀ ਨਗਰ ਵਿਖੇ ਨੱਕ, ਕੰਨ ਤੇ ਗਲੇ ਦਾ ਕੈਂਪ ਲਾਇਆ ਜਾ ਰਿਹਾ ਹੈ, ਜਿਸ ਵਿੱਚ ਮਾਹਿਰ ਡਾਕਟਰ ਅਰੁਣ ਮਿੱਤਰਾ ਅਤੇ ਡਾਕਟਰ ਰੁਬਲਦੀਪ ਕੌਰ ਲੋੜਵੰਦਾਂ ਦਾ ਫਰੀ ਚੈੱਕਅੱਪ ਕਰਨਗੇ ਅਤੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ । ਨਾਲ ਹੀ ਕੈਂਪ ਵਿੱਚ ਜਨਰਲ ਚੈੱਕਅੱਪ ਵਾਲੇ ਲੋੜਵੰਦਾਂ ਲਈ ਡਾਕਟਰ ਰਮਨਦੀਪ ਵੀ ਹੋਣਗੇ।ਸਾਥੀ ਤੇਜਾ ਸਿੰਘ ਸੁਤੰਤਰ ਅਮਰ ਰਹਿਣ!

**ਸੰਪਰਕ : 99884-91002**





# ਜਸਟਿਸ ਯਸ਼ਵੰਤ ਵਰਮਾ ਦਾ ਅਸਤੀਫਾ ਤੇ ਨਿਆਂ ਪਾਲਿਕਾ ਅੰਦਰ ਫੈਲੇ ਭ੍ਰਿਸ਼ਟਾਚਾਰ ਦੀ ਕਹਾਣੀ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਰਾਜਨੀਤਕ ਸਰਗਰਮੀ ਤਾਂ ਓਦਾਂ ਵੀ ਬੀਤੇ ਹਫਤੇ ਦੌਰਾਨ ਘੱਟ ਨਹੀਂ ਸੀ, ਹਫਤਾ ਸਿਰੇ ਪੁੱਜਣ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਯਸ਼ਵੰਤ ਵਰਮਾ ਦੇ ਅਸਤੀਫੇ ਨੇ ਇਸ ਨੂੰ ਨਵਾਂ ਰੰਗ ਦੇ ਦਿੱਤਾ ਹੈ। ਪਿਛਲੇ ਸਾਲ ਜਦੋਂ ਦਿੱਲੀ ਹਾਈ ਕੋਰਟ ਦੇ ਇਸ ਜੱਜ ਦੇ ਘਰ ਅੱਗ ਲੱਗਣ ਦੀ ਖਬਰ ਆਈ, ਜਿਹੜੀ ਕਈ ਦਿਨ ਦਬਾਈ ਰੱਖਣ ਪਿੱਛੋਂ ਬੜੀ ਹੌਲੀ-ਹੌਲੀ ਬਾਹਰ ਨਿਕਲੀ ਤੇ ਫਿਰ ਵੱਡੀ ਚਰਚਾ ਦਾ ਸਬੱਬ ਬਣੀ ਸੀ, ਓਦੋਂ ਇਹ ਮੰਗ ਕਈ ਪੱਖਾਂ ਤੋਂ ਚੁੱਕੀ ਗਈ ਕਿ ਜਸਟਿਸ ਵਰਮਾ ਨੂੰ ਅਸਤੀਫਾ ਦੇਣਾ ਚਾਹੀਦਾ ਹੈ, ਪਰ ਉਸ ਨੇ ਦਿੱਤਾ ਨਹੀਂ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਉਸ ਅਗਨੀ ਕੇਸ ਦੀ ਜਾਂਚ ਵਾਸਤੇ ਇੱਕ ਕਮੇਟੀ ਬਣਾਈ ਤਾਂ ਉਹ ਰਿਪੋਰਟ ਇਸ ਜੱਜ ਦੇ ਖਿਲਾਫ ਗਈ ਸੀ, ਪਰ ਉਸ ਨੇ ਫਿਰ ਵੀ ਅਸਤੀਫਾ ਦੇਣ ਤੋਂ ਸਿਰ ਫੇਰੀ ਰੱਖਿਆ। ਉਸ ਨੂੰ ਅਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕੀਤਾ ਗਿਆ ਤਾਂ ਓਥੋਂ ਦੇ ਵਕੀਲਾਂ ਨੇ ਵੀ ਹੜਤਾਲ ਕਰ ਦਿੱਤੀ ਕਿ ਇਸ ਨੂੰ ਏਥੇ ਨਿਆਂ ਦੀ ਕੁਰਸੀ ਉੱਤੇ ਨਹੀਂ ਬਹਿਣ ਦੇਣਾ, ਜਿਸ ਕਾਰਨ ਉਸ ਨੂੰ ਬੰਦ ਕਮਰੇ ਵਿੱਚ ਅਹੁਦੇ ਦੀ ਸਹੁੰ ਭਾਵੇਂ ਚੁਕਾ ਦਿੱਤੀ ਗਈ, ਪਰ ਨਿਆਂ ਕਰਨ ਵਾਲੀ ਜੱਜ ਦੀ ਕੁਰਸੀ ਤੋਂ ਲਾਂਭੇ ਰੱਖਿਆ ਗਿਆ ਸੀ। ਇਸ ਕੇਸ ਮਗਰੋਂ ਰਾਜਨੀਤੀ ਵਿੱਚ ਵੀ ਭੁਚਾਲ ਆਉਣ ਦੀ ਹਾਲਤ ਬਣ ਗਈ ਤੇ ਕਈ ਪਾਰਲੀਮੈਂਟ ਮੈਂਬਰਾਂ ਅਤੇ ਉੱਚ ਸੰਵਿਧਾਨਕ ਅਹੁਦੇ ਵਾਲਿਆਂ ਨੇ ਉਸ ਦਾ ਅਸਤੀਫਾ ਮੰਗਿਆ ਤੇ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕਈ ਵਾਰ ਚੁੱਕੀ, ਪਰ ਹੋਇਆ ਕੁਝ ਨਹੀਂ ਸੀ। ਬਾਅਦ ਵਿੱਚ ਲੋਕ ਸਭਾ ਦੇ ਸਪੀਕਰ ਨੇ ਇਸ ਜੱਜ ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਪੜਤਾਲ ਲਈ ਇੱਕ ਕਮੇਟੀ ਬਣਾਈ ਤਾਂ ਉਸ ਦੀ ਰਿਪੋਰਟ ਵੀ ਇਸ ਦੇ ਖਿਲਾਫ ਸੀ ਅਤੇ ਅਗਲੇ ਦਿਨੀਂ ਪਾਰਲੀਮੈਂਟ ਵਿੱਚ ਉਸ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪੇਸ਼ ਕੀਤੇ ਜਾਣ ਦੇ ਚਰਚੇ ਚੱਲਦੇ ਰਹੇ ਸਨ। ਬੀਤੇ ਸ਼ੁੱਕਰਵਾਰ ਉਸ ਨੇ ਅਸਤੀਫਾ ਦੇ ਦਿੱਤਾ ਹੈ। ਇਸ ਨਾਲ ਬਰਖਾਸਤ ਕੀਤੇ ਹੋਣ ਦਾ ਕਲੰਕ ਲੱਗਣ ਤੋਂ ਵੀ ਉਹ ਬਚ ਸਕਦਾ ਹੈ ਅਤੇ ਸਾਰੀ ਉਮਰ ਦੀ ਨੌਕਰੀ ਪਿੱਛੋਂ ਮਿਲਣ ਵਾਲੇ ਲਾਭ ਵੀ ਲੈਣ ਦਾ ਹੱਕਦਾਰ ਮੰਨਿਆ ਜਾ ਸਕਦਾ ਹੈ, ਪਰ ਇਸ ਤਰ੍ਹਾਂ ਹੋਣਾ ਜ਼ਰੂਰੀ ਵੀ ਨਹੀਂ। ਉਸ ਦਾ ਅਸਤੀਫਾ ਰੱਦ ਕਰਨ ਦਾ ਫੈਸਲਾ ਹੋ ਗਿਆ ਤਾਂ ਉਸ ਦੇ ਪੱਲੇ ਕੱਖ ਵੀ ਨਹੀਂ ਪੈਣਾ ਅਤੇ ਇਹ ਕੁਝ ਕਰਨਾ ਜਾਂ ਨਾ ਕਰਨਾ ਕੇਂਦਰ ਸਰਕਾਰ ਦੇ ਮੁਖੀ ਪ੍ਰਧਾਨ ਮੰਤਰੀ ਦੇ ਰੁਖ ਉੱਤੇ ਨਿਰਭਰ ਕਰੇਗਾ।

ਜਿਹੜੀ ਅੱਗ ਇਸ ਸੀਨੀਅਰ ਜੱਜ ਦੇ ਸਰਕਾਰੀ ਬੰਗਲੇ ਵਿੱਚ ਲੱਗੀ, ਉਸ ਦਾ ਪੂਰਾ ਸੱਚ ਅੱਜ ਤੱਕ ਬਾਹਰ ਨਹੀਂ ਨਿਕਲਿਆ ਅਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਨੋਟ ਕਿੰਨੇ ਕਰੋੜ ਰੁਪਏ ਦੇ ਸਨ, ਸੜੇ ਕਿੰਨੇ ਸਨ, ਅੱਧ-ਸੜੇ ਕਿੰਨੇ ਅਤੇ ਸਾਬਤ ਕਿੰਨੇ ਬਚ ਗਏ ਸਨ! ਸਰਕਾਰ ਜਾਂ ਜਾਂਚ ਕਮੇਟੀਆਂ ਵਿੱਚੋਂ ਕੋਈ ਵੀ ਇਹ ਭੇਦ ਜਨਤਾ ਅੱਗੇ ਪੇਸ਼ ਕਰਨ ਦਾ ਸੰਕੇਤ ਨਹੀਂ ਦੇ ਰਿਹਾ। ਇਹ ਵੀ ਜਾਂਚ ਨਹੀਂ ਕੀਤੀ ਗਈ ਕਿ ਨੋਟ ਇਸ ਦੇ ਆਪਣੇ ਸਨ ਜਾਂ ਕਿਸੇ ਹੋਰ ਦੇ ਹੋ ਸਕਦੇ ਹਨ। ਕਾਰਨ ਇਹ ਕਿ ਜੱਜ ਦੇ ਘਰ, ਕਿਉਂਕਿ ਛਾਪਾ ਪੈਣ ਦਾ ਡਰ ਨਹੀਂ ਰਹਿੰਦਾ, ਇਸ ਲਈ ਹੋ ਸਕਦਾ ਹੈ ਕਿ ਕਿਸੇ ਹੋਰ ਵੱਡੇ ਚੋਰ ਨੇ ਆਪਣਾ ਧਨ ਏਥੇ ਰੱਖਿਆ ਹੋਵੇ, ਜਿਹੜਾ ਅਗਨੀ ਕਾਂਡ ਪਿੱਛੋਂ ਫਸਣ ਦੇ ਡਰ ਨਾਲ ਚੁੱਪ ਕਰੀ ਬੈਠਾ ਹੋਵੇ। ਭਾਰਤ ਦੇ ਲੋਕਾਂ ਨੂੰ ਨਾ ਇਸ ਦਾ ਸੱਚ ਅੱਜ ਤੱਕ ਪਤਾ ਲੱਗ ਸਕਿਆ ਅਤੇ ਨਾ ਸ਼ਾਇਦ ਕਦੀ ਭਵਿੱਖ ਵਿੱਚ ਲੱਗੇਗਾ, ਕਿਉਂਕਿ ਫਸੇ ਹੋਏ ਇੱਕ ਚੋਰ ਨੂੰ ਬਚਾਉਣ ਲਈ ਚੋਰਾਂ ਦੀਆਂ ਕਈ ਢਾਣੀਆਂ ਬਿਨ ਮੰਗੀ ਮਦਦ ਨੂੰ ਆ ਜਾਂਦੀਆਂ ਹਨ। ਉਨ੍ਹਾਂ ਸਾਰਿਆਂ ਦੇ ਮਨ ਵਿੱਚ ਇਹ ਸੋਚ ਰਹਿੰਦੀ ਹੈ ਕਿ ਕੱਲ੍ਹ ਨੂੰ ਉਨ੍ਹਾਂ ਦੀ ਆਪਣੀ ਵਾਰੀ ਆ ਸਕਦੀ ਹੈ ਅਤੇ ਉਸ ਵੇਲੇ ਲੋੜ ਪਈ ਤੋਂ ਇਹ ਬੰਦਾ ਵੀ ਉਨ੍ਹਾਂ ਦੀ ਮਦਦ ਕਰਨ ਲਈ ਸੱਦੀਏ ਜਾਂ ਨਾ ਸੱਦੀਏ, ਸੁਣਦੇ ਸਾਰ ਆਪੇ ਦੌੜਿਆ ਆਵੇਗਾ।

ਪਾਰਲੀਮੈਂਟ ਦੀਆਂ ਬਰੂਹਾਂ ਤੱਕ ਕਿਸੇ ਜੱਜ ਬਾਰੇ ਪਹੁੰਚਿਆ ਇਹ ਕੇਸ ਪਹਿਲਾ ਨਹੀਂ। ਸਭ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਦਾ ਕੇਸ 1993 ਵਿੱਚ ਮਹਾਂਦੋਸ਼ ਲਈ ਪੇਸ਼ ਹੋਇਆ ਸੀ, ਪਰ ਲੋਕ ਸਭਾ ਵਿੱਚ ਬਹਿਸ ਮਗਰੋਂ ਉਸ ਦੇ ਖਿਲਾਫ ਲੋੜੀਂਦੀਆਂ ਵੋਟਾਂ ਨਹੀਂ ਸੀ ਮਿਲੀਆਂ ਤੇ ਉਹ ਸੁੱਕਾ ਨਿਕਲ ਗਿਆ ਸੀ। ਜਾਂਚ ਵਿੱਚ ਬੇਸ਼ੱਕ ਉਹ ਦੋਸ਼ੀ ਨਿਕਲਿਆ, ਪਰ ਪਰਖ ਦੀ ਘੜੀ 543 ਮੈਂਬਰੀ ਹਾਊਸ ਵਿੱਚ ਸਿਰਫ 401 ਪਾਰਲੀਮੈਂਟ ਮੈਂਬਰ ਹਾਜ਼ਰ ਹੋਏ ਅਤੇ 142 ਜਣੇ ਕੰਨੀ ਖਿਸਕਾ ਗਏ ਸਨ। ਉਸ ਦਿਨ ਹਾਊਸ ਵਿੱਚ ਪੁੱਜੇ 401 ਮੈਂਬਰਾਂ ਵਿੱਚੋਂ 205 ਨੇ ਖਿਲਾਫ ਜਾਂ ਹੱਕ ਵਿੱਚ ਕਿਸੇ ਪਾਸੇ ਵੋਟ ਦੇਣ ਦੀ ਥਾਂ ਚੁੱਪ ਰਹਿਣ ਦਾ ਦਾਅ ਖੇਡਿਆ ਤੇ ਸਿਰਫ 196 ਜਣਿਆਂ ਨੇ ਉਸ ਜੱਜ ਨੂੰ ਬਰਖਾਸਤ ਕਰਨ ਵਾਸਤੇ ਵੋਟ ਪਾਈ ਸੀ, ਜਿਸ ਕਾਰਨ ਉਸ ਦਾ ਬਚਾਅ ਹੋ ਗਿਆ ਸੀ। ਅਗਲੇ ਸਾਲ ਉਸ ਦੀ ਉਮਰ ਦੇ ਲਿਹਾਜ਼ ਨਾਲ ਹੀ ਸੇਵਾ-ਮੁਕਤੀ ਹੋ ਜਾਣੀ ਸੀ, ਇਸ ਲਈ ਭ੍ਰਿਸ਼ਟਾਚਾਰੀ ਹੋਣ ਦੇ ਬਾਵਜੂਦ ਉਸ ਦਾ ਕੁਝ ਨਹੀਂ ਸੀ ਵਿਗੜਿਆ।


ਜਸਟਿਸ ਰਾਮਾਸਵਾਮੀ ਪਿੱਛੋਂ ਜਸਟਿਸ ਪੀ ਡੀ ਦਿਨਾਕਰਨ ਦਾ ਕੇਸ 2009 ਵਿੱਚ ਉੱਠਿਆ ਤਾਂ ਉਸ ਨੇ ਸੁਪਰੀਮ ਕੋਰਟ ਵੱਲੋਂ ਨਿਯੁਕਤ ਕੀਤੀ ਜਾਂਚ ਕਮੇਟੀ ਦੇ ਮੈਂਬਰਾਂ ਉੱਤੇ ਉਂਗਲ ਚੁੱਕ ਦਿੱਤੀ ਸੀ। ਫਿਰ ਵੀ ਉਸ ਦਾ ਖਹਿੜਾ ਛੁੱਟਣ ਦੀ ਹਾਲਤ ਨਹੀਂ ਬਣ ਸਕੀ ਅਤੇ ਉਸ ਦਾ ਕੇਸ ਮਹਾਂਦੋਸ਼ ਵੱਲ ਖਿਸਕਣ ਲੱਗ ਪਿਆ ਸੀ। ਜਸਟਿਸ ਦਿਨਾਕਰਨ ਨੇ ਇਸ ਸੁਣਵਾਈ ਦੀ ਪਹਿਲਾਂ ਪ੍ਰਵਾਹ ਨਹੀਂ ਸੀ ਕੀਤੀ ਤੇ ਡਟਿਆ ਰਿਹਾ, ਪਰ ਬਾਅਦ ਵਿੱਚ ਉਹ ਅਸਤੀਫਾ ਦੇ ਗਿਆ ਸੀ। ਇਸ ਨਾਲ ਪਾਰਲੀਮੈਂਟ ਵਿੱਚ ਆਪਣੇ ਵਿਰੁੱਧ ਚੱਲ ਰਹੀ ਕਾਰਵਾਈ ਤੋਂ ਉਹ ਜਦੋਂ ਬਚ ਗਿਆ ਤਾਂ ਸੇਵਾ-ਮੁਕਤੀ ਪਿੱਛੋਂ ਮਿਲਣ ਵਾਲੇ ਲਾਭਾਂ ਦਾ ਹੱਕਦਾਰ ਵੀ ਹੋ ਗਿਆ। ਫਿਰ 2011 ਵਿੱਚ ਕੋਲਕਾਤਾ ਹਾਈ ਕੋਰਟ ਦੇ ਜਸਟਿਸ ਸੌਮਿਤਰਾ ਸੇਨ ਖਿਲਾਫ ਵੀ ਕੇਸ ਬਣਿਆ ਤੇ ਪਾਰਲੀਮੈਂਟ ਵਿੱਚ ਮਹਾਂਦੋਸ਼ ਤੱਕ ਗਿਆ ਤਾਂ ਉਸ ਨੇ ਅਸਤੀਫਾ ਦੇਣੋਂ ਇਨਕਾਰ ਕਰੀ ਰੱਖਿਆ ਸੀ। ਜਦੋਂ ਰਾਜ ਸਭਾ ਵਿੱਚ ਉਸ ਖਿਲਾਫ ਮਹਾਂਦੋਸ਼ ਦਾ ਮਤਾ ਪਾਸ ਹੋ ਗਿਆ ਅਤੇ ਕਿਸੇ ਜੱਜ ਵਿਰੁੱਧ ਇਹ ਕਾਰਵਾਈ ਪਹਿਲੀ ਵਾਰ ਇਹ ਪੜਾਅ ਪਾਰ ਗਈ ਤਾਂ ਉਸ ਨੇ ਲੋਕ ਸਭਾ ਵਿੱਚ ਮਤਾ ਪੇਸ਼ ਹੋਣ ਤੋਂ ਪਹਿਲਾਂ ਸਰਕਾਰ ਨੂੰ ਆਪਣਾ ਅਸਤੀਫਾ ਭੇਜ ਦਿੱਤਾ। ਉਸ ਪਿੱਛੋਂ ਮਦਰਾਸ ਹਾਈ ਕੋਰਟ ਦੇ ਜਸਟਿਸ ਜੀ ਆਰ ਸਵਾਮੀਨਾਥਨ ਦਾ ਕੇਸ ਪਾਰਲੀਮੈਂਟ ਵੱਲ ਤੁਰਿਆ, ਪਰ ਉਸ ਕੇਸ ਵਿੱਚ ਭ੍ਰਿਸ਼ਟਾਚਾਰ ਦੀ ਗੱਲ ਨਹੀਂ, ਸਗੋਂ ਇੱਕ ਧਾਰਮਿਕ ਅਸਥਾਨ ਦੀ ਸੁਣਵਾਈ ਦੌਰਾਨ ਇੱਕ ਸੱਜੇ ਪੱਖੀ ਧਿਰ ਦੇ ਪੱਖ ਵਿੱਚ ਕਾਨੂੰਨ ਉਲੰਘ ਕੇ ਪੈਂਤੜਾ ਲੈਣਾ ਮੰਨਿਆ ਗਿਆ ਸੀ। ਮਹਾਂਦੋਸ਼ ਮਤਾ ਉਸ ਵਿਰੁੱਧ ਬਣਨ ਦੇ ਕਈ ਕਾਰਨ ਸਨ, ਜਿਨ੍ਹਾਂ ਤੋਂ ਸਾਫ ਝਲਕਦਾ ਸੀ ਕਿ ਉਸ ਦੇ ਅੰਦਰ ਇੱਕ ਖਾਸ ਪੱਖ ਨਾਲ ਜੁੜਿਆ ਵਿਅਕਤੀ ਉਸ ਨੂੰ ਵਾਰ-ਵਾਰ ਇਨਸਾਫ ਦੀ ਥਾਂ ਨਿੱਜੀ ਧਾਰਨਾਵਾਂ ਦੀ ਪੂਰਤੀ ਵੱਲ ਖਿੱਚ ਲਿਜਾਂਦਾ ਹੈ। ਉਸ ਵਿਰੁੱਧ ਪਾਰਲੀਮੈਂਟ ਦੇ ਇੱਕ ਸੌ ਵੀਹ ਮੈਂਬਰਾਂ ਨੇ ਦਸਤਖਤਾਂ ਵਾਲਾ ਮਤਾ ਭੇਜਿਆ ਸੀ, ਪਰ ਅੱਜਕੱਲ੍ਹ ਉਹ ਮਤਾ ਕਿਹੋ ਜਿਹੀ ਹਾਲਤ ਵਿੱਚ ਹੈ, ਸਾਨੂੰ ਇਹ ਪਤਾ ਨਹੀਂ। ਇਹ ਮਾਮਲਾ ਵੀ ਪਾਰਲੀਮੈਂਟ ਵਿੱਚ ਮਹਾਂਦੋਸ਼ ਲਈ ਜਾਣ ਵਾਲੇ ਕੇਸਾਂ ਨਾਲ ਜਾ ਜੁੜਿਆ ਸੀ।

ਇਨ੍ਹਾਂ ਸਭਨਾਂ ਤੋਂ ਵੱਖਰੀ ਤਰ੍ਹਾਂ ਦਾ ਕੇਸ ਦਿੱਲੀ ਹਾਈ ਕੋਰਟ ਦੇ ਜੱਜ ਸ਼ੌਮਿਤ ਮੁਖਰਜੀ ਦਾ ਸੀ। ਕੇਸ ਵਿੱਚ ਫਸਣ ਪਿੱਛੋਂ ਜਦੋਂ ਕੋਈ ਰਾਹ ਨਾ ਦਿੱਸਿਆ ਤਾਂ ਉਹ ਅਸਤੀਫਾ ਦੇ ਗਿਆ ਸੀ। ਉਸ ਦੀ ਕੁੱਲ ਕਹਾਣੀ ਇਹ ਸੀ ਕਿ ਜਾਂਚ ਏਜੰਸੀ ਸੀ ਬੀ ਆਈ ਨੇ ਮਾਰਚ 2003 ਵਿੱਚ ਦਿੱਲੀ ਡਿਵੈੱਲਪਮੈਂਟ ਅਥਾਰਟੀ (ਡੀ ਡੀ ਏ) ਨਾਲ ਜੁੜੇ ਇੱਕ ਕੇਸ ਦੀ ਪੜਤਾਲ ਦੌਰਾਨ ਇੱਕ ਕਾਰੋਬਾਰੀ ਧਰਮਵੀਰ ਖੱਟਰ ਦੇ ਦਫਤਰ ਤੇ ਘਰ ਵਿੱਚ ਛਾਪਾ ਮਾਰਿਆ ਤਾਂ ਉਸ ਕੇਸ ਦੀਆਂ ਉਹ ਫਾਈਲਾਂ ਉਸ ਕਾਰੋਬਾਰੀ ਦੇ ਘਰੋਂ ਮਿਲੀਆਂ, ਜਿਹੜੀਆਂ ਅਦਾਲਤ ਵਿੱਚ ਹੋਣੀਆਂ ਚਾਹੀਦੀਆਂ ਸਨ। ਇਸ ਪਿੱਛੋਂ ਜਾਂਚ ਵਿੱਚ ਪਤਾ ਲੱਗਾ ਕਿ ਜਿਵੇਂ ਕਈ ਜੱਜ ਆਮ ਕਰ ਕੇ ਆਪਣੇ ਕੋਲ ਸੁਣਵਾਈ ਲਈ ਚੱਲਦੇ ਕੇਸਾਂ ਦੀਆਂ ਫਾਈਲਾਂ ਆਪਣੇ ਘਰ ਵਾਲੇ ਦਫਤਰ ਵਿੱਚ ਲੈ ਜਾਂਦੇ ਹਨ, ਤਾਂ ਕਿ ਰਾਤ-ਬਰਾਤੇ ਪੜ੍ਹਨ ਜਾਂ ਫੈਸਲੇ ਲਿਖਣ ਦਾ ਕੰਮ ਕਰ ਸਕਣ, ਜਸਟਿਸ ਮੁਖਰਜੀ ਨੇ ਉਹ ਫਾਈਲਾਂ ਏਦਾਂ ਹੀ ਆਪਣੇ ਘਰ ਮੰਗਵਾਈਆਂ ਸਨ। ਏਦਾਂ ਦੀ ਫਾਈਲ ਜਦੋਂ ਅਦਾਲਤ ਤੋਂ ਬਾਹਰ ਜਾਵੇ ਤਾਂ ਉਸ ਦਾ ਸਾਰਾ ਰਿਕਾਰਡ ਵੀ ਸੰਬੰਧਤ ਜੱਜ ਦੇ ਕਿਸੇ ਕਾਰਿੰਦੇ ਦੇ ਦਸਤਖਤ ਤੇ ਵਕਤ ਵੀ ਮੂਵਮੈਂਟ ਰਜਿਸਟਰ ਵਿੱਚ ਦਰਜ ਕੀਤਾ ਜਾਂਦਾ ਹੈ। ਫਾਈਲਾਂ ਜਸਟਿਸ ਮੁਖਰਜੀ ਦੇ ਘਰ ਗਈਆਂ ਤਾਂ ਓਥੋਂ ਦੀ ਥਾਂ ਅਕਾਊਂਟੈਂਸੀ ਨਾਲ ਸੰਬੰਧ ਰੱਖਦੇ ਕਾਰੋਬਾਰੀ ਦੇ ਘਰ ਪਹੁੰਚ ਜਾਣਾ ਇੱਕ ਗੰਭੀਰ ਮਾਮਲਾ ਸੀ। ਉਸ ਕਾਰੋਬਾਰੀ ਦੀ ਪੁੱਛਗਿੱਛ ਤੋਂ ਇਹ ਭੇਦ ਖੁੱਲ੍ਹ ਗਿਆ ਕਿ ਅਸਲ ਵਿੱਚ ਉਸ ਦੇ ਘਰ ਵੀ ਨਹੀਂ ਸਨ ਰਹਿਣੀਆਂ, ਉਸ ਨੇ ਅੱਗੇ ਇੱਕ ਚਾਰਟਰਡ ਅਕਾਊਂਟੈਂਟ ਕੋਲ ਲਿਜਾਣੀਆਂ ਸਨ, ਤਾਂ ਕਿ ਉਹ ਆਪਣੇ ਕਲਾਇੰਟ ਦੇ ਬਚਾਅ ਲਈ ਜਿੱਦਾਂ ਦਾ ਫੈਸਲਾ ਚਾਹੁੰਦੇ ਹੋਣ, ਖੁਦ ਹੀ ਲਿਖ ਸਕਣ। ਅੱਗੇ ਵਾਲੀ ਗੱਲ ਹਰ ਕੋਈ ਸੋਚ ਸਕਦਾ ਹੈ ਕਿ ਜਸਟਿਸ ਮੁਖਰਜੀ ਉਸ ਚਾਰਟਰਡ ਅਕਾਊਂਟੈਂਟ ਅਤੇ ਵਿਚਕਾਰਲੇ ਬੰਦੇ ਰਾਹੀਂ ਸਿੱਧਾ ਪੈਸੇ ਦਾ ਲੈਣ-ਦੇਣ ਕਰਦਾ ਤੇ ਏਨਾ ਕੁ ਖੁੱਲ੍ਹਾ ਖੇਡਦਾ ਜਾਪਦਾ ਸੀ ਕਿ ਜਿਸ ਨੇ ਪੈਸੇ ਦਿੱਤੇ ਹੋਏ ਹੋਣ, ਉਹ ਕੇਸ ਦਾ ਫੈਸਲਾ ਵੀ ਆਪਣੀ ਮਰਜ਼ੀ ਮੁਤਾਬਕ ਆਪਣੇ ਬੰਦਿਆਂ ਰਾਹੀਂ ਉਨ੍ਹਾਂ ਤੋਂ ਲਿਖਵਾ ਕੇ ਫਾਈਲਾਂ ਅਦਾਲਤ ਲੈ ਜਾਂਦਾ ਸੀ। ਭ੍ਰਿਸ਼ਟਾਚਾਰ ਦੀ ਸਿਖਰ ਛੋਂਹਦਾ ਇਹ ਕੇਸ ਸਾਹਮਣੇ ਆਉਂਦੇ ਸਾਰ ਦੇਸ਼ ਵਿੱਚ ਹੰਗਾਮਾ ਮਚ ਗਿਆ ਤੇ ਉਸ ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਦੀ ਮੰਗ ਹੋਣ ਲੱਗ ਪਈ। ਜਸਟਿਸ ਸ਼ੌਮਿਤ ਮੁਖਰਜੀ ਨੇ ਰਾਹ ਇਹ ਕੱਢਿਆ ਕਿ ਆਪਣੀ ਪਤਨੀ ਦੀ ਬਿਮਾਰੀ ਗੰਭੀਰ ਦੱਸ ਕੇ ਨੌਕਰੀ ਤੋਂ ਅਸਤੀਫਾ ਦਿੱਤਾ ਅਤੇ ਉਸ ਕੇਸ ਵਿੱਚੋਂ ਨਿਕਲਣ ਵਾਸਤੇ ਜਣੇ-ਖਣੇ ਕੋਲ ਜਾਣ ਲਈ ਵਿਹਲਾ ਹੋ ਗਿਆ ਅਤੇ ਰਿਟਾਇਰਮੈਂਟ ਪਿੱਛੋਂ ਮਿਲਣ ਵਾਲੇ ਸਾਰੇ ਸਰਵਿਸ ਲਾਭ ਵੀ ਬਚਾਉਣ ਵਿੱਚ ਕਾਮਯਾਬ ਰਿਹਾ।

ਅਸੀਂ ਸਿਰਫ ਉਨ੍ਹਾਂ ਕੇਸਾਂ ਦਾ ਜ਼ਿਕਰ ਕੀਤਾ ਹੈ, ਜਿਹੜੇ ਸੁਪਰੀਮ ਕੋਰਟ ਦੇ ਜਾਂ ਹਾਈ ਕੋਰਟਾਂ ਦੇ ਜੱਜਾਂ ਬਾਰੇ ਸਨ ਅਤੇ ਜਿਨ੍ਹਾਂ ਨੂੰ ਮਹਾਂਦੋਸ਼ ਲਈ ਭੇਜਣ ਦੀ ਗੱਲ ਚੱਲੀ ਸੀ, ਪਰ ਏਦਾਂ ਦੇ ਜੱਜਾਂ ਦੀਆਂ ਫਾਈਲਾਂ ਵੀ ਥੋੜ੍ਹੀਆਂ ਨਹੀਂ, ਜਿਹੜੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਫਸ ਜਾਣ ਪਿੱਛੋਂ ਬਦਨਾਮੀ ਦੀ ਪੰਡ ਚੁੱਕ ਕੇ ਅਦਾਲਤੀ ਕੰਮ ਕਰਦੇ ਰਹੇ ਸਨ। ਦਿੱਲੀ ਹਾਈ ਕੋਰਟ ਦੇ ਸਾਬਕਾ ਮੁਖੀ ਜਸਟਿਸ ਯਸ਼ਵੰਤ ਵਰਮਾ ਦਾ ਕੇਸ ਵੀ ਏਦਾਂ ਦਾ ਹੈ, ਪਰ ਇਹ ਵੀ ਆਖਰੀ ਕੇਸ ਸਮਝਣ ਵਾਲੀ ਗੱਲ ਅਸੀਂ ਨਹੀਂ ਕਹਿ ਸਕਦੇ, ਇਸ ਤੋਂ ਬਾਅਦ ਵੀ ਨਿਆਂ ਪਾਲਿਕਾ ਅੰਦਰ ਏਦਾਂ ਦੇ ਕੇਸ ਨਿਕਲਣ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ। ਕਾਰਨ ਇਸ ਦਾ ਇਹ ਕਿ ਪੈਸਾ ਚੀਜ਼ ਹੀ ਇਹੋ ਜਿਹੀ ਹੈ ਕਿ ਵੱਡੇ ਵੱਡਿਆਂ ਨੂੰ ਭਰਮਾ ਸਕਦਾ ਹੈ ਅਤੇ ਕੋਈ ਵਿਰਲਾ-ਵਾਂਝਾ ਬੰਦਾ ਹੀ ਇਸ ਤੋਂ ਪਾਸਾ ਵੱਟਦਾ ਹੈ। ਤਿੰਨ ਦਹਾਕੇ ਪਹਿਲਾਂ ਇੱਕ ਪਾਰਲੀਮੈਂਟ ਮੈਂਬਰ ਦਲੀਪ ਸਿੰਘ ਜੂਦੇਵ ਨੇ ਕਿਸੇ ਤੋਂ ਕਾਲੀ ਕਮਾਈ ਦੀ ਰਕਮ ਜਦੋਂ ਫੜੀ ਤਾਂ ਨਾਲ ਉਸ ਨੂੰ ਇਹ ਸ਼ਬਦ ਕਹਿੰਦੇ ਸੁਣਿਆ ਗਿਆ ਸੀ ਕਿ 'ਪੈਸਾ ਖੁਦਾ ਤੋ ਨਹੀਂ, ਪਰ ਖੁਦਾ ਕੀ ਕਸਮ, ਖੁਦਾ ਸੇ ਕਮ ਭੀ ਨਹੀਂ।' ਉਹ ਗਰੀਬੀ ਮਾਰੇ ਕਿਸੇ ਪਰਵਾਰ ਨਾਲ ਸੰਬੰਧਤ ਨਹੀਂ, ਭਾਜਪਾ ਵੱਲੋਂ ਇੱਕ ਵਾਰੀ ਰਾਜ ਸਭਾ ਮੈਂਬਰ ਬਣਿਆ ਤੇ ਦੋ ਵਾਰੀ ਲੋਕ ਸਭਾ ਚੋਣ ਜਿੱਤਣ ਦੇ ਇਲਾਵਾ ਕੇਂਦਰ ਦਾ ਮੰਤਰੀ ਵੀ ਬਣਿਆ ਸੀ। ਹੋਰ ਤਾਂ ਹੋਰ, ਉਹ ਛੱਤੀਸਗੜ੍ਹ ਇਲਾਕੇ ਵਿਚਲੀ ਜਸ਼ਪੁਰ ਰਿਆਸਤ ਦੇ ਮਹਾਰਾਜੇ ਵਿਜੇ ਭੂਸ਼ਣ ਸਿੰਘ ਜੂਦੇਵ ਦਾ ਪੁੱਤਰ ਸੀ। ਜਦੋਂ ਏਦਾਂ ਦੇ ਰਾਜਕੁਮਾਰ ਵੀ ਪੈਸੇ ਪਿੱਛੇ ਵਿਕਣ ਲਈ ਤਿਆਰ ਰਹਿੰਦੇ ਹੋਣ ਤਾਂ ਸਾਧਾਰਨ ਲੋਕਾਂ ਨੂੰ ਭ੍ਰਿਸ਼ਟਾਚਾਰ ਨਾ ਕਰਨ ਦੇ ਉਪਦੇਸ਼ ਦੇਣਾ ਉਹ ਹਾਸੋਹੀਣਾ ਕੰਮ ਹੈ, ਜਿਹੜਾ ਭਾਰਤ ਵਿੱਚ ਬਥੇਰਾ ਹੁੰਦਾ ਰਹਿੰਦਾ ਹੈ। ਏਸੇ ਲਈ ਸੁਣਦੇ ਤਾਂ ਇਸ ਦੇਸ਼ ਦੇ ਲੋਕ ਜ਼ਰੂਰ ਹਨ, ਇਸ ਦਾ ਅਸਰ ਹੁੰਦਾ ਨਹੀਂ ਦਿੱਸਦਾ।

# ਸਮੁੰਦ ਸਿੰਘ ਤੋਂ ਮਹਾਨ ਇਨਕਲਾਬੀ ਤੇਜਾ ਸਿੰਘ ਸੁਤੰਤਰ ਬਣਨ ਤੱਕ

**ਪਿਰਥੀਪਾਲ ਸਿੰਘ ਮਾੜੀਮੇਘਾ**



ਉੱਘੇ ਸੁਤੰਤਰਤਾ ਸੈਨਾਨੀ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਜਨਮ 16 ਜੁਲਾਈ 1901 ਨੂੰ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਇਆ। ਤੇਜਾ ਸਿੰਘ ਦੇ ਪਿਤਾ ਸਰਦਾਰ ਦੇਸਾ ਸਿੰਘ ਨੇ ਆਜ਼ਾਦੀ ਦੀ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਵਾਸਤੇ ਪਿੰਡ-ਪਿੰਡ ਜਾ ਕੇ ਅਕਾਲੀ ਜਥਾ ਤਿਆਰ ਕੀਤਾ। ਜਥੇ ਦੀ ਗਿਣਤੀ 3000 ਤੱਕ ਪਹੁੰਚ ਗਈ। ਤੇਜਾ ਸਿੰਘ ਵੀ ਛੋਟੀ ਉਮਰ ਵਿੱਚ ਹੀ ਆਪਣੇ ਬਾਪ ਨਾਲ ਜਥੇ ਦੀ ਤਿਆਰੀ ਵਾਸਤੇ ਜਾਂਦੇ ਸਨ।

ਜਲ੍ਹਿਆਂਵਾਲੇ ਬਾਗ ਦੀ ਘਟਨਾ ਨੇ ਹਿੰਦੀਆਂ ਦੀ ਜਮੀਰ ਨੂੰ ਬਹੁਤ ਝੰਜੋੜਿਆ ਅਤੇ ਲੋਕਾਂ ਦਾ ਖੂਨ ਖੌਲਣ ਲੱਗ ਪਿਆ। ਤੇਜਾ ਸਿੰਘ ਦੀ ਉਸ ਵੇਲੇ ਉਮਰ 18 ਸਾਲ ਦੀ ਸੀ ਅਤੇ ਉਨ੍ਹਾ 'ਤੇ ਵੀ ਗਹਿਰਾ ਅਸਰ ਪਿਆ। ਉਹ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਕੁੱਦ ਪਏ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਦੀ ਤਰ੍ਹਾਂ ਇਨਕਲਾਬੀ ਬਣ ਗਏ। ਗੁਰਦੁਆਰਿਆਂ 'ਤੇ ਅੰਗਰੇਜ਼ਾਂ ਦੇ ਪਿੱਠੂ ਮਹੰਤ ਕਾਬਜ਼ ਹਨ। ਇਹ ਮਹੰਤ ਗੁਰਦੁਆਰਿਆਂ ਦੀ ਦੌਲਤ ਲੁੱਟਦੇ ਅਤੇ ਗੁਰਦੁਆਰਿਆਂ ਵਿੱਚ ਕੰਜਰੀਆਂ ਨਚਾਉਂਦੇ ਤੇ ਸ਼ਰਾਬਾਂ ਪੀਂਦੇ ਸਨ। ਇਸ ਹਾਲਤ ਵਿੱਚ ਪੰਜਾਬੀਆਂ ਨੇ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਗੁਰਦੁਆਰਿਆਂ ਦੀ ਆਜ਼ਾਦੀ ਦਾ ਮੋਰਚਾ ਲਾਇਆ। ਕਮੇਟੀ ਵੱਲੋਂ ਤੇਜਾ ਵੀਲ੍ਹਾ ਦਾ ਗੁਰਦੁਆਰਾ ਆਜ਼ਾਦ ਕਰਾਉਣ ਦੀ ਜ਼ਿੰਮੇਵਾਰੀ ਤੇਜਾ ਸਿੰਘ ਦੀ ਲੱਗੀ।

ਸਰਦਾਰ ਦੇਸਾ ਸਿੰਘ ਤੇ ਉਨ੍ਹਾ ਦਾ ਪੁੱਤਰ ਤੇਜਾ ਸਿੰਘ ਨੇ ਇੱਕ ਜਥਾ ਤਿਆਰ ਕੀਤਾ ਅਤੇ ਯੋਜਨਾ ਅਨੁਸਾਰ ਗੁਰਦੁਆਰਾ ਤੇਜਾ ਵੀਲ੍ਹਾ ਦੇ ਅੰਦਰ ਆਮ ਸ਼ਰਧਾਲੂਆਂ ਦੀ ਤਰ੍ਹਾਂ ਦਿਨ ਵੇਲੇ ਚਲੇ ਗਏ ਤੇ ਰਾਤ ਉਥੇ ਹੀ ਸੌਂ ਗਏ। ਤੜਕੇ 4 ਵਜੇ ਜਥੇ ਨੇ ਗੁਰਦੁਆਰੇ ਨੂੰ ਘੇਰਾ ਪਾ ਲਿਆ ਤੇ ਅੰਦਰੋਂ ਤੇਜਾ ਸਿੰਘ ਤੇ ਉਸ ਦੇ ਬਾਪ ਦੀ ਮਦਦ ਨਾਲ ਜਥਾ ਗੁਰਦੁਆਰੇ ਦੇ ਅੰਦਰ ਦਾਖਲ ਹੋ ਗਿਆ। ਮਹੰਤ ਨੇ ਆਪਣੀ ਰੱਖਿਆ ਵਾਸਤੇ ਜੋ ਬਦਮਾਸ਼ ਲਿਆਂਦੇ ਸਨ, ਜਥੇ ਨੇ ਉਨ੍ਹਾਂ ਨੂੰ ਸੁੱਤਿਆਂ ਪਿਆਂ ਨੂੰ ਦਬੋਚ ਲਿਆ ਅਤੇ ਗੁਰਦੁਆਰਾ ਆਜ਼ਾਦ ਕਰਾ ਲਿਆ। ਤੇਜਾ ਸਿੰਘ ਦਾ ਪਹਿਲਾ ਨਾਂਅ ਸਮੁੰਦ ਸਿੰਘ ਸੀ ਅਤੇ ਗੁਰਦੁਆਰੇ ਨੂੰ ਆਜ਼ਾਦ ਕਰਾਉਣ ਕਰਕੇ ਪਿੰਡ ਤੇਜਾ ਵੀਲ੍ਹਾ ਨਾਲ ਜੁੜ ਕੇ ਤੇਜਾ ਸਿੰਘ ਸੁਤੰਤਰ ਪੈ ਗਿਆ।

ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਕਾਮਯਾਬੀਆਂ ਪ੍ਰਾਪਤ ਕਰਨ ਕਰਕੇ ਤੇਜਾ ਸਿੰਘ ਸੁਤੰਤਰ ਆਜ਼ਾਦੀ ਸੰਗਰਾਮੀਆਂ ਵਿੱਚ ਮਸ਼ਹੂਰ ਹੋ ਗਏ। ਅਫਗਾਨਿਸਤਾਨ ਦੇ ਕਾਬਲ ਵਿੱਚ ਰਹਿੰਦੇ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਤੋਂ ਮੰਗ ਕਰਕੇ ਤੇਜਾ ਸਿੰਘ ਨੂੰ ਕਾਬਲ ਸੱਦਿਆ। ਤੇਜਾ ਸਿੰਘ ਜਥੇ ਸਮੇਤ ਕਾਬਲ ਪਹੁੰਚ ਗਿਆ। ਗਦਰੀ ਊਧਮ ਸਿੰਘ ਕਸੇਲ ਜੇਲ੍ਹ 'ਚੋਂ ਦੌੜ ਕੇ ਪਹਿਲਾਂ ਹੀ ਕਾਬਲ ਗਏ ਹੋਏ ਸਨ। ਉਨ੍ਹਾ ਤੇਜਾ ਸਿੰਘ ਦਾ ਪੂਰਾ ਸਾਥ ਦਿੱਤਾ। ਤੇਜਾ ਸਿੰਘ ਅੰਗਰੇਜ਼ਾਂ ਦਾ ਵਿਰੋਧ ਕਰਨ ਵਾਲੇ ਅਫਗਾਨੀ ਕਮਾਂਡਰ ਨਾਦਰ ਖਾਂ, ਤੁਰਕੀ ਦੇ ਰਾਜਦੂਤ ਜਨਰਲ ਫਖਰੀ ਪਾਸ਼ਾ ਅਤੇ ਰੂਸੀ ਆਗੂਆਂ ਨੂੰ ਮਿਲਿਆ। ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਹਿੰਦੁਸਤਾਨ ਵਿੱਚ ਚੱਲ ਰਹੀਆਂ ਅੰਗਰੇਜ਼ ਵਿਰੋਧੀ ਲਹਿਰਾਂ ਨੂੰ ਇਨਕਲਾਬੀ ਲੀਹਾਂ 'ਤੇ ਲਿਆਉਣ ਦਾ ਕੰਮ ਕੀਤਾ।

ਅੰਗਰੇਜ਼ਾਂ ਦੀ ਸੂਹੀਆ ਏਜੰਸੀ ਨੇ ਤੇਜਾ ਸਿੰਘ ਨੂੰ ਗ੍ਰਿਫਤਾਰ ਕਰਾ ਦਿੱਤਾ। ਅੰਗਰੇਜ਼ੀ ਹਕੂਮਤ ਤੇਜਾ ਸਿੰਘ ਨੂੰ ਗ੍ਰਿਫਤਾਰ ਕਰਕੇ ਹੱਥਕੜੀ ਤੋਂ ਬਗੈਰ ਪਿਸ਼ਾਵਰ ਲਿਜਾ ਰਹੀ ਸੀ ਤਾਂ ਉਹ ਪੁਲਸ ਨੂੰ ਮੂਰਖ ਬਣਾ ਕੇ ਦੌੜ ਗਏ। ਤੇਜਾ ਸਿੰਘ ਕ੍ਰਾਂਤੀਕਾਰੀ ਹਰਦਿੱਤ ਸਿੰਘ ਦੀ ਸਹਾਇਤਾ ਨਾਲ ਅਟਕ ਦਰਿਆ ਪਾਰ ਕਰਕੇ ਅੰਮ੍ਰਿਤਸਰ ਆ ਗਿਆ। ਤੇਜਾ ਸਿੰਘ ਅੰਡਰਗਰਾਊਂਡ ਹਾਲਤ ਵਿੱਚ ਰਹਿੰਦੇ ਹੋਏ ਗਦਰੀ ਊਧਮ ਸਿੰਘ ਨਾਲ ਫਿਰ ਕਾਬਲ ਪਹੁੰਚ ਗਏ। ਗ਼ਦਰੀਆਂ ਦੀ ਯੋਜਨਾ ਅਨੁਸਾਰ ਭਾਈ ਸੰਤੋਖ ਸਿੰਘ ਨੇ ਮਾਰਕਸਵਾਦ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅੰਮ੍ਰਿਤਸਰ ਤੋਂ 'ਕਿਰਤੀ' ਅਖ਼ਬਾਰ ਕੱਢਣੀ ਸ਼ੁਰੂ ਕਰ ਦਿੱਤੀ ਸੀ।

ਊਧਮ ਸਿੰਘ ਦੀ ਜ਼ਿੰਮੇਵਾਰੀ ਪਈ ਕਿ ਉਹ ਹਿੰਦੁਸਤਾਨ ਦੇ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਬਣਾਉਣ, ਗਦਰੀ ਰਤਨ ਸਿੰਘ ਅਮਰੀਕਾ ਜਾ ਕੇ ਗਦਰ ਪਾਰਟੀ ਦੇ ਮੈਂਬਰਾਂ ਨੂੰ ਨਵੀਂ ਲਾਈਨ ਦੇਣ ਅਤੇ ਤੇਜਾ ਸਿੰਘ ਸੁਤੰਤਰ ਫੌਜੀ ਟ੍ਰੇਨਿੰਗ ਲੈਣ ਲਈ ਤੁਰਕੀ ਜਾਵੇ। ਤੇਜਾ ਸਿੰਘ ਟ੍ਰੇਨਿੰਗ ਲੈ ਕੇ ਤੁਰਕੀ ਫੌਜ ਦਾ ਲੈਫਟੀਨੈਂਟ ਬਣ ਗਿਆ। ਗਦਰ ਪਾਰਟੀ ਦੇ ਬਲਾਉਣ 'ਤੇ ਤੇਜਾ ਸਿੰਘ ਨੇ ਅਮਰੀਕਾ ਜਾ ਕੇ ਗ਼ਦਰੀਆਂ ਨੂੰ ਹਥਿਆਰਬੰਦ ਟ੍ਰੇਨਿੰਗ ਦਿੱਤੀ।

ਤੇਜਾ ਸਿੰਘ ਸੁਤੰਤਰ ਦੀ ਫੌਜੀ ਟ੍ਰੇਨਿੰਗ ਦੇ ਕੰਮ ਤੋਂ ਬਰਤਾਨਵੀ ਹਕੂਮਤ ਬੁਖਲਾਅ ਗਈ ਅਤੇ ਅਮਰੀਕਾ ਸਰਕਾਰ 'ਤੇ ਦਬਾਅ ਵਧ ਗਿਆ ਕਿ ਤੇਜਾ ਸਿੰਘ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਪ੍ਰਸਥਿਤੀ ਵਿੱਚ ਤੇਜਾ ਸਿੰਘ ਅਮਰੀਕਾ ਤੋਂ ਪਨਾਮਾ ਆ ਗਏ। ਪਨਾਮਾ ਵਿੱਚ ਉਨ੍ਹਾ ਦਾ ਗਦਰ ਪਾਰਟੀ ਦੇ ਵਰਕਰਾਂ ਅਮਰ ਸਿੰਘ ਸੰਧਵਾਂ, ਰਲਾ ਸਿੰਘ ਉਧੋਵਾਲ ਅਤੇ ਦੁੱਲਾ ਸਿੰਘ ਜਲਾਲਦੀਵਾਲ ਨਾਲ ਮੇਲ ਹੋਇਆ ਅਤੇ ਸਰਗਰਮੀ ਨਾਲ ਕੰਮ ਸ਼ੁਰੂ ਕਰ ਦਿੱਤਾ। ਤੇਜਾ ਸਿੰਘ ਨੇ ਪਨਾਮਾ ਦੇ ਗ਼ਦਰੀਆਂ ਨੂੰ ਸਮਝਾਇਆ ਕਿ ਹਿੰਦ ਦੀ ਆਜ਼ਾਦੀ ਦੀ ਜੰਗ ਪੈਸੇ ਤੋਂ ਬਗੈਰ ਨਹੀਂ ਲੜੀ ਜਾ ਸਕਦੀ। ਤੇਜਾ ਸਿੰਘ ਦੀ ਅਪੀਲ 'ਤੇ ਗ਼ਦਰੀਆਂ ਨੇ ਗਦਰ ਪਾਰਟੀ ਨੂੰ ਬਹੁਤ ਪੈਸਾ ਦਿੱਤਾ। ਉਹ ਪੈਸਾ ਸੁਤੰਤਰ ਨੇ 'ਕਿਰਤੀ' ਅਖ਼ਬਾਰ ਤੇ ਕਿਰਤੀ ਪਾਰਟੀ ਵਿੱਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਲਈ ਭੇਜਿਆ।

ਤੇਜਾ ਸਿੰਘ ਸੁਤੰਤਰ ਕਿਰਤੀ ਪਾਰਟੀ ਦੇ ਫੈਸਲੇ ਅਨੁਸਾਰ 1932 ਵਿੱਚ ਮਾਰਕਸਵਾਦ ਦਾ ਗਿਆਨ ਲੈਣ ਲਈ ਮਾਸਕੋ ਪਹੁੰਚ ਗਏ। ਸੋਵੀਅਤ ਯੂਨੀਅਨ ਵਿੱਚ ਮਾਰਕਸਵਾਦੀ ਗਿਆਨ ਦੇ ਨਾਲ ਫੌਜੀ ਟ੍ਰੇਨਿੰਗ ਵੀ ਦਿੱਤੀ ਜਾਂਦੀ ਸੀ। ਜਦੋਂ ਉਹ ਟ੍ਰੇਨਿੰਗ ਲੈ ਕੇ ਵਾਪਸ ਆ ਰਹੇ ਸਨ ਤਾਂ ਉਨ੍ਹਾ ਨੂੰ ਪੈਰਿਸ ਵਿਖੇ ਜਾਣਕਾਰੀ ਮਿਲੀ ਕਿ ਹਿੰਦੁਸਤਾਨ ਕਮਿਊਨਿਸਟ ਪਾਰਟੀ ਨੂੰ ਅੰਤਰਰਾਸ਼ਟਰੀ ਕਮਿਊਨਿਸਟ ਪਾਰਟੀ ਨੇ ਮਾਨਤਾ ਦੇ ਦਿੱਤੀ ਹੈ। ਸੁਤੰਤਰ 10 ਦਸੰਬਰ 1934 ਨੂੰ ਸੂਬਾ ਸਿੰਘ ਠੱਠੀਆਂ ਰਾਹੀਂ ਸੀ ਪੀ ਆਈ ਦੇ ਮੁੱਖ ਦਫਤਰ ਬੰਬਈ ਪਹੁੰਚ ਗਏ।

ਕਾਮਰੇਡ ਸੁਤੰਤਰ ਨੂੰ ਹਕੂਮਤ ਨੇ ਬੰਬਈ ਤੋਂ ਗ੍ਰਿਫਤਾਰ ਕਰ ਲਿਆ। ਉਨ੍ਹਾ ਦੇ ਨਾਲ ਇਕਬਾਲ ਸਿੰਘ ਹੁੰਦਲ, ਚਿੰਤਾ ਸਿੰਘ ਬੰਡਾਲਾ ਅਤੇ ਸੀ ਪੀ ਆਈ ਦੇ ਕੇਂਦਰ ਦੇ ਇੰਚਾਰਜ ਸੋਮਨਾਥ ਲਹਿਰੀ ਵੀ ਸਨ। ਤੇਜਾ ਸਿੰਘ ਨੂੰ ਬਿਨਾਂ ਮੁਕੱਦਮੇ ਤੋਂ ਹੀ ਕੈਥਲਪੁਰ ਜੇਲ੍ਹ ਵਿੱਚ 7 ਸਾਲ ਕੈਦ ਰੱਖਿਆ ਗਿਆ। ਤੇਜਾ ਸਿੰਘ ਦੀ ਦੇਸ਼ ਦੀ ਆਜ਼ਾਦੀ ਅਤੇ ਪੰਜਾਬ ਵਿੱਚ ਬੇਜ਼ਮੀਨਿਆਂ ਨੂੰ ਜ਼ਮੀਨਾਂ ਦਿਵਾਉਣ ਦੇ ਘੋਲ ਵਿੱਚ ਏਨੀ ਜ਼ਿਆਦਾ ਦੇਣ ਸੀ ਕਿ ਲੋਕਾਂ ਨੇ ਉਨ੍ਹਾ ਨੂੰ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਚੁਣ ਲਿਆ। ਦਿੱਲੀ ਪਾਰਲੀਮੈਂਟ ਦੇ ਅੰਦਰ ਉਨ੍ਹਾ ਦੀ 12-4-1973 ਨੂੰ ਸ਼ੂਗਰ ਦੀ ਬਿਮਾਰੀ ਨਾਲ ਮੌਤ ਹੋ ਗਈ।

**ਸੰਪਰਕ : 98760-78731**

# ਸਾਡੀ ਠਾਕੀ ਗਈ ਜ਼ੁਬਾਨ, ਜਦੋਂ ਤੂੰ ਰੰਗ ਬਦਲੇਂ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇਂ-61

**ਸੁਰਜੀਤ ਸੁਮਨ**

ਬੰਦਾ ਪਾਣੀ ਬਣ ਵਹਿ ਤੁਰਦਾ ਹੈ, ਜਦੋਂ ਕਿਸੇ ਦਾ ਕੋਈ ਆਪਣਾ, ਕੋਈ ਪਿਆਰਾ ਜਾਂ ਦੋਖੀ ਅੱਖ ਦੇ ਫੋਰ ਵਿੱਚ ਹੀ ਰੰਗ ਬਦਲ ਲਵੇ। ਉਹ ਵੀ ਗਿਰਗਿਟ ਵਾਂਗ। ਪਲਾਂ ਵਿੱਚ ਜ਼ੁਬਾਨ ਠਾਕੀ ਜਾਂਦੀ ਹੈ। ਅਜਿਹੇ ਸਮਿਆਂ ਵਿੱਚ ਦਿਆਨਤਦਾਰ ਤੇ ਸਮਰਪਿਤ ਬੰਦੇ ਦਾ ਸਮੁੱਚਾ ਆਪਾ ਧੁਰ ਅੰਦਰ ਤੱਕ ਤਿੜਕ ਕੇ ਰਹਿ ਜਾਂਦਾ ਹੈ। ਉਹ ਆਪਣੇ ਸੀਨੇ ਉੱਤੇ ਡੂੰਘੇ ਪੱਛ ਮਹਿਸੂਸ ਕਰਨ ਲਗਦਾ ਹੈ। ਪਰ ਅਫਸੋਸ ! ਆਪਣਿਆਂ ਜਾਂ ਦੋਖੀਆਂ ਵੱਲੋਂ ਲਗਾਏ ਇਨ੍ਹਾਂ ਪੱਛਾਂ ਦੀ ਚਸਕ ਓਹਦੇ ਆਪੇ ਨੂੰ, ਓਹਦੇ ਗਰੂਰ ਨੂੰ ਜਰਾਸੰਧ ਵਾਂਗ ਸਦਾ ਲਈ ਵਿਚਾਲਿਉਂ ਚੀਰ ਕੇ ਉਲਟੇ ਦਾਅ ਸੁੱਟ ਦਿੰਦੀ ਹੈ। ਇਸ ਲਈ ਓਹਦੇ ਆਪੇ ਦਾ ਮੁੜ ਜੁੜਨਾ ਅਸੰਭਵ ਹੋ ਜਾਂਦਾ ਹੈ। ਸ਼ਾਇਦ ਅਜਿਹੇ ਸਮਿਆਂ ਲਈ ਹੀ ਕਿਸੇ ਵਿਦਵਾਨ ਨੇ ਉਚਰਿਆ ਹੋਵੇ, 'ਚਿੜੀ ਵਿਚਾਰੀ ਕੀ ਕਰੇ/ ਠੰਢਾ ਪਾਣੀ ਪੀ ਮਰੇ?' ਅਜਿਹੇ ਸਮਿਆਂ ਵਿੱਚ ਹੀ ਤਾਂ 'ਚਿੜੀਆਂ ਦਾ ਮਰਨ, ਗਵਾਰਾਂ ਦਾ ਹਾਸਾ ਹੋ ਨਿਬੜਦਾ ਹੈ।' ਆਮ ਬੰਦਾ ਜਾਵੇ ਤਾਂ ਕਿੱਧਰ ਜਾਵੇ? ਚਲੋ, ਉਹ ਚਿੜੀਆਂ ਵਾਂਗ ਚੀਕ-ਚਿਹਾੜਾ ਤਾਂ ਪਾ ਈ ਸਕਦਾ ਹੈ, ਜਿਵੇਂ ਅਮਰੀਕਨ ਬਾਸ਼ਿੰਦਿਆਂ ਪਾਇਆ ਹੈ ਜਾਂ ਹੋਰ ਕਿਸੇ ਇਸ ਵਿਰੋਧ ਵਿੱਚ ਇੱਕ ਵੀ ਚੀਕ ਮਾਰੀ ਹੈ। ਇਨ੍ਹੀਂ-ਦਿਨੀਂ ਵਿਸ਼ਵ ਸ਼ਾਂਤੀ ਪਸੰਦ ਲੋਕਾਂ ਨੂੰ ਹਿਲਾ ਕੇ ਰੱਖ ਦੇਣ ਵਾਲ਼ੇ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਦਲਦੇ ਗਿਰਗਿਟੀ ਰੰਗਾਂ ਦਾ ਅਜੀਬ ਪ੍ਰਦਰਸ਼ਨ ਹੋ ਰਿਹਾ ਹੈ। ਉਹ ਸਾਉਣ ਦੇ ਬੱਦਲ਼ ਵਾਂਗ ਕਦੇ ਵਰ੍ਹ ਪੈਂਦਾ ਹੈ ਤੇ ਕਦੀ ਕੰਨੀਂ ਦਾ ਕਿਆਰਾ ਵੀ ਸੁੱਕਾ ਹੀ ਛੱਡ ਜਾਂਦਾਹੈ। ਇਹ ਸਭ ਕੁਝ ਅਸੀਂ ਸਾਰੇ ਆਪਣੀਂ ਅੱਖੀਂ ਤੱਕ ਰਹੇ ਹਾਂ। ਭਵਿੱਖ ਵਿੱਚ ਇਹ ਸਾਡੇ ਸਮਿਆਂ ਦੀ ਹੋਣੀ/ ਅਣਹੋਣੀ ਦਾ ਸਿਖਰ ਮੰਨਿਆ ਜਾਵੇਗਾ। ਉਸ ਦੇ ਸਵੇਰੇ ਸਵੇਰੇ ਦਿੱਤੇ ਕੁਰੱਖਤ ਬਿਆਨ ਨੇ ਸ਼ਾਮ ਹੁੰਦਿਆਂ ਇਰਾਨ-ਅਮਰੀਕਾ ਵਿਚਾਲ਼ੇ ਦੋ ਹਫ਼ਤਿਆਂ ਦੀ ਜੰਗਬੰਦੀ ਤੱਕ ਪਹੁੰਚੇ ਗਿਰਗਿਟੀ ਰੰਗ ਨੇ ਸਮੁੱਚੇ ਵਿਸ਼ਵ ਦੇ ਮੁੱਖੜੇ ਦੇ ਪਰਤੇ ਜਲਾਓ ਨੂੰ ਕੁਝ ਪਲਾਂ ਲਈ ਹੀ ਸਹੀ, ਮਾਨਿਆ ਜ਼ਰੂਰ। ਪਰ ਤਦੇ ਹੀ ਥੋੜ੍ਹਚਿਰੀ ਜੰਗਬੰਦੀ ਨਾਲ਼ ਬੱਝੀ ਇਸ ਆਸ ਨਾਲ਼ ਗਲੋਬਲ ਵਿਸ਼ਵ ਬਾਜ਼ਾਰਾਂ ਵਿੱਚ ਆਈ ਤੇਜ਼ੀ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਨੇ ਘਰੇਲੂ ਬਾਜ਼ਾਰ ਦੇ ਕੌਲ ਫੁੱਲ ਨੂੰ ਮੁੜ ਖਿੜਾਓ ਬਖ਼ਸ਼ਿਆ। ਇਸ ਨਾਲ਼ ਆਮ ਬੰਦੇ ਨੇ ਕੁਝ ਪਲਾਂ ਲਈ ਹੀ ਸਹੀ, ਸੁੱਖ ਦਾ ਸਾਹ ਤਾਂ ਜ਼ਰੂਰ ਲਿਆ ਹੈ। ਉਸ ਨੂੰ ਆਪਣੀ ਰਸੋਈ ਵਿੱਚ ਪਿਆ ਸਿਲੰਡਰ ਭਰਿਆ ਭਰਿਆ ਮਹਿਸੂਸ ਹੋਣ ਲੱਗਿਆ ਹੈ।

ਉਪਰੋਥਲ਼ੀ ਹੋ ਵਾਪਰ ਰਹੀਆਂ ਇਨ੍ਹਾਂ ਸ਼ੂਕਦੀਆਂ ਘਟਨਾਵਾਂ ਨੂੰ ਤੱਕ ਮੇਰੀ ਮਾਂ ਨੇ ਅਚਾਨਕ ਕਹਿਣਾ ਸੀ, 'ਹਾਇਓ ਵੇ ਮੇਰਿਆ ਰੱਬਾ ! ਹਾਲੇ ਤਾਂ ਲੜਾਈ ਬੰਦ ਹੋਣ ਦੇ ਇਨ੍ਹਾਂ ਲਫ਼ਜ਼ਾਂ ਦੀਆਂ ਫੁੱਲ-ਪੱਤੀਆਂ ਵਿੱਚੋਂ ਸੱਜਰੀ ਤਰੇਲ਼ ਦੇ ਕਿਰਦੇ ਤੁਪਕੇ ਸੁੱਕੇ ਵੀ ਨਹੀਂ। ਅਗਲੇ ਹੀ ਪਲ ਇਜ਼ਰਾਈਲ ਦੀ ਲਿਬਨਾਨ ਉੱਤੇ ਭਾਰੀ ਬੰਬਾਰੀ ਨੇ ਦੋ ਸੌ ਤੋਂ ਵੱਧ ਜਾਨਾਂ ਨਿਗਲ਼ ਲਈਆਂ। ਥੋਡਾ ਕੱਖ ਨਾ ਰਹੇ ਵੇ ਪਾਪੀਓ।' ਇਜ਼ਰਾਈਲ ਦੇ ਇਸ ਕਾਰੇ ਨੂੰ ਵੇਖ ਇੱਕ ਪਲ ਲਈ ਤਾਂ ਜੰਗਬੰਦੀ ਦੇ ਇਨ੍ਹਾਂ ਹੁਕਮਾਂ ਦਾ ਪੱਤਰ ਕਾਤਰ-ਕਾਤਰ ਹੋ ਗਿਆ। ਇਹ ਕਾਤਰਾਂ, ਕਿਰਚਾਂ ਬਣ ਬਣ ਆਮ ਬੰਦੇ ਦੇ ਸੀਨਿਆਂ ਵਿੱਚ ਖੁਭਣ ਲੱਗੀਆਂ, ਜਿਨ੍ਹਾਂ ਨਾਲ਼ ਫਿਰ ਧਰਤੀ ਦੀ ਹਿੱਕ ਬੇਦੋਸ਼ਿਆਂ ਦੇ ਖ਼ੂਨ ਨਾਲ਼ ਰੰਗੀ ਜਾਣ ਲੱਗੀ ਹੈ। ਇਸ ਜੰਗ ਦੇ ਖੌਫ ਦੌਰਾਨ ਮੇਰੇ ਬਚਪਨ ਦੀ ਇੱਕ ਕਾਤਰ ਖੜੱਪੇ ਵਾਂਗ ਮੇਰੀ ਯਾਦ ਦੀ ਤਖ਼ਤੀ 'ਤੇ ਆ ਬੈਠੀ ਹੈ।

ਮੈਂ ਉਦੋਂ ਬਹੁਤ ਛੋਟਾ ਸਾਂ। ਇਸੇ ਲਈ ਇਹ ਆਪ ਬੀਤੀ ਘਸਮੈਲ਼ੀ ਜਿਹੀ ਹੋਈ ਪਈ ਹੈ, ਪਰ ਮਨ ਦੇ ਅੰਬਰ 'ਚੋਂ ਗਾਇਬ ਨਹੀਂ ਹੋਈ। ਪਤਾ ਨਹੀਂ ਕਿਵੇਂ ਅੱਜ ਉਂਝ ਦੀ ਉਂਝ ਸਾਕਾਰ ਹੋ ਉੱਠੀ। ਮੇਰੀ ਮਾਂ ਤੇ ਸਾਡੇ ਲਈ ਤਾਂ ਇਹ ਘਟਨਾ ਵੀ ਕਿਸੇ ਵਿਸ਼ਵ ਜੰਗ ਨਾਲ਼ੋਂ ਘੱਟ ਨਹੀਂ ਸੀ। ਹੋਣੀ ਨੇ ਮਾਂ ਦੇ ਨਾਂ ਨਾਲ਼ ਜ਼ਬਰੀਂ ਵਿਧਵਾ ਸ਼ਬਦ ਜੋੜ ਦਿੱਤਾ ਤਾਂ ਉਹ ਵਿਲਕ ਉੱਠੀ। ਇੱਕ ਵਾਰ ਤਾਂ ਓਹਦੇ ਔਸਾਣ ਜਿਹੇ ਮਾਰੇ ਗਏ। ਅਜਿਹੇ ਸਮੇਂ ਵਿੱਚ ਬੇਸ਼ੱਕ ਉਸ ਧੀਰਜ ਤੋਂ ਅਥਾਹ ਕੰਮ ਲਿਆ। ਵੱਡਾ ਮਾਮਾ ਤੇ ਮਾਸੀ ਮੇਰੀ ਮਾਂ ਨਾਲ਼ ਆ ਖੜ੍ਹੇ ਹੋਏ। ਉਹ ਹੌਸਲੇ ਵਿੱਚ ਹੋਈ ਤੇ ਕਿਰਤ ਦਾ ਪੱਲਾ ਘੁੱਟ ਕੇ ਫੜ ਲਿਆ। ਓਹਦੇ ਕੋਲ਼ ਸਿਰ ਢਕਣ ਲਈ ਇੱਕੋ ਇੱਕ ਕੱਚਾ ਘਰ ਹੀ ਸੀ। ਸੋ ਹੁਣ ਉਹ ਵੀ ਸ਼ਰੀਕਾਂ ਨੂੰ ਚੁਭਣ ਲੱਗਾ। ਜਿਵੇਂ ਇਰਾਨੀ ਤੇਲ ਦੇ ਜ਼ਖੀਰੇ ਬਹੁਤਿਆਂ ਨੂੰ ਚੁਭਦੇ ਹਨ। ਇਸ ਤਰ੍ਹਾਂ ਸ਼ਰੀਕ ਗਾਹੇ-ਬਗਾਹੇ ਮਾਂ ਨੂੰ ਜਿੱਚ ਕਰਦੇ। ਇਲਜ਼ਾਮ ਲਾਉਂਦੇ। ਉਨ੍ਹਾਂ ਦਾ ਇੱਕੋ ਇੱਕ ਮਕਸਦ ਸਾਡੇ ਇਸ ਘਰ ਨੂੰ ਹੜੱਪਣਾ ਸੀ। ਸਰਦੇ-ਪੁੱਜਦੇ ਚਾਚਾ-ਚਾਚੀ ਦਾ ਪੱਕਾ ਮਕਾਨ ਹੋਰ ਫੈਲ ਜਾਣ ਦੀ ਲਲਕ ਪਾਲ਼ਣ ਲੱਗ ਪਿਆ ਸੀ। ਚਾਚੇ ਨਾਲ਼ੋਂ ਵੱਧ ਚਤੁਰ ਚਾਚੀ ਨਿੱਤ ਨਵੀਆਂ ਗੋਂਦਾਂ ਗੁੰਦਦੀ। ਨੂਰੀ ਇਲਮ ਨਾਲ਼ੋਂ ਕਾਲ਼ਾ ਇਲਮ ਉਹਨੂੰ ਵੱਧ ਸੁਖਾਉਂਦਾ। ਉਹ ਕਾਲ਼ਖ ਦੀ ਸਿਆਹੀ ਵਿੱਚ ਆਪਣੀ ਜ਼ੁਬਾਨ ਡੁਬੋ ਪਿੰਡ ਦੇ ਹਮਖਿਆਲਾਂ ਕੋਲ਼ ਬੈਠ, ਅੱਜ ਦੇ ਸਿਆਸਤਦਾਨਾਂ ਵਾਂਗ, ਮਾਂ ਦੀ ਨਿੱਤ ਬਦਖੋਈ ਕਰਦੀ। ਕਿਰਦਾਰਕੁਸ਼ੀ ਕਰਦੇ ਸਲੋਗਲ ਪ੍ਰਚਾਰਨ ਲਗਦੀ ਸਾਹ ਨਾ ਲੈਂਦੀ। ਮਾਂ ਦੀ ਜਾਨ ਕੁੜਿੱਕੀ ਵਿੱਚ ਆਈ ਤਾਂ ਉਹ ਅੰਦਰ ਤੱਕ ਵਿੰਨ੍ਹੀ ਗਈ। ਤੜਫ ਉੱਠੀ। ਪਰ ਕੀ ਕਰਦੀ? ਮਾਂ ਮੇਰੀ ਨੇ ਚੁੱਪ ਵੱਟ ਲਈ। ਫਿਰ ਵੀ ਅਜਿਹੇ ਜਲ਼ਦੇ-ਬਲ਼ਦੇ ਸਮੇਂ ਵਿੱਚ ਸਬਰ-ਸਬੂਰੀ ਉਹਨੂੰ ਆਪਣਾ ਮੀਰੀ ਗੁਣ ਲਗਦਾ। ਕਿਸੇ ਅਦਿੱਖ ਰੱਬੀ ਸ਼ਕਤੀ ਨੂੰ ਧਿਆਉਂਦੀ ਉਹ ਆਪਣੇ ਅੰਦਰੋਂ ਹੀ ਤਾਕਤ ਗ੍ਰਹਿਣ ਕਰਦੀ ਅਗਾਂਹ ਵਧਦੀ ਰਹੀ। ਫਿਰ ਵੀ ਇਸ ਠੰਢੀ ਜੰਗ ਵਿੱਚ ਚਾਚਾ-ਚਾਚੀ ਨੇ ਆਪਣੇ ਹੋਰ ਵੀ ਕਈ ਭਾਈਵਾਲ ਪੈਦਾ ਕਰ ਲਏ ਸਨ। ਜਦੋਂ ਉਨ੍ਹਾਂ ਸਾਰਿਆਂ ਦਾ ਕੋਈ ਬਹੁਤਾ ਜ਼ੋਰ ਨਾ ਚੱਲਿਆ ਤਾਂ ਉਨ੍ਹਾਂ ਸਾਡੇ ਘਰ ਨੂੰ ਲਗਦਾ ਰਾਹ ਬੰਦ ਕਰਨ ਦੀ ਅੱਲੋਕਾਰੀ ਕਾਢ ਕੱਢੀ ਤੇ ਕੰਧ ਕੱਢ ਲਈ। ਸਾਡੀ ਜ਼ਿੰਦਗੀ ਦੇ ਜਹਾਜ਼ ਇੱਕ ਵਾਰ ਤਾਂ ਹਰਮੁਜ਼ ਜਲ ਮਾਰਗ ਵਿੱਚ ਘਿਰੇ ਜਹਾਜ਼ਾਂ ਵਾਂਗ ਠੱਲ੍ਹੇ ਗਏ।

ਪਾਣੀ ਸਿਰੋਂ ਲੰਘਦਾ ਦੇਖ ਮਾਂ ਨੇ ਵਿਰੋਧ ਕੀਤਾ, ਪੰਚਾਇਤ ਬੁਲਾਈ। ਪਰ ਹਰੇਕ ਆਪਣੀ ਆਪਣੀ ਬੋਲੀ ਬੋਲਦਾ। ਕੁਝ ਮਾਂ ਦੀ ਹਮਾਇਤ ਕਰਦੇ ਤੇ ਕੁਝ ਦੂਜੀ ਧਿਰ ਦੀ। ਦੋਵਾਂ ਧਿਰਾਂ ਦੇ ਬੋਲ ਉੱਚੀ ਹੁੰਦੇ ਜਾਂਦੇ। ਉਨ੍ਹਾਂ ਵੱਲੋਂ ਜ਼ਬਰੀ ਬਣਾਈ ਕੱਚੀ ਕੰਧ ਕੋਲ਼ ਮੇਰਾ ਛੋਟਾ ਭਰਾ ਖੜ੍ਹਾ ਸੀ। ਉਸ ਦੀ ਉਮਰ ਉਦੋਂ ਮਸਾਂ ਕੋਈ ਤਿੰਨ ਕੁ ਸਾਲ ਦੀ ਹੋਵੇਗੀ। ਮੇਰੀ ਚਾਚੀ ਹੱਲਾ ਬੋਲ ਬੋਲ ਆਉਂਦੀ। ਇਕੱਠੀ ਹੋਈ ਪੰਚਾਇਤ ਨੇ ਚਾਚਾ-ਚਾਹੀ ਨੂੰ ਉਸਾਰੀ ਗਈ ਨਾਜਾਇਜ਼ ਕੰਧ ਹਟਾਉਣ ਨੂੰ ਕਿਹਾ ਤਾਂ ਉਹ ਅੱਗ-ਬਬੂਲਾ ਹੋ ਉੱਠੇ। ਇਸੇ ਧੂਅ-ਘੜੀਸ ਵਿੱਚ ਕੱਚੀ ਕੰਧ ਨੂੰ ਵੱਜੇ ਜ਼ੋਰਦਾਰ ਧੱਕੇ ਨਾਲ਼ ਡਿੱਗੀ ਕੰਧ ਹੇਠ ਮੇਰਾ ਛੋਟਾ ਭਰਾ ਦੱਬਿਆ ਗਿਆ। ਹਾਹਾਕਾਰ ਮੱਚ ਗਈ। ਜਿਵੇਂ-ਕਿਵੇਂ ਛੋਟੇ ਨੂੰ ਬਾਹਰ ਕੱਢਿਆ ਗਿਆ, ਪਰ ਉਸ ਦੀ ਸੱਜੀ ਲੱਤ ਟੁੱਟ ਗਈ, ਜੋ ਉਮਰ ਭਰ ਤਾਬ ਨਾ ਆਈ। ਚਾਚਾ-ਚਾਚੀ ਨੇ ਆਪਣੀ ਉਮਰ ਦੇ ਅੰਤਲੇ ਸਮੇਂ ਵਿੱਚ ਬਹੁਤ ਦੁੱਖ ਭੋਗੇ। ਮੇਰੀ ਸੁਤਾਅ ਸੰਸਾਰ ਜੰਗਾਂ ਵੱਲ ਗਈ। ਸੀਨੇ ਵਿੱਚ ਪੀੜ ਉੱਠੀ। ਮੈਂ ਇਸ ਆਪ ਬੀਤੀ ਤੇ ਜੱਗ ਬੀਤੀ ਦੇ ਦੀ ਅਸਹਿ ਪੀੜ ਵਿੱਚੋਂ ਨਿਕਲ਼ਣਾ ਚਾਹੁੰਦਾ ਸਾਂ। ਮੇਰੇ ਗੀਤ ਦਾ ਅੰਤਰਾ ਬੁੱਲ੍ਹਾਂ ਤੇ ਆ ਬਹਿੰਦਾ ਹੈ, 'ਬਾਗਾਂ ਵਿੱਚ ਬਹਾਰਾਂ ਆਈਆਂ, ਚੁੱਪ ਕਰਕੇ/ ਚੰਨ-ਚਾਨਣੀਆਂ ਟਿਭੀਆਂ ਨ੍ਹੇਰਾ-ਘੁੱਪ ਕਰਕੇ/ ਕੋਇਲਾਂ ਕੋਈ ਗੀਤ ਨਾ ਗਾਣ/ ਜਦੋਂ ਤੂੰ ਰੰਗ ਬਦਲੇਂ/ ਸਾਡੀ ਠਾਕੀ ਗਈ ਜ਼ੁਬਾਨ/ ਜਦੋਂ ਤੂੰ ਰੰਗ ਬਦਲੇਂ/ ਵੈਰੀਆ ! ਜਦੋਂ ਤੂੰ ਰੰਗ ਬਦਲੇਂ।'

ਅਚਾਨਕ ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਖੜਕ ਪਈ। 'ਛੋਟੇ ਭਾਈ ਦੇਖ ਲਾ ਰੱਬ ਦੇ ਰੰਗ ਇਹ ਵੀ ਆਪਣੇ ਰੰਗ ਬਦਲਦਾ ਰਹਿੰਦੈ। ਮੀਂਹ ਨੇ ਤਰਾਹ ਕੱਢ ਛੱਡਿਆ ਭਰਾਵਾ। ਹੁਣ ਤੱਕ ਤਾਂ ਕਣਕਾਂ ਵੱਢੀਆਂ ਜਾਣੀਆਂ ਸਨ। ਤਿਆਰ-ਬਰ-ਤਿਆਰ ਖੜ੍ਹੀਆਂ ਕੰਬਾਈਨਾਂ ਨੂੰ ਮੀਂਹ ਨੇ ਖਿੱਚ ਕੇ ਬਰੇਕਾਂ ਲਗਾ ਦਿੱਤੀਆਂ। ਡਾਕਰ ਜ਼ਮੀਨਾਂ ਵਿੱਚ ਪਾਣੀ ਖੜ੍ਹ ਗਿਆ। ਬਹੁਤੀ ਥਾਈਂ ਨ੍ਹੇਰੀ ਨੇ ਕਣਕਾਂ ਧਰਤੀ ਦੀ ਹਿੱਕ ਉੱਤੇ ਵਿਛਾ ਛੱਡੀਆਂ। ਕਈਆਂ ਥਾਵਾਂ 'ਤੇ ਗੜ੍ਹਿਆਂ ਨੇ ਫਸਲਾਂ ਝੰਬ ਦਿੱਤੀਆਂ ਭਰਾਵਾ। ਕੀਹਦੇ ਕੋਲ਼ ਦੁੱਖ ਰੋਈਏ? ਮਹਿੰਗਾਈ ਨੇ ਪਹਿਲਾਂ ਈ ਲੱਕ ਤੋੜਿਆ ਪਿਆ। ਜੰਗ ਨੇ ਉਂਝ ਜਾਨ ਸੂਲ਼ੀ 'ਤੇ ਟੰਗੀ ਪਈ ਆ। ਤੂੰ ਉਹ ਖ਼ਬਰ ਪੜ੍ਹੀ ਜਿਹਦੇ ਵਿੱਚ ਇਰਾਨੀ ਆਗੂ ਦੇ ਨੁਮਾਇੰਦੇ ਡਾ. ਮੁਹੰਮਦ ਹੁਸੈਨ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ? ਬਈ ਕਮਾਲ ਐ ! ਕਹਿੰਦੇ ਉਹ ਇਰਾਨੀ ਸੁਪਰੀਮ ਆਗੂ ਦੇ ਸ਼ਰਧਾਂਜਲੀ ਸਮਾਗਮ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੱਦਾ ਦੇਣ ਆਏ ਸਨ। ਇਹ ਆ ਬਾਬਾ ਨਾਨਕ ਦੀਆਂ ਉਦਾਸੀਆਂ ਦਾ ਕੌਤਕ ਤੇ ਜਲਵਾ।' ਏਧਰ ਮੇਰਾ ਮਨ-ਚਿੱਤ ਬਾਣੀ ਮੁਗਧ ਹੋ ਜਾਂਦਾ ਹੈ। ਬੋਲ ਉੱਭਰੇ ਹਨ, 'ਮਰਦਾਨਿਆਂ ਰਬਾਬ ਵਜਾ ਬਾਣੀ ਆਈ ਆ, ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸ ਨ ਹੋਈ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥'

**ਸੰਪਰਕ : 98144-30874**

# ਉਮੇਸ਼ ਜੀ, ਕਹਾਂ ਗਏ ?

ਦੁਖਦਾ ਪੰਨਾ-2

**ਨਿੰਦਰ ਘੁਗਿਆਣਵੀ**

ਅਚਾਨਕ ਇਕ ਤਸਵੀਰ ਵਟਸ ਐਪ ਫੋਲਦਿਆਂ ਅੱਖਾਂ ਮੂਹਰੇ ਆ ਖੜ੍ਹੀ, ਵਰਧਾ ਯੂਨੀਵਰਸਿਟੀ ਵਿਚ ਬਿਤਾਏ ਵੇਲੇ ਦੀ ਤਸਵੀਰ ਮੇਰੇ ਦਫਤਰ ਕਮਰੇ ਦੀ। ਫੁੱਲ ਦੇ ਰਹੇ ਨੇ ਫੁੱਲਾਂ ਵਰਗੇ ਵਿਦਵਾਨ ਡਾ. ਉਮੇਸ਼ ਕੁਮਾਰ ਸਿੰਘ ਜੀ। ਡਾ. ਉਮੇਸ਼ ਕੁਮਾਰ ਸਿੰਘ ਹਿੰਦੀ ਦੇ ਨਾਮਵਰ ਆਲੋਚਕ ਤੇ ਲੇਖਕ ਸਨ। ਆਪ ਦੀ ਲਿਖੀ ਹਿੰਦੀ ਕਹਾਣੀ 'ਚੰਪਾ' ਬੜੀ ਮਕਬੂਲ ਹੋਈ। ਆਪ ਵੱਧ ਪੜ੍ਹਨ ਵਾਲੇ ਤੇ ਘੱਟ ਲਿਖਣ ਵਾਲੇ ਲਿਖਾਰੀ ਸਨ। ਜਦ ਮੰਚ ਉੱਤੋਂ ਵਿਖਿਆਨ ਕਰਦੇ ਤਾਂ ਕੀ ਮਜਾਲ ਕੋਈ ਸਾਹ ਲੈਂਦਾ ਵੀ ਸੁਣ ਜਾਏ।

ਡਾ. ਉਮੇਸ਼ ਦੀ ਹਿੰਦੀ ਅਧਿਆਪਕ ਵਜੋਂ ਪਹਿਲੀ ਨਿਯੁਕਤੀ ਉਮਾਨ ਵਿਚ ਹੋਈ, ਪਿੰਡੋਂ ਦੂਰ ਸਨ, ਦਿਲ ਨਾ ਲੱਗਿਆ, ਛੱਡ ਆਏ। ਫਿਰ ਮੌਰਸ਼ਿਸ਼ ਦੇ ਵਿਦੇਸ਼ ਵਿਭਾਗ ਵਿਚ ਪੜ੍ਹਾਉਂਦੇ ਰਹੇ ਤੇ ਕੇਰਲਾ ਦੀ ਸੈਂਟਰਲ ਯੂਨੀਵਰਸਿਟੀ ਵਿਚ ਵੀ ਤੇ ਗਰੀਸ ਵਿਚ ਵੀ ਰਹੇ। ਗੋਆ ਦੇ ਨੈਸ਼ਨਲ ਇੰਸਟੀਚਿਊਟ ਸਾਇੰਸ ਵਿਚ ਵੀ ਰਹੇ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚੋਂ ਗੁਰੂ ਨਾਨਕ ਬਾਣੀ ਉਤੇ ਪੀ ਐੱਚ ਡੀ ਕੀਤੀ। ਪਿੰਡ ਆਪ ਦਾ ਅਲੀਗੜ੍ਹ ਨੇੜੇ ਨਗੌਲਾ ਹੈ। ਪਿੰਡ ਦੇ ਪ੍ਰਾਇਮਰੀ ਸਕੂਲੇ ਪੜ੍ਹਨ ਵਾਲਾ ਦਲਿਤ ਭਾਈਚਾਰੇ ਦਾ ਮੁੰਡਾ ਉਮੇਸ਼ ਇਕ ਦਿਨ ਆਲੋਚਕ ਤੇ ਕਹਾਣੀਕਾਰ ਬਣੇਗਾ, ਦੇਸ਼ ਦੇਸ਼ਾਂਤਰ ਜਾਏਗਾ, ਕਦੇ ਪਰਵਾਰ ਨੇ ਸੋਚਿਆ ਨਾ ਸੀ। ਘਰ ਵਿੱਚ ਗੋਡੇ-ਗੋਡੇ ਗਰੀਬੀ ਪੱਸਰੀ ਹੋਈ ਸੀ। ਉਮੇਸ਼ ਦੀ ਮਾਂ— ਤੇ ਪਿਤਾ— ਉਸ ਨੂੰ ਇਕ ਸਫਲ ਵਿਅਕਤੀ ਦੇ ਰੂਪ ਵਿੱਚ ਦੇਖਣ ਦੇ ਚਾਹਵਾਨ ਸਨ।

ਲੇਖਕ ਬਣ ਕੇ ਡਾ. ਉਮੇਸ਼ ਕੁਮਾਰ ਸਿੰਘ ਨੇ ਕਹਾਣੀਆਂ ਦੇ ਨਾਲ-ਨਾਲ ਸਫ਼ਰਨਾਮਾ ਵੀ ਲਿਖਿਆ। ਬੜੇ ਵਿਦਵਾਨ ਵਿਅਕਤੀ ਸਨ। ਸਵੈ ਜੀਵਨੀ ਦਾ ਨਾਂਅ ਹੈ-'ਦੁਖ ਸੁਖ ਕੇ ਸਫਰ ਮੇਂ।' ਆਪਣੇ ਹੱਥੀਂ ਦਸਖਤ ਕਰਕੇ ਕਿਤਾਬ ਭੇਟ ਕੀਤੀ ਤੇ ਆਖਿਆ, 'ਸਰ, ਇਸਕੋ ਪੰਜਾਬੀ ਮੇਂ ਜਰੂਰ ਕਰ ਦੇਨਾ, ਯੇ ਬੜੀ ਕਿਰਪਾ ਹੋਗੀ।' ਮੈਂ ਵਾਇਦਾ ਤਾਂ ਕਰ ਲਿਆ ਪਰ ਪੂਰ ਨਾ ਚੜ੍ਹਿਆ। ਇਸ ਦਾ ਮੈਨੂੰ ਦਿਲੋਂ ਅਫਸੋਸ ਹੈ।

ਇਨ੍ਹਾਂ ਦਾ ਕਮਰਾ ਮੇਰੇ ਕਮਰੇ ਦੇ ਨਾਲ ਕਰਕੇ ਸੀ। ਰੋਜ਼ ਵਾਂਗ ਇਕੱਠੇ ਹੀ ਰਹਿਣਾ। ਦੋ ਵਾਰ ਦੀ ਚਾਹ ਤੇ ਲੰਚ ਵੀ ਇਕੱਠੇ ਹੀ ਕਰਨਾ। ਯੂਨੀਵਰਸਿਟੀ ਰਹਿੰਦਿਆਂ ਮੈਂ ਹੌਲੀ-ਹੌਲੀ ਇਨ੍ਹਾਂ ਨਾਲ ਖੁੱਲ੍ਹਦਾ ਗਿਆ ਤੇ ਕਾਫੀ ਖੁੱਲ੍ਹ ਗਿਆ। ਹਿੰਦੀ ਵੀ ਫਰਾਟੇਦਾਰ ਬੋਲਣ ਲੱਗ ਪਿਆ। ਕਦੇ-ਕਦੇ ਆਪਣੇ ਘਰ ਵੀ ਲੈ ਜਾਂਦੇ ਤੇ ਉਸ ਦਿਨ ਰਾਤ ਦੀ ਰੋਟੀ ਮੁਰਗੇ ਨਾਲ ਖੁਵਾਉਂਦੇ। ਮੈਂ ਇਨ੍ਹਾਂ ਨਾਲ ਹਾਸਾ-ਮਖੌਲ ਕਰਨ ਲੱਗ ਜਾਂਦਾ, ਪੰਜਾਬੋਂ ਦੂਰ ਸਾਂ, ਇਹੋ ਲੋਕ ਹੀ ਉਥੇ ਮੇਰੇ ਮਿੱਤਰ ਬੇਲੀ ਤੇ ਮੇਰਾ ਪਰਵਾਰ ਸਨ, ਦਿਲ ਤਾਂ ਲਾਉਣਾ ਹੀ ਪੈਣਾ ਸੀ। ਇਕ ਤਰ੍ਹਾਂ ਇਨ੍ਹਾਂ ਦੇ ਪਰਵਾਰਕ ਮੈਂਬਰ ਵਜੋਂ ਵਿਚਰਣ ਲੱਗ ਪਿਆ ਸਾਂ।

ਡਾ. ਉਮੇਸ਼ ਬੜੇ ਡਰੂ ਜਿਹੇ ਵਿਅਕਤੀ ਸਨ। ਉਨ੍ਹਾਂ ਨੂੰ ਹਰ ਸਮੇਂ ਸ਼ੱਕ ਰਹਿੰਦਾ ਸੀ ਕਿ ਯੂਨੀਵਰਸਿਟੀ ਅੰਦਰ ਉਨ੍ਹਾਂ ਖਿਲਾਫ ਸਾਜ਼ਿਸ਼ ਹੋ ਰਹੀ ਹੈ। ਇਹ ਸੋਚ-ਸੋਚ ਉਹ ਉਦਾਸ ਹੋਈ ਜਾਂਦੇ ਤੇ ਲੰਬੇ-ਲੰਬੇ ਹਉਕੇ ਲੈਂਦੇ ਰਹਿੰਦੇ। ਉਹ ਸੰਜੀਦਾ ਸਿਰੇ ਦੇ ਸਨ ਤੇ ਸਾਊ ਵੀ ਲੋੜੋਂ ਵਧੇਰੇ ਸਨ। ਲਕਵਾ ਵੀ ਕਰਵਾ ਬੈਠੇ ਸਨ ਤੇ ਬਾਈਪਾਸ ਸਰਜਰੀ ਵੀ, ਪਰ ਫਿਰ ਨੌਂ ਬਰ ਨੌਂ ਦਿਸਦੇ। ਉਨ੍ਹਾਂ ਸਵੇਰੇ ਪੂਰੇ ਸਮੇਂ ਉੱਤੇ ਦਫਤਰ ਆਉਣਾ, ਆਪਣੇ ਕਮਰੇ ਵਿਚ ਬੈਗ ਤੇ ਕਿਤਾਬਾਂ ਧਰ ਕੇ ਮੇਰੇ ਸਾਹਮਣੇ ਸੁਸ਼ੋਭਿਤ ਹੋ ਜਾਂਦੇ। ਚਿਹਰੇ ਉਤੇ ਸਹਿਮ ਜਿਹਾ ਲਿਆ ਕੇ ਆਪਣੇ ਬੁੱਲ੍ਹਾਂ 'ਤੇ ਉਂਗਲ ਧਰ ਕੇ, ਕੰਨ ਕੋਲ ਮੂੰਹ ਕਰਕੇ ਆਖਣਾ, 'ਅਰੇ ਭਾਈ, ਕੁਛ ਸੁਨਾ ਹੈ ਕਿਆ? ਬਤਾ ਦੇਤਾ ਹੂੰ, ਪਰ ਆਗੇ ਮਤ ਬਤਾਨਾ—।' ਫਿਰ ਉਹ ਹੋਈ ਉਸ ਅਲੋਕਾਰੀ ਘਟਨਾ ਬਾਰੇ ਬੜੀ ਧੀਮੀ ਆਵਾਜ਼ ਵਿਚ ਦੱਸਣ ਲਗਦੇ, 'ਯੇ ਘਟਨਾ ਹੋ ਗਈ ਹੈ ਯੂਨੀਵਰਸਿਟੀ ਮੇਂ—।' ਮੈਂ ਹੈਰਾਨ ਹੋ ਕੇ ਪੁੱਛਣਾ ਕਿ ਸਰ, ਆਪ ਕੋ ਯੇ ਕਿਸਨੇ ਬਤਾਯਾ ਹੈ? ਉਨ੍ਹਾਂ ਏਨਾ ਹੀ ਕਹਿਣਾ, 'ਬਸ—ਬਸ—ਮੈਂ ਭੀ ਸੁਨਾ ਹੀ ਹੈ ਕਿਸੀ ਸੇ, ਅਭੀ ਯਾਦ ਕਰਤਾ ਹੂੰ ਕਿਸ ਸੇ ਸੁਨਾ ਹੈ—ਅਰੇ ਨਾਮ ਭੂਲ ਗਯਾ---।' ਯੂਨੀਵਰਸਿਟੀ ਘਟਨਾਵਾਂ ਨਾਲ ਨਿਹਾਲੋ-ਨਿਹਾਲ ਹੋਈ ਪਈ ਸੀ ਤੇ ਰੋਜ਼ ਨਵੀਂ-ਨਿਵੇਕਲੀ ਘਟਨਾ ਦਾ ਵਾਪਰਨਾ ਆਮ ਜਿਹਾ ਵਰਤਾਰਾ ਹੋ ਗਿਆ ਸੀ।

ਮੈਂ ਉਮੇਸ਼ ਜੀ ਦੀਆਂ ਸਹਿਮ-ਸਹਿਮ ਕੇ ਕੀਤੀਆਂ ਗੱਲਾਂ ਸੁਣ-ਸੁਣ ਖੁੱਲ੍ਹ-ਖੁੱਲ੍ਹ ਕੇ ਹੱਸਣਾ ਤੇ ਉਨ੍ਹਾਂ ਟੋਕਣਾ, 'ਅਰੇ ਬਾਬਾ, ਆਪ ਕੋ ਤੋ ਬਾਤ ਹੀ ਨਹੀਂ ਬਤਾਨੀ ਚਾਈਏ, ਆਪ ਸ਼ੋਰ ਬਹੁਤ ਕਰਤੇ ਹੋ।' ਹੌਲੀ-ਹੌਲੀ ਮੈਂ ਉਨ੍ਹਾਂ ਦਾ ਨਾਂਅ ਪਾ ਲਿਆ, 'ਅਰੇ ਕੁਛ ਸੁਨਾ ਹੈ।' ਸਾਰੇ ਪ੍ਰੋਫੈਸਰ ਹੱਸਿਆ ਕਰਨ ਤੇ ਕਿਹਾ ਕਰਨ ਕਿ ਡਾ. ਉਮੇਸ਼ ਸਾਡਾ ਸਭ ਦਾ ਬੜਾ ਗੁੱਸਾ ਕਰਦੇ ਨੇ, ਪਰ ਨਿੰਦਰ ਜੀ, ਆਪ ਦਾ ਏਹ ਰਤਾ ਜਿੰਨਾ ਵੀ ਗੁੱਸਾ ਨੀ ਕਰਦੇ, ਆਪ ਦਾ ਸੁਭਾਅ ਮਿਲਾਪੜਾ ਤੇ ਸ਼ੁੱਧ ਪੰਜਾਬੀ ਹੈ, ਤੁਹਾਡੀ ਸੱਥਰੀ ਇਨ੍ਹਾਂ ਨਾਲ ਚੰਗੀ ਪੈਂਦੀ ਹੈ।

* * *

ਜਿਸ ਦਿਨ ਮੈਂ ਸੇਵਾ ਨਵਿਰਤ ਹੋਣਾ ਸੀ, ਡਾ. ਉਮੇਸ਼ ਜੀ ਦਾ ਚਿਹਰਾ ਮੁਰਝਾਇਆ ਹੋਇਆ ਤੇ ਹੱਥਾਂ ਵਿਚ ਫੜੇ ਫੁੱਲ ਖਿੜੇ ਹੋਏ। ਵੱਡਾ ਹਾਰ ਲੈ ਕੇ ਉਹ ਮੇਰੇ ਸਾਹਮਣੇ ਪ੍ਰਗਟ ਹੋਏ। ਉਦਾਸ ਆਵਾਜ਼ ਵਿਚ ਬੋਲੇ, 'ਨਿੰਦਰ ਸਰ, ਆਪ ਆਪ ਚਲੇ ਜਾਏਂਗੇ, ਹਮਾਰਾ ਦਿਲ ਕੈਸੇ ਲਗੇਗਾ, ਆਪ ਕੀ ਬਹੁਤ ਯਾਦ ਆਏਗੀ, ਆਪ ਯਹਾਂ ਫਿਰ ਜਲਦੀ ਜਲਦੀ ਆਨਾ।' ਉਨ੍ਹਾਂ ਦੀਆਂ ਅੱਖਾਂ ਛਲਕੀਆਂ। ਮੇਰਾ ਵੀ ਮਨ ਭਰ ਆਇਆ। ਉੱਠ ਕੇ ਮੈਂ ਜੱਫੀ ਪਾਈ ਤੇ ਉਨ੍ਹਾਂ ਦਾ ਡਾਇਲਾਗ ਉਨ੍ਹਾਂ ਦੇ ਹੀ ਅੰਦਾਜ਼ ਵਿੱਚ ਬੋਲਿਆ, 'ਅਰੇ ਕੁਛ ਸੁਨਾ ਹੈ?' ਉਹ ਖੁਦ ਵੀ ਖਿੜ-ਖਿੜ ਹੱਸੇ ਬਿਲਕੁੱਲ ਆਪਣੇ ਹੱਥਾਂ ਵਿਚ ਫੜੇ ਹੋਏ ਖਿੜੇ ਫੁੱਲਾਂ ਦੀ ਤਰ੍ਹਾਂ। ਮੈਂ ਵੀ ਹੱਸ ਪਿਆ। ਉਹ ਫੁੱਲ ਭੇਟ ਕਰਕੇ ਤੇ ਰਾਤ ਨੂੰ ਏਅਰਪੋਰਟ ਛੱਡਣ ਜਾਣ ਦਾ ਵਾਅਦਾ ਕਰਕੇ ਆਪਣੀ ਕਲਾਸ ਲਾਉਣ ਤੁਰ ਪਏ।

* * *

ਮੈਂ ਵਰਧਾ ਛੱਡ ਆਇਆ ਸਾਂ। ਪ੍ਰੋ. ਉਮੇਸ਼ ਜੀ ਨਾਲ ਰੋਜ਼ ਵਾਂਗ ਗੱਲ ਹੋਣੀ। ਵਿਚ-ਵਿਚ ਹੱਸੀ ਵੀ ਜਾਣਾ। ਉਹ ਪੰਜਾਬ ਆਉਣਾ ਚਾਹੁੰਦੇ ਸਨ ਤੇ ਮੇਰੇ ਪਿੰਡ ਦੀਆਂ ਗਲੀਆਂ ਗਾਹੁੰਣਾ ਚਾਹੁੰਦੇ ਸਨ। ਹਰਿਆ-ਭਰਿਆ ਖੂਬਸੂਰਤ ਚੰਡੀਗੜ੍ਹ ਵੇਖਣਾ ਚਾਹੁੰਦੇ ਸਨ, ਜੋ ਉਨ੍ਹਾਂ ਕਦੀ ਨਹੀਂ ਸੀ ਵੇਖਿਆ ਤੇ ਢਿੱਡ ਵਿਚ ਅਧੂਰੀ ਰੀਝ ਲੈ ਕੇ ਤੁਰ ਗਏ ਚੰਡੀਗੜ੍ਹ ਵੇਖਣ ਦੀ।

ਇਕ ਦਿਨ ਫੋਨ ਆਇਆ ਤੇ ਬੋਲੇ ਕਿ ਮੇਰੀ ਥਾਈਲੈਂਡ ਮੇਂ ਨਿਯੁਕਤੀ ਹੋ ਗਈ ਹੈ, ਹਿੰਦੀ ਪੜਾਣੇ ਕੇ ਲੀਏ ਜਾਨਾ ਹੈ, ਵਿਦੇਸ਼ ਵਿਭਾਗ ਕੀ ਤਰਫ ਸੇ ਚੋਣ ਹੁਈ ਹੈ, ਅਬ ਵਹਾਂ ਆਨਾ। ਅਸੀਂ ਜਲਦੀ ਮਿਲਣ ਦਾ ਵਾਇਦਾ ਕਰਿਆ।

ਮੈਨੂੰ ਵਰਧਾ ਦੀ ਬੜੀ ਯਾਦ ਆਉਂਦੀ ਤੇ ਫੁੱਲਾਂ ਜਿਹੇ ਵਿਦਵਾਨ ਬੇਲੀਆਂ ਦੀ ਕੀਤੀ ਸੰਗਤ ਵੀ। ਉਮੇਸ਼ ਜੀ ਨੂੰ ਮਿਲਣ ਲਈ ਮਨ ਕਰਦਾ ਰਹਿੰਦਾ ਤਾਂ ਪਲ ਵਿਚ ਫੋਨ ਲਗਾ ਲੈਂਦਾ ਸਾਂ।

* * *

13 ਅਕਤੂਬਰ 2025 ਦੀ ਸ਼ਾਮ, ਸੱਤ ਵਜੇ ਹਨ। ਵਰਧਾ ਤੋਂ ਫੋਨ ਹੈ, ਸਾਡੇ ਨੇੜੇ ਹੀ ਬੈਠਣ ਵਾਲੇ ਹਿੰਦੀ ਦੇ ਸਹਾਇਕ ਪ੍ਰੋਫੈਸਰ ਕੋਮਲ ਕੁਮਾਰ ਪਰਦੇਸੀ ਦਾ। ਉਹ ਭਰੇ ਗਲੇ 'ਚੋਂ ਬੋਲ ਰਹੇ ਸਨ, 'ਸਰ, ਬਹੁਤ ਅਫਸੋਸ ਕੀ ਬਾਤ ਹੈ, ਪ੍ਰੋ. ਉਮੇਸ਼ ਜੀ ਨਹੀਂ ਰਹੇ, ਆਪ ਕੋ ਯਾਦ ਕਰਤੇ ਕਰਤੇ ਚਲੇ ਗਏ, ਅਭੀ ਪਰਸੋ ਚੌਥ ਹੀ ਆਪ ਕੀ ਬਾਤੇਂ ਕਰਤੇ ਥੇ।' ਪਰਦੇਸੀ ਜੀ ਏਨਾ ਹੀ ਬੋਲ ਸਕੇ ਤੇ ਫੋਨ ਕੱਟ ਹੋ ਗਿਆ। ਵਰਧਾ ਜਾਣ ਦਾ ਬੜਾ ਮਨ ਸੀ, ਸਭ ਦੇ ਫੋਨ ਆਉਂਦੇ ਕਿ ਸਦ ਆ ਜਾਓ, ਮਿਲ ਜਾਓ। ਉਮੇਸ਼ ਜੀ, ਹੁਣ ਵਰਧਾ ਨਹੀਂ ਆਵਾਂਗਾ। ਜਦ ਆਪ ਹੀ ਚਲੇ ਗਏ ਓ, ਕਿਸ ਨੂੰ ਮਿਲਣਾ ਹੈ?

**ਸੰਪਰਕ : 94174-21700**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


## ਕਵਿਤਾ ਕੀ ਤੇਰੀ ਕੀ ਮੇਰੀ

**(ਕਾਵਿ ਸੰਗ੍ਰਹਿ)**
**ਸਤਪਾਲ ਭੀਖੀ**
**ਪੰਨਾ : 112, ਮੁੱਲ : 195 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

ਸਤਪਾਲ ਪੰਜਾਬੀ ਦਾ ਉਹ ਸਥਾਪਤ ਕਵੀ ਹੈ, ਜੋ ਆਪਣੀ ਧਰਤ ਨਾਲ ਮੋਹ ਪਾਲਦਾ, ਕਿਰਤ ਦੀ ਉਸਤਤ ਕਰਦਾ ਤੇ ਸ਼ਬਦਾਂ ਨੂੰ ਮੁਹੱਬਤ ਨਾਲ ਗੁੰਦਦਾ ਹੈ। ਉਸ ਦੀ ਕਵਿਤਾ ਧਰਾਤਲੀ ਪੈੜਾਂ ਵਾਹੁੰਦੀ ਤੇ ਸਮੇਂ ਦੇ ਨਾਲ ਉਡਾਣ ਭਰਨ ਦਾ ਹੌਸ਼ਲਾ ਬੀਜਦੀ ਹੈ। ਉਹ ਬਾਲਾਂ ਦੀਆਂ ਸਿਸਕੀਆਂ ਸੁਣਦਾ ਤੇ ਉਹਨਾਂ ਦੇ ਸੁਪਨਿਆਂ ਨੂੰ ਅੰਬਰੀਂ ਉਡਾਰੀਆਂ ਭਰਨ ਦੀ ਹਿੰਮਤ ਦਿੰਦਾ ਹੈ।ਉਹ ਬਾਹਰਮੁਖੀ ਹਰ ਵਰਤਾਰੇ ਦੀਆਂ ਬਾਰੀਕ ਤੰਦਾਂ ਨੂੰ ਵੀ ਪਕੜਦਾ ਹੈ। ਉਸ ਨੂੰ ਜ਼ਿੰਦਗੀ ਦੇ ਹਰ ਰਿਸ਼ਤੇ ਨਿਭਾਉਣ ਦੀ ਜਾਚ ਹੈ, ਉਸੇ ਤਰ੍ਹਾਂ ਹੀ ਉਹ ਸਾਹਿਤ ਦੀਆਂ ਕਈ ਵਿਧਾਵਾਂ ਨੂੰ ਸਫਲਤਾ-ਪੂਰਵਕ ਨਿਭਾਅ ਰਿਹਾ ਹੈ।ਸਤਪਾਲ ਸਮਰੱਥ ਕਵੀ ਹੈ, ਸੂਝਵਾਨ ਸੰਪਾਦਕ ਹੈ, ਸਫ਼ਲ ਅਨੁਵਾਦਕ ਵੀ ਹੈ, ਕਿੱਤੇ ਵਜੋਂ ਉਹ ਅਧਿਆਪਕ ਹੋਣ ਕਰਕੇ ਆਪਣੇ ਕਾਰਜ ਲਈ ਪ੍ਰਤੀਬੱਧਤਾ ਰੱਖਦਾ ਉਹ ਆਦਰਸ਼ ਅਧਿਆਪਕ ਜੋ ਮਾਸੂਮ ਬੱਚਿਆਂ ਦੇ ਦਿਲਾਂ ਅੰਦਰ ਧੜਕਦਾ ਹੈ। ਉਹ ਸ਼ਬਦਾਂ ਦਾ ਅਰਥੀਕਰਨ ਕਰਨ ਵਿੱਚ ਮਾਹਰ ਹੈ ਕਿ ਉਸ ਦੀ ਕਵਿਤਾ ਜੀਵੰਤ ਜ਼ਿੰਦਗੀ ਦਾ ਸਿਰਨਾਵਾਂ ਬਣ ਪਾਠਕਾਂ ਨੂੰ ਹਲੂਣਦੀ ਹੈ। ਸਤਪਾਲ ਦੀ ਪਹਿਲੀ ਕਾਵਿ ਕਿਤਾਬ 2001 ਵਿੱਚ 'ਪਲਕਾਂ ਹੇਠ ਦਰਿਆ', ਦੂਜੀ ਕਾਵਿ ਪੁਸਤਕ 'ਕੋਈ ਨਾਲ-ਨਾਲ' 2009, 'ਪੀਲ੍ਹਾਂ' ਕਾਵਿ ਪੁਸਤਕ 2017 ਵਿੱਚ ਪ੍ਰਕਾਸ਼ਿਤ ਹੁੰਦੀ ਹੈ। ਇਨਾਂ ਕਾਵਿ ਪੁਸਤਕਾਂ ਨੇ ਸਾਇਰੀ ਦੇ ਖੇਤਰ ਵਿੱਚ ਇੱਕ ਵੱਖਰੀ ਪਹਿਚਾਣ ਬਣਾਈ। ਉਹ ਪੂਰੇ ਅੱਠ ਸਾਲਾਂ ਬਾਅਦ ਆਪਣੀ ਨਵੀਂ ਪੁਸਤਕ 'ਕਵਿਤਾ ਕੀ ਤੇਰੀ ਕੀ ਮੇਰੀ' ਲੈ ਕੇ ਹਾਜ਼ਰ ਹੁੰਦਾ ਹੈ। ਕਵੀ ਸੰਪਾਦਨਾ, ਅਨੁਵਾਦ ਵਰਗੇ ਮਹੱਤਵਪੂਰਨ ਕਾਰਜ ਕਰਦਾ ਹੋਇਆ ਵੀ ਕਵਿਤਾ ਨੂੰ ਅੰਗ-ਸੰਗ ਰੱਖਦਾ ਹੈ। ਏਹੀ ਕਾਰਨ ਹੈ ਕਿ ਸਤਪਾਲ ਦੀ ਕਵਿਤਾ ਵਿਚਲੇ ਭਾਵ ਉਸ ਦੀ ਜ਼ਿੰਦਗੀ ਦਾ ਸੰਕੇਤ ਬਣ ਸਪੇਸ ਧਾਰਨ ਕਰਦੇ ਹਨ।ਅਸਲ ਕਵਿਤਾ ਦਾ ਏਹੀ ਕਰਮ ਹੈ ਕਿ ਉਹ ਮਾਨਵੀ ਸੰਵੇਦਨਾ ਤੇ ਵੇਦਨਾ ਨੂੰ ਪੇਸ਼ ਕਰਦਿਆਂ ਨਵੇਂ ਦਿਸਹੱਦਿਆਂ ਨੂੰ ਉਲੀਕੇ। ਸਤਪਾਲ ਦੀ ਕਵਿਤਾ ਦਾ ਏਹੀ ਮੀਰੀ ਗੁਣ ਹੈ ਕਿ ਉਸ ਦੀ ਕਵਿਤਾ ਦੇ ਸਰੋਕਾਰ ਮਨੁੱਖੀ ਜੀਵਨ ਦੇ ਸਰੋਕਾਰ ਹਨ, ਜੋ ਕਵੀ ਦੀ ਅਨੁਭਵੀ ਦ੍ਰਿਸ਼ਟੀ ਨਾਲ ਸਾਕਾਰਤ ਹੋਏ ਹਨ।ਇਸ ਨਵੀਂ ਪੁਸਤਕ ਵਿੱਚ ਕਵੀ ਅਤੀਤ, ਵਰਤਮਾਨ ਤੇ ਭਵਿੱਖ ਨੂੰ ਨਾਲ ਲੈ ਕੇ ਚਲਦਾ ਹੋਇਆ ਆਪਣੀਆਂ ਕਾਵਿ ਪੈੜਾਂ ਤੇ ਨਿਸ਼ਾਨ ਗੂੜ੍ਹੇ ਕਰਦਾ ਹੈ। ਉਹ ਅਜਿਹਾ ਮੁਹੱਬਤੀ ਇਨਸਾਨ ਹੈ, ਜਿਸ ਦੇ ਦੋਸਤਾਂ ਦਾ ਘੇਰਾ ਬੇਮਿਸਾਲ ਹੈ। ਉਸ ਦੀ ਕਵਿਤਾ ਵਿੱਚੋਂ ਵੀ ਮੁਹੱਬਤ ਦੀ ਮਹਿਕ ਇਸ ਉਥਲ-ਉਥਲ ਦੇ ਦੌਰ ਵਿੱਚ ਅਪਣੱਤ ਦਾ ਅਹਿਸਾਸ ਕਰਵਾਉਂਦੀ ਹੈ। ਸਤਪਾਲ ਆਪਣੀ ਮੁਹੱਬਤ ਨੂੰ ਪਾਲਦਾ ਹੋਇਆ ਆਪਣੇ ਪਿਆਰੇ ਦੋਸਤ ਅਨਿਲ ਆਦਮ ਦੀ ਕਵਿਤਾ ਦੀ ਸਤਰ 'ਕਵਿਤਾ ਕੀ ਤੇਰੀ ਕੀ ਮੇਰੀ' ਚੁਣ ਕੇ ਆਪਣੀ ਪੁਸਤਕ ਦਾ ਸਿਰਨਾਵਾਂ ਬਣਾਉਂਦਾ ਹੈ। ਦੋਸਤ ਨੂੰ ਆਪਣੀ ਕਵਿਤਾ ਦੇ ਜ਼ਰੀਏ ਜਿਉਂਦੇ ਰੱਖਣਾ ਤੇ ਜਜ਼ਬਾਤਾਂ ਦੇ ਵਹਿਣ ਨੂੰ ਇਹਨਾਂ ਸ਼ਬਦਾਂ ਵਿੱਚ ਪਰੋਅ ਕੇ ਕਵਿਤਾ ਨੂੰ ਮੁਹੱਬਤ ਤੋਂ ਕੁਰਬਾਨ ਕਰ ਦੇਣਾ ਇਸ ਕਵਿਤਾ ਦੀ ਖ਼ੂਬਸੂਰਤੀ ਬਣਦਾ ਹੈ। ਇਹ ਮੁਹੱਬਤ ਉਹਨਾਂ ਲੋਕਾਂ ਲਈ ਹੈ, ਜੋ ਸੋਹਣੀ ਜ਼ਿੰਦਗੀ ਜਿਉਣ ਦੇ ਅਨੇਕਾਂ ਸੁਪਨੇ ਪਾਲਦੇ ਅਤੇ ਜੀਵਨ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਦੇ ਹਨ।

ਇਹੀ ਕਾਰਨ ਹੈ ਇਹ ਕਵਿਤਾ ਤੇਰ ਮੇਰ ਵਿਚਲੇ ਫਾਸਲੇ ਨੂੰ ਦੂਰ ਕਰਦੀ ਹੋਈ ਜੀਵਨ ਦੀ ਗਤੀਸ਼ੀਲਤਾ ਦੇ ਨਾਲ ਨਾਲ-ਆਪਣੇ ਪਛਾਣ ਚਿੰਨ੍ਹ ਵਾਹੁੰਦੀ ਕਵੀ ਦੀ ਆਵਾਜ਼ ਬਣਦੀ ਹੈ।ਇਹ ਕਵਿਤਾ ਲੁਕਾਈ ਦੇ ਦੁੱਖ-ਸੁੱਖ ਨੂੰ ਸਾਂਝਾ ਸਮਝਦੀ ਹੈ। ਕਵੀ ਕਵਿਤਾ ਦੇ ਸੁਭਾਅ ਲਿਖਦਾ ਹੈ।

# ਮਾਨਵੀ ਮੁਹੱਬਤ ਤੇ ਸੰਵੇਦਨਾ ਦੀ ਸੂਖਮਭਾਵੀ ਕਾਵਿ ਕਿਰਤ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਅਰਵਿੰਦਰ ਕਾਕੜਾ**

ਕਵਿਤਾ ਦੀ ਡੂੰਘ
ਸਮੁੰਦਰੋਂ ਡੂੰਘੀ
ਕਵਿਤਾ ਦੀ ਉਚਾਈ
ਲੱਖ ਆਗਾਸਾਂ ਆਗਾਸ
ਕਵਿਤਾ ਦੀ ਲਹਿਰ
ਕੋਟਨ ਲਹਿਰਾਂ ਤੋਂ ਅਗਾਂਹ
ਕਵਿਤਾ ਦਾ
ਕੋਈ ਦਸੌਲ ਨਹੀਂ ਹੁੰਦਾ

ਇਸੇ ਲਈ ਇਹ ਕਵਿਤਾ ਸਤਪਾਲ ਦੀ ਨਾ ਰਹਿ ਕੇ ਲੋਕਾਂ ਦੀ ਕਵਿਤਾ ਬਣ ਜਾਂਦੀ ਹੈ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਵਿਵਹਾਰਿਕ ਜੀਵਨ ਵਿੱਚੋਂ ਲਏ ਗਏ ਹਨ।ਉਸ ਦੀ ਕਵਿਤਾ ਵਿਚਲੇ ਅਹਿਸਾਸ ਜ਼ਿੰਦਗੀ ਦੇ ਹਰ ਧੜਕਦੇ ਪਲਾਂ ਨੂੰ ਪ੍ਰਗਟਾਉਣ ਦਾ ਦਮ ਭਰਦੇ ਹਨ।ਉਸ ਨੂੰ ਜੀਵਨ ਦੇ ਅਰਥਾਂ ਦਾ ਅਹਿਸਾਸ ਹੈ।ਹਰ ਵਰਤਾਰੇ ਨੂੰ ਮਹਿਸੂਸਦਾ ਕਵੀ ਬਾਹਰੀ ਸੰਸਾਰ ਦੇ ਹਰ ਘਟਨਾਕ੍ਰਮ ਨੂੰ ਅੰਦਰੋਂ ਹੰਢਾਉਂਦਾ ਹੋਇਆ ਕਵਿਤਾ ਦੀ ਗਹਿਰ ਗੰਭੀਰਤਾ ਰਾਹੀਂ ਉਜਾਗਰ ਹੁੰਦਾ ਹੈ।ਆਲੇ-ਦੁਆਲੇ ਦੇ ਅਣਛੂਪੇ ਅੰਸ਼ਾਂ ਦੀ ਵੀ ਸਤਪਾਲ ਦੀ ਕਵਿਤਾ ਵਿੱਚ ਹਾਜ਼ਰੀ ਲਗਦੀ ਹੈ। ਉਹ ਵਿਚਾਰਸ਼ੀਲ ਵਿਅਕਤੀ ਦੇ ਕਦਮਾਂ ਦੀ ਆਹਟ ਸੁਣਦਾ ਤੇ ਉਸ ਦੇ ਪੈਂਡਿਆਂ ਦੀ ਰਮਜ਼ ਪਹਿਚਾਣਦਾ ਹੈ।ਮਾਧੋ ਤੋਂ ਬੰਦੇ ਬਣਨ ਦੇ ਸਫ਼ਰ ਵਿੱਚ ਸਮਝਣ, ਤੁਰਨ, ਮਕਸਦ ਪਾਉਣ ਦੀ ਅਵਸਥਾ ਨੂੰ ਕਵੀ ਉਸ ਦੇ ਜੀਵਨ ਦੇ ਬਦਲਾਅ ਵਿੱਚੋਂ ਦੇਖਦਾ ਹੈ।ਇਹ ਬਦਲ ਗੁਰੂ ਦਾ ਲੋਕ ਪੱਖੀ ਫ਼ਲਸਫ਼ਾ ਬਣਦਾ, ਜੋ ਅਣਹੋਏ ਨੂੰ ਊਰਜਾ ਪ੍ਰਦਾਨ ਕਰ ਨਾਇਕ ਦਾ ਰੁਤਬਾ ਪ੍ਰਦਾਨ ਕਰ ਦਿੱਤਾ ਹੈ।ਕਵੀ ਚੇਤਨਾ ਦੇ ਪ੍ਰਸਾਰ ਦਾ ਚਾਹਵਾਨ ਹੈ ਇਸ ਲਈ ਉਹ ਹਰ ਮਾਧੋ ਨੂੰ ਬੰਦਾ ਬਣਨਾ ਵੇਖਣਾ ਲੋਚਦਾ ਹੈ।ਅਜਿਹਾ ਭਾਵ ਇਤਿਹਾਸਕ ਪ੍ਰਸੰਗ ਨੂੰ ਵਰਤਮਾਨੀ ਸਥਿਤੀ ਵਿੱਚ ਨਵਿਆਉਂਦਾ ਹੋਇਆ ਜੀਉਣ ਦਾ ਰਾਹ ਦੱਸਦਾ ਹੈ, ਜਿਸ ਪਿੱਛੇ ਲੋਕਪੱਖੀ ਵਿਚਾਰਧਾਰਾ ਕਾਰਜਸ਼ੀਲ ਹੈ।

ਗੁਰੂ
ਵਿਚਾਰ
ਵਿਸਥਾਰ
ਅਨੰਤ ਵਿਚਾਰ
ਬਿਨ ਵਿਚਾਰ
ਕਾਹਦਾ ਬੰਦਾ!

'ਨਾਂਅ ਕੱਟਦਿਆਂ' ਕਵਿਤਾ ਸਮਾਜਿਕ ਪ੍ਰਬੰਧ ਦੀ ਕਰੂਰਤਾ ਦੀ ਪ੍ਰਭਾਵਿਕਤਾ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਕਵਿਤਾ ਵਿੱਚੋਂ ਮਾਸੂਮੀਅਤ ਦੀ ਸਥਿਤੀ ਲਈ ਜ਼ਿੰਮੇਵਾਰ ਕਾਰਕਾਂ ਤਹਿਤ ਸਮੁੱਚੇ ਸਮਾਜ ਦੀ ਵਿਕਾਸਕ ਦਿਸ਼ਾ ਨੂੰ ਪੇਸ਼ ਹੁੰਦੀ ਹੈ। ਇਹ ਕਵਿਤਾ ਕਈ ਸਵਾਲੀਆ ਚਿੰਨ੍ਹ ਲਾਉਂਦੀ ਹੋਈ ਮਾਸੂਮ ਬੱਚਿਆਂ ਦੀ ਦਸ਼ਾ ਨੂੰ ਮਾਪਦੀ ਹੈ। ਸਤਪਾਲ ਆਪਣੇ ਵਿਦਿਆਰਥੀਆਂ ਦਾ ਹਰਮਨ ਪਿਆਰਾ ਅਧਿਆਪਕ ਹੈ, ਜੋ ਉਨ੍ਹਾਂ ਦੀ ਰਹਿਣੀ-ਬਹਿਣੀ, ਸੋਚ, ਕਾਰਜਸ਼ੀਲਤਾ ਤੇ ਮਾਨਸਿਕਤਾ ਨੂੰ ਬਾਖ਼ੂਬੀ ਸਮਝ ਜਾਂਦਾ ਹੈ।ਉਹ ਆਪਣੇ ਵਿਦਿਆਰਥੀਆਂ ਵਿੱਚ ਜਿਊਂਦਾ ਹੈ, ਜੋ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਸਹਿਣ ਕਰਕੇ ਜੀਵਨ ਵਿੱਚ ਅੱਗੇ ਕੁਝ ਕਰਨ ਦੀ ਇਕ ਆਸ ਰੱਖਦੇ ਹਨ।ਕਵੀ ਉਨ੍ਹਾਂ ਵਿਦਿਆਰਥੀਆਂ ਵਿੱਚ ਨਵੇਂ ਸੁਪਨੇ ਬੀਜਦਾ ਤੇ ਉਹਨਾਂ ਦੀਆਂ ਹਰ ਇੱਕ ਭਾਵਨਾਵਾਂ ਨੂੰ ਸਮਝਦਾ ਹੈ। ਏਹੀ ਕਾਰਨ ਹੈ ਕਿ ਜਗਸੀਰ ਦਾ ਨਾਂਅ ਕਟਕੁ ਕੱਟਣ 'ਤੇ ਵੀ ਉਹ ਉਸ ਨੂੰ ਗੈਰ ਹਾਜ਼ਰ ਨਹੀਂ ਮੰਨਦਾ।ਇਸ ਕਵਿਤਾ ਦੀ ਇਹ ਵੀ ਖ਼ੂਬਸੂਰਤੀ ਹੈ ਕਵੀ ਸਥੂਲਤਾ ਨੂੰ ਸੂਖਮਤਾ ਵਿੱਚ ਬਦਲਣ ਦਾ ਵਲ ਜਾਣਦਾ ਹੈ, ਉਹ ਸਕੂਲ ਦੇ ਕਮਰੇ, ਬੋਰਡ, ਬਸਤੇ, ਕਿਆਰੀਆਂ, ਖੇਡ ਮੈਦਾਨ ਵਿੱਚ ਖੇਡਦੀ ਮਾਸੂਮੀਅਤ ਦੀ ਮੁਹੱਬਤ ਨੂੰ ਮਾਣਦਾ ਹੋਇਆ ਖੁਦ ਬੱਚਾ ਬਣ ਜਾਂਦਾ ਹੈ। ਇਸੇ ਲਈ ਇਹ ਕਵਿਤਾ ਕਾਇਨਾਤ ਦੇ ਸਾਰੇ ਰੰਗਾਂ ਨੂੰ ਜਿਊਂਦੀ ਹੋਈ ਆਪਣੇ ਵਿਦਿਆਰਥੀ ਨੂੰ ਪੜ੍ਹਾਈ ਦੇ ਅਕਾਊਪਣ ਤੋਂ ਦੂਰ ਲੈ ਕੇ ਜਾਂਦੀ ਹੈ। ਕਵਿਤਾ ਜੀਵਨ ਦੇ ਰੰਗ ਬੱਚਿਆਂ ਅੰਦਰ ਘੋਲਦੀ ਹੋਈ ਕਾਲੇ ਅੱਖਰਾਂ ਦੇ ਵਿੱਚੋਂ ਉਹ ਚਾਨਣ ਦੀਆਂ ਕਿਰਨਾਂ ਭਾਲਦੀ ਹੈ, ਜੋ ਸਮਾਜ ਵਿੱਚ ਪੱਸਰੇ ਹੋਏ ਹਨੇਰੇ ਨੂੰ ਦੂਰ ਕਰੇ।ਕਵਿਤਾ ਵਿਚਲਾ ਪਾਤਰ ਰੁਲ ਰਹੇ ਬਚਪਨ ਨੂੰ ਦੇਖ ਕੇ ਜਜ਼ਬਾਤੀ ਵੀ ਹੋ ਜਾਂਦਾ ਹੈ। ਉਹ ਛੋਟੇ-ਛੋਟੇ ਵਾਕਾਂ ਵਿੱਚੋਂ ਵੱਡੇ ਅਰਥ ਕੱਢਦਾ ਹੋਇਆ ਅੱਛੇ ਦਿਨਾਂ ਦੇ ਇਸ਼ਤਿਹਾਰ ਵੇਚ ਰਹੇ ਬੱਚੇ ਦੀ ਵੇਦਨਾ ਨੂੰ ਸਮਝਦਾ ਤੇ ਸਮਾਜ ਦੇ ਇਸ ਕੁਹਜ ਨੂੰ ਹੂੰਝਣਾ ਚਾਹੁੰਦਾ ਹੈ, ਜੋ ਬੱਚੇ ਦਾ ਬਚਪਨ ਖੋਹ ਕੇ ਇੱਕ ਪਾਸੜੀ ਵਿਕਾਸ ਨੂੰ ਤਰਜੀਹ ਦੇ ਰਿਹਾ ਹੈ।ਇਸ ਲਈ ਉਹ ਵੀ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨ ਦਾ ਚਾਹਵਾਨ ਹੈ। ਇਸੇ ਸੰਦਰਭ ਵਿੱਚ 'ਗ਼ੈਰ-ਹਾਜ਼ਰ ਜਗਸੀਰ', 'ਸਕੂਲ', 'ਸੁਪਨਸਾਜ਼', 'ਇੱਕ ਪੋਥੀ ਬੱਚਿਆਂ ਲਈ', 'ਉਦਾਸੀ ਦਾ ਮਰਸੀਆ', 'ਖ਼ਾਲੀ' ਕਵਿਤਾਵਾਂ ਵਿਚਲੀ ਧੁਨੀ ਵਿੱਚੋਂ ਕਵੀ ਦੀ ਸੰਵੇਦਨਾ ਅਤੀਤ ਵਿੱਚੋਂ ਬਚਪਨ ਦਾ ਅਜਿਹਾ ਪ੍ਰਗਟਾਵਾ ਕਰਦੀ ਹੈ ਕਿ ਅਜੋਕੇ ਬਚਪਨ ਨੂੰ ਸਾਂਭਣਾ ਕਵੀ ਆਪਣਾ ਇਖ਼ਲਾਕੀ ਫ਼ਰਜ਼ ਮੰਨਦਾ ਹੈ।'ਮਾਂ-1', 'ਮਾਂ-2', 'ਮਾਂ-3' ਕਵਿਤਾਵਾਂ ਵਿਚਲੀ ਮਾਂ ਦਾ ਕਵੀ ਇਸ ਤਰ੍ਹਾਂ ਵਿਸਥਾਰ ਕਰਦਾ ਕਿ ਮਾਂ ਦਾ ਬਿੰਬ ਕਾਇਨਾਤ ਵਿੱਚ ਫੈਲਦਾ, ਜਿਸ ਦਾ ਆਲੇ-ਦੁਆਲੇ ਪਸਰੀਆਂ ਹਰ ਲੀਕਾਂ ਖ਼ਤਮ ਹੋ ਕੇ ਮੋਹ ਪਾਲਦੀਆਂ, ਰਿਸ਼ਤੇ ਗੁੰਦਦੀਆਂ, ਜੀਵਨ ਦੀਆਂ ਪਰਤਾਂ ਖੋਲ੍ਹਦੀਆਂ ਹਰ ਵਰਤਾਰੇ ਵਿੱਚ ਜੀਵਨ ਦਾ ਸੁਹਜ ਮਾਣਦੀਆਂ ਹਨ।ਨਾਨਕੇ ਪਿੰਡ ਦੇ ਰਿਸ਼ਤੇ ਦੀ ਤੰਦ ਜਦ ਕਵੀ ਦੀ ਧੀ ਹੋਰ ਵੀ ਪੀਡੀ ਕਰਦੀ ਤਾਂ ਕਵਿਤਾ ਅੰਦਰ ਅਤੀਤ ਦੀ ਹਾਜ਼ਰੀ ਨਾਲ ਬਿਖਰੇ ਪਲਾਂ ਦੀ ਗਵਾਹੀ ਭਰਦੀ। ਅਤੀਤ ਦਾ ਨਿੱਘ ਕਵੀ ਨੂੰ ਵਰਤਮਾਨ ਦੀ ਕਠੋਰਤਾ ਸਾਹਵੇਂ ਕੁਝ ਰਾਹਤ ਮਹਿਸੂਸ ਕਰਵਾਉਂਦਾ ਹੈ ਪਰ ਅਜੋਕੇ ਹਾਲਾਤ ਤੇ ਬਿਖਰੀਆਂ ਸਾਂਝਾਂ ਦੀ ਫਿਕਰਮੰਦੀ ਦੀ ਆਹਟ ਕਵੀ ਨੂੰ ਪ੍ਰੇਸ਼ਾਨ ਕਰਦੀ ਹੈ ਉਹ ਕਾਵਿਕ ਰੰਗਾਂ ਰਾਹੀਂ ਰਿਸ਼ਤਿਆਂ ਅੰਦਰ ਤ੍ਰੈਕਾਲਾਂ ਵਿੱਚ ਸਮਾਉਣ ਦੀ ਹਾਮੀ ਭਰਦਾ। ਮਾਂ ਵਰਗੇ ਅਟੁੱਟ ਰਿਸ਼ਤੇ ਨੂੰ ਮਾਣਦਾ ਤੇ ਆਪਣਾ ਆਪਾ ਸਬੂਤਾ ਰੱਖਦਾ ਹੈ।ਉਹ ਮਹਿਸੂਸਦਾ ਹੈ ਕਿ ਮਾਂ ਬ੍ਰਹਿਮੰਡੀ ਗਿਆਨ ਦਾ ਸੋਮਾ ਹੈ।ਉਹ ਕੁਦਰਤ, ਪੰਛੀ ਤੇ ਸਮਾਜ ਦੇ ਹਰ ਵਰਤਾਰੇ ਦੀ ਰਮਜ਼ ਸਮਝਦੀ ਹੈ। ਇਸ ਕਵਿਤਾ ਦੀ ਇਹ ਖ਼ੂਬੀ ਵਚਿੱਤਰ ਬਣਦੀ ਕਿ ਕਵੀ ਮਾਂ ਤੇ ਮਾਂ ਬੋਲੀ ਦਾ ਅੰਤਰ ਸੰਬੰਧ ਦੇਖਦਾ ਹੈ ਜਦੋਂ ਸ਼ਬਦ ਤੇ ਮਾਂ ਦੋਵੇਂ ਮਨੁੱਖ ਦੀ ਪੀੜਾ ਨੂੰ ਸਮਾਉਣ ਦੀ ਸ਼ਕਤੀ ਰੱਖਦੇ ਇੱਕਮਿਕ ਹੋ ਜਾਂਦੇ।ਕਵੀ ਦੀ ਸੰਵੇਦਨਾ ਸੰਭਾਵੀ ਪਲਾਂ ਤੋਂ ਪਾਰ ਜਾ ਕੇ ਸ਼ਬਦਾਂ ਅੰਦਰਲੇ ਵਰਤਾਰੇ ਦੇ ਗਹਿਰੇ ਅਰਥਾਂ ਨੂੰ ਅਹਿਸਾਸਦੀ, ਨਾਨਕ ਦੀ ਸੋਚ ਵਿਚਲੀ ਅਸਲੀ ਰਮਜ਼ ਫੜਦੀ, ਕਿਰਤ ਦੀ ਉਪਾਸਕ ਬਣ ਕੁਦਰਤ ਨਾਲ ਗਹਿਰਾ ਸੰਬੰਧ ਜੋੜਦੀ ਹੈ।ਇਹ ਕਵਿਤਾ ਜਮਾਤੀ ਸਮਾਜ ਵਿਚਲੀਆਂ ਵਿੱਥਾਂ ਨੂੰ ਮੇਟਦੀ ਰਬਾਬ ਦੀ ਸੁਰ ਸੁਣਦੀ ਤੇ ਉਸ ਸਫ਼ਰ ਨੂੰ ਨਾਲ ਰੱਖਦੀ, ਜਿੱਥੇ ਸੈਦਪੁਰ ਵੀ ਆਉਂਦਾ, ਕਸ਼ਮੀਰ ਵੀ ਬੋਲਦਾ, ਅਨੰਦਪੁਰ ਵੀ ਤੁਰਦਾ, ਚਾਂਦਨੀ ਚੌਂਕ ਵੀ ਖੌਲਦਾ ਤੇ ਖਿਦਰਾਣੇ ਦੀ ਢਾਬ ਵੀ ਗਾਉਂਦੀ ਤੇ ਚਮਕੌਰ ਤੇ ਸਰਹੰਦ ਵੀ ਸੰਵਾਦ ਰਚਾਉਂਦੀ ਹੈ। ਕਵੀ ਦੀ ਫਿਕਰਮੰਦੀ ਹੋਰ ਵੀ ਗਹਿਰੀ ਹੁੰਦੀ ਹੈ ਜਦੋਂ ਅਸੀਂ ਨਾਨਕ ਦੇ ਹੋਕੇ ਨੂੰ ਮਨਫੀ ਕਰ ਜਾਤ, ਧਰਮ ਤੇ ਖੇਤਰ ਦੀ ਸੌੜੀ ਸਿਆਸਤ ਦੀਆਂ ਲੜਾਈਆਂ ਵਿੱਚ ਫ਼ਸ ਕੇ ਮਨੁੱਖਤਾ ਦਾ ਆਹਲਣਾ ਖੇਰੂੰ-ਖੇਰੂੰ ਕਰਨ ਲੱਗੇ। ਇਸੇ ਸੰਦਰਭ ਵਿੱਚ 'ਮਿੱਤਰ', 'ਰਿਸ਼ਤਾ', 'ਪਵਣੁ ਗੁਰੂ', 'ਹਰ ਪਿੰਡ ਸੈਦਪੁਰ ਹੈ!', 'ਸੈਦਪੁਰ ਦੀ ਸੱਦ', 'ਗੁਰੂ' ਆਦਿ ਕਵਿਤਾਵਾਂ ਪਾਠਕ ਨੂੰ ਝੰਜੋੜਨ ਵਾਲੀਆਂ ਹਨ। ਇਸ ਵਿਚਲੀ ਧੁਨੀ ਅਜੋਕੀਆਂ ਪ੍ਰਸਥਿਤੀਆਂ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ।

ਇਸ ਕਵਿਤਾ ਨਾਲ ਕਿੰਨੇ ਜੀਵੰਤ ਰਿਸ਼ਤੇ ਆਪਣਾ ਸੰਬੰਧ ਰੱਖਦੇ ਹਨ। ਇਹ ਕਵਿਤਾ ਬੇਗਾਨੀ ਵੱਟ ਤੋਂ ਘਾਹ ਖੋਤਦੀ ਤ੍ਰੀਮਤ ਵਿਸ਼ਵਵਿਦਿਆਲੇ ਦੀ ਵਿਦਿਆਰਥਣ, ਜਮਾਂਦਾਰ ਗੁਲਜ਼ਾਰ, ਘਰਾਂ ਵਿਚ ਪੋਚੇ ਲਾਉਂਦੀ ਚੰਦਰਕਲੀ, ਨਿੱਕਾ ਸਪੀਕਰਾਂ ਵਾਲਾ, ਜੈ ਪਾਲ ਹੈ, ਸਟੈਨ ਸਵਾਮੀ ਤੇ ਅਫ਼ਗਾਨੀ ਲੋਕ ਗਾਇਕ ਫ਼ਵਾਦ ਅੰਦਰਾਬੀ ਆਦਿ ਪਾਤਰਾਂ ਦੀ ਬਾਤ ਸੁਣਦੀ ਹੈ। ਮਿਹਨਤਕਸ਼ ਵਰਗ/ਕਿਰਤੀ ਵਰਗ ਨਾਲ ਆਪਣੀ ਹਮਦਰਦੀ ਦਿਖਾਉਂਦੀ ਇਹ ਕਵਿਤਾ ਆਪਣੀ ਕਰਮ ਮਨੋਰਥ ਰਾਹੀਂ ਸਤਪਾਲ ਦੀ ਲੋਕ ਪੱਖੀ ਦ੍ਰਿਸ਼ਟੀ ਨੂੰ ਉਜਾਗਰ ਕਰ ਜਾਂਦੀ ਹੈ।ਇਸ ਕਵਿਤਾ ਵਿਚਲਾ ਪਾਤਰ ਊਲ-ਜਲੂਲ ਬੰਦਸ਼ਾਂ ਤੋਂ ਮੁਕਤ ਹੋ ਕੇ ਬਰਾਬਰੀ ਦਾ ਸੰਕਲਪ ਉਭਾਰਦਾ ਹੈ, ਜੋ ਹਰ ਰਿਸ਼ਤੇ ਨੂੰ ਮੋਹ ਦੀ ਲੀਹ 'ਤੇ ਤੋਰ ਲੈਂਦਾ ਹੈ।ਕਵੀ ਦਾ ਮਾਂ, ਪਤਨੀ ਤੇ ਧੀ ਨਾਲ ਵੀ ਦੋਸਤਾਨਾ ਰਿਸ਼ਤਾ ਇੱਕ ਭਰਪੂਰ ਜ਼ਿੰਦਗੀ ਜਿਉਣ ਦਾ ਜ਼ਰੀਆ ਵੀ ਬਣਦਾ ਹੈ, ਜੋ ਉਸ ਅੰਦਰ ਪਨਪਿਆ ਬਰਾਬਰੀ ਦਾ ਦਰਸ ਉਭਾਰ ਜਾਂਦਾ ਹੈ।ਇਸ ਪੁਸਤਕ ਵਿਚਲੀਆਂ ਭਾਵਪੂਰਤ ਛੋਟੀਆਂ ਕਵਿਤਾਵਾਂ ਵੱਡੇ ਮਾਇਨੇ ਰੱਖਦੀਆਂ ਹਨ। 'ਪਿਆਰ', 'ਆਪਾਂ', 'ਤਰੇਲ-ਤੁਪਕਾ', 'ਚੰਗਿਆੜੀ', 'ਉਬਾਲ', 'ਆਮਦ', 'ਗਲੀਆਂ', 'ਹਾਸ਼ੀਆ', 'ਕੋਈ ਨਹੀਂ' ਆਦਿ ਕਵਿਤਾਵਾਂ ਮੋਹ ਦੀਆਂ ਸੂਖਮ ਪਰਤਾਂ ਦਾ ਪ੍ਰਗਟਾਵਾ ਕਰਦਾ ਅੱਖਰਾਂ ਨੂੰ ਮੁਹੱਬਤ ਨਾਲ ਸਿੰਜਦਾ ਹੋਇਆ ਮੁਹੱਬਤ ਦੇ ਕੈਨਵਸ ਦਾ ਵਿਸਥਾਰ ਕਰਦਾ ਹੈ।ਜੀਵਨ ਦੇ ਤਮਾਮ ਮਿੱਠੇ-ਕੌੜੇ ਅਨੁਭਵਾਂ ਨੂੰ ਸ਼ਾਇਰੀ ਵਿੱਚ ਸਾਂਭਣ ਦੀ ਸਤਪਾਲ ਕੋਲ ਮੁਹਾਰਤ ਹੈ।ਇਹ ਕਵਿਤਾ ਅਸਾਵੇਂਪਣ ਦੀਆਂ ਖਾਈਆਂ ਪੂਰਦੀ ਹੋਈ ਆਪਣੀ ਸਮਾਜਿਕ ਜ਼ਿੰਮੇਵਾਰੀਆਂ ਨਿਭਾਅ ਜਾਂਦੀ ਹੈ।

ਤੁਰ ਪਈ ਕਵਿਤਾ
ਕਵੀ ਵਿਹੜਿਓਂ
ਤੁਰਦੀ... ਤੁਰਦੀ...
ਰੁਕ ਜਾਂਦੀ ਹੈ ਰਾਹਾਂ 'ਚ ਕਿਤੇ
ਖੇਤਾਂ-ਖਲਿਆਨਾ 'ਚ
ਵੇਖ ਲੈਂਦੀ
ਮੁੜ੍ਹਕੋ-ਮੁੜ੍ਹਕੀ ਹੋਏ
ਘਾਹ ਖੋਤਦੇ ਮਜ਼ਦੂਰ ਨੂੰ
...ਫੜ ਲੈਂਦੀ
ਛਾਲਿਆਂ ਭਰੇ ਹੱਥਾਂ ਨੂੰ...।
ਹੁਣ ਕਵੀ ਹੈਰਾਨ ਹੈ
ਕਿ ਕਵਿਤਾ ਉਸ ਤੋਂ
ਕਿਵੇਂ ਮਹਾਨ ਹੈ

ਸਮਾਜ ਅੰਦਰਲੀ ਗੁੰਡਾਗਰਦੀ, ਨਾਬਰਾਬਰੀ, ਬੇਬੱਸੀ, ਵਿਤਕਰੇ ਵਿਰੁੱਧ ਆਵਾਜ਼ ਬਣਨਾ ਅਤੇ ਜੀਵਨ ਦੇ ਸੁਪਨਿਆਂ ਅੰਦਰ ਮਾਸੂਮੀਅਤ ਨੂੰ ਜ਼ਿੰਦਾ ਰੱਖਣਾ, ਮੁਹੱਬਤ ਪਾਲਣਾ ਤੇ ਨਿਆਂ, ਹੱਕ, ਸੱਚ, ਬਰਾਬਰੀ ਤੇ ਆਜ਼ਾਦੀ ਦੀ ਗੱਲ ਕਰਦਿਆਂ ਮਾਨਵੀ ਰਾਹਾਂ 'ਤੇ ਅਸਵਾਰ ਹੋਣਾ ਹੀ ਇਸ ਕਵਿਤਾ ਦਾ ਹਾਸਲ ਹੈ। ਸਤਪਾਲ ਦੀ ਕਵਿਤਾ ਉਮੀਦ ਜਗਾਉਂਦੀ ਹੈ ਕਿ ਪਿਆਰ ਦੇ ਮਾਧਿਅਮ ਰਾਹੀਂ ਔਖੇ ਤੋਂ ਔਖੇ ਪੈਂਡਿਆਂ ਨੂੰ ਵੀ ਪਾਰ ਕੀਤਾ ਜਾ ਸਕਦਾ ਹੈ, ਜੋ ਜਿਉਂਦੀ ਕਵਿਤਾ ਦਾ ਸਦੀਵੀ ਸਿਰਨਾਵਾਂ ਹੈ, ਜਿਸ ਵਿੱਚ ਮਕਸਦ ਪੂਰਵਕ ਜ਼ਿੰਦਗੀ ਜਿਊਣ ਦੀ ਆਹਟ ਸੁਣਾਈ ਦਿੰਦੀ ਹੈ। ਏਹੀ ਕਵਿਤਾ ਦੀ ਕੇਂਦਰੀ ਸੁਰ ਦਾ ਅਲਾਪ ਹੈ।

ਇਹ ਉਹ ਓਟ ਹੈ
ਸੰਘਰਸ਼ 'ਚ ਜੂਝਦੇ ਸੂਰਮਿਆਂ ਦੀ
ਉਹ
ਇਹ ਲੜਾਈ ਲੜ ਰਹੇ ਨੇ
ਕਿ ਜਿਉਂਦੀ ਰਹੇ
ਪਿਆਰ ਕਵਿਤਾ।

ਸੰਪਰਕ : 94636-15536

## ਮੇਰੀ ਪਹਿਲੀ ਮੁਹੱਬਤ

**ਸੰਪਾਦਕ-ਬੂਟਾ ਸਿੰਘ ਚੌਹਾਨ**
**ਪੰਨੇ-180, ਮੁੱਲ-240 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

# ਲੇਖਕ ਮਨ ਦੀਆਂ ਲੁਕਵੀਆਂ ਪਰਤਾਂ


**ਸਾਹਿਤ ਚਿੰਤਨ**

**ਨਿਰੰਜਣ ਬੋਹਾ**

ਜਿਹੜੇ ਮਨੁੱਖੀ ਜਜ਼ਬੇ ਸਮੱਗਰ ਰੂਪ ਵਿਚ ਸ਼ਬਦਾਂ ਵਿਚ ਬਿਆਨ ਨਹੀਂ ਕੀਤੇ ਜਾ ਸਕਦੇ, ਉਹਨਾਂ ਵਿੱਚੋਂ ਮੁਹੱਬਤ ਦਾ ਜਜ਼ਬਾ ਸਭ ਤੋਂ ਵੱਖਰੀ ਪਛਾਣ ਰੱਖਦਾ ਹੈ। ਮੁਹੱਬਤ ਨੂੰ ਅਹਿਸਾਸ ਦੇ ਧਰਾਤਲ 'ਤੇ ਮਹਿਸੂਸਿਆ ਜਾ ਸਕਦਾ ਹੈ, ਮਾਣਿਆ ਜਾ ਸਕਦਾ ਹੈ, ਪਰ ਇਸ ਨੂੰ ਵਸਤੂਗਤ ਪਸਾਰ ਦੀ ਕਿਸੇ ਇਕਾਈ ਵਾਂਗ ਵਿਸ਼ਲੇਸ਼ਤ ਤੇ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਅਕੱਥ ਮੁਹੱਬਤ ਨੂੰ ਸੰਕੇਤਾਂ ਰਾਹੀਂ ਕਥਨ ਦੇ ਉਪਰਾਲੇ ਵਜੋਂ ਬਹੁ-ਵਿਧਾਈ ਸਾਹਿਤਕਾਰ ਬੂਟਾ ਸਿੰਘ ਚੌਹਾਨ ਵੱਲੋਂ ਸੰਪਾਦਿਤ ਕੀਤੀ ਗਈ ਪੁਸਤਕ 'ਮੇਰੀ ਪਹਿਲੀ ਮੁਹੱਬਤ' ਆਪਣੇ-ਆਪ ਵਿੱਚ ਹਲਫੀਆ ਬਿਆਨ ਵਰਗਾ ਮਹੱਤਵਪੂਰਨ ਦਸਤਾਵੇਜ਼ ਹੈ। ਇਸ ਪੁਸਤਕ ਵਿਚ ਪੰਜਾਬੀ ਭਾਸ਼ਾ ਦੇ ਬਾਈ ਮਰਦ ਲੇਖਕਾਂ ਤੇ ਪੰਜ ਔਰਤ ਲੇਖਿਕਾਵਾਂ ਨੇ ਆਪਣੇ ਮਨ 'ਤੇ ਉੱਕਰੀ ਆਪਣੇ ਪਹਿਲੇ ਪਿਆਰ ਦੀ ਇਬਾਰਤ ਨੂੰ ਯਥਾ ਸੰਭਵ ਇਮਾਨਦਾਰੀ ਨਾਲ ਕਾਗਜ਼ ਦੇ ਪੰਨਿਆਂ 'ਤੇ ਉਤਾਰਿਆ ਹੈ। ਭਾਵੇਂ ਇਹਨਾਂ ਵਿੱਚੋਂ ਵਧੇਰੇ ਪਿਆਰ ਕਹਾਣੀਆਂ ਆਪਣੇ ਦੌਰ ਦੀਆਂ ਜਾਗੀਰਦਾਰੀ ਕੀਮਤਾਂ ਕਾਰਨ ਜਨਮ ਲੈਂਦਿਆਂ ਹੀ ਦਮ ਤੋੜ ਗਈਆਂ, ਪਰ ਇਹ ਕਹਾਣੀਆਂ ਆਪਣੇ ਲੇਖਕਾਂ ਦੇ ਮਨ ਵਿਚ ਕਸਕ ਦੇ ਰੂਪ 'ਚ ਅਜੇ ਵੀ ਮੌਜੂਦ ਹਨ।

ਸਾਡੇ ਸਮਾਜ ਵਿੱਚ ਅਜੇ ਏਨਾ ਖੁੱਲ੍ਹਾਪਣ ਨਹੀਂ ਆਇਆ ਕਿ ਹਰ ਲੇਖਕ ਆਪਣੀ ਪਹਿਲੀ ਮੁਹੱਬਤ ਬਾਰੇ ਖੁੱਲ੍ਹ ਕੇ ਲਿਖ ਸਕੇ, ਪਰ ਇਸ ਜਜ਼ਬੇ ਨੂੰ ਸਿਰਜਣਾ ਦਾ ਮੂਲ ਮੰਨਣ ਵਾਲੇ ਜਿਹੜੇ ਲੇਖਕਾਂ ਨੇ 'ਲੋਕ ਕੀ ਕਹਿਣਗੇ' ਦੇ ਡਰ-ਭੈਅ ਤੋਂ ਮੁਕਤ ਹੋ ਕੇ ਇਸ ਪੁਸਤਕ ਲਈ ਲੇਖ ਲਿਖੇ ਹਨ, ਉਹ ਪ੍ਰਸੰਸਾ ਦੇ ਹੱਕਦਾਰ ਹਨ। ਜਸਵੰਤ ਸਿੰਘ ਕੰਵਲ, ਬਲਦੇਵ ਸਿੰਘ ਸੜਕਨਾਮਾ, ਜਸਵੀਰ ਸਿੰਘ ਭੁੱਲਰ, ਬਚਿੰਤ ਕੌਰ, ਸੁਰਜੀਤ ਗਿੱਲ, ਮਨਮੋਹਨ ਬਾਵਾ ਤੇ ਕਰਮਜੀਤ ਕੁੱਸਾ ਆਦਿ ਪ੍ਰੌਢ ਉਮਰ ਦੇ ਲੇਖਕਾਂ ਵੱਲੋਂ ਪਹਿਲੇ ਪਿਆਰ ਸੰਬੰਧੀ ਲਿਖੇ ਲੇਖ ਅੱਧੀ ਸਦੀ ਪਹਿਲਾਂ ਦੀ ਸਮਾਜਿਕ ਵਿਵਸਥਾ ਦੀਆਂ ਉਹਨਾਂ ਕੀਮਤਾਂ ਤੇ ਜ਼ਾਬਤਿਆਂ ਦਾ ਖੁਲਾਸਾ ਕਰਦੇ ਹਨ, ਜਿਹੜੇ ਪੂਰੀ ਤਰ੍ਹਾਂ ਪਿਆਰ ਭਾਵਨਾਵਾਂ ਦੇ ਵਿਰੋਧੀ ਸਨ। ਜਸਵੰਤ ਸਿੰਘ ਕੰਵਲ ਰੋਜ਼ੀ-ਰੋਟੀ ਦੇ ਚੱਕਰ ਵਿਚ ਮਲਾਇਆ ਜਾਂਦਾ ਹੈ ਤਾਂ ਇੱਕ ਧਾਰਮਿਕ ਬਜ਼ੁਰਗ ਦੀ ਸਿੱਖਿਆ ਵੀ ਉਸ ਦੇ ਨਾਲ ਹੀ ਚਲੀ ਜਾਂਦੀ ਹੈ ਕਿ 'ਉਧਰਲੀਆਂ ਜ਼ਨਾਨੀਆਂ ਤੋਂ ਬਚੀਂ'। ਇਹ ਸਿੱਖਿਆ ਚਿਤਾਵਨੀ ਵਾਂਗ ਉਸ ਦੇ ਅਵਚੇਤਨ ਦਾ ਹਿੱਸਾ ਬਣ ਜਾਂਦੀ ਹੈ। ਉਸ ਨੂੰ ਉਸ ਦੇ ਪਹਿਲੇ ਪਿਆਰ ਦਾ ਨਿੱਘ ਨਹੀਂ ਮਾਨਣ ਦਿੰਦੀ। ਇਸ ਤਰ੍ਹਾਂ ਪਛਤਾਵੇ ਦਾ ਇਕ ਹਾਉਕਾ ਸਥਾਈ ਤੌਰ 'ਤੇ ਉਸ ਦੀ ਛਾਤੀ 'ਤੇ ਉਸਰ ਜਾਂਦਾ ਹੈ।

ਜਦੋਂ ਬਲਦੇਵ ਸਿੰਘ ਸੜਕਨਾਮਾ ਆਪਣੇ ਲੇਖ 'ਪਹਿਲੀ ਤੇ ਆਖਰੀ ਮੁਹੱਬਤ' ਦੇ ਅੰਤ ਵਿਚ 'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ' ਵਰਗਾ ਨਿਰਾਸ਼ ਜਿਹਾ ਸ਼ੇਅਰ ਲਿਖਦਾ ਤਾਂ ਉਸ ਦੀ ਨਿਰਾਸ਼ਾ ਵਿੱਚੋਂ ਪਿਆਰ ਨਾਲ ਦੁਸ਼ਮਣੀ ਰੱਖਣ ਵਾਲੀਆਂ ਸਮਾਜਿਕ ਕੀਮਤਾਂ ਪ੍ਰਤੀ ਰੋਸਾ ਵੀ ਝਲਕਦਾ ਹੈ। ਕਾਮਰੇਡ ਸੁਰਜੀਤ ਗਿੱਲ ਦਾ ਸਵੈ ਅਨੁਸ਼ਾਸਨ ਤੇ ਸਮਾਜਵਾਦੀ ਟੀਚਾ ਉਸ ਦੇ ਪਹਿਲੇ ਪਿਆਰ ਦੇ ਰਾਹ ਵਿਚ ਆ ਜਾਂਦਾ ਹੈ ਤਾਂ ਉਸ ਦਾ ਪਿਆਰ ਇੱਕ ਕਥਾ ਕਹਾਣੀ ਹੀ ਬਣ ਕੇ ਰਹਿ ਜਾਂਦਾ ਹੈ। ਇਸੇ ਤਰ੍ਹਾਂ ਸ਼ਾਇਰ ਜਸਵਿੰਦਰ ਤੇ ਉਸ ਦੇ ਪਹਿਲੇ ਪਿਆਰ ਵਿਚਕਾਰ ਵੀ ਉਸ ਵੱਲੋਂ ਮਿੱਥੇ ਇਨਕਲਾਬੀ ਟੀਚੇ ਦਾ ਦਖ਼ਲ ਰਹਿੰਦਾ ਹੈ।ਮਨਮੋਹਨ ਬਾਵਾ ਅੰਦਰਲੇ ਸਮਾਜਿਕ ਸੰਸਕਾਰ ਉਸ ਨੂੰ ਪ੍ਰੇਰਿਤ ਕਰਦੇ ਹਨ ਕਿ ਉਹ ਆਪ ਹੀ ਆਪਣੇ ਤੇ ਉਸ ਨੂੰ ਪਿਆਰ ਕਰਦੀ ਕੁੜੀ ਵਿਚਕਾਰ ਲਛਮਣ ਰੇਖਾ ਖਿੱਚ ਦੇਵੇ ਤੇ ਉਹ ਉਸ ਦੇ ਮਾਤਾ-ਪਿਤਾ ਦੇ ਆਪਣੇ ਪ੍ਰਤੀ ਬਣੇ ਵਿਸ਼ਵਾਸ ਦੀ ਰਾਖੀ ਲਈ ਅਜਿਹਾ ਕਰਦਾ ਵੀ ਹੈ। ਡਾ. ਕਰਮਜੀਤ ਕੁੱਸਾ ਦੀ ਪਹਿਲੀ ਮੁਹੱਬਤ 'ਤੇ ਕਾਲਜ ਦੇ ਕਲਰਕ ਦੀ ਦੋਖੀ ਨਜ਼ਰ ਪੈਂਦੀ ਹੈ ਤਾਂ ਇਹ ਮੁਹੱਬਤ ਵੀ ਤੜਫ ਦੀ ਕਹਾਣੀ ਬਣ ਕੇ ਹੀ ਰਹਿ ਜਾਂਦੀ ਹੈ।



ਚੌਥੀ ਤੇ ਪੰਜਵੀਂ ਪੀੜ੍ਹੀ ਦੇ ਲੇਖਕ ਗੁਰਮੀਤ ਕੜਿਆਲਵੀ, ਬੂਟਾ ਸਿੰਘ ਚੌਹਾਨ, ਡਾ. ਅਮਰਜੀਤ ਕੌਂਕੇ, ਅਮਰੀਕ ਸਿੰਘ ਬਨਵੈਤ, ਬੀਬਾ ਬਲਵੰਤ, ਹਰਜਿੰਦਰ ਸੂਰੇਵਾਲੀਆ, ਮੁਖਤਾਰ ਗਿੱਲ, ਧਰਮ ਸਿੰਘ ਕੰਮੇਆਣਾ, ਨਿਰੰਜਣ ਬੋਹਾ, ਜੁਗਿੰਦਰ ਸੰਧੂ, ਡਾ. ਸ਼ਿਆਮ ਸੁੰਦਰ ਦੀਪਤੀ, ਰਵੀ ਸ਼ੇਰ ਗਿੱਲ, ਤੇਜਿੰਦਰ ਮਾਰਕੰਡਾ, ਡਾ. ਇਕਬਾਲ ਸਿੰਘ ਸਕਰੌਦੀ ਤੇ ਸਤਪਾਲ ਸੰਤੋਖਪੁਰੀ ਵੱਲੋਂ ਆਪਣੀ ਪਹਿਲੀ ਮੁਹੱਬਤ ਸੰਬੰਧੀ ਕੀਤੇ ਪ੍ਰਗਟਾਵੇ ਜਾਗੀਰਦਾਰੀ ਯੁੱਗ ਦੇ ਪ੍ਰੀਤ ਕਿੱਸੇ ਕਹਾਣੀਆਂ ਵਰਗੇ ਸਿਰੜੀ ਜਜ਼ਬੇ ਵਾਲੇ ਤਾਂ ਨਹੀਂ ਹਨ, ਪਰ ਇਨ੍ਹਾਂ ਲੇਖਕਾਂ ਨੇ ਬਿਨਾਂ ਕੁਝ ਲੁਕਾਏ, ਛੁਪਾਏ ਆਪਣੇ ਪਹਿਲੇ ਪਿਆਰ ਦੀ ਬਾਤ ਪਾਈ ਹੈ। ਜੇ ਗੁਰਮੀਤ ਕੜਿਆਲਵੀ ਦੇ ਲੇਖ 'ਬੰਦ ਦਰਵਾਜ਼ਾ' ਨੂੰ ਛੱਡ ਦੇਈਏ ਤਾਂ ਵਧੇਰੇ ਪ੍ਰਗਟਾਵੇ ਮੱਧ ਵਰਗੀ ਮਨੁੱਖ ਵੱਲੋਂ ਵਿਖਾਈ ਉਸ ਸਿਆਣਪ ਵਰਗੇ ਹਨ, ਜਿਹੜੀ ਆਪਣੇ ਪਿਆਰ ਲਈ ਸਮਾਜਿਕ ਕੀਮਤਾਂ ਨਾਲ ਟਕਰਾਉਣ ਸੰਬੰਧੀ ਬਹੁਤਾ ਦਮ-ਖਮ ਨਹੀਂ ਰੱਖਦੀ। ਇਹਨਾਂ ਵਿੱਚੋਂ ਸਿਰਫ ਗੁਰਮੀਤ ਕੜਿਆਲਵੀ ਨੇ ਪਹਿਲੇ ਪਿਆਰ ਨੂੰ ਇਸ਼ਕੀਆ ਇਬਾਦਤ ਤਾਂ ਲੈ ਕੇ ਜਾਣ ਦਾ ਹੌਸਲਾ ਕੀਤਾ ਹੈ ਤੇ ਇਸ ਲਈ ਸਮੇਂ ਦੀਆਂ ਕੀਮਤਾਂ ਨਾਲ ਟੱਕਰ ਵੀ ਲਈ ਹੈ। 21ਵੀਂ ਸਦੀ ਦਾ ਇਹ ਮਿਰਜ਼ਾ ਜਗੀਰਦਾਰੀ ਯੁੱਗ ਦੇ ਮਿਰਜ਼ੇ ਵਾਂਗ ਹੈਂਕੜਖੋਰ ਤੇ ਅਵੇਸਲਾ ਨਹੀਂ, ਸਗੋਂ ਪੜ੍ਹਿਆ-ਲਿਖਿਆ ਤੇ ਕਾਨੂੰਨੀ ਦਾਅ-ਪੇਚਾਂ ਤੋਂ ਜਾਣੂ ਜਾਗਰੂਕ ਨੌਜਵਾਨ ਹੈ, ਇਸੇ ਕਰਕੇ ਹੀ ਉਹ ਜਾਤ-ਪਾਤ ਦੇ ਵੱਡੇ ਜਿੰਦੇ ਤੋੜ ਕੇ ਆਪਣੀ ਮੁਹੱਬਤ ਨੂੰ ਅਜ਼ਾਦ ਕਰਾਉਣ ਵਿਚ ਸਫਲ ਹੋਇਆ ਹੈ।

ਪਹਿਲੇ ਪਿਆਰ ਦੀ ਦਾਸਤਾਨ ਸੁਣਾਉਣ ਵਾਲੇ ਬਹੁਤੇ ਲੇਖਕ ਇਸ ਅਹਿਸਾਸ ਵਿੱਚੋਂ ਲੰਘਣ ਵੇਲੇ ਸਕੂਲ-ਕਾਲਜ ਦੇ ਵਿਦਿਆਰਥੀ ਰਹੇ ਹਨ। ਉਹ ਕੜਿਆਲਵੀ ਵਾਂਗ ਆਪਣੀ ਮੁਹੱਬਤ ਨੂੰ ਤੋੜ ਤਾਂ ਨਾ ਨਿਭਾਅ ਸਕੇ, ਪਰ ਵਿਛੋੜੇ ਦੀ ਅੱਗ ਵਿਚ ਤਪ ਕੇ ਕਵੀ ਤੇ ਕਹਾਣੀਕਾਰ ਰੂਪੀ ਕੁੰਦਨ ਜ਼ਰੂਰ ਬਣ ਗਏ। ਬੂਟਾ ਸਿੰਘ ਚੌਹਾਨ ਉਸ ਕੁੜੀ ਦਾ ਹੁਣ ਵੀ ਸ਼ੁਕਰਗੁਜ਼ਾਰ ਹੈ ਕਿ ਜਿਸ ਦੇ ਗ਼ਮ ਨੇ ਉਸ ਨੂੰ ਗ਼ਜ਼ਲਾਂ ਲਿਖਣ ਲਈ ਪ੍ਰੇਰਿਆ। ਉਹ ਐਲਾਨੀਆ ਆਖਦਾ ਹੈ ਕਿ ਉਹ ਮੈਨੂੰ ਲੇਖਕ ਬਣਾਉਣ ਵੀ ਆਈ ਸੀ। ਇਸ ਤਰ੍ਹਾਂ ਮੁਹੱਬਤ ਦੇ ਪਹਿਲੇ ਅਹਿਸਾਸ ਧਰਮ ਕੰਮੇਆਣਾ, ਮੁਖਤਾਰ ਗਿੱਲ, ਡਾ. ਸ਼ਿਆਮ ਸੁੰਦਰ ਦੀਪਤੀ, ਰਵੀ ਸ਼ੇਰ ਗਿੱਲ ਤੇ ਤੇਜਿੰਦਰ ਮਾਰਕੰਡਾ ਆਦਿ ਲੇਖਕਾਂ ਦੀ ਅੰਦਰਲੀ ਸਾਹਿਤਕ ਪ੍ਰਤਿਭਾ ਦੇ ਬਾਹਰਮੁਖੀ ਪ੍ਰਗਟਾਅ ਵਿੱਚ ਖਾਸ ਤੌਰ 'ਤੇ ਸਹਾਈ ਸਿੱਧ ਹੋਏ। ਪੁਸਤਕ ਵਿਚਲਾ ਇਹ ਤੱਥ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਮੁਹੱਬਤ ਦੇ ਪ੍ਰਗਟਾਵੇ ਦੀ ਪਹਿਲ-ਕਦਮੀ ਵਧੇਰੇ ਕਰਕੇ ਮਾਦਾ ਧਿਰ ਵੱਲੋਂ ਕੀਤੀ ਗਈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਇਸ ਮਾਮਲੇ ਵਿਚ ਨਰ ਦੇ ਮੁਕਾਬਲੇ ਵਿਚ ਵੱਧ ਦਲੇਰ ਹੈ।

ਕਹਾਣੀ ਸੰਗ੍ਰਹਿ 'ਸਿਰਫ ਮੁਹੱਬਤ' ਦਾ ਸੰਪਾਦਨ ਕਰਦਿਆਂ ਮੈਂ ਛਪਣ ਤਰਤੀਬ ਵਿੱਚ ਇਸਤਰੀ ਲੇਖਕਾਂ ਨੂੰ ਪਹਿਲ ਇਸ ਕਰਕੇ ਦਿੱਤੀ ਸੀ ਕਿ ਉਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਬਣੇ ਰਹਿਣ ਲਈ ਮਰਦ ਲੇਖਕਾਂ ਨਾਲੋਂ ਵੱਧ ਤਰੱਦਦ ਕਰਨਾ ਪੈਂਦਾ ਹੈ ਤੇ ਮੁਹੱਬਤ ਵਰਗੇ ਵਿਸ਼ੇ 'ਤੇ ਕਲਮ ਚਲਾਉਣ ਲਈ ਉਹਨਾਂ ਨੂੰ ਹੋਰ ਵੀ ਬਹੁਤ ਕੁਝ ਸੋਚਣਾ-ਵਿਚਾਰਨਾ ਪੈਂਦਾ ਹੈ। ਜਿੱਥੇ ਇਸ ਪੁਸਤਕ ਲਈ ਲੇਖ ਲਿਖਣ ਲਈ ਬਚਿੰਤ ਕੌਰ, ਬਲਵਿੰਦਰ ਕੌਰ ਬਰਾੜ, ਡਾ. ਸ਼ਰਨਜੀਤ ਕੌਰ, ਅੰਮ੍ਰਿਤਪਾਲ ਕਲੇਰ ਤੇ ਕੁਲਦੀਪ ਕੌਰ ਚੱਠਾ ਦੀ ਦਲੇਰੀ ਤੇ ਹਿੰਮਤ ਦੀ ਸ਼ਲਾਘਾ ਕਰਨੀ ਬਣਦੀ ਹੈ, ਉੱਥੇ ਪੁਸਤਕ ਦੇ ਸੰਪਾਦਕ ਬੂਟਾ ਸਿੰਘ ਚੌਹਾਨ ਦੀ ਮਿਹਨਤ ਵੀ ਹਰ ਤਰ੍ਹਾਂ ਨਾਲ ਪ੍ਰਸੰਸਾ ਦੀ ਹੱਕਦਾਰ ਹੈ, ਜਿਸ ਨੇ ਏਨੇ ਲੇਖਕਾਂ ਨੂੰ ਆਪਣੇ ਪਹਿਲੇ ਪਿਆਰ ਬਾਰੇ ਆਪਣੇ ਨਿੱਜੀ ਅਨੁਭਵਾਂ ਦਾ ਜਨਤਕ ਪ੍ਰਗਟਾਵਾ ਕਰਨ ਲਈ ਪ੍ਰੇਰਿਤ ਕੀਤਾ। ਅੰਮ੍ਰਿਤ ਪਾਲ ਕਲੇਰ ਤੇ ਕੁਲਬੀਰ ਕੌਰ ਚੱਠਾ ਅੰਦਰਲੀ ਸੱਚ ਬੋਲਣ ਦੀ ਦਲੇਰੀ ਮੈਨੂੰ ਵਿਸ਼ੇਸ਼ ਤੌਰ 'ਤੇ ਚੰਗੀ ਲੱਗੀ ਹੈ।


ਪੁਸਤਕ ਵਿਚਲੀ ਵਾਰਤਕ ਭਾਸ਼ਾ ਪਿਆਰ ਭਾਵਨਾਵਾਂ ਨਾਲ ਗੜੁੱਚ ਹੋਣ ਕਾਰਨ ਬਹੁਤ ਕਾਵਿਕ ਤੇ ਸੁਹਜਮਈ ਬਣ ਗਈ ਹੈ। ਪੁਸਤਕ ਦੀ ਸੰਪਾਦਕੀ ਰਾਹੀਂ ਪਤਾ ਚੱਲਦਾ ਹੈ ਕਿ ਸਾਡੇ ਵੱਡੇ ਗਲਪਕਾਰ ਰਾਮ ਸਰੂਪ ਅਣਖੀ ਨੇ ਆਪਣੇ ਪਰਚੇ 'ਕਹਾਣੀ ਪੰਜਾਬ' ਲਈ ਕੁਝ ਲੇਖਕਾਂ ਤੋਂ ਉਹਨਾਂ ਦੀ ਪਹਿਲੀ ਮੁਹੱਬਤ ਬਾਰੇ ਲੇਖ ਲਿਖਵਾਏ ਸਨ, ਪਰ ਉਸ ਸਮੇਂ ਵਧੇਰੇ ਲੇਖਕਾਂ ਨੇ ਆਪਣੀਆਂ ਸਦਾਚਾਰਕ ਕੀਮਤਾਂ ਕਾਰਨ ਚੁੱਪ ਧਾਰੀ ਰੱਖੀ ਸੀ। ਇਸ ਪੁਸਤਕ ਦੇ ਸੰਪਾਦਨ ਨਾਲ ਜਿੱਥੇ ਅਣਖੀ ਹੁਰਾਂ ਦਾ ਅਧੂਰਾ ਸੁਪਨਾ ਸਾਕਾਰ ਹੋਇਆ ਹੈ, ਉੱਥੇ ਵਿਸ਼ਿਆਂ ਦੀ ਪੇਸ਼ਕਾਰੀ ਪੱਖੋਂ ਸੰਪਾਦਨ ਦਾ ਵਿਹੜਾ ਵੀ ਹੋਰ ਮੋਕਲਾ ਹੋਇਆ ਹੈ। ਮੁਹੱਬਤ ਵਰਗੇ ਸਿਰਜਕ ਵਿਸ਼ੇ ਨੂੰ ਵਰਜਿਤ ਤੋਂ ਪ੍ਰਵਾਨਿਤ ਬਣਾਉਣ ਲਈ ਅਜਿਹੀਆਂ ਪੁਸਤਕਾਂ ਦੀ ਸੰਪਾਦਨਾ ਲਗਾਤਾਰ ਕੀਤੇ ਜਾਣ ਦੀ ਲੋੜ ਹੈ।

ਮੋਬਾ. 89682-82700

## ਪੰਜਾਬੀ ਰੰਗਮੰਚ ਦਾ ਉਦਭਵ ਅਤੇ ਵਿਕਾਸ 1900 ਈ. ਤੱਕ

**ਡਾ. ਨਰਿੰਦਰ ਨਿੰਦੀ**
**ਸੰਪਾ. ਸਿਮਰਤਪਾਲ ਕੌਰ**
**ਸਫੇ : 200, ਮੁੱਲ : 500 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**

ਡਾ. ਨਰਿੰਦਰ ਨਿੰਦੀ ਬਹੁਪੱਖੀ ਪ੍ਰਤਿਭਾ ਦਾ ਕਲਾਕਾਰ, ਲੇਖਕ, ਰੰਗਕਰਮੀ ਅਤੇ ਪੰਜਾਬ ਆਰਟਸ ਇੰਟਰਨੈਸ਼ਨਲ ਦਾ ਨਿਰਦੇਸ਼ਕ ਹੈ। ਉਹ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ।ਪੰਜਾਬੀ ਸਾਹਿਤ ਜਗਤ ਵਿੱਚ ਉਸ ਦੀ ਪਹਿਲੀ ਪੁਸਤਕ ਪੰਜਾਬ ਦੇ ਲੋਕ-ਨਾਚਾਂ ਦਾ ਸਰਵੇਖਣ ਤੋਂ ਬਾਅਦ ਇਹ ਦੂਜੀ ਪੁਸਤਕ 'ਪੰਜਾਬੀ ਰੰਗਮੰਚ ਦਾ ਉਦਭਵ ਅਤੇ ਵਿਕਾਸ 1900 ਈ. ਤੱਕ' ਭਾਰਤੀ ਸਾਹਿਤ ਨੂੰ ਇੱਕ ਵਡਮੁੱਲੀ ਤੇ ਅਨਮੋਲ ਦੇਣ ਹੈ। ਇਹ ਪੁਸਤਕ ਲੋਕ-ਗੀਤ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਅਤੇ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਮੁਹਾਲੀ ਵੱਲੋਂ ਛਾਪੀ ਗਈ ਹੈ।ਇਸ ਪੁਸਤਕ ਦੀ ਸੰਪਾਦਕ ਸਿਮਰਤਪਾਲ ਕੌਰ ਹੈ। ਇਹ ਪੁਸਤਕ ਪੰਜਾਬੀ ਵਿਭਾਗ ਅਤੇ ਸਾਹਿਤ ਸਭਾ ਪੋਸਟ ਗਰੈਜੂਏਟ ਸਰਕਾਰੀ ਕਾਲਜ ਸੈਕਟਰ 11 ਚੰਡੀਗੜ੍ਹ ਵਿਖੇ 29 ਫ਼ਰਵਰੀ ਨੂੰ ਵਿਚਾਰ ਗੋਸ਼ਟੀ ਉਪਰੰਤ ਰਿਲੀਜ਼ ਕੀਤੀ ਗਈ। ਜਿੱਥੇ ਇਹ ਪੁਸਤਕ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਲਈ ਸਹਾਇਕ ਪੁਸਤਕ ਵਜੋਂ ਲਾਗੂ ਕਰਨ ਦੀ ਚਰਚਾ ਕੀਤੀ ਗਈ। ਡਾ. ਨਰਿੰਦਰ ਨਿੰਦੀ ਨੇ ਰੰਗਮੰਚ ਸੰਬੰਧੀ ਆਪਣੇ ਖੋਜ ਕਾਰਜ ਵਿੱਚ ਕੁਝ ਅਜਿਹੇ ਤੱਥ ਪ੍ਰਗਟ ਕੀਤੇ ਹਨ, ਜਿਨ੍ਹਾਂ ਬਾਰੇ ਅਜੇ ਤੱਕ ਕਿਸੇ ਨੂੰ ਵੀ ਕੋਈ ਜਾਣਕਾਰੀ ਨਹੀਂ ਸੀ। ਉਹ ਦੱਸਦੇ ਹਨ ਕਿ ਨਾਟਕ/ ਥੀਏਟਰ ਆਦਿਕਾਲੀਨ ਮਨੁੱਖ ਦੀ ਹੀ ਦੇਣ ਹੈ।ਜਦੋਂ ਉਹ ਦੇਵਤਿਆਂ ਨੂੰ ਪ੍ਰਸੰਨ ਕਰਨ ਅਤੇ ਆਪਣੇ ਪੁਰਖਿਆਂ ਨੂੰ ਰਿਝਾਉਣ ਲਈ ਨਾਚ ਮੁਦਰਾਵਾਂ ਦੁਆਰਾ ਉਪਾਸਨਾ ਕਰਦਾ ਅਤੇ ਸ਼ਿਕਾਰ ਖੇਡਣ ਲਈ ਭਾਂਤ-ਭਾਂਤ ਦੇ ਪਸ਼ੂਆਂ ਅਤੇ ਜਾਨਵਰਾਂ ਦੇ ਮਖੌਟੇ ਅਤੇ ਖੱਲਾਂ ਪਹਿਨ ਕੇ ਆਪਣੇ ਇਸ਼ਟ ਨੂੰ ਧਿਆਉਂਦਾ ਸੀ ਤਾਂ ਇਸ ਪ੍ਰਕਾਰ ਦੇ ਠੋਸ ਸਬੂਤ ਸਾਨੂੰ ਆਦਿਵਾਸੀਆਂ ਦੀ ਰੰਗਮੰਚੀ ਦੁਨੀਆ ਵਿੱਚ ਪਰੀਵਰਤ ਕਰ ਦਿੰਦੇ ਹਨ। ਇਸ ਪ੍ਰਕਾਰ ਲੇਖਕ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਨਾਟਕ/ ਥੀਏਟਰ ਦੀ ਪ੍ਰੰਪਰਾ ਆਦਿਵਾਸੀਆਂ ਦੇ ਖੇਡ-ਤਮਾਸ਼ਿਆਂ, ਜਾਦੂ-ਟੂਣਿਆਂ ਅਤੇ ਵਹਿਮਾਂ-ਭਰਮਾਂ ਨਾਲ ਭਿੰਨੀਆਂ ਰੀਤਾਂ-ਰਸਮਾਂ ਵਿੱਚੋਂ ਹੀ ਉਗਮਦੀ ਦਿਖਾਈ ਦਿੰਦੀ ਹੈ। ਸੋ ਇਥੇ ਸਪੱਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਰੰਗਮੰਚ ਦੀ ਕਲਾ ਪੰਜਾਬ ਦੀ ਧਰਤੀ ਦੇ ਧੁਰ ਆਦਿਕਾਲੀਨ ਸਮੇਂ ਤੋਂ ਹੀ ਮੌਜੂਦ ਸੀ।ਲੇਖਕ ਇਹ ਵੀ ਸਪੱਸ਼ਟ ਕਰਦਾ ਹੈ ਕਿ ਜਦੋਂ ਆਰੀਆ ਲੋਕ ਮੱਧ ਏਸ਼ੀਆ ਤੋਂ ਇੱਥੇ ਆਏ ਤਾਂ ਉਸ ਵੇਲੇ ਕੇਂਦਰ ਅਤੇ ਪੱਛਮੀ ਏਸ਼ੀਆ ਵਿੱਚ ਨਾਟਕ/ ਥੀਏਟਰ ਦੀ ਅਣਹੋਂਦ ਸੀ। ਆਰੀਆ ਲੋਕ ਤਾਂ ਖਾਨਾਬਦੋਸ਼ ਅਤੇ ਆਜੜੀ/ ਚਰਵਾਹੇ ਸਨ, ਉਹਨਾਂ ਨੂੰ ਨਾਗਰਿਕ ਚੇਤੰਨਤਾ ਅਤੇ ਸਮਾਜਿਕ ਸੰਗਠਨ ਸੰਬੰਧੀ ਕੋਈ ਗਿਆਨ ਨਹੀਂ ਸੀ।ਇਸ ਸਭ ਕੁਝ ਦੀ ਜਾਂਚ ਉਹਨਾਂ ਇੱਥੋਂ ਦੇ ਆਦਿਵਾਸੀਆਂ ਕੋਲੋਂ ਹੀ ਸਿੱਖੀ। ਇਸ ਪ੍ਰਕਾਰ ਸਪਤਸਿੰਧੂ ਘਾਟੀ ਦੀ ਸੱਭਿਅਤਾ ਹੀ ਸੰਸਕ੍ਰਿਤ ਨਾਟਕ/ ਥੀਏਟਰ ਦੀ ਵੀ ਜਣਨੀ ਬਣੀ। ਡਾ. ਨਿੰਦੀ ਨੇ ਆਪਣੇ ਖੋਜ ਕਾਰਜ ਨੂੰ ਸਾਰਥਿਕ ਬਣਾਉਣ ਲਈ ਪੁਰਾਤਤਵ ਵਿਭਾਗ ਦੇ ਪੁਰਾਣੇ ਰਿਕਾਰਡਾਂ ਦਾ ਅਧਿਐਨ ਕੀਤਾ ਅਤੇ ਪੰਜਾਬ ਦੇ ਅਨੇਕਾਂ ਕਬਾਇਲੀ ਕਲਾਕਾਰਾਂ ਦਾ ਇੰਟਰਵਿਊ ਵੀ ਕੀਤਾ ਹੈ।



ਇਸ ਤੋਂ ਇਲਾਵਾ ਲੇਖਕ ਨੇ ਰੰਗਮੰਚ ਦੇ ਬਾਬਾ ਬੋਹੜ ਡਾ. ਹਰਚਰਨ ਸਿੰਘ, ਭਾਗ ਸਿੰਘ ਅਤੇ ਗੁਰਸ਼ਰਨ ਸਿੰਘ ਨਾਲ ਵੀ ਵਿਚਾਰ-ਗੋਸ਼ਟੀਆਂ ਕੀਤੀਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਡਾ. ਨਰਿੰਦਰ ਨਿੰਦੀ ਦੇ ਪਾਰਖੂ ਨਜ਼ਰੀਏ, ਖੋਜ ਅਤੇ ਮਿਹਨਤ ਦੀ ਬਦੌਲਤ ਇਹ ਪੁਸਤਕ ਇੱਕ ਯਾਦਗਾਰੀ ਸਾਹਿਤ ਬਣ ਗਈ ਹੈ, ਜੋ ਕਿ ਰੰਗਮੰਚ ਦੇ ਵਿਦਿਆਰਥੀਆਂ ਲਈ ਪ੍ਰੇਰਨਾਸਰੋਤ ਦਾ ਕੰਮ ਕਰੇਗੀ। ਅੰਤ ਵਿੱਚ ਮੈਂ ਆਪਣਾ ਨਿੱਜੀ ਸੁਝਾਅ ਦੇਣਾ ਚਾਹਾਂਗੀ ਕਿ ਇਹ ਪੁਸਤਕ ਐੱਮ ਏ ਪੰਜਾਬੀ, ਨਾਟਕ/ ਥੀਏਟਰ ਅਤੇ ਪੀ ਐੱਚ ਡੀ ਦੇ ਵਿਦਿਆਰਥੀਆਂ ਲਈ ਬਤੌਰ ਸਹਾਇਕ ਪੁਸਤਕ ਲਗਾਉਣੀ ਚਾਹੀਦੀ ਹੈ।

**- ਡਾ. ਜਸਬੀਰ ਕੌਰ**

# ਪੁਸਤਕ ਰੀਵਿਊ

## ਅਕਲ ਨੂੰ ਸਜ਼ਾ

(ਕਹਾਣੀ-ਸੰਗ੍ਰਹਿ)
ਹਰਦਿਆਲ ਸਿੰਘ ਚੀਮਾ
ਪੰਨੇ : 79, ਮੁੱਲ : 175 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਹਰਦਿਆਲ ਸਿੰਘ ਚੀਮਾ ਦੇ ਨਾਂਅ ਹੇਠ ਦੋ ਦਰਜਨ ਤੋਂ ਵੱਧ ਪੁਸਤਕਾਂ ਕਾਵਿ-ਸੰਗ੍ਰਹਿ, ਗੀਤ-ਸੰਗ੍ਰਹਿ ਅਤੇ ਬਾਲ ਕਾਵਿ-ਸੰਗ੍ਰਹਿ ਦੇ ਰੂਪ ਵਿੱਚ ਦਰਜ ਹਨ। ਉਸ ਦੀ ਨਵੀਂ ਪੁਸਤਕ ਇਕ ਕਹਾਣੀ-ਸੰਗ੍ਰਹਿ ਹੈ। 'ਅਕਲ ਨੂੰ ਸਜ਼ਾ' ਕਹਾਣੀ-ਸੰਗ੍ਰਹਿ ਵਿੱਚ ਚੌਦਾਂ ਕਹਾਣੀਆਂ ਹਨ। ਪਹਿਲੀ ਕਹਾਣੀ 'ਅਕਲ ਨੂੰ ਸਜ਼ਾ' ਜਿਸ ਤੋਂ ਇਸ ਕਹਾਣੀ-ਸੰਗ੍ਰਹਿ ਦਾ ਸਿਰਲੇਖ ਵੀ ਲਿਆ ਗਿਆ ਹੈ, ਰੂਸੀ ਲੇਖਕ ਆਇਤਮਾਤੋਵ ਦੇ ਨਾਵਲ ਉੱਪਰ ਅਧਾਰਤ ਕਹਾਣੀ ਹੈ, ਜਿਸ ਵਿੱਚ ਵਿਅਕਤੀ ਦੇ ਜੀਵਨ ਵਿੱਚ ਸਿੱਖਿਆ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਇਕ ਹੋਰ ਕਹਾਣੀ 'ਜ਼ਿੰਦਗੀ ਦੇ ਰੰਗ ਆਪਣਿਆਂ ਸੰਗ' ਵਿੱਚ ਜਨਮ ਭੂਮੀ ਦਾ ਪਿਆਰ ਦਿਖਾਇਆ ਗਿਆ ਹੈ। ਰੋਜ਼ੀ-ਰੋਟੀ ਲਈ ਪੰਜਾਬ ਤੋਂ ਬਾਹਰ ਤੇ ਫਿਰ ਦੇਸ਼ ਤੋਂ ਬਾਹਰ ਚਲੇ ਜਾਣ 'ਤੇ ਵੀ ਮੁੱਖ ਪਾਤਰ ਦੀ ਪਿੰਡ ਨਾਲ ਮੁਹੱਬਤ ਕਾਇਮ ਰਹਿੰਦੀ ਹੈ। ਕਹਾਣੀ 'ਯਾਰਮਾਰ-ਧੋਖੇਬਾਜ਼' ਵਿੱਚ ਪਰਵਾਸੀ ਲੋਕਾਂ ਦੇ ਸੰਘਰਸ਼, ਨਸ਼ੇ ਦੀ ਬੁਰਾਈ ਅਤੇ ਬਾਹਰਲੇ ਦੇਸ਼ਾਂ ਵਿੱਚ ਜਾਣ ਦੇ ਨਾਂਅ 'ਤੇ ਧੋਖੇ ਦੇ ਵਿਆਹਾਂ ਨੂੰ ਵਿਸ਼ਾ ਬਣਾ ਕੇ ਬਿਰਤਾਂਤ ਸਿਰਜਿਆ ਗਿਆ ਹੈ। ਕਹਾਣੀ 'ਵਲੈਤੀ (ਘੋਨਾ) ਸਾਧ' ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਕਹਾਣੀ ਹੈ ਤੇ ਕੈਂਸਰ ਦਾ ਕਾਰਨ ਫ਼ਸਲਾਂ 'ਤੇ ਪਾਈਆਂ ਜਾ ਰਹੀਆਂ ਰੇਹਾਂ-ਸਪਰੇਆਂ ਨੂੰ ਮਿੱਥਿਆ ਗਿਆ ਹੈ। 'ਘੋਰ ਬੇਅਦਬੀ' ਕਹਾਣੀ ਵਿੱਚ ਗੁਰਦੁਆਰਿਆਂ ਵਿੱਚ ਚੜ੍ਹਾਏ ਜਾ ਰਹੇ ਰੁਮਾਲਿਆਂ ਦੇ ਵਪਾਰ ਨੂੰ ਰੇਖਾਂਕਿਤ ਕੀਤਾ ਗਿਆ ਹੈ। 'ਜੱਗ ਵਿੱਚ ਸੀਰ' ਕਹਾਣੀ ਇੱਕ ਵੱਖਰੇ ਸੁਭਾਅ ਦੇ ਬੰਦੇ ਦੀ ਕਹਾਣੀ ਹੈ। ਇਸ ਸਮਾਜ ਵਿੱਚ ਆਮ ਤੌਰ 'ਤੇ ਅਣਵਿਆਹੇ ਛੜੇ ਬੰਦੇ ਨੂੰ ਪਰਵਾਰਕ ਭਾਈਚਾਰੇ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ, ਪਰ ਇਹ ਕਹਾਣੀ ਕੰਤੇ ਨਾਂਅ ਦੇ ਉਸ ਬੰਦੇ ਦੀ ਕਹਾਣੀ ਹੈ, ਜੋ ਦੇਸ਼ ਵੰਡ ਦੇ ਦੰਗਿਆਂ ਦੌਰਾਨ ਇੱਕ ਕੁੜੀ ਨੂੰ ਬਚਾਉਂਦਾ ਵੀ ਹੈ ਤੇ ਉਸ ਨੂੰ ਪਾਲ-ਪੋਸ ਕੇ ਵੱਡਾ ਕਰ ਵਿਆਹੁੰਦਾ ਵੀ ਹੈ। ਕਹਾਣੀ 'ਲੁਕਣਮੀਚੀ' ਔਰਤ ਦੀ ਖ਼ਰੀਦ-ਓ-ਫ਼ਰੋਖ਼ਤ ਵਰਗੇ ਅਮਾਨਵੀ ਵਰਤਾਰੇ ਦੀ ਤਸਵੀਰਕਸ਼ੀ ਕਰਦੀ ਹੈ। 'ਅਹਿਸਾਸ' ਕਹਾਣੀ ਅਮਰੀਕਾ ਵਿੱਚ ਹੋਏ ਅੱਤਵਾਦੀ ਹਮਲੇ 'ਤੇ ਅਧਾਰਤ ਹੈ ਅਤੇ ਕਹਾਣੀ 'ਕੁੜੀ ਕਿਸੇ ਦੀ ਫੜੀ ਗਈ' ਵਿੱਚ ਅਫਵਾਹਾਂ ਉਡਾਉਣ ਵਾਲਿਆਂ ਉੱਪਰ ਵਿਅੰਗ ਕੱਸਿਆ ਗਿਆ ਹੈ। ਇਹ ਅਫਵਾਹਾਂ ਜੋ ਸੱਚਾਈ ਤੋਂ ਕੋਹਾਂ ਦੂਰ ਹੁੰਦੀਆਂ ਹਨ। ਕਹਾਣੀਕਾਰ ਨੇ ਕਸੂਤਾ ਸਿੰਘ ਨਾਂਅ ਦਾ ਇੱਕ ਅਜਿਹਾ ਪਾਤਰ ਘੜਿਆ ਹੈ, ਜੋ ਗੰਥੀ ਸਿੰਘਾਂ ਬਾਰੇ, ਪੰਮੀ ਬਾਈ ਦੇ ਅਖਾੜੇ ਵਿੱਚ ਹੋਣ ਵਾਲੀ ਲੜਾਈ ਬਾਰੇ ਅਤੇ ਕਿਸੇ ਦੀ ਕੁੜੀ ਬਾਰੇ ਅਫਵਾਹਾਂ ਉਡਾ ਕੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ। 'ਕਰਨੀ ਦਾ ਫਲ' ਇੱਕ ਵਧੀਆ ਨੈਤਿਕ ਸਿੱਖਿਆ ਦੇਣ ਦੀ ਕਹਾਣੀ ਹੈ, ਜਿਸ ਵਿੱਚ ਇੱਕ ਪਤੀ ਆਪਣੀ ਪਤਨੀ ਨਾਲ ਕੀਤੀਆਂ ਵਧੀਕੀਆਂ ਕਾਰਨ ਬੁਢਾਪੇ ਵਿੱਚ ਮਾੜੀ ਜ਼ਿੰਦਗੀ ਜਿਉਂਦਾ ਹੈ। ਕਹਾਣੀ 'ਜਦ ਕਦ ਮੰਦਾ ਹੋਇ' ਵੀ ਨੈਤਿਕ ਸਿੱਖਿਆ ਦਿੰਦੀ ਕਹਾਣੀ ਹੈ, ਜਿਸ ਅਨੁਸਾਰ ਮਾੜੇ ਕੰਮ ਦਾ ਨਤੀਜਾ ਮਾੜਾ ਹੀ ਨਿਕਲਦਾ ਹੈ। ਕਹਾਣੀ 'ਵ੍ਰਕਤ' ਵਿੱਚ ਪੈਸੇ ਦੀ ਕਦਰ ਦਰਸਾਈ ਗਈ ਹੈ। ਇਸ ਢੰਗ ਨਾਲ ਇਸ ਸੰਗ੍ਰਹਿ ਦੀਆਂ ਕਹਾਣੀਆਂ ਨਵੇਂ ਸਮੇਂ ਵਿੱਚ ਪ੍ਰਚਲਿਤ ਅਸਮਾਜਿਕ ਤੱਤਾਂ ਨੂੰ ਜਿੱਥੇ ਭੰਡਦੀਆਂ ਹਨ, ਉੱਥੇ ਇਤਿਹਾਸ ਵਿੱਚ ਉਸ ਦੀਆਂ ਜੜ੍ਹਾਂ ਤੱਕ ਪੁੱਜਣ ਦਾ ਵਸੀਲਾ ਵੀ ਬਣਦੀਆਂ ਹਨ। ਇਸ ਪੁਸਤਕ ਦਾ ਵਿਸ਼ਾ-ਵਸਤੂ ਕਹਾਣੀਕਾਰ ਦੀ ਗੰਭੀਰਤਾ, ਵਿਲੱਖਣ ਨਜ਼ਰੀਏ ਅਤੇ ਕਲਾਕਾਰੀ ਦੀ ਹਾਮੀ ਭਰਦਾ ਹੈ। ਕਹਾਣੀ-ਸੰਗ੍ਰਹਿ ਦੀ ਭਾਸ਼ਾ ਸਰਲ ਤੇ ਠੇਠ ਹੈ ਅਤੇ ਕਹਾਣੀਕਾਰ ਨੇ ਨਵੇਕਲੀਆਂ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕਹਾਣੀ-ਸੰਗ੍ਰਹਿ ਨੂੰ ਪਾਠਕਾਂ ਵੱਲੋਂ ਪਸੰਦ ਕੀਤਾ ਜਾਵੇਗਾ।



**— ਡਾ. ਸੰਦੀਪ ਰਾਣਾ**

## ਯਾਰ ਰਬਾਬੀ

**(ਕਾਵਿ-ਸੰਗ੍ਰਹਿ)**
**ਸੁਖਪ੍ਰੀਤ ਬੱਡੋਂ**
**ਪੰਨੇ-111, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸੁਖਪ੍ਰੀਤ ਬੱਡੋਂ ਪ੍ਰਵਾਸੀ ਲੇਖਿਕਾ ਹੈ, ਜੋ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਯਾਰ ਰਬਾਬੀ' ਨਾਲ ਪੰਜਾਬੀ ਸਾਹਿਤ ਜਗਤ ਵਿੱਚ ਹਾਜ਼ਰ ਹੋਈ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਨਿੱਕੀਆਂ-ਨਿੱਕੀਆਂ 97 ਕਵਿਤਾਵਾਂ ਦਰਜ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਮਨ ਦੇ ਪਲੇਠੇ ਅਨੁਭਵ ਹਨ। ਕਾਵਿਕ ਰੂਪ ਵਿੱਚ ਅਪ੍ਰਪੱਕਤਾ ਦੇ ਹੁੰਦਿਆਂ ਵੀ, ਵਿਚਾਰ ਪੱਖੋਂ ਇਹ ਕਵਿਤਾਵਾਂ ਪਾਠਕ ਨੂੰ ਆਪਣੇ ਨਾਲ ਜੋੜਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਭੂ ਹੇਰਵਾ ਹੈ, ਆਪਣੀ ਮਿੱਟੀ ਪ੍ਰਤੀ ਮੋਹ ਹੈ, ਪਰ ਪ੍ਰਦੇਸੋਂ ਦੇਸ਼ ਨਾ ਪਰਤ ਸਕਣ ਦੀ ਅਧੂਰੀ ਰੀਝ ਉਸ ਨੂੰ ਅੰਦਰੋਂ ਤੋੜਦੀ ਨਹੀਂ, ਸਗੋਂ ਹੋਰ ਦ੍ਰਿੜ੍ਹਤਾ ਨਾਲ ਦਰਪੇਸ਼ ਸਮੱਸਿਆਵਾਂ ਦੇ ਨਾਲ ਲੜਨ ਦਾ ਹੌਸਲਾ ਪ੍ਰਦਾਨ ਕਰਦੀ ਹੈ।

ਇਨ੍ਹਾਂ ਕਵਿਤਾਵਾਂ ਵਿੱਚ ਔਰਤ ਮਨ ਦੀ ਵੇਦਨਾ ਹੈ। ਕੱਚਿਆਂ ਦੇ ਪਾਰ ਨਾ ਲਾਉਣ ਦਾ ਗਿਲਾ ਹੈ। ਔਰਤ ਅਤੇ ਮਰਦ ਦੀ ਅਬਰਾਬਰਤਾ, ਉਸ ਨੂੰ ਔਰਤ ਦੇ ਹੱਕਾਂ 'ਤੇ ਡਾਕਾ ਮਹਿਸੂਸ ਹੁੰਦੀ ਹੈ। ਅੱਜ ਦੇ ਮਨੁੱਖ ਪ੍ਰਤੀ ਰੋਹ ਹੈ ਕਿ ਮਨੁੱਖ ਨੇ ਖੁਦਗਰਜ਼ੀ ਰੌਅ ਵਿੱਚ ਆਪਣੀਆਂ ਆਪਸੀ ਸਾਂਝਾਂ, ਆਪਣੇ ਰਿਸ਼ਤੇ ਤੇ ਆਪਣੀਆਂ ਸਕੀਰੀਆਂ ਨੂੰ ਭੁਲਾ ਦਿੱਤਾ ਹੈ।ਕੁਦਰਤੀ ਨਿਆਮਤਾਂ ਦੇ ਨਾਲ ਖਿਲਵਾੜ ਕੀਤਾ ਹੈ। ਉਸ ਦਾ ਇਹ ਰੋਸ ਤਾਂ ਅਜਿਹੇ ਦ੍ਰਿਸ਼ ਨੂੰ ਵੀ ਦੇਖ ਰਿਹਾ ਹੈ, ਜਦੋਂ ਮਨੁੱਖੀ ਹੋਂਦ ਦੇ ਆਧਾਰ ਮੰਨੇ ਜਾਂਦੇ ਪੰਜ ਤੱਤ ਵੀ ਮਨੁੱਖੀ ਹੋਂਦ ਦੀ ਸਥਾਪਤੀ ਤੋਂ ਮੁਨਕਰ ਹੋ ਜਾਣਗੇ। ਸੁਖਪ੍ਰੀਤ ਬੱਡੋਂ ਆਪਣੀਆਂ ਇਹਨਾਂ ਕਵਿਤਾਵਾਂ ਵਿੱਚ ਵੱਡੇ ਸਵਾਲ ਵੀ ਉਠਾਉਂਦੀ ਹੈ, ਪਰ ਨਾਲ ਹੀ ਸਹਿਜ ਰੂਪ ਵਿੱਚ ਉਹਨਾਂ ਦਾ ਉੱਤਰ ਲੱਭਣ ਦੀ ਵੀ ਕੋਸ਼ਿਸ਼ ਕਰਦੀ ਹੈ।



ਸੁਖਪ੍ਰੀਤ ਦੀਆਂ ਇਹ ਕਵਿਤਾਵਾਂ ਧਾਰਮਿਕ ਮਸਲਿਆਂ, ਸਮਾਜਿਕ ਕੁਰੀਤੀਆਂ, ਮਨੁੱਖੀ ਅਕਾਂਖਿਆਵਾਂ ਅਤੇ ਮਨੁੱਖੀ ਮਨ ਦੀਆਂ ਲਾਲਸਾਵਾਂ, ਔਰਤ ਮਰਦ ਦੇ ਰਿਸ਼ਤੇ ਨਾਲ ਜੁੜੀਆਂ ਨੋਕਾਂ-ਝੋਕਾਂ ਅਤੇ ਔਰਤ ਪ੍ਰਤੀ ਮਰਦ ਅਤੇ ਸਮਾਜ ਦੇ ਨਜ਼ਰੀਏ ਨੂੰ ਪੇਸ਼ ਕਰਦੀਆਂ ਹਨ। ਕਾਵਿਕ ਸੂਝ ਨੂੰ ਹੋਰ ਪਰਪੱਕ ਬਣਾਉਣ ਅਤੇ ਆਪਣੀ ਸੋਚ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਦੀ ਆਸ ਵਿੱਚ ਸੁੱਖਪ੍ਰੀਤ ਬੱਡੋਂ ਦੇ ਇਸ ਕਾਵਿ-ਸੰਗ੍ਰਹਿ 'ਯਾਰ ਰਬਾਬੀ' ਦਾ ਪੰਜਾਬੀ ਸਾਹਿਤਕ ਜਗਤ ਵਿੱਚ ਸਵਾਗਤ ਹੈ।

**— ਰਾਮਪਾਲ ਸ਼ਾਹਪੁਰੀ (ਡਾ.)**

# ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ



**ਬਠਿੰਡਾ :** ਇੱਥੇ ਬੀਤੇ ਦਿਨੀਂ ਕਰਵਾਈ ਇਸ ਨੌਵੀਂ ਦੋ ਰੋਜ਼ਾ ਕਹਾਣੀ ਗੋਸ਼ਟੀ ਵਿੱਚ ਦੋਵੇਂ ਦਿਨ ਕਈ-ਕਈ ਦਰਜਨ ਕਹਾਣੀਕਾਰਾਂ, ਸਮੀਖਿਆਕਾਰਾਂ, ਸਾਹਿਤਕਾਰਾਂ, ਸਰੋਤਿਆਂ ਨੇ ਭਾਗ ਲਿਆ। ਸਭ ਤੋਂ ਪਹਿਲਾਂ ਗੋਸ਼ਟੀ ਦੇ ਸੰਯੋਜਕ ਟੀਮ ਦੇ ਸਹਿਯੋਗੀ ਰਹੇ ਸਾਥੀ ਜਰਨੈਲ ਭਾਈਰੂਪਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕਹਾਣੀ ਗੋਸ਼ਟੀ ਦੇ ਸੂਤਰਧਾਰ ਸ੍ਰੀ ਜਸਪਾਲ ਮਾਨਖੇੜਾ ਨੇ ਦੋਵੇਂ ਦਿਨਾਂ ਦੇ ਪੰਜੇ ਸੈਸ਼ਨਾਂ ਦਾ ਸੰਚਾਲਨ ਸਾਹਿਤਕ ਰੰਗ ਬਖੇਰਦਿਆਂ ਬਾਖੂਬੀ ਕੀਤਾ। ਕਹਾਣੀ ਗੋਸ਼ਟੀ ਦੇ ਮੁੱਖ ਸੰਚਾਲਕ ਹਰਬੰਸ ਸਿੰਘ ਬਰਾੜ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਇੰਗਲੈਂਡ ਵਾਸੀ ਸ਼ਾਇਰ ਅਜ਼ੀਮ ਸ਼ੇਖਰ ਨੇ ਪ੍ਰਬੰਧਕਾਂ ਨੂੰ ਮੁਬਾਰਕਬਾਦ ਕਹਿੰਦਿਆਂ ਕਹਾਣੀਕਾਰਾਂ, ਆਲੋਚਕਾਂ ਨੂੰ ਸ਼ੁਭ ਆਮਦ ਕਿਹਾ। ਗੋਸ਼ਟੀ 'ਚ ਪੰਜ ਕਹਾਣੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ 'ਤੇ ਆਲੋਚਨਾ ਚਰਚਾ ਕਰਦਿਆਂ ਸਮੀਖਿਆਕਾਰਾਂ ਤੇ ਆਲੋਚਕਾਂ ਨੇ ਕਹਾਣੀਆਂ ਦੇ ਵਿਸ਼ਿਆਂ ਅਤੇ ਤਕਨੀਕ ਦੀ ਪੁਣ-ਛਾਣ ਕੀਤੀ। ਬੁਲਾਰਿਆਂ ਨੇ ਬੇਲਿਹਾਜ ਹੋ ਕੇ ਦੁੱਧੋਂ ਪਾਣੀ ਛਾਣ ਕੇ ਰੱਖ ਦਿੱਤਾ। ਗੋਸ਼ਟੀ ਦੇ ਪਹਿਲੇ ਦਿਨ ਅਜਮੇਰ ਸਿੱਧੂ ਨੇ ਪਹਿਲੀ ਕਹਾਣੀ 'ਤੈਨੂੰ ਮਰਨਾ ਨਹੀਂ ਸੀ ਚਾਹੀਦਾ' ਪੇਸ਼ ਕੀਤੀ। ਜਿਸ 'ਤੇ ਆਲੋਚਕ ਪ੍ਰੋ: ਹਰਬਿੰਦਰ ਸਿੰਘ ਮੌੜ ਨੇ ਚਰਚਾ ਦਾ ਆਰੰਭ ਕੀਤਾ। ਦੂਜੀ ਕਹਾਣੀ ਸੁਰਿੰਦਰ ਨੀਰ ਨੇ ਕਹਾਣੀ 'ਅੱਧੀ ਸਦੀ ਦੀ ਔਰਤ' ਪੜ੍ਹੀ, ਜਿਸ 'ਤੇ ਚਰਚਾ ਦਾ ਆਰੰਭ ਪ੍ਰੋ: ਗੁਰਦੀਪ ਸਿੰਘ ਢਿੱਲੋਂ ਨੇ ਕੀਤਾ। ਤੀਜੀ ਰਵੀ ਸ਼ੇਰਗਿੱਲ ਦੀ ਕਹਾਣੀ 'ਬੁੱਲ੍ਹਾਂ 'ਚ ਘੁੱਟੀ ਮੁਸਕਰਾਹਟ' ਲੇਖਕ ਦੀ ਗੈਰਹਾਜ਼ਰੀ ਸਦਕਾ ਰੁਪਿੰਦਰ ਰੁਪਾਲ ਨੇ ਪੇਸ਼ ਕੀਤੀ। ਦੂਜੇ ਦਿਨ ਕਹਾਣੀਕਾਰ ਪ੍ਰਗਟ ਸਤੌਜ ਨੇ ਚੌਥੀ ਕਹਾਣੀ 'ਖੰਡੀ ਦਾ ਕੰਡਾ' ਪੜ੍ਹੀ ਅਤੇ ਚਰਚਾ ਦਾ ਆਰੰਭ ਪ੍ਰੋ: ਪਰਮਜੀਤ ਪਟਿਆਲਾ ਨੇ ਕੀਤਾ। ਕਹਾਣੀਕਾਰਾ ਅੰਮ੍ਰਿਤਪਾਲ ਕਲੇਰ ਨੇ ਪੰਜਵੀਂ ਕਹਾਣੀ 'ਖ਼ਰਾ ਹੱਡ' ਪੜ੍ਹੀ, ਜਿਸ 'ਤੇ ਚਰਚਾ ਦਾ ਆਰੰਭ ਡਾ. ਹਰੀਸ਼ ਬਰਨਾਲਾ ਨੇ ਕੀਤਾ।

ਕਹਾਣੀਆਂ ਉਪਰ ਸਾਹਿਤਕਾਰਾਂ ਤੇ ਆਲੋਚਕਾਂ ਸਰਵਸ੍ਰੀ ਨਿਰੰਜਣ ਬੋਹਾ, ਪ੍ਰੋ. ਮਨਜੀਤ ਸਿੰਘ, ਸੰਦੀਪ ਸਮਰਾਲਾ, ਪ੍ਰੋ. ਸਵਾਮੀ ਸਰਬਜੀਤ, ਗੁਰਦੇਵ ਖੋਖਰ, ਡਾ. ਸੰਦੀਪ ਰਾਣਾ, ਭੋਲਾ ਸਿੰਘ ਸੰਘੇੜਾ, ਦਰਸ਼ਨ ਜੋਗਾ, ਅਲਫਾਜ, ਐੱਚ ਐੱਚ ਡਿੰਪਲ, ਭੁਪਿੰਦਰ ਮਾਨ, ਬਲਵਿੰਦਰ ਸਿੰਘ ਭੁੱਲਰ, ਪਰਮਜੀਤ ਮਾਨ, ਜਗਤਾਰ ਅਵਾਰਾ, ਭੋਲਾ ਸਿੰਘ ਸਮੀਰੀਆ ਆਦਿ ਨੇ ਵਿਚਾਰ ਪੇਸ਼ ਕੀਤੇ ਅਤੇ ਸੁਝਾਅ ਦਿੱਤੇ। ਸਮਾਪਤੀ ਸਮੇਂ ਟੀਚਰਜ਼ ਹੋਮ ਟਰੱਸਟ ਦੇ ਜਨਰਲ ਸਕੱਤਰ ਲਛਮਣ ਮਲੂਕਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਪੰਜਾਬੀ ਭਾਸ਼ਾ ਦੀ ਨਿਵੇਕਲੀ ਤੇ ਨਰੋਈ ਪਿਰਤ ਵਾਲੀ ਗੋਸ਼ਟੀ ਹੈ। ਨਿਰੰਤਰਤਾ, ਲਗਾਤਾਰਤਾ ਅਤੇ ਬਿਨਾਂ ਨਾਗਾ ਇਸ ਦੀ ਪ੍ਰਮਾਣਿਕਤਾ ਹੈ। ਅੰਤ 'ਚ ਗੋਸ਼ਟੀ ਦੇ ਸੰਯੋਜਕ ਆਗਾਜਬੀਰ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਣਬੀਰ ਰਾਣਾ, ਰਮੇਸ਼ ਗਰਗ, ਜਸਵਿੰਦਰ ਜਸ, ਸੁਖਦਰਸ਼ਨ ਗਰਗ, ਕਮਲ ਬਠਿੰਡਾ, ਲਾਲ ਚੰਦ ਸਿੰਘ ਆਦਿ ਵੀ ਹਾਜ਼ਰ ਰਹੇ।

**—ਬਲਵਿੰਦਰ ਸਿੰਘ ਭੁੱਲਰ**

# ਸਾਹਿਤ ਚਿੰਤਨ ਵੱਲੋਂ 'ਜਿਓ ਪੌਲਟਿਕਸ' 'ਤੇ ਚਰਚਾ

**ਚੰਡੀਗੜ੍ਹ**-ਬੀਤੇ ਦਿਨੀਂ ਸਾਹਿਤ ਚਿੰਤਨ ਵੱਲੋਂ ਨਵਨੀਤ ਚਤੁਰਵੇਦੀ ਦੀ ਪੁਸਤਕ 'ਜਿਓ ਪੌਲਟਿਕਸ' ਬਾਰੇ ਸੰਖੇਪ ਚਰਚਾ ਕਰਦਿਆਂ ਪ੍ਰੋ. ਮਨਪ੍ਰੀਤ ਜੱਸ ਨੇ ਕਿਹਾ ਕਿ ਤਕੜੇ ਮੁਲਕ ਮਾੜੇ ਮੁਲਕਾਂ ਦੀ ਹੋਣੀ ਤੈਅ ਕਰਦੇ ਹਨ। ਉਹ ਝੂਠੇ ਬਿਰਤਾਂਤ ਸਿਰਜ ਕੇ ਲੋਕਾਂ ਦੀ ਮਾਨਸਿਕਤਾ




ਬਦਲਦੇ ਹਨ। ਕਾਰਪੋਰੇਟ ਘਰਾਣੇ ਸਟੇਟ ਦੀ ਸੰਪਤੀ ਤੇ ਸਾਧਨਾਂ ਉੱਤੇ ਕਾਬਜ਼ ਹੋ ਕੇ ਨਵ-ਬਸਤੀਵਾਦ ਲਈ ਰਾਹ ਪੱਧਰਾ ਕਰਦੇ ਹਨ। ਸੰਘ ਤੇ ਵਿਵੇਕਾਨੰਦ ਫਾਊਂਡੇਸ਼ਨ ਵੀ ਕਾਰਪੋਰੇਟਾਂ ਦੇ ਹਿੱਤ ਪੂਰਦੇ ਹਨ। ਸਾਡੀ ਵਿੱਤੀ ਤੇ ਵਿਦੇਸ਼ ਨੀਤੀ ਦੀ ਡੋਰ ਅਮਰੀਕੀ ਸਾਮਰਾਜ ਦੇ ਹੱਥ ਹੈ। ਸੱਤਾ ਤੇ ਧਰਮ ਦਾ ਗੱਠਜੋੜ ਫਾਸ਼ੀਵਾਦ ਦੀ ਬੁਨਿਆਦ ਹੈ। ਸ੍ਰੀ ਸ਼ਬਦੀਸ਼ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਮੁਗਲ ਬਾਦਸ਼ਾਹ ਜਹਾਂਗੀਰ ਨੇ ਈਸਟ ਇੰਡੀਆ ਕੰਪਨੀ ਨੂੰ ਵਪਾਰ ਕਰਨ ਦੀ ਮੋਹਲਤ ਦਿੱਤੀ ਸੀ। ਜਿਓ ਪੌਲਟਿਕਸ ਦਾ ਸੰਬੰਧ ਕੇਵਲ ਭਾਜਪਾ ਨਾਲ ਹੀ ਨਹੀਂ, ਕਾਂਗਰਸ ਨਾਲ ਵੀ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਜਿਓ ਪੌਲਟਿਕਸ ਤਿਗੜਮਬਾਜ਼ੀ ਹੈ। ਆਰਥਿਕਤਾ ਤੋਂ ਬਿਨਾਂ ਜਿਓ ਪੌਲਟਿਕਸ ਦੇ ਹੋਰ ਕਾਰਨ ਵੀ ਹਨ। ਕੰਗਾਲ ਜਰਮਨ ਦੇ ਹਿਟਲਰ ਨੇ ਪੈਸੇ ਲਈ ਨਹੀਂ, ਧਰਮ ਤੇ ਕੌਮ ਦੀ ਚੜ੍ਹਤ ਖਾਤਰ 60 ਲੱਖ ਯਾਹੂਦੀ ਮਾਰ ਘੱਤੇ। ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਡੀਪ ਸਟੇਟ ਨਾਲ ਤਖ਼ਤੇ ਪਲਟ ਕੀਤੇ ਜਾਂਦੇ ਹਨ। ਭਾਰਤ ਨੇ ਆਪਣੀ ਖੁਦਮੁਖਤਾਰੀ ਗਵਾ ਲਈ ਹੈ। ਇਹ ਕਾਰਾ ਵਿਰੋਧੀ ਧਿਰ ਨੇ ਨਹੀਂ ਕੀਤਾ। ਕਾਰਪੋਰੇਟ ਵੀ ਜੇਤੂ ਘੋੜੇ ਉੱਤੇ ਦਾਅ ਲਾਉਂਦੇ ਹਨ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਇਕੱਲਾ ਇਰਾਨ ਅਮਰੀਕਾ ਸਾਮਰਾਜ ਦਾ ਸਾਹਮਣਾ ਕਰ ਰਿਹਾ ਹੈ। ਸਮਾਜਵਾਦੀ ਮੁਲਕਾਂ ਨੂੰ ਵੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਖਾਸ ਤੌਰ 'ਤੇ ਇਸਲਾਮੀ ਮੁਲਕਾਂ ਨੂੰ ਈਰਾਨ ਦਾ ਸਮਰਥਨ ਕਰਨਾ ਚਾਹੀਦਾ ਹੈ। ਡਾ. ਜਗਦੀਸ਼ ਚੰਦਰ ਨੇ ਕਿਹਾ ਕਿ ਡੀਪ-ਸਟੇਟ, ਸਟੇਟ ਤੋਂ ਵੀ ਉਪਰ ਹੈ। ਦੂਜੀ ਜੰਗ ਪਿੱਛੋਂ ਬਣੇ ਸਾਰੇ ਆਲਮੀ ਅਦਾਰੇ ਅਮਰੀਕਾ ਤੇ ਬਰਤਾਨੀਆ ਪੱਖੀ ਹਨ । ਪ੍ਰੋ. ਜੈਪਾਲ ਸਿੰਘ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਐਪਸਟੀਨ ਫਾਇਲਾਂ ਵਿੱਚ ਸਾਡੇ ਹਾਕਮਾਂ ਦੇ ਨਾਂਅ ਬੋਲ ਰਹੇ ਹਨ। ਭਾਰਤ ਦੇ ਇਜ਼ਰਾਈਲ ਨਾਲ ਸੰਬੰਧ ਲੋਕ ਹਿੱਤ ਵਾਲੇ ਨਹੀਂ ਹਨ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਅੰਤਰਰਾਸ਼ਟਰੀ ਪੰਜਾਬੀ ਸਾਹਿਤਕ ਮੰਚ ਵੱਲੋਂ ਸਾਹਿਤਕ ਇਕੱਤਰਤਾ



**ਨਵੀਂ ਦਿੱਲੀ**-ਬੀਤੇ ਦਿਨੀਂ ਅੰਤਰਰਾਸ਼ਟਰੀ ਪੰਜਾਬੀ ਸਾਹਿਤਕ ਮੰਚ, ਦਿੱਲੀ ਵੱਲੋਂ ਸੁਰਜੀਤ ਭਵਨ ਨੇੜੇ ਮਾਤਾ ਸੁੰਦਰੀ ਕਾਲਜ, ਆਈ.ਟੀ.ਓ. ਦਿੱਲੀ-02 ਵਿਖੇ ਸਾਹਿਤਕ ਇਕੱਤਰਤਾ ਦਾ ਆਯੋਜਨ ਕੀਤਾ ਗਿਆ। ਇਸ ਇਕੱਤਰਤਾ ਦਾ ਆਗਾਜ਼ ਕਰਦਿਆਂ ਮੰਚ ਦੇ ਉਪ-ਪ੍ਰਧਾਨ ਸ੍ਰੀ ਰਮੇਸ਼ ਬੋਰਾ ਨੇ ਆਏ ਹੋਏ ਸਾਰੇ ਲੇਖਕਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਡਾ. ਸੰਜੇ ਕੁਮਾਰ ਨੇ ਸ਼ਿਰਕਤ ਕੀਤੀ। ਸ੍ਰੀਮਤੀ ਸ਼ੋਭਾ ਮਾਥੁਰ ਬਜਿੰਦਰ ਨੇ ਆਪਣੀ ਕਹਾਣੀ ਦੀ ਪੇਸ਼ਕਾਰੀ ਕੀਤੀ ਅਤੇ ਦੂਜੇ ਬੁਲਾਰੇ ਰਾਜਿੰਦਰ ਬਿਆਲਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ। ਇਸ ਮੌਕੇ ਰਾਜਿੰਦਰ ਬਿਆਲਾ ਦੁਆਰਾ ਰਚਿਤ ਨਿਵੇਕਲੀ ਪੁਸਤਕ 'ਦਾ ਬੁੱਕ ਚੈਲੈਜਿੰਗ ਦਾ ਬੁਕ' ਦੀ ਵੀ ਘੁੰਡ ਚੁਕਾਈ ਕੀਤੀ ਗਈ। ਮੰਚ-ਸੰਚਾਲਨ, ਮੰਚ ਦੇ ਜਨਰਲ ਸਕੱਤਰ ਡਾ. ਕਮਲ ਜੀਤ ਜੀਤ ਨੇ ਬਾਖੂਬੀ ਨਿਭਾਇਆ।

# ਰਾਬਤਾ ਕਾਵਿ ਮੰਚ ਦੀ ਇਕੱਤਰਤਾ

**ਅੰਮ੍ਰਿਤਸਰ :** ਰਾਬਤਾ ਮੁਕਾਲਮਾ ਕਾਵਿ ਮੰਚ ਦੀ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ ਰਾਬਤਾ ਮੁਕਾਲਮਾ ਕਾਵਿ ਮੰਚ ਅੰਮ੍ਰਿਤਸਰ ਦੀ ਮਾਰਚ ਮਹੀਨੇ ਦੀ ਮੀਟਿੰਗ ਸ਼ਾਇਰ ਮਲਵਿੰਦਰ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿੱਚ ਅਪਰੈਲ ਮਹੀਨੇ ਵਿੱਚ ਹੋਣ ਵਾਲੇ ਸਾਹਿਤਕ ਸਮਾਗਮਾਂ ਦੀ ਵਿਚਾਰ-ਚਰਚਾ ਕੀਤੀ ਗਈ। ਇਸ ਵਿੱਚ ਸਰਬਜੀਤ ਸਿੰਘ ਸੰਧੂ ਹੁਰਾਂ ਦੀ ਆ ਰਹੀ ਨਵੀਂ ਕਿਤਾਬ ਦੀ ਚਰਚਾ ਕਰਨ ਸੰਬੰਧੀ ਅਤੇ ਪਰਮਿੰਦਰ ਸਿੰਘ ਸੂਫ਼ੀ ਹੁਰਾਂ ਦੇ ਸੱਦੇ ਉੱਤੇ ਉਨ੍ਹਾਂ ਦੇ ਪਿੰਡ ਵਿੱਚ ਸਮਾਗਮ ਕਰਨ ਸੰਬੰਧੀ ਵਿਚਾਰ ਕੀਤੀ ਗਈ। ਇਸ ਇਕੱਤਰਤਾ ਵਿੱਚ ਸ਼ਾਮਲ ਦੋਸਤਾਂ ਨੇ ਆਪਣੀਆਂ ਨਵੀਆਂ ਰਚਨਾਵਾਂ ਸਾਂਝੀਆਂ ਕੀਤੀਆਂ।



# ਅੱਠਵਾਂ ਸਾਲਾਨਾ ਏਕਮ ਪੁਰਸਕਾਰ ਸਮਾਰੋਹ



**ਅੰਮ੍ਰਿਤਸਰ**-ਇਸ ਵਾਰ ਏਕਮ ਨਜ਼ਮ ਪੁਰਸਕਾਰ ਹਰਜੀਤ ਸਿੰਘ ਸੰਧੂ ਨੂੰ ਉਸ ਦੀ ਪਲੇਠੀ ਦੀ ਪੁਸਤਕ 'ਥੱਕੇ ਹਾਰੇ ਸ਼ਹਿਰ ਦੀ ਨੀਂਦ' ਤੇ ਮਨਜੀਤ ਕੌਰ ਮੀਸ਼ਾ ਨੂੰ ਉਸ ਦੀ ਪਲੇਠੀ ਦੀ ਗਜ਼ਲ ਪੁਸਤਕ 'ਆਸਾਂ ਦੇ ਤਾਰੇ' ਵਾਸਤੇ ਏਕਮ ਗਜ਼ਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਡਾ. ਲਖਵਿੰਦਰ ਜੌਹਲ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਤੇ ਡਾ. ਬਲਜੀਤ ਕੌਰ ਰਿਆੜ ਨੇ ਮੰਚ ਸੰਭਾਲਿਆ। ਡਾ. ਰਾਕੇਸ਼ ਤਿਲਕ ਰਾਜ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਮੰਚ 'ਤੇ ਡਾ. ਲਖਵਿੰਦਰ ਜੌਹਲ ਦੇ ਨਾਲ ਇਨਾਮ ਪ੍ਰਾਪਤ ਕਰਨ ਵਾਲੀਆਂ ਸ਼ਖ਼ਸੀਅਤਾਂ ਤੋਂ ਬਿਨਾਂ ਡਾ. ਸੁਖਬੀਰ ਕੌਰ ਮਾਹਲ, ਸਤਬੀਰ ਸਿੰਘ, ਅਰਵਿੰਦਰ ਸਿੰਘ ਭੱਟੀ ਤੇ ਸੁਰਿੰਦਰ ਫ਼ਰਿਸ਼ਤਾ ਬੈਠੇ। ਅਰਤਿੰਦਰ ਸੰਧੂ ਨੇ ਸਰੋਤਿਆਂ ਨੂੰ ਏਕਮ ਸਾਹਿਤ ਮੰਚ ਵੱਲੋਂ ਪਿਛਲੇ ਵਰ੍ਹਿਆਂ ਦੌਰਾਨ ਕੀਤੇ ਗਏ ਸਾਹਿਤਕ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਸ਼ਾਇਰਾਂ ਦੀ ਪਹਿਲੀ ਕਿਤਾਬ ਨੂੰ ਪੁਰਸਕਾਰ ਦੇਣ ਪਿੱਛੇ ਉਹਨਾਂ ਦੀ ਸਿਰਜਨਾਤਮਕ ਊਰਜਾ ਨੂੰ ਉਤਸ਼ਾਹਿਤ ਕਰਨਾ ਹੈ। ਹਰਜੀਤ ਸਿੰਘ ਸੰਧੂ ਦੀ ਕਿਤਾਬ ਬਾਰੇ ਪੇਪਰ ਮਲਕੀਤ ਰਾਸ਼ੀ ਨੇ ਪੜ੍ਹਿਆ ਤੇ ਮਨਜੀਤ ਕੌਰ ਮੀਸ਼ਾ ਦੀ ਕਿਤਾਬ ਬਾਰੇ ਸਰਬਜੀਤ ਸੰਧੂ ਨੇ ਪਰਚਾ ਪੜ੍ਹਿਆ। ਡਾ. ਲਖਵਿੰਦਰ ਜੌਹਲ ਨੇ ਦੋਵਾਂ ਸਨਮਾਨਿਤ ਹੋਣ ਵਾਲੇ ਸ਼ਾਇਰਾਂ ਨੂੰ ਮੁਬਾਰਕ ਦਿੰਦਿਆਂ ਹੋਇਆਂ ਕਿਹਾ ਕਿ ਏਕਮ ਸਾਹਿਤ ਮੰਚ ਵੱਲੋਂ ਕਵੀਆਂ ਦੀ ਪਹਿਲੀ ਕਿਤਾਬ ਨੂੰ ਸਨਮਾਨ ਦੇਣਾ ਉਹਨਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਹਨਾਂ ਬਾਰੇ ਸਾਹਿਤਕ ਖੇਤਰ ਨੂੰ ਜਾਣਕਾਰੀ ਦੇਣਾ ਵੀ ਹੈ। ਡਾ. ਲਖਵਿੰਦਰ ਸਿੰਘ ਜੌਹਲ ਨੂੰ ਏਕਮ ਸਨਮਾਨ ਚਿੰਨ੍ਹ ਤੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਏਕਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਡਾ. ਸੁਖਬੀਰ ਕੌਰ ਮਾਹਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਬਲਜੀਤ ਰਿਆੜ ਦੇ ਸੰਤੁਲਿਤ ਮੰਚ ਸੰਚਾਲਨ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਸ਼ਾਇਰਾਂ ਦੀ ਦੁਨੀਆ ਵੱਲੋਂ 'ਇੱਕ ਮੁੱਠੀ ਬੀਜ' ਪੁਸਤਕ ਲੋਕ ਅਰਪਣ

**ਜਲੰਧਰ**-ਸ਼ਾਇਰਾਂ ਦੀ ਦੁਨੀਆ ਵੱਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦੇ ਸਹਿਯੋਗ ਨਾਲ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਵਿੰਦਰ ਸੰਧੂ ਦੇ ਕਾਵਿ ਸੰਗ੍ਰਹਿ 'ਕਿਰਨ ਪਾਤ ਅਤੇ ਸਮੇਂ ਦੀ ਕੈਨਵਸ' 'ਤੇ ਅਧਾਰਤ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ 'ਇੱਕ ਮੁੱਠੀ ਬੀਜ' ਲੋਕ ਅਰਪਣ ਕੀਤੀ ਗਈ। ਚਰਨਜੀਤ ਸਮਾਲਸਰ ਦੁਆਰਾ ਲਿਖਿਆ ਕਿਤਾਬ ਬਾਰੇ ਜਾਣਕਾਰੀ ਭਰਪੂਰ ਪਰਚਾ ਪੜ੍ਹਿਆ। ਡਾ. ਸੋਮਾ ਸਬਲੋਕ ਨੇ ਪਰਚਾ ਪੜ੍ਹਦਿਆਂ ਕਿਤਾਬ ਦੇ ਮੂਲ ਲੇਖਕ ਸਵਿੰਦਰ ਸੰਧੂ ਅਤੇ ਸੰਪਾਦਕ ਜਗਦੀਸ਼ ਰਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੋਵੇਂ ਸਾਹਿਤਕਾਰ ਲੋਕ ਪੱਖੀ ਹੋਣ ਕਰਕੇ 'ਇੱਕ ਮੁੱਠੀ ਬੀਜ' ਪੁਸਤਕ ਵਿੱਚ ਵੀ ਜ਼ਿਆਦਾਤਰ ਰਚਨਾਵਾਂ ਲੋਕ ਸਰੋਕਾਰਾਂ ਨਾਲ ਸੰਬੰਧਤ ਹੀ ਲਈਆਂ ਗਈਆਂ ਹਨ ਤੇ ਇਸ ਦਾ ਸੁਆਗਤ ਕਰਨਾ ਬਣਦਾ ਹੈ।ਜੋਗਿੰਦਰ ਸੰਧੂ ਅਤੇ ਬਲਬੀਰ ਕੌਰ ਰਾਏਕੋਟੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਵਿੰਦਰ ਸੰਧੂ ਕੋਲ ਉਮਰ ਭਰ ਦਾ ਤਜਰਬਾ ਹੈ, ਜਿਹੜਾ ਉਸ ਦੀਆਂ ਕਵਿਤਾਵਾਂ ਵਿੱਚ ਵੀ ਨਜ਼ਰ ਆਉਂਦਾ ਹੈ। ਸਵਿੰਦਰ ਸੰਧੂ ਨੇ ਕਿਹਾ ਕਿ ਇੱਕ ਮੁੱਠੀ ਬੀਜ ਤਿਆਰ ਕਰਨਾ ਉਸ ਲਈ ਵੱਡੇ ਸਨਮਾਨ ਬਰਾਬਰ ਹੈ। ਇਸ ਉਪਰੰਤ ਹੋਏ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਜਾਗਰਣ ਦੇ ਸਹਿ ਸੰਪਾਦਕ ਜਸਵਿੰਦਰ ਦੂਹੜਾ, ਪ੍ਰਸਿੱਧ ਕਵੀ ਮੋਹਨ ਮਤਿਆਲਵੀ, ਕੁਲਬੀਰ ਸਿੰਘ ਕੰਵਲ ਅਤੇ ਨੱਕਾਸ਼ ਚਿੱਤੇਵਾਣੀ ਬਿਰਾਜਮਾਨ ਰਹੇ।



# ਪਰਮਜੀਤ ਸਿੰਘ ਸੋਹਲ ਦੀ ਪੁਸਤਕ 'ਕਾਲ ਨਾਚ' 'ਤੇ ਸੰਵਾਦ



**ਲੁਧਿਆਣਾ :** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਸੰਵਾਦ-1 ਅਧੀਨ ਡਾ. ਪਰਮਜੀਤ ਸਿੰਘ ਸੋਹਲ ਦੀ ਕਾਵਿ ਪੁਸਤਕ 'ਕਾਲ ਨਾਚ' 'ਤੇ ਵਿਚਾਰ ਗੋਸ਼ਟੀ ਪੰਜਾਬੀ ਭਵਨ, ਲੁਧਿਆਣਾ ਵਿਖੇ ਕਰਵਾਈ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਅਰੁਣ ਮਿੱਤਰਾ, ਡਾ. ਪਾਲ ਕੌਰ, ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਸ. ਗੁਰਪ੍ਰੀਤ ਸਿੰਘ ਤੂਰ ਨੇ ਸਾਂਝੇ ਤੌਰ 'ਤੇ ਕੀਤੀ। ਡਾ. ਅਰੁਣ ਮਿੱਤਰਾ ਪ੍ਰਧਾਨ ਇੰਡੀਅਨ ਡਾਕਟਰਜ਼ ਆਫ਼ ਪੀਸ ਐਂਡ ਡਿਵੈਲਪਮੈਂਟ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਕਿਹਾ ਕਿ ਦੁਨੀਆ ਬਾਰੂਦ ਦੇ ਭੰਡਾਰ 'ਤੇ ਬੈਠੀ ਹੈ। ਕੋਈ ਵੀ ਹਥਿਆਰਬੰਦ ਪ੍ਰਕ੍ਰਿਆ ਨਾਲ ਆਲਮੀ ਜੰਗ ਦਾ ਖਤਰਾ ਪੈਦਾ ਹੋ ਜਾਂਦਾ ਹੈ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਪਰਮਜੀਤ ਸੋਹਲ ਭਾਵੇਂ ਲੰਮੇ ਸਮੇਂ ਤੋਂ ਸਾਡਾ ਸਮਕਾਲੀ ਹੋ ਕੇ ਲਿਖ ਰਿਹਾ ਹੈ, ਪਰ ਇਸ ਕਿਤਾਬ ਨਾਲ ਉਸ ਦਾ ਕੱਦ ਵੀ ਉੱਚਾ ਹੋਇਆ ਹੈ। ਪੇਪਰ ਪੜ੍ਹਦਿਆਂ ਡਾ. ਜਗਵਿੰਦਰ ਜੋਧਾ ਨੇ ਸਾਡੇ ਸਮਿਆਂ ਦੇ ਚਿੰਤਨ ਅਤੇ ਪੁਸਤਕ ਵਿਚ ਬੜੀਆਂ ਸੰਵੇਦਨਸ਼ੀਲ ਕਵਿਤਾਵਾਂ ਦੇ ਹਵਾਲੇ ਨਾਲ ਕਿਹਾ ਕਿ ਡਾ. ਪਰਮਜੀਤ ਸੋਹਲ ਨੇ ਇਹ ਕਿਤਾਬ ਲਿਖ ਕੇ ਆਪਣੇ ਅੰਦਰ ਚੱਲ ਰਹੇ ਸੰਘਰਸ਼ 'ਤੇ ਜਿੱਤ ਪ੍ਰਾਪਤ ਕਰ ਲਈ ਹੈ। ਡਾ. ਸੰਦੀਪ ਸ਼ਰਮਾ ਨੇ ਆਪਣੇ ਪੇਪਰ ਵਿਚ ਡਾ. ਸੋਹਲ ਦੀਆਂ ਕਵਿਤਾਵਾਂ ਅਤੇ ਸਾਡੇ ਲੋਕਾਂ ਦੀ ਜੰਗ ਵਿਰੋਧੀ ਭਾਵਾਂ ਨੂੰ ਅਤੇ ਦੁਨੀਆ ਭਰ ਵਿਚ ਚੱਲ ਰਹੇ ਜੰਗ ਵਿਰੋਧੀ ਵਿਚਾਰਾਂ ਨਾਲ ਮੇਲਦਿਆਂ ਕਵਿਤਾਵਾਂ ਦੀ ਕਾਵਿਕਤਾ ਦੀ ਗਹਿਰਾਈ 'ਤੇ ਇਕ ਤਰੀਕੇ ਨਾਲ ਮੋਹਰ ਲਗਾਈ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਇਹ ਅਕਾਡਮੀ ਵੱਲੋਂ ਇਸ ਸੈਸ਼ਨ ਵਿਚ ਕਰਵਾਇਆ ਜਾਣ ਵਾਲਾ ਪਹਿਲਾ ਸੰਵਾਦ ਹੈ, ਜਿਹੜਾ ਬਕਾਇਦਾ ਇਹ ਸੋਚ ਕੇ ਯੋਜਨਾਬੱਧ ਕੀਤਾ ਗਿਆ ਕਿ ਇਸ ਦਾ ਪ੍ਰਸੰਗ ਆਲਮੀ ਜੰਗ ਦੇ ਖਤਰੇ ਨਾਲ ਜੁੜਦਾ ਹੈ। ਪੁਸਤਕ ਬਾਰੇ ਡਾ. ਅਰਵਿੰਦਰ ਕਾਕੜਾ, ਮਨਦੀਪ ਭੰਮਰਾ ਤੇ ਹੋਰਨਾਂ ਨੇ ਵਿਚਾਰ ਪ੍ਰਗਟ ਕੀਤੇ।

# ਪੰਜਾਬੀ ਸਾਹਿਤ ਅਕਾਡਮੀ ਵੱਲੋਂ ਇੰਦਰਜੀਤ ਕੌਰ ਸਾਹਿਤ ਸਨਮਾਨ ਤੇ ਪ੍ਰੋ. ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਨਮਾਨ ਸਥਾਪਤ

**ਲੁਧਿਆਣਾ :** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਇਸ ਟੀਮ ਦੀ ਪਹਿਲੀ ਇਕੱਤਰਤਾ ਪੰਜਾਬੀ ਭਵਨ, ਲੁਧਿਆਣਾ ਵਿਖੇ ਹੋਈ, ਜਿਸ ਵਿਚ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਐਲਾਨ ਕੀਤਾ ਕਿ ਡਾ. ਆਤਮਜੀਤ ਸਿੰਘ ਦੇ ਪਰਵਾਰ ਵੱਲੋਂ ਦੋ ਵੱਡੇ ਪੁਰਸਕਾਰ ਸ਼ੁਰੂ ਕੀਤੇ ਜਾ ਰਹੇ ਹਨ। ਇਹ ਸਾਲਾਨਾ ਪੁਰਸਕਾਰ ਸ੍ਰੀਮਤੀ ਇੰਦਰਜੀਤ ਕੌਰ ਸਾਹਿਤ ਸਨਮਾਨ ਅਤੇ ਪ੍ਰੋ. ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਨਮਾਨ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਰਾਹੀਂ ਦਿੱਤੇ ਜਾਇਆ ਕਰਨਗੇ। ਉਨ੍ਹਾਂ ਦੱਸਿਆ ਕਿ ਸ੍ਰੀਮਤੀ ਇੰਦਰਜੀਤ ਕੌਰ ਸਾਹਿਤ ਸਨਮਾਨ ਲੇਖਕ ਦੀ ਸਮੁੱਚੀ ਸਾਹਿਤਕ ਦੇਣ ਲਈ ਦਿੱਤਾ ਜਾਵੇਗਾ, ਜਿਸ ਵਿਚ ਇੱਕ ਲੱਖ ਰੁਪਏ ਰਾਸ਼ੀ, ਪ੍ਰਸੰਸਾ ਪੱਤਰ, ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇਗਾ। ਇਸ ਕਾਰਜ ਹਿੱਤ ਪਰਵਾਰ ਨੇ ਬਾਰਾਂ ਲੱਖ ਰੁਪਏ ਦਾ ਚੈੱਕ ਅਕਾਡਮੀ ਕੋਲ ਜਮ੍ਹਾਂ ਕਰਵਾ ਦਿੱਤਾ ਹੈ। ਪ੍ਰੋ. ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਨਮਾਨ ਇੱਕ ਰੰਗਕਰਮੀ ਨੂੰ ਦਿੱਤਾ ਜਾਇਆ ਕਰੇਗਾ। ਇਸ ਸਨਮਾਨ ਵਿਚ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਪ੍ਰਸੰਸਾ ਪੱਤਰ, ਸਨਮਾਨ ਚਿੰਨ੍ਹ ਅਤੇ ਦੋਸ਼ਾਲਾ ਭੇਟਾ ਕੀਤਾ ਜਾਵੇਗਾ। ਇਸ ਪੁਰਸਕਾਰ ਲਈ ਪਰਵਾਰ ਵੱਲੋਂ ਤਿੰਨ ਲੱਖ ਰੁਪਏ ਦਾ ਚੈੱਕ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਕੋਲ ਜਮ੍ਹਾਂ ਕਰਵਾ ਦਿੱਤਾ ਹੈ। ਉਨ੍ਹਾ ਦੱਸਿਆ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਦੇ 650 ਸਾਲਾ ਦਿਵਸ ਨੂੰ ਸਮਰਪਿਤ ਦੋ ਰੋਜ਼ਾ ਸੈਮੀਨਾਰ ਕਰਵਾਇਆ ਜਾਵੇਗਾ, ਜਿਸ ਵਿਚ ਵਿਦਵਾਨਾਂ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਖੋਜ ਪੱਤਰ ਪੜ੍ਹੇ ਜਾਣਗੇ। ਉਨ੍ਹਾ ਦੱਸਿਆ ਕਿ ਅਕਾਡਮੀ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਦੇ ਜੀਵਨ ਤੇ ਬਾਣੀ ਬਾਰੇ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਜਾਵੇਗੀ।

# ਨਵੇਂ ਚੁਣੇ ਪ੍ਰਬੰਧਕੀ ਬੋਰਡ ਦੀ ਪਲੇਠੀ ਇਕੱਤਰਤਾ



**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਨਵੇਂ ਚੁਣੇ ਗਏ ਪ੍ਰਬੰਧਕੀ ਬੋਰਡ ਦੀ ਪਲੇਠੀ ਇਕੱਤਰਤਾ 5 ਅਪ੍ਰੈਲ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੀਆਂ ਤਿੰਨ ਪ੍ਰਮੁੱਖ ਸ਼ਖ਼ਸੀਅਤਾਂ ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ ਅਤੇ ਡਾ. ਸਰਬਜੀਤ ਕੌਰ ਸੋਹਲ ਨੂੰ ਪ੍ਰਬੰਧਕੀ ਬੋਰਡ ਵਿਚ ਸ਼ਾਮਲ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਡਾ. ਹਰੀ ਸਿੰਘ ਜਾਚਕ ਨੂੰ ਸਕੱਤਰ, ਸੱਭਿਆਚਾਰਕ ਸਰਗਰਮੀਆਂ, ਸ. ਪ੍ਰਭਜੋਤ ਸਿੰਘ ਸੋਹੀ ਨੂੰ ਸਕੱਤਰ, ਭਵਨ ਪ੍ਰਬੰਧਕ ਅਤੇ ਸ੍ਰੀ ਕੇ. ਸਾਧੂ ਸਿੰਘ ਨੂੰ ਸਕੱਤਰ ਦਫ਼ਤਰ ਅਤੇ ਪ੍ਰੈੱਸ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪ੍ਰਬੰਧਕੀ ਬੋਰਡ ਦੀ ਇਕੱਤਰਤਾ ਵਿਚ ਡਾ. ਸ. ਸ. ਜੌਹਲ, ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਪਾਲ ਕੌਰ, ਡਾ. ਗੁਰਇਕਬਾਲ ਸਿੰਘ, ਸ੍ਰੀ ਜਸਪਾਲ ਮਾਨਖੇੜਾ, ਸ. ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਨਵਤੇਜ ਗੜ੍ਹਦੀਵਾਲਾ, ਡਾ. ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਡਾ. ਰੋਜ਼ੀ ਸਿੰਘ, ਦੀਪ ਜਗਦੀਪ ਸਿੰਘ ਸ਼ਾਮਲ ਹਨ।

# 'ਉਸ ਨੂੰ ਕਹੀਂ' ਦਾ ਮੰਚਣ

**ਬਰਨਾਲਾ**-ਪਰਵਾਜ਼ ਥੀਏਟਰ ਬਰਨਾਲਾ ਵੱਲੋਂ ਕੱਲ੍ਹ ਵਿਸ਼ਵ ਰੰਗ-ਮੰਚ ਦਿਵਸ ਨੂੰ ਸਮਰਪਿਤ ਇੰਟਰਨੈਸ਼ਨਲ ਟੰਡਨ ਸਕੂਲ ਬਰਨਾਲਾ ਦੇ ਓਪਨ ਏਅਰ ਥੀਏਟਰ ਵਿੱਚ ਦਿਲਪ੍ਰੀਤ ਚੌਹਾਨ ਦੀ ਨਿਰਦੇਸ਼ਨਾ ਹੇਠ ਪਾਲੀ ਭੁਪਿੰਦਰ ਸਿੰਘ ਦੇ ਲਿਖੇ ਨਾਟਕ 'ਉਸ ਨੂੰ ਕਹੀਂ' ਦਾ ਸਫ਼ਲ ਮੰਚਣ ਕੀਤਾ ਗਿਆ। ਇਹ ਨਾਟਕ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਭਾਰਤ ਖ਼ਾਸ ਕਰਕੇ ਪੰਜਾਬ ਦੇ ਸੰਦਰਭ ਵਿੱਚ ਮਨੁੱਖੀ ਮਾਨਸਿਕਤਾ ਦੀਆਂ ਵੱਖ-ਵੱਖ ਪਰਤਾਂ ਨੂੰ ਪੇਸ਼ ਕਰਦਾ ਹੈ। ਨਾਟਕ ਵਿੱਚ ਮੁੱਖ



ਪਾਤਰ ਦਿਲਪ੍ਰੀਤ ਚੌਹਾਨ ਤੋਂ ਬਿਨਾਂ ਗੁਰਮੀਤ ਬਾਵਾ, ਮਨਦੀਪ ਦੇਵੀ, ਸੈਂਡੀ ਸੰਦੀਪ, ਰਣਜੀਤ ਚੌਹਾਨ, ਤਰਨਪ੍ਰੀਤ ਸਿੰਘ, ਮਨੀ ਲੋਹਟ, ਕਰਮਜੀਤ ਭੋਤਨਾ, ਹਰਕਰਨਪ੍ਰੀਤ ਸਿੰਘ ਅਤੇ ਇੰਦਰਪ੍ਰੀਤ ਸਿੰਘ ਨੇ ਆਪੋ ਆਪਣੇ ਕਿਰਦਾਰ ਬਾਖ਼ੂਬੀ ਨਿਭਾਏ।ਸਮਾਗਮ ਦੇ ਆਰੰਭ ਵਿੱਚ ਜਿੱਥੇ ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ, ਉੱਥੇ ਭੋਲਾ ਸਿੰਘ ਸੰਘੇੜਾ ਨੇ ਵਿਸ਼ਵ ਰੰਗਮੰਚ ਦਿਵਸ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਅਜੋਕੇ ਸਮੇਂ ਵਿੱਚ ਇਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

# ਪਾਠਕਾਂ ਦੇ ਝਰੋਖੇ 'ਚੋਂ

## ਰੇਖਾ ਚਿੱਤਰ ਬਡੇਸਰੋਂ ਤੋਂ ਬੰਬਈ

5 ਅਪਰੈਲ ਦੇ 'ਐਤਵਾਰਤਾ' 'ਚ ਕਹਾਣੀਕਾਰ ਤੇ ਸੁਹਿਰਦ ਸਾਹਿਤਕਾਰ ਤਰਸੇਮ ਸਿੰਘ ਭੰਗੂ ਦੀ ਕਲਮ ਤੋਂ ਲਿਖਿਆ ਰੇਖਾ ਚਿੱਤਰ ਬਡੇਸਰੋਂ ਤੋਂ ਬੰਬਈ ਤੱਕ ਪੜ੍ਹ ਕੇ ਕਥਾਕਾਰਾ ਕੁਲਬੀਰ ਬਡੇਸਰੋਂ ਦੀ ਗੁਰਦਾਸਪੁਰ ਦੀ ਸਾਹਿਤਕ ਫੇਰੀ ਤੇ ਸਾਹਿਤ ਸਭਾ ਵੱਲੋਂ ਕੀਤੇ ਕੁਲਬੀਰ ਬਡੇਸਰੋਂ ਦੇ ਸਨਮਾਨ ਦੀ ਗਾਥਾ ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ। ਖ਼ੁਸ਼ੀ ਹੋਈ ਇਹ ਜਾਣ ਕੇ ਕਿ ਬਡੇਸਰੋਂ ਨੇ ਟੀ ਵੀ ਜਲੰਧਰ 'ਤੇ ਵੀ ਪ੍ਰੋਡਿਊਸਰ ਵਜੋਂ ਸੇਵਾ ਕੀਤੀ ਹੈ। ਕੋਈ ਸਮਾਂ ਸੀ ਜਦੋਂ ਕੁਲਬੀਰ ਬਡੇਸਰੋਂ ਦੀ ਕਹਾਣੀ 'ਗੱਡੀ ਦੇ ਡੱਬੇ' ਭਾਸ਼ਾ ਵਿਭਾਗ ਦੇ ਚਰਚਿੱਤ ਮੈਗਜ਼ੀਨ ਜਨ ਸਾਹਿਤ ਵਿਚ ਮੈਂ ਪੜ੍ਹੀ ਸੀ। ਇਹ ਗੱਲ ਸ਼ਾਇਦ ਪੰਜਾਹ ਸਾਲ ਪਹਿਲਾਂ ਦੀ ਹੈ, ਜਦੋਂ ਮੈਂ ਅਜੇ ਕਾਲਜ ਵਿਚ ਪੜ੍ਹ ਰਿਹਾ ਸੀ। ਇਸ ਰੇਖਾ ਚਿੱਤਰ ਦੀ ਖਾਸ ਗੱਲ ਮੈਨੂੰ ਲੱਗੀ ਕਿ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਧੀਆਂ-ਭੈਣਾਂ ਨੂੰ ਪੇਕਿਆਂ ਵਾਲਾ ਮਾਣ-ਸਨਮਾਨ ਦਿੱਤਾ ਗਿਆ ਤੇ ਆਪਣੀ ਸਾਹਿਤਕ ਫੇਰੀ ਦੌਰਾਨ ਬਡੇਸਰੋਂ ਨੇ ਸਮਾਗਮ ਤੋਂ ਇਕ ਦਿਨ ਪਹਿਲਾਂ ਆਪਣੇ ਭਰਾ ਤਰਸੇਮ ਭੰਗੂ ਤੇ ਭੰਗੂ ਸਾਹਿਬ ਦੇ ਪਰਵਾਰ ਨਾਲ ਮੋਹ-ਪਿਆਰ ਦਾ ਰੰਗ ਬੰਨ੍ਹਿਆ।

ਬੂਟਾ ਸਿੰਘ ਮਹਿਮੂਦਪੁਰ ਨੇ ਫਾਸ਼ੀਵਾਦ ਦਾ ਕਰੂਰ ਚਿਹਰਾ ਲਿਖਤ ਵਿਚ ਪੇਸ਼ ਕੀਤਾ ਹੈ। ਨਿਆਂਪਸੰਦ ਮੁੰਡੇ-ਕੁੜੀਆਂ 'ਤੇ ਘੋਰ ਤਸ਼ੱਦਦ ਦਾ ਪੜ੍ਹ ਕੇ ਹੈਰਾਨੀ ਤੇ ਮਾਯੂਸੀ ਹੋਈ।ਲਿਖਤ ਪੜ੍ਹ ਕੇ ਲੂੰਅ ਕੰਡੇ ਖੜੇ ਹੋ ਗਏ ।ਇਹ ਕਾਹਦਾ ਲੋਕਤੰਤਰ ਹੈ? ਜਤਿੰਦਰ ਪਨੂੰ ਦੇ ਕਾਲਮ 'ਦ੍ਰਿਸ਼ਟੀਕੋਣ' ਵਿਚ ਦੇਸ਼ ਵਿਚ ਸਿਹਤ ਦੇ ਨਾਂਅ 'ਤੇ ਚੱਲ ਰਹੇ ਘੁਟਾਲਿਆਂ ਤੇ ਹੋਰ ਘਪਲਿਆਂ ਦੀ ਹੈਰਾਨੀਜਨਕ ਦਾਸਤਾਨ ਪੜ੍ਹੀ। ਕਰੋੜਾਂ ਦੇ ਘਪਲੇ ਹਨ, ਜੋ ਕੋਈ ਬੰਦਾ ਸੋਚ ਵੀ ਨਹੀਂ ਸਕਦਾ। ਇਸ ਵੱਡੇ ਨੈੱਟਵਰਕ 'ਤੇ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ। 'ਕੋਈ ਅਗਲਾ ਵਰਕਾ ਫੋਲ' ਵਿਚ ਵੀ ਬਹੁਤ ਕੁਝ ਹੈ। ਡਾ. ਮੰਡ ਨੇ ਇਕ ਦਿਲਚਸਪ ਠੱਗੀ ਦੀ ਗੱਲ ਕੀਤੀ ਹੈ। ਲੋਕ ਮਿੱਠੇ-ਪਿਆਰੇ ਬਣ ਕੇ ਠੱਗੀ ਕਰ ਜਾਂਦੇ ਹਨ ।ਸਮਾਂ ਬਹੁਤ ਮਾੜਾ ਜਾ ਰਿਹਾ ਹੈ ।ਡਾ. ਸੰਦੀਪ ਰਾਣਾ ਨੇ ਬਲਬੀਰ ਪਰਵਾਨਾ ਦੀ ਕਹਾਣੀ ਕਿਤਾਬ ਦਾ ਚੰਗਾ ਵਿਸ਼ਲੇਸ਼ਣ ਕੀਤਾ ਹੈ। ਡਾ. ਰਾਣਾ ਦੀ ਸ਼ਬਦਾਵਲੀ ਨਿਰੋਲ ਆਲੋਚਕਾਂ ਵਾਲੀ ਹੈ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਲੂਣਾ ਅਤੀਤ ਅਤੇ ਵਿਸ਼ੈਲਾ ਵਰਤਮਾਨ : ਹਰਵਿੰਦਰ ਭੰਡਾਲ

ਕਿਊਬਾ ਫੇਰੀ ਤੋਂ ਦੇ ਪ੍ਰਭਾਵ : ਮੱਖਣ ਕੁਹਾੜ

'ਲੌਕਡਾਊਨ ਇੰਫਿਨਿਟੀ' : ਡਾ. ਕਰਨੈਲ ਸ਼ੇਰਗਿੱਲ (ਫੋਕਸ) ਡਾ. ਗੁਰਜੰਟ ਸਿੰਘ

ਸੁਖਵਿੰਦਰ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਕਾਵਿਲੋਕ : ਆਲੋਚਨਾ ਤੇ ਚਿੰਤਨ ਦਾ ਸੁਮੇਲ




'ਕਾਵਿਲੋਕ' ਦਾ ਅਪ੍ਰੈਲ-ਜੂਨ, 2026 ਅੰਕ ਮੇਰੇ ਹੱਥ ਵਿੱਚ ਹੈ। ਉਸ ਦੇ ਨਾਲ ਪਰਚੇ ਦੇ ਪਿਛਲੇ ਦੋ ਅੰਕਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਨਵੇਂ ਅੰਕ ਵਿੱਚ ਮੋਨਿਕਾ ਢੋਡ ਅਰੋੜਾ ਦੀ ਕਵਿਤਾ 'ਮੈਂ ਗ਼ਜ਼ਲ ਨਹੀਂ ਲਿਖ ਸਕਦੀ... ' ਟਾਇਟਲ ਪੰਨੇ ਤੇ ਛਪੀ ਹੈ। ਗ਼ਜ਼ਲ ਦੇ ਵਿਧੀ ਵਿਧਾਨ ਦੇ ਮੈਟਾਫਰ ਨੂੰ ਮੋਨਿਕਾ ਨੇ ਨਾਰੀ ਮਨ ਦੀ ਅਵਸਥਾ ਨੂੰ ਪ੍ਰਗਟ ਕਰਨ ਲਈ ਵਰਤਿਆ ਹੈ। ਚੰਗੀ ਕਵਿਤਾ ਹੈ। ਅੰਤਲੇ ਪੰਨੇ ਉੱਤੇ ਸੁਰਿੰਦਰ ਸੋਹਲ ਦੀ ਕਵਿਤਾ 'ਟੈਕਸੀ 'ਚ ਮਿਲੇ ਲੋਕ' ਵੀ ਸੋਹਣੀ ਰਚਨਾ ਹੈ। ਅੰਕ ਵਿੱਚ ਕੈਨੇਡਾ ਦੇ ਬਹੁਪੱਖੀ ਲੇਖਕ ਮੇਜਰ ਮਾਂਗਟ ਨਾਲ ਸੁਰਜੀਤ ਕੈਨੇਡਾ ਨੇ ਲੰਮੀ ਤੇ ਕਈ ਪੱਖਾਂ ਤੋਂ ਸਾਰਥਕ ਮੁਲਾਕਾਤ ਕੀਤੀ ਹੈ। ਅੰਕ ਦੀ ਸੰਪਾਦਕੀ 'ਚ ਡਾ. ਲਖਵਿੰਦਰ ਸਿੰਘ ਜੌਹਲ ਨੇ 'ਕਰਤਾਰੀ ਕਵਿਤਾ' ਦਾ ਜ਼ਿਕਰ ਕੀਤਾ ਹੈ। ਜਿਨ ਵਿੱਚ ਉਨ੍ਹਾਂ ਪੱਛਮੀ ਚਿੰਤਕਾਂ ਦੇ ਹਵਾਲੇ ਨਾਲ ਕਵਿਤਾ ਦੇ ਤੱਤਾਂ ਨਾਲ ਸਬੰਧਤ ਮਹੱਤਪੂਰਨ ਗੱਲਾਂ ਕੀਤੀਆਂ ਹਨ। ਗੰਭੀਰ ਮੁੱਦੇ ਤੇ ਸੰਪਾਦਕੀ ਪਰਚੇ ਦੀ ਗੰਭੀਰਤਾ ਬਣਾਈ ਰੱਖਦੀ ਹੈ। ਵੱਖ ਵੱਖ ਵਿਧਾਵਾਂ ਦੇ ਵਿਦਵਾਨ ਚਿੰਤਕਾਂ ਵਲੋਂ ਲਿਖੇ ਹੱਥਲੇ ਅੰਕ ਵਿੱਚ ਲੇਖ ਪ੍ਰਕਾਸ਼ਤ ਹੋਏ ਹਨ। ਡਾ. ਮੇਘਾ ਸਲਵਾਨ ਹੁਰਾਂ 'ਗੁਰੂ ਨਾਨਕ ਬਾਣੀ ਵਿਚ ਪ੍ਰਤੀਪਾਦਿਕ ਮਾਨਵੀ ਜੀਵਨ ਦਾ ਮੂਲ ਮਨੋਰਥ' 'ਚ ਮਾਨਵੀ ਮੁੱਲਾਂ ਦਾ ਵਿਸ਼ਲੇਸ਼ਣ ਕੀਤਾ ਹੈ। ਮਨਜੀਤ ਕੌਰ ਵੱਲੋਂ 'ਪੰਜਾਬੀ ਬਾਲ ਲੋਕਗੀਤ ਸਰੂਪ ਅਤੇ ਵਰਗੀਕਰਨ' ਵਿੱਚ ਲੋਕ ਧਾਰਾ ਦੇ ਹਵਾਲੇ ਨਾਲ ਗੰਭੀਰ ਚਰਚਾ ਕੀਤੀ ਹੈ। ਹਰਪ੍ਰੀਤ ਕੌਰ 'ਬਾਰਾਂ ਦੇ ਲੋਕ ਅਤੇ 1947 ਪਰਵਾਸ, ਸਮਾਜਿਕ ਸਾਂਝ ਅਤੇ ਉਜਾੜੇ ਦੀ ਤ੍ਰਾਸਦੀ' ਦੇਸ ਵੰਡ ਸਬੰਧੀ ਕੁਝ ਆਹੂਤੀਆਂ ਧਾਰਨਾਵਾਂ ਲੈ ਕੇ ਪੇਸ਼ ਹੋਈ ਹੈ। ਲਖਵਿੰਦਰ ਜੌਹਲ ਹੁਰਾਂ ਦੀ ਮਹੱਤਪੂਰਨ ਕਿਤਾਬ 'ਅੱਥਰੂ ਦੀ ਆਤਮ ਕਥਾ-ਇਤਿਹਾਸ, ਮਿਥਿਹਾਸ ਤੇ ਵਰਤਮਾਨ ਸੰਦਰਭ' ਤਹਿਤ ਭਾਰਤੀ ਚਿੰਤਨ ਪਰੰਪਰਾ ਦੇ ਸੰਦਰਭ ਵਿੱਚ ਵਿਸ਼ਲੇਸ਼ਣ ਡਾ. ਹਰਿੰਦਰ ਸਿੰਘ ਤੁੜ ਨੇ ਕੀਤਾ ਹੈ। ਡਾ. ਪਰਮਜੀਤ ਸਿੰਘ ਢੀਂਗਰਾ ਹੁਰਾਂ ਦਾ 'ਪੰਜਾਬ ਦੀ ਜੀਓ ਪਾਲਿਟਿਕਸ ਪੰਜਾਬ ਭਾਸ਼ਾ ਤੇ ਪਛਾਣ ਦਾ ਸੰਕਟ' ਲੇਖ ਵਿੱਚ ਜੀਓ ਪਾਲਿਟਿਕਸ ਦਾ ਤਰਕ ਨਾਲ ਅਧਿਐਨ ਕੀਤਾ ਗਿਆ ਹੈ। ਅੱਗੇ 'ਸਵਰਨਜੀਤ ਸਵੀ ਦੀ ਕਾਵਿ-ਸਿਰਜਣ ਪ੍ਰਕਿਰਿਆ' (ਡਾ. ਮਿੰਨੀ ਸਲਵਾਨ), ਇਤਿਹਾਸ ਦੀ ਭਵਿੱਖਮੁਖੀ ਬਿਰਤਾਂਤਕਾਰੀ 'ਪੌਣਾ ਮੀਲ ਸਰਹੱਦ' (ਡਾ. ਲਖਵਿੰਦਰ ਸਿੰਘ ਜੌਹਲ), 'ਪੰਜਾਬ ਦੇ ਸਿਹਤ ਤੇ ਸਿੱਖਿਆ ਖੇਤਰ ਵਿੱਚ ਉਦਾਸੀ ਪੰਥ ਦਾ ਯੋਗਦਾਨ (ਡਾ. ਹਰਜਿੰਦਰ ਸਿੰਘ-ਅਜੈ ਕੁਮਾਰ), ਪਰਵਿੰਦਰ ਗੋਗੀ ਦੀ ਕਿਤਾਬ 'ਸੁਖਨ ਲੋਅ' ਦੀ ਪੜ੍ਹਤ ਦੌਰਾਨ (ਸੁਰਜੀਤ ਟੋਰਾਂਟੋ), ਮਧਾਣੀਆਂ! ਹਾਏ ਓ ਮੇਰੇ ਡਾਢਿਆ ਰੱਬਾ' (ਅਸ਼ੋਕ ਬਾਂਸਲ ਮਾਨਸਾ) ਆਦਿ ਲੇਖ ਆਪਣੀ ਗੰਭੀਰਤਾ ਬਣਾਈ ਰੱਖਦੇ ਹਨ। ਅੰਤ ਵਿੱਚ ਪੁਸਤਕ ਪੜਚੋਲ ਤਹਿਤ 'ਯੱਖ਼ ਰਾਤ ਦੀ ਮੌਤ' ਤੇ 'ਤਾਰਿਆਂ ਦੀ ਗੁਜ਼ਰਗਾਹ' ਕਿਤਾਬਾਂ ਉੱਤੇ ਜਤਿੰਦਰ ਔਲਖ ਤੇ ਸਰਬਜੀਤ ਕੌਰ ਜੱਸ ਨੇ ਪੜਚੋਲ ਕੀਤੀ ਹੈ।

'ਕਾਵਿ ਲੋਕ' ਦੇ ਅਕਤੂਬਰ-ਦਸੰਬਰ,2025 ਅੰਕ ਦੀ ਆਪਣੀ ਮਹੱਤਤਾ ਹੈ। ਪਰਚੇ ਦੇ ਟਾਇਟਲ ਉੱਤੇ ਗਿੱਲ ਸੁਰਿੰਦਰ ਦੀ 'ਚੁੱਪ ਦੀ ਵਾਣੀ' ਸੋਹਣੀ ਕਵਿਤਾ ਹੈ। ਸੰਪਾਦਕੀ ਵਿੱਚ ਡਾ. ਜੌਹਲ ਹੁਰਾਂ ਸਾਹਿਤ ਦੀ ਸਮਝ ਬਾਰੇ 'ਵਿਧੀ ਅਤੇ ਵਿਧਾ' ਸਿਰਲੇਖ 'ਚ ਸਾਰਥਕ ਗੱਲਾਂ ਕੀਤੀਆਂ ਹਨ। ਅੰਕ ਵਿੱਚ ਡਾ. ਯੋਗਰਾਜ ਨੇ ਪਰਦੀਪ ਦੀ ਕਵਿਤਾ ਬਾਰੇ, ਹਰਪ੍ਰੀਤ ਕੁਮਾਰ ਨੇ ਅਰਤਿੰਦਰ ਸੰਧੂ ਦੀ ਕਵਿਤਾ 'ਬਿਸਾਤ' ਦੇ ਸੰਦਰਭ ਵਿੱਚ, ਡਾ. ਮੇਘਾ ਸਲਵਾਨ ਨੇ 'ਮੇਰੀ ਚੀਨ ਯਾਤਰਾ' ਵਨੀਤਾ ਰਚਿਤ ਦਾ ਵਿਸ਼ਲੇਖਣ ਸੋਹਣੇ ਤਰੀਕੇ ਨਾਲ ਕੀਤਾ ਹੈ। ਇਸੇ ਤਰ੍ਹਾਂ ਡਾ. ਮਿੰਨੀ ਸਲਵਾਨ ਵੱਲੋਂ 'ਪਾਕਿਸਤਾਨੀ ਕਹਾਣੀ ਵਿੱਚ ਦੇਸ਼ ਵੰਡ ਦਾ ਪ੍ਰਤੀਰੋਧ' ਨਿੱਠ ਕੇ ਕੀਤਾ ਗਿਆ ਵਿਸ਼ਲੇਸ਼ਣ ਹੈ। ਹਰਮਨਪ੍ਰੀਤ ਸਿੰਘ ਨੇ (ਫੁੱਲਾਂ ਦੀ ਝਾਂਜਰ) ਨੂੰ ਸਮਝਣ ਦਾ ਯਤਨ ਕੀਤਾ ਹੈ। ਸੁਰਜੀਤ ਟੋਰਾਂਟੋ ਨੇ ਕੁਲਜੀਤ ਮਾਨ ਨਾਲ ਖੁੱਲ੍ਹੀਆਂ ਗੱਲ੍ਹਾਂ ਕੀਤੀਆਂ ਹਨ। ਰਾਜਨ ਦਾ ਪੰਜਾਬੀ ਗੀਤਾਂ ਵਿੱਚ ਮਜ਼ਦੂਰਾਂ ਤੇ ਕਿਸਾਨਾਂ ਦੀ ਪੇਸ਼ਕਾਰੀ ਵਾਲੇ ਗੀਤਾਂ ਦਾ ਵਿਸ਼ਲੇਸ਼ਣ, ਸ਼ਬਦ ਸਰਗਮ ਦਾ ਸੰਚਾਰ ਵਿਧਾਨ ਡਾ. ਹਰਜਿੰਦਰ ਸਿੰਘ, ਦੁੱਲਾ ਭੱਟੀ ਦੇ ਨਾਇਕ ਬਿੰਬ ਤੇ ਲੱਖਾ ਸਿੰਘ ਲੇਖ ਵੀ ਅੰਕ ਵਿੱਚ ਪੜ੍ਹਨ ਨੂੰ ਮਿਲਦੇ ਹਨ। ਇਸੇ ਤਰ੍ਹਾਂ 'ਕਾਵਿਲੋਕ' ਦਾ ਜਨਵਰੀ-ਮਾਰਚ,26 ਵਾਲਾ ਅੰਕ ਸਾਂਭਣਯੋਗ ਅੰਕ ਹੈ ਜਿਸ ਦੇ ਟਾਇਟਲ ਉੱਤੇ ਲਾਲ ਸਿੰਘ ਦਿਲ ਦੀ ਕਵਿਤਾ ਦਰਜ ਹੈ। 'ਨਵੀਂ ਕਵਿਤਾ ਬਾਰੇ' ਡਾ. ਜੌਹਲ ਦੀ ਸੰਪਾਦਕੀ ਹੈ। ਹੱਥਲੇ ਅੰਕ ਵਿੱਚ ਜਸਵੰਤ ਜ਼ਫ਼ਰ ਦੀ ਕਿਤਾਬ 'ਮੈਨੂੰ ਬੁੱਧੂ ਹੋਣਾ ਚਾਹੀਦਾ ਸੀ' 'ਤੇ ਡਾ. ਅਮਰਜੀਤ ਕੌਂਕੇ, ਸਤਪਾਲ ਭੀਖੀ ਦੀ ਕਵਿਤਾ 'ਤੇ ਤਰਸੇਮ, ਗੁਰਭਜਨ ਗਿੱਲ ਦੀ 'ਜਲ ਕਣ' 'ਤੇ ਡਾ. ਸਰਦੂਲ ਔਜਲਾ, ਸੁਰਜੀਤ ਪਾਤਰ ਬਾਰੇ ਗੁਲਜ਼ਾਰ ਸੰਧੂ, ਵਿਆਹ ਦੇ ਗੀਤਾਂ ਬਾਰੇ ਪੂਨਮ ਕੁਮਾਰੀ, ਸੰਦੀਪ ਜਸਵਾਲ ਦੀ ਕਵਿਤਾ ਬਾਰੇ ਜਗਦੀਸ਼ ਰਾਣਾ, ਗਿ. ਦਿੱਤ ਸਿੰਘ ਬਾਰੇ ਹਰਵਿੰਦਰ ਸਿੰਘ, ਜਰਨੈਲ ਸਿੰਘ ਦੀ ਕਹਾਣੀ 'ਨਾਬਰੀ' 'ਤੇ ਪ੍ਰੋ. ਮਨਪ੍ਰੀਤ ਕੌਰ, ਬਲਬੀਰ ਪਰਵਾਨਾ ਦੇ ਨਾਵਲ 'ਰੌਲ਼ਿਆਂ ਵੇਲੇ' 'ਤੇ ਨਿਰੰਜਣ ਬੋਹਾ, ਜਸਪਾਲ ਮਾਨਖੇੜਾ ਦੇ ਨਾਵਲ 'ਹਵੇਲੀਆਲਾ' ਬਾਰੇ ਗੋਪਾਲ ਸਿੰਘ, ਹਾਇਕੂ ਤੇ ਡਾ. ਨਾਇਬ ਸਿੰਘ ਮੰਡੇਰ, ਸੁਖਵਿੰਦਰ ਅੰਮ੍ਰਿਤ ਤੇ ਗੁਰਦਿਆਲ ਦਲਾਲ ਆਦਿ ਨੇ ਚਿੰਤਨੀ ਸੁਰ ਵਿੱਚ ਆਲੋਚਨਾ ਲੇਖ ਲਿਖੇ ਹਨ। ਤਿੰਨੋਂ ਪਰਚਿਆਂ ਵਿੱਚ ਡਾ. ਜੌਹਲ ਦੀ ਮਿਹਨਤ ਸਾਫ਼ ਝਲਕਦੀ ਹੈ। ਖੋਜ ਜਰਨਲ ਦੇ ਮਿਆਰ ਨੂੰ ਕਾਇਮ ਰੱਖਿਆ ਹੈ। 'ਕਾਵਿਲੋਕ' ਹੋਰ ਨਿੱਖਰ ਦੇ ਪਾਠਕਾਂ ਤੱਕ ਪੁੱਜ ਰਿਹਾ ਹੈ। ਕਾਵਿ ਲੋਕ, ਮੁੱਲ : 50 ਰੁਪਏ, ਪੰਨੇ :98, ਸੰਪਾਦਕ : ਡਾ. ਲਖਵਿੰਦਰ ਸਿੰਘ ਜੌਹਲ (94171-94812), ਪਤਾ : 20 ਪ੍ਰੋਫੈਸਰ ਕਲੋਨੀ, ਵਡਾਲਾ ਚੌਂਕ ਜਲੰਧਰ-144001, ਰਚਨਾਵਾਂ ਭੇਜਣ ਲਈ email: kavlok2020@gmail.com

## ਸ਼ਬਦ ਤ੍ਰਿੰਜਣ : ਹਾਸ ਵਿਅੰਗ ਮੈਗਜ਼ੀਨ




'ਸ਼ਬਦ ਤ੍ਰਿੰਜਣ' ਦਾ ਅਕਤੂਬਰ 25-ਮਾਰਚ, 26 ਅੰਕ ਛਪ ਕੇ ਪੁੱਜਾ ਹੈ। ਅੰਕ ਵਿੱਚ ਮੰਗਤ ਕੁਲਜਿੰਦ (ਨੋਬਲ ਸ਼ਾਤੀ ਪੁਰਸਕਾਰ), ਮਾਲਵਿੰਦਰ ਸ਼ਾਇਰ (ਲੈ ਆ ਬਲਾ ਦੁਪਹਿਰਾ ਕੱਟ), ਅਮਰਜੀਤ ਜੀਤ (ਚੁਸਤ ਮੰਤਰ), ਤਰਸੇਮ ਭੰਗੂ (ਜ਼ਿੰਦਗੀ ਦੇ ਅਸਲ ਨਾਇਕ), ਸਾਧੂ ਰਾਮ ਲੰਗੇਆਣਾ (ਤਾਈ ਨਿਹਾਲੀ...) ਐੱਮ ਕੇ ਰਾਹੀ (ਘੁਮਿਆਰ ਸੇਪੀ ਲੈਣ...), ਸੂਬਾ ਸਿੰਘ (ਅਰਜ਼ੋਈਆ), ਨਾਇਬ ਸਿੰਘ ਮੰਡੇਰ (ਤਕੜੀ ਤੇ ਵੱਟੇ), ਨੂਰ ਸੰਤੋਖਪੁਰੀ (ਸ਼ਾਂਤੀ ਭਵਨ) ਵਿਅੰਗ ਲਿਖਤਾਂ ਤੋਂ ਇਲਾਵਾ ਕੁਝ ਕਵਿਤਾਵਾਂ, ਲੇਖ, ਮਿੰਨੀ ਕਹਾਣੀਆਂ ਅਤੇ ਅੰਤ ਵਿੱਚ ਕਿਤਾਬਾਂ ਦੇ ਰੀਵਿਊ ਛਪੇ ਹਨ। ਪਰਚਾ ਪਾਠਕਾਂ ਨੂੰ ਰੌਚਿਕ ਸਮੱਗਰੀ ਛਾਪ ਕੇ ਪ੍ਰਦਾਨ ਕਰਦਾ ਹੈ। ਅੰਕ ਦਾ ਸਮੁੱਚਾ ਪ੍ਰਭਾਵ ਚੰਗਾ ਹੈ। ਸ਼ਬਦ ਤ੍ਰਿੰਜਣ, ਮੁੱਲ :30 ਰੁਪਏ, ਪੰਨੇ :48, ਸੰਪਾਦਕ : ਮੰਗਤ ਰਾਏ ਮਿੱਤਲ (94177-53892), ਰਚਨਾਵਾਂ ਭੇਜਣ ਲਈ : email: mangatraimittal1956@gmail.com

## ਮਾਸਿਕ ਵੈਟਨਰੀ ਖ਼ਬਰਨਾਮਾ : ਜਨਵਰੀ-ਫਰਵਰੀ,2026

ਇਹ ਮਾਸਿਕ ਪਰਚਾ ਪੰਜਾਬ ਭਰ ਦੇ ਵੈਟਨਰੀ ਇੰਸਪੈਕਟਰਾਂ ਦੀ ਆਵਾਜ਼ ਹੈ। ਇਸ ਵਿੱਚ ਇਨ੍ਹਾਂ ਉਪਰੋਕਤ ਕਰਮਚਾਰੀਆਂ ਦੀਆਂ ਮੰਗਾਂ ਤੇ ਸਰਗਰਮੀਆਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ। ਰੀਪੀਟ ਬਰੀਡਿੰਗ ਤੋਂ ਬਚਾਅ, ਮਾਰਕ ਟੱਲੀ, ਅਰਦਾਸ ਵਿੱਚ ਜੁੜੇ ਹੱਥ ਜਰਮਨੀ ਕਹਾਣੀ ਤੋਂ ਇਲਾਵਾਂ ਵੈਟਨਰੀ ਕਰਮਚਾਰੀਆਂ ਦੀਆਂ ਤਸਵੀਰਾਂ, ਖ਼ਤ ਅਤੇ ਉਨ੍ਹਾਂ ਬਾਰੇ ਹੋਰ ਜਾਣਕਾਰੀ ਦਿੱਤੀ ਗਈ ਹੈ। ਇਕ ਤਰ੍ਹਾਂ ਨਾਲ ਵੈਟਨਰੀ ਕਰਮਚਾਰੀਆਂ ਨੂੰ ਜੋੜਨ ਦਾ ਚੰਗਾ ਯਤਨ ਹੈ। 'ਵੈਟਨਰੀ ਖ਼ਬਰਨਾਮਾ' ਸੰਪਾਦਕ: ਬਿਹਾਰੀ ਲਾਲ ਛਾਬੜਾ, ਫੇਜ਼-2, ਅਰਬਨ ਅਸਟੇਟ, ਜਲੰਧਰ-1440022, ਲਿਖਤਾਂ ਭੇਜਣ ਲਈ ਵੱਟਸਐਪ ਨੰਬਰ 98144-24896.



# ਦਲਜੀਤ ਰਾਏ ਕਾਲੀਆ ਦੀਆਂ ਨਵੀਆਂ ਗ਼ਜ਼ਲਾਂ



(1)

ਪੜ੍ਹ ਨਾ ਹੋਣ ਕਸੀਦੇ ਸਾਥੋਂ,
ਹਾਕਮ ਦਾ ਗੁਣ ਗਾਉਣਾ ਨਹੀਓਂ।
ਝਾਕ ਨਹੀਂ ਸਨਮਾਨਾਂ ਵਾਲੀ,
ਕੋਈ ਜੁਗਾੜ ਬਣਾਉਣਾ ਨਹੀਓਂ।
ਮਨ ਮਸਤਕ ਦੀ ਜੋਤ ਜਗੇ ਜਦ,
ਹੋਵਣ ਦੂਰ ਹਨੇਰੇ ਸਾਰੇ,
ਕਬਰਾਂ ਉੱਤੇ ਧਰ ਨਾ ਦੀਵੇ,
ਇਹਨਾਂ ਰਾਹ ਰੁਸ਼ਨਾਉਣਾ ਨਹੀਓਂ
ਬਚਪਨ ਵਿੱਚ ਸੀ ਢੋਲੇ ਲਾਉਂਦੇ,
ਫ਼ਿਕਰ ਨਹੀਂ ਸਨ ਨੇੜੇ ਆਉਂਦੇ,
ਮਾਂ ਮਮਤਾ ਦੀ ਮੂਰਤ ਤੁਰ ਗਈ,
ਮਾਂ ਦਾ ਪਿਆਰ ਥਿਆਉਣਾ ਨਹੀਓਂ।
ਮਾਤ ਪਿਤਾ ਦੀ ਸੇਵਾ ਉੱਤਮ,
ਕਰ ਲੈ ਬੀਬਾ ਤੂੰ ਮਨ ਲਾ ਕੇ,
ਇੱਕ ਵਾਰੀ ਜਦ ਗਏ ਜਹਾਨੋਂ,
ਮੁੜ ਕੇ ਫਿਰ ਪਾਉਣਾ ਨਹੀਓਂ।
ਸੱਚੀ ਗੱਲ ਸਿਆਣੇ ਦੱਸਣ,
ਲਈਏ ਬੰਨ੍ਹ ਸਦਾ ਹੀ ਪੱਲੇ,
ਚਾਦਰ ਵੇਖ ਜੋ ਪੈਰ ਪਸਾਰੇ,
ਕਦੇ ਵੀ ਉਸ ਪਛਤਾਉਣਾ ਨਹੀਓਂ।

ਸੌਣ ਮਹੀਨੇ ਪੂੜੇ ਪੱਕਣ,
ਭਾਵੇਂ ਬਣਨ ਪਦਾਰਥ ਛੱਤੀ,
ਜਿਸ ਦਾ ਕੱਚਾ ਕੋਠਾ ਚੋਂਦਾ,
ਸੌਣ ਕਦੇ ਵੀ ਭਾਉਣਾ ਨਹੀਓਂ।

ਜਦ ਦਿਲਬਰ ਸੀ ਕੋਲ ਅਸਾਡੇ,
ਤੀਆਂ ਵਰਗੇ ਦਿਨ ਸਨ ਹੁੰਦੇ,
ਲੰਮੀ ਮਾਰੀ ਉਸ ਉਡਾਰੀ,
ਹੁਣ ਉਸ ਫੇਰਾ ਪਾਉਣਾ ਨਹੀਓਂ।

ਦੇਸ਼ ਆਜ਼ਾਦੀ ਖਾਤਰ ਯੋਧੇ,
ਵਾਰ ਗਏ ਨੇ ਕੀਮਤੀ ਜਾਨਾਂ,
ਭਗਤ ਸਰਾਭੇ ਗ਼ਦਰੀ ਬਾਬੇ,
ਵਿਰਸਾ ਅਸੀਂ ਭੁਲਾਉਣਾ ਨਹੀਓਂ।

ਕਿਰਤੀ ਵੀਰੋ ਏਕਾ ਕਰਕੇ,
ਰਾਹ ਸੰਗਰਾਮਾਂ ਵਾਲੇ ਮੱਲੋ,
ਰਣ ਤੱਤੇ ਵਿੱਚ ਜੂਝੇ ਬਾਝੋਂ,
ਪਰਚਮ ਨੇ ਲਹਿਰਾਉਣਾ ਨਹੀਓਂ।

ਨਿਸ ਦਿਨ ਨੇਤਾ ਕੁਰਸੀ ਖਾਤਰ,
ਜਨਤਾ ਵਿੱਚ ਨੇ ਵੰਡਾਂ ਪਾਉਂਦੇ,
ਜਾਗਰੂਕ ਹੋਈ ਹੁਣ ਜਨਤਾ,
ਝਾਂਸੇ ਦੇ ਵਿੱਚ ਆਉਣਾ ਨਹੀਓਂ।

ਹਿਟਲਰ ਨਾਜ਼ੀ ਹੋ ਸਕਦਾ ਹੈ,
ਹਾਕਮ ਢੌਂਗੀ ਹੋ ਸਕਦਾ ਹੈ,
ਜਨ ਸੇਵਕ ਨਾ ਉਸ ਨੂੰ ਆਖੋ,
ਜਿਸ ਨੇ ਦਰਦ ਵੰਡਾਉਣਾ ਨਹੀਓਂ।

ਫੜ ਪੱਲਾ ਕਾਮਲ ਮੁਰਸ਼ਦ ਦਾ,
ਔਖੀ ਤਕਨੀਕ ਗਜ਼ਲ ਦੀ ਹੈ,
ਗੁਰੂਆਂ ਦੀ ਰਹਿਮਤ ਬਾਝੋਂ,
ਭੇਤ ਗ਼ਜ਼ਲ ਦਾ ਆਉਣਾ ਨਹੀਓਂ।

(2)

ਚੋਰਾਂ ਕੋਲੋਂ ਡਰ ਲੱਗਦਾ ਹੈ,
ਸਾਧਾਂ ਕੋਲੋਂ ਡਰ ਲੱਗਦਾ ਹੈ।
ਹਰ ਕੋਈ ਹੀ ਲੁੱਟ ਮਚਾ ਕੇ,
ਭਰਦਾ ਅਪਣਾ ਘਰ ਲੱਗਦਾ ਹੈ।
ਏਕਾ ਤੇ ਇਤਫ਼ਾਕ ਨਹੀਂ ਜੇ,
ਘਰ ਉਹ ਕਾਰਾਗਰ ਲੱਗਦਾ ਹੈ।
ਕਿੱਦਾਂ ਅਪਣੇ ਆਖ ਰਹੇ ਹੋ,
ਆਪਣਿਆਂ ਤੋਂ ਡਰ ਲੱਗਦਾ ਹੈ।
ਰਿਜ਼ਕ ਦੀ ਖਾਤਰ ਪੁੱਤਰ ਧੀਆਂ,
ਦੂਰ ਉਡਾਰੀ ਮਾਰ ਗਏ ਨੇ,
ਪਿੱਛੇ ਰਹਿ ਗਏ ਮਾਪੇ 'ਕੱਲੇ,
ਸੁੰਨ-ਮਸੁੰਨਾ ਘਰ ਲੱਗਦਾ ਹੈ।
ਔਖੀ ਜਨਤਾ ਵਿਲਕੇ ਭੁੱਖੀ,
ਹੋਣਾ ਕੀ ਹੈ ਇਸ ਨੂੰ ਫ਼ਾਇਦਾ,
ਧਰਮ ਦੁਆਰੇ ਚਾਂਦੀ ਸੋਨਾ,
ਤੇ ਸੰਗੇਮਰਮਰ ਲੱਗਦਾ ਹੈ।
ਜਨ ਮਾਣਸ ਦੀ ਗੱਲ ਸੁਣੇ ਨਾ,
'ਮਨ ਕੀ ਬਾਤ' ਸੁਣਾਵੇ ਨੇਤਾ,
ਲੋਕ ਹਿਤੂ ਨਾ ਨੀਤੀ ਉਸ ਦੀ,
ਉਹ ਮੈਨੂੰ ਹਿਟਲਰ ਲੱਗਦਾ ਹੈ।
ਜ਼ੁਲਮ ਤਸ਼ੱਦਦ ਸਹਿੰਦਾ ਬੰਦਾ,
ਸਾਰੀ ਵਿੱਥਿਆ ਦੱਸ ਰਿਹਾ ਏ,
ਹਾਕਮ ਦੇ ਕੋਲੋਂ ਉਹ ਬੰਦਾ,
ਹੋਇਆ ਹੁਣ ਨਾਬਰ ਲੱਗਦਾ ਹੈ।
ਕਿੰਝ ਮਿਲੇ ਦੁੱਖ ਤੋਂ ਛੁਟਕਾਰਾ,
ਏਸੇ ਦੀ ਹੈ ਚਿੰਤਾ ਸਭ ਨੂੰ,
ਸੁਖ ਸਾਧਨ ਬਹੁਤੇਰੇ ਹੋਏ,
ਖੁਸ਼ ਨਾ ਕੋਈ ਪਰ ਲੱਗਦਾ ਹੈ।
ਬੜੇ ਚਿਰਾਂ ਤੋਂ ਜੂਝ ਰਹੇ ਸਨ,
ਹੱਕਾਂ ਖਾਤਰ ਕਿਰਤੀ ਪਿੜ ਵਿੱਚ,
ਜੇਤੂ ਰੈਲੀ ਅੱਜ ਹੈ ਕੱਢੀ,
ਮੋਰਚਾ ਹੋਇਆ ਸਰ ਲੱਗਦਾ ਹੈ।
ਲਾਲਚ ਦੇ ਵੱਸ ਧੀ ਦੀ ਸ਼ਾਦੀ,
ਬਾਬਲ ਨਾਲ ਦੁਹਾਜੂ ਕੀਤੀ,
ਰਿਸ਼ਤਾ ਵੀ ਅਣਜੋੜ ਹੈ ਜੁੜਿਆ,
ਹਾਣ ਦਾ ਕਿੱਥੇ ਵਰ ਲੱਗਦਾ ਹੈ।

(3)

ਦਰਦ ਕਹਾਣੀ ਬਾਪੂ ਦੱਸੇ,
ਬੀਤੇ ਵਕਤ ਲੰਘਾਏ ਕਿੱਦਾਂ।
ਹੱਲਿਆਂ ਵੇਲੇ ਆਪਣਿਆਂ ਤੋਂ,
ਦੂਰ ਹੋਏ ਹਮਸਾਏ ਕਿੱਦਾਂ।
ਮਿਲ ਜੁਲ ਕੇ ਸਭ ਲੋਕ ਸੀ ਰਹਿੰਦੇ,
ਫੁੱਟ ਪਈ ਤਾਂ ਅੱਡੋ-ਫਾਟੀ,
ਸੋਚੋ ਸਮਝੋ ਘਰ 'ਚ ਤੁਹਾਡੇ,
ਭੈੜੇ ਲੀਡਰ ਆਏ ਕਿੱਦਾਂ।
ਹੱਸਦੇ-ਵਸਦੇ ਛੱਡ ਘਰਾਂ ਨੂੰ,
ਸਰਹੱਦਾਂ ਵੱਲ ਧਾਏ ਲੋਕੀਂ,
ਬਾਰਾਂ ਵਾਲੇ ਰੁਲਦੇ ਫਿਰਦੇ,
ਸੋਚਣ ਟੁੱਕ ਥਿਆਏ ਕਿੱਦਾਂ।
ਵੱਢਾ-ਟੁੱਕੀ ਭਾਰੀ ਹੋਈ,
ਲਾਸ਼ਾਂ ਦੇ ਅੰਬਾਰ ਬੜੇ ਸੀ,
ਆਦਮ ਜਾਤ ਨੇ ਕੋਹ-ਕੋਹ ਮਾਰੇ,
ਅਪਣੇ ਹੋਸ਼ ਗਵਾਏ ਕਿੱਦਾਂ।
ਰੱਬਾ ਕਿੱਥੇ ਛੁਪ ਬੈਠਾਂ ਤੂੰ,
ਬਾਪੂ ਧਾਹਾਂ ਮਾਰੀ ਜਾਂਦੈ,
ਖ਼ੂਨ ਬਣੇ ਨੇ ਕਿੱਦਾਂ ਚਿੱਟੇ,
ਅਪਣੇ ਹੋਏ ਪਰਾਏ ਕਿੱਦਾਂ।
ਸਾਂਝ ਪੁਰਾਣੀ ਵੱਢੀ ਟੁੱਕੀ,
ਵੰਡੇ ਫ਼ਜ਼ਲਾ ਤੇ ਬਖਤੌਰਾ,
ਰੇਸ਼ਮ ਦੇਵੀ ਸੋਚੀ ਜਾਵੇ,
ਨੂਰਾਂ ਦੇ ਘਰ ਜਾਏ ਕਿੱਦਾਂ।
ਲੰਮਾ ਅਰਸਾ ਬੀਤਣ 'ਤੇ ਵੀ,
ਭੁੱਲਦੇ ਨਹੀਓਂ ਯਾਰ ਪੁਰਾਣੇ,
ਪੋਠੋਹਾਰ ਦੀ ਮਿੱਠੀ ਬੋਲੀ,
ਕੋਈ ਦੱਸ ਭੁਲਾਏ ਕਿੱਦਾਂ।
ਉੱਠੇ ਮਾਂ ਦਾ ਪੁੱਤਰ ਕੋਈ,
ਹੱਦਾਂ ਤੇ ਸਰਹੱਦਾਂ ਮੇਟੇ,
ਹਰ ਵੇਲੇ ਹੀ ਸੋਚੀ ਜਾਵਾਂ,
ਤਾਣੀ ਨੂੰ ਸੁਲਝਾਏ ਕਿੱਦਾਂ।

(4)

ਚੁੱਪ ਵੀ ਗਾਥਾ ਦੱਸਦੀ ਸਾਰੀ,
ਹੰਝੂ ਵੀ ਬਣ ਜਾਣ ਜ਼ੁਬਾਨ।
ਭੇਤੀ ਦਿਲ ਦੇ ਭੇਤ ਨੂੰ ਜਾਨਣ,
ਬਿਪਤਾ ਦੇ ਵਿੱਚ ਜਦ ਇਨਸਾਨ।
ਰੁੱਸ ਕੇ ਮਨ ਦਾ ਮਹਿਰਮ ਤੁਰਿਆ,
ਕਿੱਦਾਂ ਹੋਵੇ ਦਰਦ ਬਿਆਨ।
'ਕੱਲਾ ਰੋਹੀ ਰੁੱਖ ਖੜੋਤਾ,
ਸੁੰਨ ਪੱਸਰੀ ਬੀਆਬਾਨ।
ਇੱਕ ਘਰੇ ਨਾ ਬਣਦੀ ਰੋਟੀ,
ਇੱਕਨਾਂ ਦੇ ਛੱਤੀ ਪਕਵਾਨ।
ਵੰਡ ਅਸਾਵੀਂ ਰੱਬਾ ਕਰਦਾ,
ਤੂੰ ਵੀ ਧਨੀਆਂ ਦਾ ਭਗਵਾਨ।
ਇਕਨਾਂ ਦੇ ਘਰ ਕੋਠੀ ਵਰਗੇ,
ਬਹੁਤੇ ਸੁੰਦਰ ਆਲੀਸ਼ਾਨ।
ਕਈ ਤਾਂ ਫੁੱਟਪਾਥਾਂ 'ਤੇ ਸੌਂਦੇ,
ਓੜ੍ਹ ਕੇ ਸਿਰ ਨੀਲਾ ਅਸਮਾਨ।
ਮਾਂ ਦੀ ਮਮਤਾ ਨਿਆਰੀ ਹੁੰਦੀ,
ਹੋਰ ਨਾ ਰਿਸ਼ਤਾ ਇਸ ਸਮਾਨ।
ਮਾਂ ਮਰੇ ਜੱਗ ਸੁੰਨਾ ਹੁੰਦਾ,
ਮਾਂ ਹੀ ਧਰਤੀ 'ਤੇ ਭਗਵਾਨ।
ਹਾਕਮ ਨਿੱਤ ਬਾਘੀਆਂ ਪਾਉਂਦੇ,
ਰਣ ਭੂਮੀ ਵਿੱਚ ਮਰਨ ਜਵਾਨ।
ਨਾਗਾਸਾਕੀ ਹੀਰੋਸ਼ੀਮਾ,
ਭੁੱਲ ਨਹੀਂ ਸਕਦਾ ਜੰਗ ਜਪਾਨ।
ਮਿਹਨਤ ਦੇ ਸਦਕਾ ਹੀ,
ਉੱਚੇ ਰੁਤਬੇ ਸਦਾ ਆਸਾਨ।
ਹਿੰਮਤੀ ਬੰਦੇ ਚੰਦ 'ਤੇ ਪੁੱਜੇ,
ਉਹਨਾਂ ਤੋਂ ਜਾਵਾਂ ਕੁਰਬਾਨ।
ਉਮਰਾਂ ਦੇ ਦਾਈਏ ਰੱਖਦਾ,
ਕੁਝ ਦਿਨਾਂ ਦਾ ਇਹ ਮਹਿਮਾਨ।
'ਕਾਲੀਆ' ਢਿੱਡੋਂ ਭੁੱਖੇ ਸੌਂਦੇ,
ਕਾਮੇ ਕਿਰਤੀ ਤੇ ਕਿਰਸਾਨ।

(5)

ਸਿਰ 'ਤੇ ਬਿਪਤਾ ਪਈ ਤੋਂ ਬੁਝਦਿਲ ਡਰ ਜਾਂਦੇ ਨੇ।
ਰਣ ਤੱਤੇ ਵਿੱਚ ਜੂਝਣ ਵਿਰਲੇ ਨਰ ਜਾਂਦੇ ਨੇ।
ਲਾਸ਼ਾਂ 'ਤੇ ਵੀ ਲੋਕ ਸਿਆਸਤ ਕਰ ਜਾਂਦੇ ਨੇ।
ਧਰਮ ਦੇ ਨਾਂਅ 'ਤੇ ਕਈ ਗੋਲਕ ਭਰ ਜਾਂਦੇ ਨੇ।
ਖੌਰੂ ਪਾਉਂਦੇ ਰਹਿੰਦੇ ਨੇ, ਜੋ ਹਰ ਵੇਲੇ ਹੀ,
ਅਕਸਰ ਜਿੱਤੀ ਬਾਜ਼ੀ ਵੀ ਉਹ ਹਰ ਜਾਂਦੇ ਨੇ।
ਜਿੱਤਣ ਪਿੱਛੋਂ ਤਾਂ ਬਾਤ ਕਿਸੇ ਦੀ ਪੁੱਛਦੇ ਨਈਂ,
ਵੋਟਾਂ ਵੇਲੇ ਤਾਂ ਲੀਡਰ ਘਰ ਘਰ ਜਾਂਦੇ ਨੇ।
ਨਸ਼ਿਆਂ ਵਿੱਚ ਗਲਤਾਨ ਜੋ ਰਹਿੰਦੇ ਨੇ ਹਰ ਵੇਲੇ,
ਗਹਿਣੇ ਵੇਚ, ਜ਼ਮੀਨਾਂ, ਗਹਿਣੇ ਧਰ ਜਾਂਦੇ ਨੇ।
ਸ਼ਾਇਰ ਸੱਚੇ ਖ਼ੌਫ਼ ਨਾ ਖਾਂਦੇ ਹਾਕਮ ਕੋਲੋਂ,
ਰੁਤਬੇ ਸਨਮਾਨਾਂ ਦੇ ਭੁੱਖੇ ਡਰ ਜਾਂਦੇ ਨੇ।
ਮੜ੍ਹੀਆਂ ਅਤੇ ਮਸਾਣੀਆਂ ਅਸੀਂ ਭਰਮਾਂ ਡੋਬੇ,
ਤਰਕ ਦੀ ਪੌੜੀ ਜੋ ਚੜ੍ਹਦੇ, ਉਹ ਤਰ ਜਾਂਦੇ ਨੇ।
ਚੋਣਾਂ ਦੇ ਮੌਸਮ ਵਿੱਚ ਆ ਵੇਖ ਤੂੰ ਲੀਡਰ ਨੂੰ,
ਗਿਰਗਿਟ ਵੀ ਸ਼ਰਮਾਂ ਦੇ ਮਾਰੇ ਮਰ ਜਾਂਦੇ ਨੇ।

(6)

ਬੀੜਾਂ ਚੁੱਕ ਸਮਾਜ ਭਲਾਈ ਦਾ ਗ਼ਜ਼ਲਾਂ ਵਿੱਚ।
ਲਿਖਦੇ ਸਾਰਾ ਦਰਦ ਲੁਕਾਈ ਦਾ ਗ਼ਜ਼ਲਾਂ ਵਿੱਚ।
ਕਿੱਦਾਂ ਰਾਤੋ ਰਾਤ ਅਮੀਰ ਹੋਏ, ਕੁੱਝ ਕੁਨਬੇ,
ਲਾਹ ਦੇ ਪਰਦਾ ਲੁੱਟ ਮਚਾਈ ਦਾ ਗ਼ਜ਼ਲਾਂ ਵਿੱਚ,
ਕੋਲੇ ਬੈਠਿਆਂ ਵੀ ਬੰਦਾ ਹੁੰਦਾ ਕੋਲ ਨਹੀਂ,
ਲੇਖਾ ਕਰ ਤੂੰ ਇਸ ਤਨਹਾਈ ਦਾ ਗ਼ਜ਼ਲਾਂ ਵਿੱਚ।
ਮਾੜੇ ਦੀ ਧਿਰ ਬਣ ਕੇ ਖੜਿਆ ਰਹਿ ਹਰ ਵੇਲੇ,
ਨਾ ਤੂੰ ਕਰਨਾ ਕਰਮ ਕਸਾਈ ਦਾ ਗ਼ਜ਼ਲਾਂ ਵਿੱਚ।
ਨ੍ਹੇਰੇ ਦਾ ਹੋਣਾ ਅੰਤ ਲਾਜ਼ਮੀ ਹੈ ਇੱਕ ਦਿਨ,
ਇਉਂ ਸੋਚਾਂ ਦਾ ਦੀਪ ਜਗਾਈ ਦਾ ਗ਼ਜ਼ਲਾਂ ਵਿੱਚ।
ਸ਼ਾਤਰ ਰੱਬ ਨੂੰ ਧਰਮਾਂ ਵਿੱਚ ਵੰਡੀ ਬੈਠੇ ਨੇ,
ਵੇਖ ਨਜ਼ਾਰਾ ਲੁੱਟ ਮਚਾਈ ਦਾ ਗ਼ਜ਼ਲਾਂ ਵਿੱਚ।
ਕੂੜ ਨਿਖੁੱਟੇ ਆ ਸਦਾ ਹੀ, ਸੱਚ ਜ਼ਿੰਦਾ ਰਹਿਣਾ,
ਤੂੰ ਸੱਚ ਦਾ ਪਰਚਮ ਲਹਿਰਾਈ ਜਾ ਗ਼ਜ਼ਲਾਂ ਵਿੱਚ।

(7)

ਛੱਡ ਘਰਾਂ ਵਿੱਚ ਰੁਲਦੇ ਮਾਪੇ, ਤੀਰਥ ਜਾਓ, ਕੀ ਫ਼ਾਇਦਾ।
ਬੱਚਿਆਂ ਦੇ ਮੂੰਹੋਂ ਖੋਹ ਬੁਰਕੀ, ਸਾਧ ਨੂੰ ਪਾਓ, ਕੀ ਫ਼ਾਇਦਾ।
ਆਦੀ ਹੋ ਕੇ ਕਿਸੇ ਨਸ਼ੇ ਦੇ, ਸਿਵਿਆਂ ਵਾਲੇ ਰਾਹ ਪੈ ਕੇ,
ਘਰ ਬਰਬਾਦੀ ਵਿਚ ਡੁਬੋਕੇ, ਜੂਨ ਗਵਾਓ, ਕੀ ਫ਼ਾਇਦਾ।
ਕਰੋ ਕਮਾਈ ਕਾਲੀ ਮੋਟੀ, ਪੀ ਪੀ ਰੱਤ ਗਰੀਬਾਂ ਦੀ,
ਧਰਮ ਦੁਆਰੇ ਪੱਥਰਾਂ ਉੱਤੇ, ਨਾਂਅ ਖੁਦਵਾਓ ਕੀ ਫ਼ਾਇਦਾ।
ਛਪ ਜਾਏਗੀ ਪੁਸਤਕ ਐਪਰ, ਘਰ ਦਾ ਭੁੱਗਾ ਕਰਕੇ ਚੌੜ,
ਮੁਫ਼ਤ ਘਰੋ ਘਰ ਵੰਡਣ ਜਾਓ,
ਫਿਰ ਪਛਤਾਓ ਕੀ, ਫ਼ਾਇਦਾ।
ਮਿਲੋ-ਗਿਲੋ ਤੇ ਆਓ ਜਾਓ, ਜਿੱਥੇ ਮਿਲਦਾ ਆਦਰ ਮਾਣ,
ਬਿਨ ਸੱਦੇ ਮਹਿਮਾਨ ਜੇ ਬਣ ਕੇ,
ਕਦਰ ਘਟਾਓ, ਕੀ ਫ਼ਾਇਦਾ।
ਇਲਮ ਅਰੂਜ਼ ਨੂੰ ਸਮਝੇ ਬਾਝੋਂ, ਗ਼ਜ਼ਲ ਬਣੇਗੀ ਕਿਵੇਂ ਸਹੀ,
ਤੁਕਬੰਦੀ ਨੂੰ ਗ਼ਜ਼ਲਾਂ ਕਹਿ ਕੇ ਮਨ ਪਰਚਾਓ,ਕੀ ਫ਼ਾਇਦਾ।

(8)

ਸਾਕ ਸਾਰੇ ਹੀ ਬਨਾਉਟੀ ਹੋ ਗਏ,
ਪਾਕਿ ਰਿਸ਼ਤਾ ਭਾਲਣਾ ਮੁਸ਼ਕਲ ਬੜਾ।
ਕੌਣ ਮਿੱਤਰ, ਕੌਣ ਦੁਸ਼ਮਣ ਹੈ ਮੇਰਾ,
ਗੱਲ ਇਸ ਨੂੰ ਸਮਝਣਾ ਮੁਸ਼ਕਲ ਬੜਾ।
ਚੰਦਰਾ ਕੇਹਾ ਹੈ ਮੌਸਮ ਆ ਗਿਆ,
ਖ਼ੂਨ ਦੇ ਰਿਸ਼ਤੇ ਵੀ ਦਾਗੀ ਹੋ ਰਹੇ,
ਲਾਲਚੀ ਸੰਸਾਰ ਸਾਰਾ ਹੋ ਗਿਆ,
ਪਾਕਿ ਰਹਿਬਰ ਲੱਭਣਾ ਮੁਸ਼ਕਿਲ ਬੜਾ।
ਧਰਤ ਮਾਤਾ ਵੀ ਹੈ ਮੰਦੇ ਹਾਲ ਹੁਣ,
ਪੁੱਤਰਾਂ ਦੇ ਕਾਰਿਆਂ 'ਤੇ ਰੋ ਰਹੀ,
ਪੌਣ ਪਾਣੀ ਗੰਧਲੇ ਸਭ ਕਰ ਧਰੇ,
ਜ਼ਿੰਦਗੀ ਦਾ ਮੌਲਣਾ ਮੁਸ਼ਕਲ ਬੜਾ।
ਦੈਂਤ ਰਿਸ਼ਵਤ ਦਾ ਫੁੰਕਾਰੇ ਮਾਰਦਾ,
ਦਨਦਨਾਉਂਦਾ ਘੁੰਮਦਾ ਹੈ ਹਰ ਤਰਫ਼,
ਕਾਸ਼! ਕੋਈ ਠੱਲ੍ਹ ਇਸ ਨੂੰ ਪਾ ਸਕੇ,
ਪਰ ਹੈ ਸਿਸਟਮ ਬਦਲਣਾ ਮੁਸ਼ਕਲ ਬੜਾ।
ਗੀਤ ਸਦੀਆਂ ਤੋਂ ਹੈ ਚੱਲਦੀ ਆ ਰਹੀ,
ਪਿਆਰ ਦੇ ਦੋਖੀ ਰਹੇ ਸੜਦੇ ਸਦਾ,
ਇਸ਼ਕ ਵਾਲੀ ਖੇਡ ਹੁੰਦੀ ਸੌਖ ਨਾ,
ਪਿਆਰ ਪਾ ਕੇ ਪਾਲਣਾ ਮੁਸ਼ਕਲ ਬੜਾ।
ਸੋਚ ਵਿੱਚ ਦੌਲਤ ਸਦਾ ਹੈ ਘੁੰਮਦੀ,
ਕਰ ਰਿਹਾ ਪ੍ਰਚਾਰ ਮਾਯਾ ਨਾਗਣੀ,
ਬਾਬਿਆਂ ਦੀ ਰਮਜ ਗੁੱਝੀ ਹੀ ਰਹੀ,
ਹਰ ਕਿਸੇ ਲਈ ਸਮਝਣਾ ਮੁਸ਼ਕਲ ਬੜਾ।
ਬਸਤੀਆਂ ਵਿੱਚ ਭੁੱਖ ਮਰੀ ਹੈ ਇਸ ਕਦਰ,
ਹਰ ਬਸ਼ਰ ਹੋਇਆ ਜੀਣ ਤੋਂ ਲਾਚਾਰ ਹੈ,
ਨੋਟਬੰਦੀ ਤੇ ਕਰੋਨੇ ਮਾਰਿਆ,
ਵਾਰ ਦੂਹਰਾ ਝੱਲਣਾ ਮੁਸ਼ਕਲ ਬੜਾ।
ਝੂਠ ਦਾ ਜਲਵਾ ਚੁਫ਼ੇਰੇ ਪਸਰਿਆ,
ਕੂੜ ਦੀ ਹਰ ਤਰਫ਼ ਹੈ ਪ੍ਰਧਾਨਤਾ,
ਘੋਰ ਕਲਯੁਗ ਦੌਰ ਅੰਦਰ ਦੋਸਤੋ,
ਸੱਚ ਦੇ ਰਾਹ ਚੱਲਣਾ ਮੁਸ਼ਕਲ ਬੜਾ।

ਮੋਬਾ. 97812-00168

# ਸਭ ਤੋਂ ਖ਼ਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ

ਭਾਵੇਂ ਇਹ ਬਜਟ ਭਾਸ਼ਣ ਸਾਡੇ ਸੁਪਨਿਆਂ 'ਤੇ ਟੈਕਸ ਲਗਾ ਦੇਣ, ਪਰ ਜਦੋਂ ਮੈਂ ਤੇਰੇ ਮੋਢੇ 'ਤੇ ਸਿਰ ਰੱਖਦੀ ਹਾਂ, ਤਾਂ ਉਸ ਸਮੇਂ ਮਹਿਸੂਸ ਹੋਣ ਵਾਲੀ ਖਾਮੋਸ਼ੀ ਕਿਸੇ ਵੀ ਜੀ.ਡੀ.ਪੀ. (GDP) ਵਿਕਾਸ ਦਰ ਤੋਂ ਪਰੇ ਹੈ। ਉੱਥੇ ਸੰਖਿਆਵਾਂ ਵਧ ਰਹੀਆਂ ਹਨ, ਇੱਥੇ ਇਨਸਾਨ ਘਟ ਰਹੇ ਹਨ। ਉੱਥੇ ਝੂਠ ਵਿਕ ਰਿਹਾ ਹੈ, ਇੱਥੇ ਅਸੀਂ ਸੱਚ ਸਾਂਝਾ ਕਰ ਰਹੇ ਹਾਂ।

ਸਰਕਾਰ ਸਾਡੀ ਰੋਟੀ ਖੋਹ ਸਕਦੀ ਹੈ, ਸਾਡੀ ਗਿਣਤੀ ਘਟਾ ਸਕਦੀ ਹੈ, ਪਰ ਸਾਡੇ ਵਿਚਕਾਰ ਪਿਆਰ ਦੀ ਇਸ ਦੌਲਤ ਨੂੰ ਉਹ ਕਿਸੇ ਬੈਂਕ ਵਿੱਚ ਗਿਰਵੀ ਨਹੀਂ ਰੱਖ ਸਕਦੇ। ਇਹ ਇਕਲੌਤਾ ਵਿਆਜ-ਮੁਕਤ ਨਿਵੇਸ਼ ਹੈ, ਜੋ ਵੰਡਣ ਨਾਲ ਵਧਦਾ ਹੈ। ਜੇ ਤੂੰ ਮੇਰੇ ਨਾਲ ਹੈਂ ਤਾਂ ਦੁਨੀਆ ਦੀ ਇਹ ਆਰਥਿਕ ਮੰਦੀ ਮੇਰਾ ਕੁਝ ਨਹੀਂ ਵਿਗਾੜ ਸਕਦੀ।

ਉਹ ਬਜਟ ਵਾਲੇ ਦਿਨ ਸੁਪਨੇ ਵੇਚਦੇ ਹਨ, ਮੈਂ ਤੇਰੀਆਂ ਅੱਖਾਂ ਵਿੱਚ ਆਪਣਾ ਵਕਤ ਲੱਭਦੀ ਹਾਂ। ਉਹ ਅੰਕੜਿਆਂ ਨਾਲ ਦੇਸ਼ ਉਸਾਰਦੇ ਹਨ, ਮੈਂ ਤੇਰੇ ਨਾਲ ਮਿਲ ਕੇ ਇੱਕ ਨਿਆਂਪੂਰਨ ਦੁਨੀਆ ਦੀ ਕਲਪਨਾ ਕਰਦੀ ਹਾਂ। ਉਹ ਰੱਖਿਆ ਖੇਤਰ ਲਈ ਹਜ਼ਾਰਾਂ ਕਰੋੜਾਂ ਅਲਾਟ ਕਰਦੇ ਹਨ, ਮੈਂ ਸਾਡੇ ਵਿਚਕਾਰ ਉਸ ਛੋਟੀ ਜਿਹੀ ਚੁੱਪ ਲਈ ਆਪਣੀ ਜ਼ਿੰਦਗੀ ਅਲਾਟ ਕਰਦੀ ਹਾਂ। ਉਹ ਵਿਦੇਸ਼ੀ ਨਿਵੇਸ਼ ਦੀ ਉਡੀਕ ਕਰਦੇ ਹਨ, ਮੈਂ ਤੇਰੇ ਇੱਕ ਛੋਟੇ ਜਿਹੇ ਸੰਦੇਸ਼ ਦੀ ਉਡੀਕ ਕਰਦੀ ਹਾਂ। ਉਹ ਕਹਿੰਦੇ ਹਨ ਕਿ ਵਿਕਾਸ ਦਾ ਗ੍ਰਾਫ ਉੱਪਰ ਜਾ ਰਿਹਾ ਹੈ, ਮੈਂ ਤੇਰੀ ਨਬਜ਼ ਦੀ ਲੈਅ ਸੁਣਦੀ ਹਾਂ।

ਮੈਨੂੰ ਪਤਾ ਹੈ ਕਿ ਤੂੰ ਇਕਨਾਮਿਕਸ ਦੀ ਕਲਾਸ ਲੈਂਦਿਆਂ ਇੱਕ ਲੰਬੀ ਚਿੱਠੀ ਲਿਖੇਂਗਾ ਕਿ ਅੱਸਤ ਪ੍ਰੇਮੀ ਇਹੀ ਕਰਦੇ ਹਨ।

ਵੈਲੇਨਟਾਈਨ ਡੇਅ 'ਤੇ ਗੁਲਾਬ ਦੀ ਕੀਮਤ ਵਧ ਜਾਂਦੀ ਹੈ, ਬਜਟ ਵਾਲੇ ਦਿਨ ਜ਼ਰੂਰੀ ਵਸਤਾਂ ਦੀ ਕੀਮਤ ਵਧ ਜਾਂਦੀ ਹੈ, ਪਰ ਤੈਨੂੰ ਯਾਦ ਕਰਦਿਆਂ ਮੇਰੇ ਅੰਦਰ ਜੋ ਅਹਿਸਾਸ ਜਾਗਦਾ ਹੈ, ਉਹ ਹਮੇਸ਼ਾ 'ਟੈਕਸ ਫ੍ਰੀ' ਰਹੇਗਾ।

ਵੈਲੇਨਟਾਈਨ ਡੇਅ 'ਤੇ ਕਾਰਡ ਵੇਚੇ ਜਾਂਦੇ ਹਨ, ਬਜਟ ਵਾਲੇ ਦਿਨ ਉਮੀਦਾਂ ਵੇਚੀਆਂ ਜਾਂਦੀਆਂ ਹਨ। ਦੋਵਾਂ ਵਿੱਚ ਅਸਲੀ ਇਨਸਾਨ ਕਿਧਰੇ ਨਜ਼ਰ ਨਹੀਂ ਆਉਂਦੇ, ਪਰ ਤੇਰਾ ਚਿਹਰਾ ਦੇਖ ਕੇ ਹੀ ਮੈਨੂੰ ਇਸ ਝੂਠ ਦੇ ਬਾਜ਼ਾਰ ਵਿੱਚ ਇੱਕ ਪਵਿੱਤਰ ਸੱਚ ਮਿਲ ਜਾਂਦਾ ਹੈ। ਤੇਰੀ ਮੌਜੂਦਗੀ ਦੀ ਹਿੰਮਤ ਹੀ ਮੈਨੂੰ ਇਸ ਦੇਸ਼ ਦੀਆਂ ਬੇਇਨਸਾਫ਼ੀਆਂ ਵਿਰੁੱਧ ਆਵਾਜ਼ ਉਠਾਉਣ ਦੀ ਤਾਕਤ ਦਿੰਦੀ ਹੈ।

ਬਹੁਤ ਸਾਰੇ ਚੁੰਮਣਾਂ ਨਾਲ ਭਰੀ ਇਹ ਚਿੱਠੀ ਸਿਰਫ਼ ਮੇਰੇ ਪਿਆਰ ਦਾ ਇਜ਼ਹਾਰ ਨਹੀਂ ਹੈ, ਬਲਕਿ ਉਸ ਮਸ਼ੀਨੀ ਪ੍ਰਣਾਲੀ ਵਿਰੁੱਧ ਇੱਕ ਸ਼ਾਂਤ ਬਗਾਵਤ ਹੈ, ਜੋ ਪਿਆਰ ਨੂੰ ਹਿਸਾਬ-ਕਿਤਾਬ ਵਿੱਚ ਸ਼ਾਮਲ ਨਹੀਂ ਕਰਦੀ।

ਮੇਰੇ ਨਿੱਜੀ ਬਜਟ ਵਿੱਚ ਪਹਿਲੀ ਤਰਜੀਹ ਵੀ ਤੂੰ ਹੀ ਹੈਂ ਅਤੇ ਆਖਰੀ ਖਰਚ ਵੀ ਤੂੰ ਹੀ ਹੈਂ।

ਬਾਕੀ ਸਭ ਤਾਂ ਮਹਿਜ਼ ਅੰਕੜੇ ਹਨ, ਸਿਰਫ਼ ਤੂੰ ਹੀ ਮੇਰੀ ਜ਼ਿੰਦਗੀ ਹੈਂ।

ਪਿਆਰ ਸਹਿਤ,
ਤੇਰੀ ਆਪਣੀ।

**- ਮਰਸੀ ਮਾਰਗਰੇਟ**

# ਬਿਮਾਰੀ ਤੇ ਅਸਲੀ ਸਿਹਤ ਦਾ ਸੱਚ

**ਡਾ. ਪਰਦੀਪ ਨਾਂਗਲੂ**

ਅਸੀਂ ਅਕਸਰ ਸਿਹਤ ਨੂੰ ਸਿਰਫ਼ ਬਿਮਾਰੀ ਦੀ ਗੈਰਹਾਜ਼ਰੀ ਸਮਝ ਲੈਂਦੇ ਹਾਂ। ਜੇ ਸਰੀਰ ਵਿੱਚ ਕੋਈ ਦਰਦ ਨਹੀਂ, ਰਿਪੋਰਟਾਂ ਨਾਰਮਲ ਹਨ, ਤਾਂ ਅਸੀਂ ਆਪਣੇ ਆਪ ਨੂੰ ਤੰਦਰੁਸਤ ਮੰਨ ਲੈਂਦੇ ਹਾਂ। ਪਰ ਕੀ ਇਹ ਸੱਚਮੁੱਚ ਸਿਹਤ ਹੈ? ਜਾਂ ਇਹ ਸਿਰਫ਼ ਬਿਮਾਰੀ ਦੇ ਨਾ ਹੋਣ ਦਾ ਭਰਮ ਹੈ? ਮਨੁੱਖੀ ਜੀਵਨ ਸਿਰਫ਼ ਸਰੀਰ ਨਹੀਂ, ਸਗੋਂ ਮਨ, ਭਾਵਨਾ ਅਤੇ ਆਤਮਾ ਦਾ ਇਕ ਸੁਮੇਲ ਹੈ। ਜਦੋਂ ਅਸੀਂ ਸਿਹਤ ਦੀ ਗੱਲ ਕਰਦੇ ਹਾਂ, ਤਾਂ ਅਸੀਂ ਅਕਸਰ ਸਿਰਫ਼ ਸਰੀਰ ਨੂੰ ਹੀ ਦੇਖਦੇ ਹਾਂ। ਦਵਾਈਆਂ, ਇਲਾਜ, ਟੈਸਟ—ਇਹ ਸਭ ਸਰੀਰਕ ਪੱਖ ਨੂੰ ਹੀ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਮਨ ਦੇ ਅੰਦਰ ਜੋ ਚਿੰਤਾ, ਡਰ, ਅਸੰਤੁਸ਼ਟੀ ਅਤੇ ਖਾਲੀਪਨ ਵੱਸਦਾ ਹੈ, ਉਸ ਨੂੰ ਅਸੀਂ ਕਿਵੇਂ ਮਾਪਦੇ ਹਾਂ? ਬਿਮਾਰੀ ਹਮੇਸ਼ਾ ਸਰੀਰ ਵਿੱਚ ਹੀ ਨਹੀਂ ਹੁੰਦੀ। ਕਈ ਵਾਰੀ ਮਨ ਬਿਮਾਰ ਹੁੰਦਾ ਹੈ, ਪਰ ਸਰੀਰ ਬਿਲਕੁਲ ਠੀਕ ਦਿਖਾਈ ਦਿੰਦਾ ਹੈ। ਐਸੇ ਵਿੱਚ ਵਿਅਕਤੀ ਨੂੰ ਅਜਿਹਾ ਲੱਗਦਾ ਹੈ ਕਿ ਕੁਝ ਠੀਕ ਨਹੀਂ, ਪਰ ਡਾਕਟਰਾਂ ਨੂੰ ਕੁਝ ਵੀ ਨਹੀਂ ਮਿਲਦਾ। ਇਹ ਉਹ ਜਗ੍ਹਾ ਹੈ ਜਿੱਥੇ ਅਸੀਂ ਸਮਝਦੇ ਹਾਂ ਕਿ ਸਿਹਤ ਸਿਰਫ਼ ਮੈਡੀਕਲ ਰਿਪੋਰਟਾਂ ਨਾਲ ਨਹੀਂ ਜੋੜੀ ਜਾ ਸਕਦੀ। ਅਸਲ ਵਿੱਚ, ਮਨ ਅਤੇ ਸਰੀਰ ਵੱਖ-ਵੱਖ ਨਹੀਂ ਹਨ। ਇਹ ਦੋ ਅੰਤ ਹਨ ਇੱਕੋ ਹੀ ਹਕੀਕਤ ਦੇ। ਜਿਵੇਂ ਇੱਕ ਸਿੱਕੇ ਦੇ ਦੋ ਪਾਸੇ ਹੁੰਦੇ ਹਨ, ਓਸੇ ਤਰ੍ਹਾਂ ਮਨ ਅਤੇ ਸਰੀਰ ਇਕ ਦੂਜੇ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ। ਜੇ ਮਨ ਵਿੱਚ ਬੇਚੈਨੀ ਹੈ, ਤਾਂ ਇਹ ਸਰੀਰ ਵਿੱਚ ਵੀ ਪ੍ਰਗਟ ਹੋਵੇਗੀ। ਅਤੇ ਜੇ ਸਰੀਰ ਬਿਮਾਰ ਹੈ, ਤਾਂ ਮਨ ਵੀ ਪ੍ਰਭਾਵਿਤ ਹੋਵੇਗਾ।

ਆਧੁਨਿਕ ਚਿਕਿਤਸਾ ਵਿਗਿਆਨ ਨੇ ਬਿਮਾਰੀਆਂ ਨੂੰ ਸਮਝਣ ਅਤੇ ਇਲਾਜ ਕਰਨ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਇਹ ਅਜੇ ਵੀ ਸਿਹਤ ਦੇ ਅਸਲ ਅਰਥ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ। ਕਿਉਂਕਿ ਸਿਹਤ ਨੂੰ ਸਿਰਫ਼ ਬਿਮਾਰੀ ਦੇ ਵਿਰੋਧ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਜਿਵੇਂ ਅਸੀਂ ਫੁੱਲ ਨੂੰ ਸਿਰਫ਼ ਕੰਡਿਆਂ ਦੀ ਗੈਰਹਾਜ਼ਰੀ ਨਾਲ ਨਹੀਂ ਸਮਝ ਸਕਦੇ, ਓਸੇ ਤਰ੍ਹਾਂ ਸਿਹਤ ਨੂੰ ਸਿਰਫ਼ ਬਿਮਾਰੀ ਦੀ ਗੈਰਹਾਜ਼ਰੀ ਨਾਲ ਨਹੀਂ ਜਾਣਿਆ ਜਾ ਸਕਦਾ।ਅਸਲ ਸਿਹਤ ਇੱਕ ਅੰਦਰੂਨੀ ਅਨੁਭਵ ਹੈ। ਇਹ ਉਹ ਅਵਸਥਾ ਹੈ ਜਿੱਥੇ ਮਨ ਸ਼ਾਂਤ ਹੁੰਦਾ ਹੈ, ਸਰੀਰ ਸੁਮੇਲ ਵਿੱਚ ਹੁੰਦਾ ਹੈ ਅਤੇ ਆਤਮਾ ਸੰਤੁਸ਼ਟ ਹੁੰਦੀ ਹੈ। ਇਹ ਉਹ ਅਹਿਸਾਸ ਹੈ ਜਿੱਥੇ ਵਿਅਕਤੀ ਆਪਣੇ ਆਪ ਨਾਲ ਜੁੜਿਆ ਹੁੰਦਾ ਹੈ, ਬਾਹਰੀ ਹਾਲਾਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ।ਧਿਆਨ ਯੋਗ ਇਸ ਮਾਰਗ ਦਾ ਇੱਕ ਮਹੱਤਵਪੂਰਨ ਸਾਧਨ ਹੈ। ਇਹ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਸਮਰਥਾ ਦਿੰਦਾ ਹੈ। ਜਿੱਥੇ ਦਵਾਈ ਸਰੀਰ ਨੂੰ ਠੀਕ ਕਰਦੀ ਹੈ, ਓਥੇ ਧਿਆਨ ਮਨ ਨੂੰ ਸੰਤੁਲਿਤ ਕਰਦਾ ਹੈ। ਦੋਵਾਂ ਦਾ ਆਪਣਾ-ਆਪਣਾ ਮਹੱਤਵ ਹੈ, ਪਰ ਅਸਲੀ ਸਿਹਤ ਤਦੋਂ ਆਉਂਦੀ ਹੈ ਜਦੋਂ ਇਹ ਦੋਵੇਂ ਇਕੱਠੇ ਕੰਮ ਕਰਦੇ ਹਨ।

ਅਸੀਂ ਅਕਸਰ ਜੀਵਨ ਨੂੰ ਬਾਹਰ ਖੋਜਦੇ ਹਾਂ—ਸਫਲਤਾ, ਪੈਸਾ, ਪ੍ਰਸਿੱਧੀ ਵਿੱਚ। ਪਰ ਸਿਹਤ ਅੰਦਰੋਂ ਜਨਮ ਲੈਂਦੀ ਹੈ। ਇਹ ਉਹ ਫੁੱਲ ਹੈ ਜੋ ਅੰਦਰਲੀ ਸ਼ਾਂਤੀ ਦੀ ਮਿੱਟੀ ਵਿੱਚ ਖਿੜਦਾ ਹੈ।

ਇਸ ਲਈ, ਸਿਹਤ ਨੂੰ ਨਵੀਂ ਨਜ਼ਰ ਨਾਲ ਦੇਖਣ ਦੀ ਲੋੜ ਹੈ। ਸਿਰਫ਼ ਬਿਮਾਰੀ ਤੋਂ ਮੁਕਤ ਹੋਣਾ ਹੀ ਕਾਫ਼ੀ ਨਹੀਂ, ਸਗੋਂ ਆਪਣੇ ਅੰਦਰ ਇੱਕ ਗਹਿਰਾ ਸੰਤੁਲਨ ਅਤੇ ਖੁਸ਼ੀ ਪੈਦਾ ਕਰਨਾ ਵੀ ਜ਼ਰੂਰੀ ਹੈ। ਜਦੋਂ ਅਸੀਂ ਆਪਣੇ ਮਨ ਅਤੇ ਸਰੀਰ ਨੂੰ ਇਕ ਰੂਪ ਵਿੱਚ ਸਮਝਦੇ ਹਾਂ, ਤਦੋਂ ਹੀ ਅਸੀਂ ਅਸਲੀ ਸਿਹਤ ਦੀ ਪਹਿਚਾਣ ਕਰ ਸਕਦੇ ਹਾਂ। ਆਓ ਸਾਰੇ ਮਿਲ ਕੇ ਸਮੁੱਚੀ ਸਿਹਤਮੰਦ ਮਨੁੱਖਤਾ ਦਾ ਨਿਰਮਾਣ ਕਰੀਏ।

ਸੰਪਰਕ : +12792453149

# ਯਾਦਗਾਰੀ ਛਾਪ ਛੱਡ ਗਿਆ ਪੰਜਾਬੀ 'ਵਰਸਿਟੀ ਪਟਿਆਲਾ ਦਾ ਸਾਹਿਤ ਉਤਸਵ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਦੀ ਸੁਚੱਜੀ ਅਗਵਾਈ ਅਤੇ ਪ੍ਰੇਰਣਾ ਤਹਿਤ ਪੰਜਾਬੀ ਵਿਭਾਗ ਵੱਲੋਂ ਵਿਸ਼ਾਲ ਪੱਧਰ 'ਤੇ ਆਯੋਜਿਤ ਪੰਜਰੋਜ਼ਾ ਸਾਹਿਤ ਉਤਸਵ ਸਾਹਿਤ ਪ੍ਰੇਮੀਆਂ ਦੇ ਦਿਲਾਂ 'ਤੇ ਯਾਦਗਾਰੀ ਛਾਪ ਛੱਡ ਗਿਆ । 30 ਮਾਰਚ ਤੋਂ 3 ਅਪ੍ਰੈਲ, 2026 ਤੱਕ ਆਯੋਜਿਤ ਸਾਹਿਤ ਉਤਸਵ ਦਾ ਆਰੰਭ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕਮਲਜੀਤ ਸਿੰਘ ਵੱਲੋਂ ਰਿਸਭਿੰਨੇ ਕੀਰਤਨ ਗਾਇਨ ਨਾਲ ਹੋਇਆ।ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਪਿੱਛੇ ਵਾਲੇ ਮੈਦਾਨ ਵਿਚ ਸ਼ਮ੍ਹਾ ਰੌਸ਼ਨ ਉਪਰੰਤ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਇਸ ਸਾਹਿਤਕ ਉਤਸਵ ਅਤੇ ਪੁਸਤਕ ਮੇਲੇ ਦਾ ਮਕਸਦ ਨਵੀਂ ਪੀੜ੍ਹੀ ਵਿਚ ਵਿਸ਼ੇਸ਼ ਤੌਰ 'ਤੇ ਸਾਹਿਤਕ ਚੇਤਨਾ ਅਤੇ ਪੁਸਤਕ ਸਭਿਆਚਾਰ ਪ੍ਰਤੀ ਚੇਤਨਾ ਜਗਾਉਣਾ, ਮਹਾਨ ਸਾਹਿਤਕਾਰਾਂ ਅਤੇ ਵਿਦਵਾਨਾਂ ਦੇ ਵਿਸ਼ਾਲ ਜੀਵਨ ਤਜਰਬਿਆਂ ਦਾ ਫੈਲਾਓ ਅਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਆਦਿ ਨਾਲ ਜੋੜਨਾ ਹੈ।ਉਤਸਵ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਚੰਗਾ ਸਾਹਿਤ ਮਨੁੱਖ ਨੂੰ ਮਾਨਸਿਕ ਸਕੂਨ ਹੀ ਨਹੀਂ ਦਿੰਦਾ ਸਗੋਂ ਉਸ ਦੀ ਸੁਚੱਜੀ ਅਗਵਾਈ ਕਰਕੇ ਸਮਾਜ ਦੇ ਬਹੁਪੱਖੀ ਵਿਕਾਸ ਵਿਚ ਵਾਧਾ ਵੀ ਕਰਦਾ ਹੈ।ਪ੍ਰਸਿੱਧ ਲੇਖਕ ਜੰਗ ਬਹਾਦਰ ਗੋਇਲ ਨੇ ਮੁਖ ਭਾਸ਼ਣ ਦੌਰਾਨ ਕਿਹਾ ਕਿ ਇਕ ਚੰਗੀ ਪੁਸਤਕ ਪ੍ਰੇਰਣਾ ਦਾ ਅਜਿਹਾ ਚਾਨਣ ਪੈਦਾ ਕਰਦੀ ਹੈ ਕਿ ਆਤਮਹੱਤਿਆ ਕਰਨ ਦੀ ਸੋਚਣ ਵਾਲੇ ਵਿਅਕਤੀ ਵੀ ਆਈ.ਏ.ਐਸ. ਦੀ ਪ੍ਰੀਖਿਆ ਪਾਸ ਕਰਕੇ ਜੀਵਨ ਸਫ਼ਲ ਬਣਾ ਲੈਂਦੇ ਹਨ। ਮੁੱਖ ਮਹਿਮਾਨ ਵਜੋਂ ਪੁੱਜੇ ਸਾਹਿਤ ਅਕਾਦਮੀ ਐਵਾਰਡੀ ਪ੍ਰੋ. ਵਰਿਆਮ ਸਿੰਘ ਸੰਧੂ ਦੀ ਧਾਰਣਾ ਸੀ ਕਿ ਚੰਗਾ ਪੁਸਤਕਾਂ ਦੇ ਰੂਪ ਵਿਚ ਮਿਆਰੀ ਸਾਹਿਤ ਮਨੁੱਖ ਨੂੰ ਉਜਲ ਕੋਨਿਆਂ ਵੱਲ ਲੈ ਕੇ ਜਾਂਦਾ ਹੈ।ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਪੰਜਾਬ ਵਿਚ ਪੁਸਤਕ ਸਭਿਆਚਾਰ ਵਿਕਸਿਤ ਕਰਨ ਦੀ ਬੇਹੱਦ ਜ਼ਰੂਰਤ ਹੈ।ਬਾਅਦ ਦੁਪਹਿਰ ਆਯੋਜਿਤ ਕਵੀ ਦਰਬਾਰ ਦੀ ਪ੍ਰਧਾਨਗੀ ਅਤੇ ਮੁਖ ਮਹਿਮਾਨ ਵਜੋਂ ਫ਼ਰਜ਼ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਦੋ ਸਾਬਕਾ ਪ੍ਰਧਾਨਾਂ ਕ੍ਰਮਵਾਰ ਪ੍ਰੋ. ਗੁਰਭਜਨ ਸਿੰਘ ਗਿੱਲ ਅਤੇ ਡਾ. ਲਖਵਿੰਦਰ ਸਿੰਘ ਜੌਹਲ ਨੇ ਨਿਭਾਏ।ਕਵੀ ਦਰਬਾਰ ਵਿਚ ਗੁਰਦਿਆਲ ਰੌਸ਼ਨ, ਦਰਸ਼ਨ ਬੁੱਟਰ, ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ,ਪਾਲ ਗੁਰਦਾਸਪੁਰੀ, ਭੁਪਿੰਦਰ ਕੌਰ ਪ੍ਰੀਤ, ਸਿਮਰਤ ਸੁਮੈਰਾ ਅਤੇ ਗੁਰਸੇਵਕ ਲੰਬੀ ਸ਼ਾਮਿਲ ਹੋਏ।ਅਗਲੀ ਬੈਠਕ ਵਿਚ ਡਾ. ਬਲਵਿੰਦਰ ਕੌਰ ਬਰਾੜ ਨਾਲ ਸੰਵਾਦ ਰਚਾਇਆ।ਸ਼ਾਮ ਨੂੰ ਡਾ. ਭੀਮ ਇੰਦਰ ਸਿੰਘ ਦੀ ਅਗਵਾਈ ਤਹਿਤ ਵਿਦਿਆਰਥੀ ਕਲਾਕਾਰਾਂ ਨੇ ਕਲਾਵਾਂ ਦੇ ਜ਼ੌਹਰ ਵੀ ਵਿਖਾਏ।






ਦੂਜੇ ਦਿਨ ਗਲਪਕਾਰ ਬਚਿੰਤ ਕੌਰ ਨਾਲ ਡਾ. ਪਰਮਜੀਤ ਕੌਰ ਤੇ ਡਾ. ਅਮਨਪ੍ਰੀਤ ਕੌਰ ਨੇ ਸੰਵਾਦ ਰਚਾਇਆ।ਨਾਟਕ, ਨਜ਼ਰੀਆ ਅਤੇ ਨਵੀਂ ਚੇਤਨਾ ਰੰਗਮੰਚੀ ਆਵਾਜ਼ਾਂ ਦਾ ਸੰਵਾਦ ਤਹਿਤ ਡਾ. ਨਵਨਿੰਦਰਾ ਬਹਿਲ ਦੀ ਨਿੱਘੀ ਯਾਦ ਨੂੰ ਸਮਰਪਿਤ ਬੈਠਕ ਵਿਚ ਵਿਚ ਦੇਵਿੰਦਰ ਦਮਨ,ਕੇਵਲ ਧਾਲੀਵਾਲ,ਅਨੀਤਾ ਸ਼ਬਦੀਸ਼ ਨੇ ਡੂੰਘੀ ਵਿਚਾਰ ਚਰਚਾ ਕੀਤੀ। ਗੀਤਕਾਰੀ : ਭਾਵਨਾ ਦੀ ਅਭਿਵਿਅਕਤੀ ਜਾਂ ਬਾਜ਼ਾਰ ਦੀ ਮੰਗ ਨਾਂ ਦੀ ਬੈਠਕ ਵਿਚ ਧਰਮ ਕੰਮੇਆਣਾ, ਮਨਪ੍ਰੀਤ ਟਿਵਾਣਾ, ਅਮਰੀਕ ਸਿੰਘ ਤਲਵੰਡੀ ਅਤੇ ਪਾਲੀ ਦੇਤਵਾਲੀਆ ਨੇ ਗੀਤਕਾਰੀ ਵਿਚਲੇ ਆਏ ਨਿਘਾਰਾਂ ਤੇ ਚਿੰਤਾ ਤੇ ਚੁਣੌਤੀਆਂ ਨੂੰ ਉਭਾਰਿਆ।



1 ਅਪ੍ਰੈਲ ਨੂੰ ਆਯੋਜਿਤ ਪਹਿਲੀ ਬੈਠਕ ਪੰਜਾਬੀ ਪੱਤਰਕਾਰੀ ਅਤੇ ਡਿਜ਼ੀਟਲ ਮੀਡੀਆ ਦੇ ਮੌਜੂਦਾ ਹਾਲਾਤਾਂ ਨੂੰ ਸਮਰਪਿਤ ਰਹੀ, ਜਿਸ ਦਾ ਵਿਸ਼ਾ ਆਵਾਜ਼, ਤਸਵੀਰ ਤੇ ਸ਼ਬਦ: ਸੱਚ ਦੀ ਰਚਨਾ ਜਾਂ ਸੱਚ ਦੀ ਪੇਸ਼ਕਾਰੀ ਰੱਖਿਆ ਗਿਆ।ਇਸ ਬੈਠਕ ਦੀ ਪ੍ਰਧਾਨਗੀ ਕਰਦਿਆਂ ਵਰਿੰਦਰ ਸਿੰਘ ਵਾਲੀਆ ਨੇ ਮੌਜੂਦਾ ਪੱਤਰਕਾਰੀ ਦੇ ਸੰਕਟ 'ਤੇ ਚਰਚਾ ਕਰਦਿਆਂ ਕਿਹਾ ਕਿ ਅੱਜ ਦੇ ਦੌਰ ਵਿੱਚ ਤਕਨੀਕ ਨੇ ਸੱਚ ਨੂੰ ਪੇਸ਼ ਕਰਨ ਦੇ ਤਰੀਕੇ ਤਾਂ ਬਦਲ ਦਿੱਤੇ ਹਨ, ਪਰ ਪੱਤਰਕਾਰ ਦੀ ਨੈਤਿਕ ਜ਼ਿੰਮੇਵਾਰੀ ਅਜੇ ਵੀ ਉਹੀ ਹੈ। ਉਨ੍ਹਾਂ ਸਵਾਲ ਉਠਾਇਆ ਕਿ ਸਮਾਜ ਵਿਚ ਵਾਪਰਦੇ ਸੱਚ ਅਤੇ ਝੂਠ ਵਿਚਲੇ ਅੰਤਰ ਨੂੰ ਤਰਕ ਦੀ ਦ੍ਰਿਸ਼ਟੀ ਤੋਂ ਪਛਾਣਨ ਦੀ ਲੋੜ ਹੁੰਦੀ ਹੈ। ਇਹੀ ਮਿਆਰੀ ਪੱਤਰਕਾਰੀ ਦਾ ਅਸੂਲ ਹੈ। ਉਨ੍ਹਾਂ ਇਸ ਗੱਲ ਉਪਰ ਬਲ ਦਿੱਤਾ ਕਿ ਪੰਜਾਬੀ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਲੱਭਣ ਦੀ ਲੋੜ ਹੈ।ਚੜ੍ਹਦੀ ਕਲਾ ਟਾਈਮ ਟੀ.ਵੀ. ਦੇ ਪ੍ਰੋਗਰਾਮ ਦੇ ਸੰਚਾਲਕ ਪ੍ਰੋ. ਹਰਜਿੰਦਰਪਾਲ ਸਿੰਘ ਵਾਲੀਆ ਨੇ ਕਿਹਾ ਕਿ ਪੱਤਰਕਾਰੀ ਸਿਰਫ਼ ਸੂਚਨਾ ਦੇਣਾ ਨਹੀਂ ਬਲਕਿ ਸੱਚ ਨੂੰ ਉਸ ਦੇ ਸਹੀ ਸੰਦਰਭ ਵਿੱਚ ਪੇਸ਼ ਕਰਨਾ ਹੈ। ਆਕਾਸ਼ਵਾਣੀ ਜਲੰਧਰ ਦੇ ਪ੍ਰੋਗਰਾਮ ਮੁਖੀ ਸ੍ਰੀ ਪਰਮਜੀਤ ਸਿੰਘ ਦੀ ਧਾਰਣਾ ਸੀ ਕਿ ਰੇਡੀਓ ਵਰਗੇ ਮਾਧਿਅਮ ਅੱਜ ਵੀ ਲੋਕਾਂ ਵਿੱਚ ਵਿਸ਼ਵਾਸ ਦਾ ਪ੍ਰਤੀਕ ਹਨ। ਦੂਜੀ ਬੈਠਕ ਵਿੱਚ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਪਦਮ ਭੂਸ਼ਣ ਡਾ. ਸਰਦਾਰਾ ਸਿੰਘ ਜੌਹਲ ਨਾਲ ਰੂ–ਬ–ਰੂ ਦੌਰਾਨ ਨਵੇਕਲੇ ਅੰਦਾਜ਼ ਵਿੱਚ ਪੰਜਾਬ ਦੀ ਖੇਤੀਬਾੜੀ ਆਰਥਿਕਤਾ ਅਤੇ ਮੌਜੂਦਾ ਸੰਕਟਾਂ ਅਤੇ ਭਵਿੱਖ ਦੀਆਂ ਚੁਣੌਤੀਆਂ ਬਾਰੇ ਖੁੱਲ੍ਹ ਕੇ ਵਿਚਾਰ ਸਾਂਝੇ ਕੀਤੇ।ਬਾਅਦ ਦੁਪਹਿਰ ਤੀਸਰੀ ਬੈਠਕ ਵਿੱਚ ਲੋਕ ਕਲਾਵਾਂ ਦਾ ਹਾਸ਼ੀਆਕਰਨ: ਜ਼ਿੰਮੇਵਾਰ ਕੌਣ ? ਵਿਸ਼ੇ ਤੇ ਗਹਿਰਾਈ ਨਾਲ ਮੰਥਨ ਹੋਇਆ। ਹਰਦਿਆਲ ਥੂਹੀ, ਜਸਵਿੰਦਰ ਸ਼ਰਮਾ ਅਤੇ ਦਵਿੰਦਰ ਕੌਰ ਢੱਟ ਨੇ ਲੋਕ ਕਲਾਵਾਂ ਦੇ ਅਲੋਪ ਹੋ ਰਹੇ ਸਰੂਪ ਤੇ ਚਿੰਤਾ ਪ੍ਰਗਟਾਈ।

'ਪੁਸਤਕ ਮੇਲੇ ਅਤੇ ਸਾਹਿਤ ਉਤਸਵ' ਦੇ ਚੌਥੇ ਦਿਨ ਭਾਵ 2 ਅਪ੍ਰੈਲ ਦੀ ਪਹਿਲੀ ਬੈਠਕ ਡਿਜ਼ੀਟਲ ਯੁੱਗ ਵਿਚ ਮਾਤ ਭਾਸ਼ਾ : ਸਥਿਤੀ ਅਤੇ ਚੁਣੌਤੀਆਂ* ਵਿਸ਼ੇ ਤੇ ਕਰਵਾਈ ਬੈਠਕ ਵਿਚ ਪ੍ਰੋ. ਭੁਪਿੰਦਰ ਸਿੰਘ ਖਹਿਰਾ, ਪ੍ਰੋ. ਪਰਮਜੀਤ ਸਿੰਘ ਢੀਂਗਰਾ, ਪ੍ਰੋ. ਰਮਨਪ੍ਰੀਤ ਕੌਰ ਨੇ ਭਾਗ ਲਿਆ ਜਦੋਂ ਕਿ ਅਨੁਵਾਦ ਨਾਲ ਸੰਬੰਧਤ ਦੂਜੀ ਬੈਠਕ ਵਿਚ ਸ. ਸੁਰਿੰਦਰ ਸਿੰਘ ਤੇਜ, ਡਾ. ਰਾਜ਼ੇਸ਼ ਸ਼ਰਮਾ ਅਤੇ ਡਾ. ਅਕਸ਼ੇ ਕੁਮਾਰ ਨੇ ਸੰਬੰਧਤ ਵਿਸ਼ੇ ਦੀ ਗਹਿਰਾਈ ਨੂੰ ਮਾਪਦੇ ਹੋਏ ਭਵਿਖਮੁਖੀ ਚੁਣੌਤੀਆਂ ਦੀ ਨਿਸ਼ਾਨਦੇਹੀ ਕੀਤੀ।ਇਸੇ ਦਿਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਕੀਰਤੀ ਚੱਕਰ ਪਦਮ ਸ੍ਰੀ ਸਵਰਨ ਸਿੰਘ ਬੋਪਾਰਾਏ ਦੀ ਪੁਸਤਕ ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ–ਸੰਵਿਧਾਨਕ ਲੁੱਟ, ਜਿਸ ਦਾ ਪੰਜਾਬੀ ਵਿਚ ਸਿਮਰਨਜੀਤ ਕੌਰ ਨੇ ਅਨੁਵਾਦ ਕੀਤਾ ਹੈ, ਵੀ ਲੋਕ ਅਰਪਿਤ ਕੀਤੀ ਗਈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਸੁਆਗਤ ਕਰਦਿਆਂ ਕਿਹਾ ਕਿ ਪਾਣੀਆਂ ਸੰਬੰਧੀ ਹੱਕਾਂ ਬਾਰੇ ਚੇਤਨਾ ਦੀ ਜਾਗ ਲਗਾਉਣ ਦੀ ਲੋੜ ਹੈ।ਉਪਰੰਤ ਪਦਮ ਸ੍ਰੀ ਸਵਰਨ ਸਿੰਘ ਬੋਪਾਰਾਏ ਨੇ ਦਰਿਆਈ ਪਾਣੀਆਂ ਬਾਰੇ ਇਕਮੁੱਠ ਹੋ ਕੇ ਹੰਭਲੇ ਮਾਰਨ ਦੀ ਲੋੜ ਉਪਰ ਜ਼ੋਰ ਦਿੱਤਾ ਤਾਂ ਜੋ ਸਚਮੁਚ ਹੀ ਰੰਗਲਾ ਪੰਜਾਬ ਆਪਣੇ ਅਰਥ ਗ੍ਰਹਿਣ ਕਰ ਸਕੇ।ਇਸ ਪੁਸਤਕ ਸੰਬੰਧੀ ਸੇਵਾਮੁਕਤ ਕਰਨਲ ਅਵਤਾਰ ਸਿੰਘ ਹੀਰਾ ਨੇ ਵੀ ਵਿਚਾਰ ਪੇਸ਼ ਕੀਤੇ।

3 ਅਪ੍ਰੈਲ ਨੂੰ ਵਿਦਾਇਗੀ ਸਮਾਰੋਹ ਵਿਚ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਪਹੁੰਚੀਆਂ ਹੋਈਆਂ ਸ਼ਖ਼ਸੀਅਤਾਂ ਦਾ ਹਾਰਦਿਕ ਸਵਾਗਤ ਕੀਤਾ।ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਪੰਜਾਬੀ ਵਿਭਾਗ ਵੱਲੋਂ ਆਯੋਜਿਤ ਇਸ ਸਾਹਿਤ ਉਤਸਵ ਨੇ ਵੱਡੀ ਪੱਧਰ ਤੇ ਪਾਠਕਾਂ, ਲਿਖਾਰੀਆਂ, ਵਿਦਵਾਨਾਂ ਅਤੇ ਅਕਾਦਮਿਕ ਸ਼ਖ਼ਸੀਅਤਾਂ ਨੂੰ ਆਪਣੇ ਨਾਲ ਜੋੜ ਕੇ ਯਾਦਗਾਰੀ ਕਾਰਜ ਕੀਤਾ ਹੈ। ਪਦਮ ਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਾਤਾਵਰਣ ਅਤੇ ਸਾਹਿਤ ਦੇ ਮਹੱਤਵ ਉਪਰ ਰੌਸ਼ਨੀ ਪਾਈ। ਸ਼੍ਰੋਮਣੀ ਲੇਖਕ ਪ੍ਰਿੰ. ਸਰਵਣ ਸਿੰਘ ਅਤੇ ਡਾ. ਬਲਤੇਜ ਸਿੰਘ ਮਾਨ ਨੇ ਵੀ ਆਪਣੀਆਂ ਪੰਜਾਬੀ ਪੱਖੀ ਭਾਵਨਾਵਾਂ ਦਰਸਾਈਆਂ।

ਡਾ. ਬਲਜੀਤ ਕੌਰ ਬੱਲੀ ਦੀ ਨਿੱਘੀ ਯਾਦ ਨੂੰ ਸਮਰਪਿਤ ਬੈਠਕ ਵਿਚ ਬਲਦੇਵ ਸਿੰਘ ਸੜਕਨਾਮਾ ਨੇ ਪਾਤਰਾਂ ਦੀ ਚੋਣ ਅਤੇ ਘਾੜਤ ਬਾਰੇ ਗੱਲ ਕੀਤੀ ਜਦੋਂ ਕਿ ਪਰਵਾਸੀ ਕਹਾਣੀਕਾਰ ਜਰਨੈਲ ਸਿੰਘ ਨੇ ਕਿਹਾ ਕਿ ਪਰਵਾਸ ਵਿਚ ਔਰਤ ਦੀ ਸਥਿਤੀ ਪੰਜਾਬ ਨਾਲੋਂ ਵੱਖਰੀ ਹੈ।ਇਸ ਵਰ੍ਹੇ ਦੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਗਲਪਕਾਰ ਜਿੰਦਰ ਦਾ ਮੰਨਣਾ ਸੀ ਕਿ ਲੇਖਕ ਨੂੰ ਕਦੇ ਵੀ ਕਿਸੇ ਵਿਚਾਰਧਾਰਾ ਪ੍ਰਤੀ ਕੱਟੜਤਾ ਨਹੀਂ ਦਿਖਾਉਣੀ ਚਾਹੀਦੀ। ਕਹਾਣੀ ਧਾਰਾ ਦੇ ਸੰਪਾਦਕ ਅਤੇ ਢਾਹਾਂ ਪੁਰਸਕਾਰ ਵਿਜੇਤਾ ਭਗਵੰਤ ਰਸੂਲਪੁਰੀ ਨੇ ਵਿਚਾਰਧਾਰਾ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਾਤਰਾਂ ਦੀ ਪੇਸ਼ਕਾਰੀ ਪਿੱਛੇ ਲੇਖਕ ਦਾ ਦ੍ਰਿਸ਼ਟੀਕੋਣ ਪ੍ਰਮੁੱਖ ਹੁੰਦਾ ਹੈ ਅਤੇ ਲੇਖਕ ਨੂੰ ਪਾਤਰ ਅਤੇ ਜੀਵਨ—ਜੁਗਤੀ ਨੂੰ ਸਮਝਣ ਦੀ ਡੂੰਘੀ ਲੋੜ ਹੁੰਦੀ ਹੈ। ਗਲਪਕਾਰ ਗ.ਸ. ਨਕਸ਼ਦੀਪ ਪੰਜਕੋਹਾ ਨੇ ਅਗਲੀਆਂ ਪੀੜ੍ਹੀਆਂ ਬਾਰੇ ਚਿੰਤਾ ਵਿਅਕਤ ਕੀਤੀ।ਮੰਚ ਸੰਚਾਲਨ ਡਾ. ਗੁਰਮੁੱਖ ਸਿੰਘ ਨੇ ਕੀਤਾ।

'ਬਾਲ ਸਾਹਿਤ ਦਾ ਸੰਕਟ: ਗੁਣਵੱਤਾ ਜਾਂ ਘਾਟ' ਵਿਸ਼ੇ 'ਤੇ ਅਧਾਰਿਤ ਦੂਜੀ ਬੈਠਕ ਵਿਚ 'ਬਾਲ ਸੰਦੇਸ਼ ਰਸਾਲੇ ਦੇ ਸੰਪਾਦਕ ਹਿਰਦੇਪਾਲ ਸਿੰਘ, ਡਾ. ਕੁਲਬੀਰ ਸਿੰਘ ਸੂਰੀ, ਡਾ. ਦਰਸ਼ਨ ਸਿੰਘ ਆਸ਼ਟ ਅਤੇ ਮਨਮੋਹਨ ਸਿੰਘ ਦਾਊਂ ਨੇ ਬਾਲ ਸਾਹਿਤ ਦੀਆਂ ਮੌਜੂਦਾ ਚੁਣੌਤੀਆਂ 'ਤੇ ਚਰਚਾ ਕੀਤੀ।ਇਸ ਬੈਠਕ ਦੇ ਸੰਚਾਲਕ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਸਨ।

ਇਸ ਸਾਹਿਤ ਉਤਸਵ ਵਿਚ ਸਾਹਿਤਕ ਖੇਤਰ ਵਿੱਚ ਦਹਾਕਿਆਂ ਬੱਧੀ ਪਾਏ ਯੋਗਦਾਨ ਲਈ ਇਸ ਦੌਰਾਨ ਸਰਦਾਰ ਪੰਛੀ, ਓਮ ਪ੍ਰਕਾਸ਼ ਗਾਸੋ, ਕਿਰਪਾਲ ਸਿੰਘ ਪੰਨੂੰ, ਕਾਨਾ ਸਿੰਘ, ਡਾ. ਕਮਲੇਸ਼ ਉੱਪਲ,ਤੇਲੂ ਰਾਮ ਕੁਹਾੜਾ, ਬੀ.ਐਸ. ਰਤਨ, ਪ੍ਰੋ. ਅੱਛਰੂ ਸਿੰਘ ਅਤੇ ਡਾ. ਪ੍ਰਭਸ਼ਰਨ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਉਤਸਵ ਦੀਆਂ ਵੱਖ ਵੱਖ ਬੈਠਕਾਂ ਵਿਚ ਸੰਵਾਦ, ਸੰਚਾਲਨ ਤੇ ਧੰਨਵਾਦ ਕਰਨ ਵਾਲਿਆਂ ਵਿਚ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਤੋਂ ਇਲਾਵਾ ਡਾ. ਸੁਰਜੀਤ, ਡਾ. ਗੁਰਮੁਖ ਸਿੰਘ, ਡਾ. ਸੁਰਜੀਤ ਸਿੰਘ ਭੱਟੀ, ਡਾ. ਬਲਵਿੰਦਰ ਕੌਰ ਸਿੱਧੂ, ਡਾ. ਗੁਰਸੇਵਕ ਸਿੰਘ ਲੰਬੀ, ਡਾ. ਚਰਨਜੀਤ ਕੌਰ, ਡਾ. ਧਰਮਜੀਤ ਸਿੰਘ, ਡਾ. ਪਰਮਜੀਤ ਕੌਰ, ਡਾ. ਅਮਨਪ੍ਰੀਤ ਕੌਰ, ਹਰਿੰਦਰ ਕੌਰ ਹੁੰਦਲ, ਡਾ. ਰਾਜਮੋਹਿੰਦਰ ਕੌਰ, ਬਲਜਿੰਦਰ ਮਾਨ, ਸਾਹਿਲਦੀਪ ਸਿੰਘ, ਲੱਛਮੀ, ਸ਼ਹਿਨਾਜ਼ ਸੰਜੂ ਅਤੇ ਚਮਕੌਰ ਬਿੱਲਾ ਆਦਿ ਸ਼ਾਮਲ ਹਨ।

ਇਸ ਵਿਸ਼ਾਲ ਸਾਹਿਤ ਉਤਸਵ ਵਿਚ ਯੂਨੀਵਰਸਿਟੀ ਦੇ ਉਚ ਅਧਿਕਾਰੀਆਂ,ਪ੍ਰਸਿੱਧ ਸਾਹਿਤਕਾਰਾਂ, ਵਿਦਵਾਨਾਂ, ਆਲੋਚਕਾਂ ਅਤੇ ਹੋਰਨਾਂ ਖੇਤਰਾਂ ਦੀਆਂ ਅਹਿਮ ਸ਼ਖ਼ਸੀਅਤਾਂ ਤੋਂ ਇਲਾਵਾ ਯੂਨੀਵਰਸਿਟੀ ਦੇ ਭਾਸ਼ਾਵਾਂ ਨਾਲ ਸੰਬੰਧਤ ਵਿਭਾਗਾਂ ਦੇ ਅਮਲੇ ਨੇ ਵੀ ਸ਼ਮੂਲੀਅਤ ਕੀਤੀ। ਪਬਲੀਕੇਸ਼ਨ ਬਿਊਰੋ ਦੇ ਇੰਚਾਰਜ ਡਾ. ਰਵਿੰਦਰਪਾਲ ਸਿੰਘ ਕਾਲੜਾ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਸਾਹਿਤ ਉਤਸਵ ਤੇ ਪੁਸਤਕ ਮੇਲੇ ਵਿਚ ਜਿੱਥੇ 110 ਪ੍ਰਕਾਸ਼ਕਾਂ ਤੇ ਪੁਸਤਕ ਵਿਕ੍ਰੇਤਾਵਾਂ ਨੇ ਸਟਾਲ ਲਗਾਏ ਉਥੇ ਇਕ ਕਰੋੜ ਰੁਪਏ ਤੋਂ ਵੀ ਵੱਧ ਦੀਆਂ ਪੁਸਤਕਾਂ ਦਾ ਵਿਕਣਾ ਯੂਨੀਵਰਸਿਟੀ ਦੀ ਪੰਜਾਬੀ ਭਾਸ਼ਾ ਪ੍ਰਤੀ ਪ੍ਰਤਿਬੱਧਤਾ ਅਤੇ ਪੁਸਤਕ ਸਭਿਆਚਾਰ ਦੇ ਵਿਕਾਸ ਦਾ ਸੂਚਕ ਹੈ।ਰਣਜੀਤ ਕੌਰ, ਗੁਲਸ਼ਨ ਕੋਮਲ, ਸੁੱਖੀ ਬਰਾੜ,ਹਰਮਿੰਦਰ ਜਲਾਲ, ਦੇਸ ਰਾਜ ਲਚਕਾਣੀ, ਮਨਪ੍ਰੀਤ ਸਿੰਘ ਅਤੇ ਦੇਬੀ ਮਖ਼ਸੂਸਪੁਰੀ ਆਦਿ ਦੀਆਂ ਸੰਗੀਤਕ ਸ਼ਾਮਾਂ ਨਾਲ ਇਹ ਉਤਸਵ ਹੋਰ ਵੀ ਸਾਰਥਿਕ ਬਣ ਗਿਆ।

**- ਡਾ. ਦਰਸ਼ਨ ਸਿੰਘ 'ਆਸ਼ਟ'**

# ਆਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਦੀ ਲਹੂ ਭਿੱਜੀ ਦਾਸਤਾਨ

ਆਨੰਦਪੁਰ ਸਾਹਿਬ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਵਸਾਏ ਨਗਰ ਚੱਕ ਨਾਨਕੀ ਦੇ ਨਾਲ ਲੱਗਦੇ ਪਿੰਡਾਂ ਦੀ ਜ਼ਮੀਨ ਖ਼ਰੀਦ ਕੇ ਆਨੰਦਪੁਰ ਸਾਹਿਬ ਦੀ ਨੀਂਹ ਰੱਖੀ। ਇਸ ਨਗਰ ਦੁਆਲੇ ਪੰਜ ਕਿਲ੍ਹੇ ਉਸਾਰ ਕੇ ਇਸ ਨੂੰ ਵਿਸ਼ਾਲ ਅਤੇ ਰੱਖਿਆ ਪੱਖੋਂ ਮਜ਼ਬੂਤ ਕੇਂਦਰ ਬਣਾਇਆ। ਇਸ ਕਰਕੇ ਆਨੰਦਪੁਰ ਸਾਹਿਬ ਸਿੱਖਾਂ ਲਈ ਧਾਰਮਿਕ, ਸਿਆਸੀ ਅਤੇ ਫ਼ੌਜੀ ਕੇਂਦਰ ਬਣ ਗਿਆ। ਆਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਤੱਕ ਦੀ ਧਰਤੀ 'ਤੇ ਚੱਲਦਿਆਂ ਸੈਂਕੜੇ ਹੀ ਸਿੱਖ ਜੁਝਾਰੂਆਂ ਨੇ ਸ਼ਹੀਦੀਆਂ ਪਾਈਆਂ। ਇੱਥੋਂ ਦੀ ਮਿੱਟੀ ਵਿੱਚ ਉਨ੍ਹਾਂ ਸ਼ਹੀਦਾਂ ਦੇ ਖ਼ੂਨ-ਪਸੀਨੇ ਦੇ ਤੁਪਕੇ ਜਜ਼ਬ ਹੋਏ ਹਨ। ਸਿੱਖ ਇਤਿਹਾਸ ਦੇ ਛੋਟੇ, ਪਰ ਸਭ ਤੋਂ ਵੱਧ ਲਹੂ ਭਿੱਜੇ ਇਨ੍ਹਾਂ ਦੇ ਦਿਨਾਂ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ। ਇਹ ਕੁਰਬਾਨੀਆਂ ਅਸੂਲਾਂ ਅਤੇ ਸੂਰਬੀਰਤਾ ਦੀ ਇੱਕ ਮਹਾਨ ਮਿਸਾਲ ਹਨ, ਜਿੱਥੇ ਪਿਤਾ ਨੇ ਆਪਣੇ ਸਪੁੱਤਰਾਂ ਨੂੰ ਜ਼ੁਲਮ ਖ਼ਿਲਾਫ਼ ਸ਼ਹੀਦ ਹੁੰਦੇ ਵੇਖਿਆ।

ਮੁਗ਼ਲ ਕਾਲ ਦੇ ਮੁੱਢਲੇ ਸਰੋਤ ਸਾਕੀ ਮੁਸਤੈਦ ਖ਼ਾਨ ਦੀ ਪੁਸਤਕ 'ਮੁਆਸਿਰ-ਏ-ਆਲਮਗੀਰੀ' ਅਤੇ 'ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ' (ਰੋਜ਼ਨਾਮਚਾ) ਅਨੁਸਾਰ ਅਗਸਤ 1695 ਨੂੰ ਲਾਹੌਰ ਦੇ ਗਵਰਨਰ ਮੁਕਰੱਮ ਖ਼ਾਨ ਨੇ ਮੁਗ਼ਲ ਕਮਾਂਡਰ

**ਸੁਰਿੰਦਰ ਸਿੰਘ ਰਸੂਲਪੁਰ**

ਦਿਲਾਬਰ ਖ਼ਾਨ ਦੀ ਅਗਵਾਈ ਵਿੱਚ ਉਸ ਦੇ ਪੁੱਤਰ ਖ਼ਾਨਜ਼ਾਦਾ ਨੂੰ ਆਨੰਦਪੁਰ ਸਾਹਿਬ 'ਤੇ ਹਮਲਾ ਕਰਨ ਲਈ ਭੇਜਿਆ। ਇਹ ਆਨੰਦਪੁਰ ਸਾਹਿਬ 'ਤੇ ਮੁਗ਼ਲ ਫ਼ੌਜਾਂ ਦਾ ਪਹਿਲਾ ਹਮਲਾ ਸੀ, ਜਿਸ ਵਿੱਚ ਗੁਰੂ ਜੀ ਨੇ ਖ਼ਾਨਜ਼ਾਦਾ ਦੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾ ਕੇ ਭਜਾ ਦਿੱਤਾ। ਇਸ ਤੋਂ ਪਹਿਲਾਂ 20 ਮਾਰਚ 1691 ਨੂੰ ਜੰਮੂ ਦੇ ਫ਼ੌਜਦਾਰ ਮੀਆਂ ਖ਼ਾਨ ਨੇ ਪਹਾੜੀ ਰਾਜਿਆਂ ਤੋਂ ਟੈਕਸ ਦੀ ਵਸੂਲੀ ਕਰਨ ਲਈ ਆਲਿਫ਼ ਖ਼ਾਨ ਨੂੰ ਪਹਾੜਾਂ ਵੱਲ ਭੇਜਿਆ ਸੀ। ਨਦੌਣ ਦੀ ਲੜਾਈ ਵਿੱਚ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸਰਪ੍ਰਸਤੀ ਹੇਠ ਮੁਗ਼ਲ ਫ਼ੌਜਾਂ ਨੂੰ ਪਹਾੜੀ ਇਲਾਕੇ 'ਚੋਂ ਭਜਾ ਦਿੱਤਾ ਸੀ। ਸੰਨ 1696 ਨੂੰ ਦਿਲਾਬਰ ਖ਼ਾਨ ਨੇ ਜਰਨੈਲ ਹੁਸੈਨ ਖ਼ਾਨ ਨੂੰ ਇੱਕ ਮਜ਼ਬੂਤ ਅਤੇ ਵੱਡੀ ਫ਼ੌਜ ਨਾਲ ਪਹਾੜੀ ਰਿਆਸਤਾਂ ਦੇ ਰਾਜਿਆਂ ਤੋਂ ਟੈਕਸ ਲੈਣ ਅਤੇ ਗੁਰੂ ਜੀ ਨੂੰ ਸਬਕ ਸਿਖਾਉਣ ਲਈ ਭੇਜਿਆ। ਇਸ ਸਮੇਂ ਡਢਵਾਲੀਏ ਅਤੇ ਕਹਿਲੂਰੀਏ ਰਿਆਸਤ ਦੇ ਰਾਜਿਆਂ ਨੇ ਹੁਸੈਨੀ ਨੂੰ ਬਣਦਾ ਟੈਕਸ ਦੇਣਾ ਮਨਜ਼ੂਰ ਕਰ ਲਿਆ ਅਤੇ ਉਹ ਆਪਣੀਆਂ ਫ਼ੌਜਾਂ ਸਮੇਤ ਉਸ ਦੀ ਮੁਹਿੰਮ ਵਿੱਚ ਸ਼ਾਮਲ ਹੋ ਗਏ। ਗੁਲੇਰ ਰਿਆਸਤ ਦੇ ਰਾਜਾ ਗੋਪਾਲ ਚੰਦ ਗੁਲੇਰੀਆ ਨੇ ਹੁਸੈਨ ਖ਼ਾਨ ਨੂੰ ਟੈਕਸ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਜੇ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਜੀ ਤੋਂ ਸਹਾਇਤਾ ਮੰਗੀ। 19 ਫ਼ਰਵਰੀ 1696 ਨੂੰ ਸਿੱਖਾਂ ਦੀ ਅਗਵਾਈ ਵਿੱਚ ਗੁਲੇਰ ਦੀਆਂ ਫ਼ੌਜਾਂ ਨੇ ਪਹਾੜੀ ਫ਼ੌਜਾਂ ਅਤੇ ਮੁਗ਼ਲ ਫ਼ੌਜਾਂ ਨੂੰ ਮੈਦਾਨ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ। ਇਸ ਲੜਾਈ ਵਿੱਚ ਹੁਸੈਨ ਖ਼ਾਨ ਮਾਰਿਆ ਗਿਆ, ਜਦੋਂ ਕਿ ਸਿੱਖਾਂ ਵਿੱਚੋਂ ਭਾਈ ਲਹਿਣਾ, ਭਾਈ ਸੰਗਤ, ਭਾਈ ਹਨੂਮਤ ਅਤੇ ਭਾਈ ਦਰਸੋ ਵਰਗੇ ਸਿੱਖ ਸ਼ਹੀਦ ਹੋ ਗਏ। ਇਸ ਲੜਾਈ ਤੋਂ ਦੋ ਕੁ ਮਹੀਨਿਆਂ ਬਾਅਦ ਲਾਹੌਰ ਦੇ ਗਵਰਨਰ ਨੇ 30 ਅਪਰੈਲ 1696 ਈਸਵੀ ਨੂੰ ਭਲਾਨ ਦੇ ਮੈਦਾਨ ਵਿੱਚ ਜੁਝਾਰ ਸਿੰਹੁ ਹਾਂਡਾ ਨੂੰ 3000 ਫ਼ੌਜੀ ਦਸਤਾ ਦੇ ਕੇ ਭੇਜਿਆ। ਇਸ ਲੜਾਈ ਵਿੱਚ ਜੁਝਾਰ ਸਿੰਹੁ ਹਾਂਡਾ ਅਤੇ ਦਿਲਾਬਰ ਖ਼ਾਨ ਦਾ ਪੁੱਤਰ ਖ਼ਾਨਜ਼ਾਦਾ ਵੀ ਮਾਰਿਆ ਗਿਆ। ਸਤੰਬਰ 1696 ਨੂੰ ਔਰੰਗਜ਼ੇਬ ਨੇ ਪਹਾੜੀ ਰਾਜਿਆਂ ਤੋਂ ਟੈਕਸ ਦੀ ਭਰਪਾਈ ਅਤੇ ਪੰਜਾਬ ਦੇ ਇਲਾਕਿਆਂ ਵਿੱਚ ਸ਼ਾਂਤੀ ਬਹਾਲ ਕਰਨ ਲਈ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਭੇਜਿਆ। ਇਸ ਮੁਹਿੰਮ ਦੌਰਾਨ ਮੁਅੱਜ਼ਮ ਨੇ ਆਪਣੇ ਸੂਹੀਆਂ ਤੋਂ ਆਨੰਦਪੁਰ ਸਾਹਿਬ ਦੀ ਸਥਿਤੀ ਬਾਰੇ ਜਾਣਕਾਰੀ ਲਈ ਅਤੇ ਔਰੰਗਜ਼ੇਬ ਨੂੰ ਖ਼ਬਰ ਕੀਤੀ ਕਿ ਸਿੱਖਾਂ ਵੱਲੋਂ ਮੁਗ਼ਲ ਹਕੂਮਤ ਵਿਰੁੱਧ ਬਗਾਵਤ ਕਰਨ ਦਾ ਕੋਈ ਇਰਾਦਾ ਨਹੀਂ ਹੈ। ਕੁਝ ਸਮੇਂ ਲਈ ਆਨੰਦਪੁਰ ਸਾਹਿਬ ਦੇ ਆਲੇ-ਦੁਆਲੇ ਸ਼ਾਂਤੀ ਦਾ ਮਾਹੌਲ ਪਸਰਿਆ। ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਂਤੀ ਦੀ ਵਰਤੋਂ ਕਰਦਿਆਂ ਬਾਹਰੀ ਲੜਾਈਆਂ ਦੀ ਵਜਾਏ ਅੰਦਰੂਨੀ ਮਜ਼ਬੂਤੀ ਅਤੇ ਖ਼ਾਲਸੇ ਦੀ ਸਿਰਜਨਾ ਕਰਨ ਵੱਲ ਧਿਆਨ ਦਿੱਤਾ।

ਗੁਰੂ ਸਾਹਿਬ ਨੇ 30 ਮਾਰਚ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਦੇ ਸਮਕਾਲੀ ਕਵੀ ਸੈਨਾਪਤਿ ਨੇ ਖ਼ਾਲਸਾ ਸਾਜਨਾ ਦਿਵਸ ਬਾਰੇ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸੰਮਤ ਸਤ੍ਰਹ ਸੈ ਬਰਸ, ਬਿਤੇ ਜਬੈ ਛਪੰਨ। ਗੁਰ ਤਬ ਖਾਲਸਾ ਸਾਜਿਓ, ਪ੍ਰਗਟ ਕੀਓ ਸੁਪੰਨ। ਬਿਸਾਖੀ ਪਰਬੁ ਜਾਨ ਕੈ, ਸਾਜਿਓ ਖਾਲਸਾ ਏਹ। ਇਸ ਦਾ ਮੁੱਖ ਉਦੇਸ਼ ਜ਼ੁਲਮ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਲੜਨ ਲਈ ਸੰਤ ਅਤੇ ਸਿਪਾਹੀ ਵਾਲੇ ਮਨੁੱਖ ਬਣਾ ਕੇ ਉਨ੍ਹਾਂ ਅੰਦਰ ਨਿਰਭਉ ਅਤੇ ਨਿਰਵੈਰ ਵਰਗੇ ਗੁਣ ਪੈਦਾ ਕਰਨਾ ਸੀ। ਆਨੰਦਪੁਰ ਸਾਹਿਬ ਦੇ ਲਾਗਲੇ ਪਹਾੜੀ ਰਾਜੇ ਅਤੇ ਮੁਗ਼ਲ ਹਕੂਮਤ ਮਨੁੱਖ ਦੀ ਬਰਾਬਰੀ ਵਾਲੇ ਇਸ ਸਿਧਾਂਤ ਦੇ ਵਿਰੁੱਧ ਸੀ, ਜਿਸ ਕਰਕੇ ਅਜਮੇਰ ਚੰਦ ਕਹਿਲੂਰੀਏ ਨੇ ਆਨੰਦਪੁਰ ਸਾਹਿਬ 'ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਿੱਖ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦੇ ਮਹਾਨ ਕੋਸ਼ ਅਤੇ ਭੱਟ ਵਹੀਆਂ ਦੇ ਵੇਰਵਿਆਂ ਅਨੁਸਾਰ 29 ਅਗਸਤ ਸੰਨ 1700 ਨੂੰ ਅਜਮੇਰ ਚੰਦ ਦੀਆਂ ਪਹਾੜੀ ਫ਼ੌਜਾਂ ਨੇ ਆਨੰਦਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਕਿਲ੍ਹਾ ਤਾਰਾਗੜ੍ਹ 'ਤੇ ਅਚਾਨਕ ਹਮਲਾ ਕਰ ਦਿੱਤਾ। ਇਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿੱਚ ਸਿੱਖ ਫ਼ੌਜਾਂ ਨੇ ਪਹਾੜੀ ਫ਼ੌਜਾਂ ਨਾਲ ਡਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿੱਚ ਭਾਈ ਈਸ਼ਰ ਸਿੰਘ, ਭਾਈ ਕਲਿਆਣ ਸਿੰਘ ਅਤੇ ਮੰਗਤ ਸਿੰਘ ਸ਼ਹੀਦ ਹੋ ਗਏ। ਪਹਾੜੀ ਫ਼ੌਜਾਂ ਨੇ ਆਪਣੀ ਹਾਰ ਤੋਂ ਤੁਰੰਤ ਬਾਅਦ 30 ਅਗਸਤ 1700 ਨੂੰ ਕਿਲ੍ਹਾ ਫ਼ਤਿਹਗੜ੍ਹ ਉੱਤੇ ਹਮਲਾ ਕੀਤਾ, ਜਿਸ ਵਿੱਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਨੰਦ ਸਿੰਘ ਸ਼ਹੀਦ ਹੋ ਗਏ। ਤੀਜੇ ਦਿਨ 31 ਅਗਸਤ ਨੂੰ ਕਿਲ੍ਹਾ ਅਗੰਮਗੜ੍ਹ ਦੀ ਲੜਾਈ ਦੌਰਾਨ ਭਾਈ ਬਾਘ ਸਿੰਘ ਘਰਬਾਰਾ ਸ਼ਹੀਦ ਹੋ ਗਏ। ਲਗਾਤਾਰ ਤਿੰਨ ਦਿਨ ਹਾਰ ਖਾਣ ਉਪਰੰਤ ਰਾਜਾ ਅਜਮੇਰ ਚੰਦ ਕਹਿਲੂਰੀਏ ਨੇ ਆਪਣੇ ਮਾਮਾ ਕੇਸਰੀ ਚੰਦ ਜਸਵਾਲੀਆ ਨਾਲ ਮਿਲ ਕੇ ਆਨੰਦਪੁਰ ਸਾਹਿਬ ਦੇ ਕਿਲ੍ਹਾ ਲੋਹਗੜ੍ਹ 'ਤੇ ਹਮਲਾ ਕਰਨ ਦੀ ਰਣਨੀਤੀ ਤਿਆਰ ਕੀਤੀ। ਇਸ ਕਿਲ੍ਹੇ ਅੰਦਰ ਰਾਮ ਸਿੰਘ ਸਿਕਲੀਗਰ ਨੇ ਲੋਹੇ ਦੇ ਹਥਿਆਰ ਤਿਆਰ ਕਰਨ ਦਾ ਕਾਰਖ਼ਾਨਾ ਲਗਾਇਆ ਹੋਇਆ ਸੀ। ਅਜਮੇਰ ਚੰਦ ਨੇ ਕਿਲ੍ਹੇ 'ਤੇ ਫ਼ੌਜਾਂ ਨਾਲ ਲੜਾਈ ਕਰਨ ਦੀ ਬਜਾਏ ਇੱਕ ਹਾਥੀ ਨੂੰ ਸ਼ਰਾਬ ਪਿਲਾ ਕੇ ਭੇਜਣ ਦਾ ਫ਼ੈਸਲਾ ਕੀਤਾ। ਭਾਈ ਬਚਿੱਤਰ ਸਿੰਘ ਨੇ ਨਾਗਨੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕਰਕੇ ਉਸ ਨੂੰ ਮੈਦਾਨ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਦੇ ਦੂਸਰੇ ਭਰਾ ਭਾਈ ਉਦੈ ਸਿੰਘ ਨੇ ਕੇਸਰੀ ਚੰਦ ਜਸਵਾਲੀਆ ਨੂੰ ਚਿੱਤ ਕਰ ਦਿੱਤਾ। ਇਸ ਲੜਾਈ ਦੌਰਾਨ ਭਾਈ ਕੁਸ਼ਾਲ ਸਿੰਘ, ਭਾਈ ਆਲਮ ਸਿੰਘ ਅਤੇ ਭਾਈ ਦਿਆਲ ਸਿੰਘ ਸ਼ਹੀਦ ਹੋ ਗਏ। ਅਜਮੇਰ ਚੰਦ ਕਹਿਲੂਰੀਏ ਨੇ ਲਗਾਤਾਰ ਚਾਰ ਦਿਨ ਆਨੰਦਪੁਰ ਸਾਹਿਬ 'ਤੇ ਹਮਲੇ ਕੀਤੇ, ਲੇਕਿਨ ਹਾਰ ਹੋਣ ਉਪਰੰਤ ਉਸ ਨੇ ਗੁਰੂ ਜੀ ਤੋਂ ਮੁਆਫ਼ੀ ਮੰਗ ਲਈ। ਅਜਮੇਰ ਚੰਦ ਨੇ ਆਪਣੇ ਪੰਡਤ ਪਰਮਾ ਨੰਦ ਰਾਹੀਂ ਗੁਰੂ ਜੀ ਨੂੰ ਪੱਤਰ ਭੇਜ ਕੇ ਬੇਨਤੀ ਕਰਦੇ ਹੋਏ ਕਿਹਾ ਕਿ ਉਹ ਆਨੰਦਪੁਰ ਸਾਹਿਬ ਨੂੰ ਕੁਝ ਦਿਨਾਂ ਲਈ ਛੱਡ ਜਾਣ, ਜਿਸ ਕਰਕੇ ਪਹਾੜੀ ਰਿਆਸਤਾਂ ਵਿੱਚ ਮੇਰੀ ਇੱਜ਼ਤ ਰਹਿ ਜਾਵੇਗੀ। ਗੁਰੂ ਸਾਹਿਬ ਨੇ ਇਸ ਇਲਾਕੇ ਦੀ ਅਮਨ-ਸ਼ਾਂਤੀ ਵੇਖਦੇ ਹੋਏ ਪਹਿਲੀ ਵਾਰ 04 ਅਕਤੂਬਰ ਤੋਂ ਲੈ ਕੇ 15 ਅਕਤੂਬਰ ਸੰਨ 1700 ਤੱਕ ਆਨੰਦਪੁਰ ਸਾਹਿਬ ਨੂੰ ਛੱਡ ਕੇ ਕੀਰਤਪੁਰ ਸਾਹਿਬ ਦੀ ਪਹਾੜੀ ਨਿਰਮੋਹਗੜ੍ਹ ਉੱਤੇ ਆਪਣੇ ਸਿੱਖਾਂ ਸਮੇਤ ਤੰਬੂ ਲਗਾ ਲਏ। ਜਦੋਂ ਅਜਮੇਰ ਚੰਦ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣੀਆਂ ਫ਼ੌਜਾਂ ਲੈ ਕੇ ਨਿਰਮੋਹਗੜ੍ਹ ਦੀ ਪਹਾੜੀ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਅਤੇ ਸਰਹਿੰਦ ਦੇ ਸੂਬੇਦਾਰ ਨੂੰ ਖ਼ਬਰ ਭੇਜ ਦਿੱਤੀ। 08 ਅਕਤੂਬਰ ਨੂੰ ਇਸ ਪਹਾੜੀ ਦੇ ਮੈਦਾਨੀ ਖੇਤਰ ਵਿੱਚ ਹੋਈ ਲੜਾਈ ਦੌਰਾਨ ਭਾਈ ਸਾਹਿਬ ਸਿੰਘ, ਭਾਈ ਸੂਰਤ ਸਿੰਘ, ਭਾਈ ਦੇਵਾ ਸਿੰਘ, ਭਾਈ ਅਨੂਪ ਸਿੰਘ, ਭਾਈ ਸਰੂਪ ਸਿੰਘ ਅਤੇ ਭਾਈ ਮਾਥੁਰਾ ਸਿੰਘ ਤੋਂ ਇਲਾਵਾ ਦੁਨੀ ਚੰਦ ਮਸੰਦ ਦੇ ਭਤੀਜੇ ਭਾਈ ਅਨੂਪ ਸਿੰਘ ਅਤੇ ਭਾਈ ਸਰੂਪ ਸਿੰਘ ਸ਼ਹੀਦ ਹੋ ਗਏ। 13 ਅਕਤੂਬਰ ਨੂੰ ਸਰਹਿੰਦ ਤੋਂ ਭੇਜੇ ਮੁਗ਼ਲ ਜਰਨੈਲ ਰੁਸਤਮ ਖ਼ਾਨ ਅਤੇ ਨਾਸਰ ਅਲੀ ਖ਼ਾਨ ਨੇ ਇੱਕ ਉੱਚੀ ਪਹਾੜੀ 'ਤੇ ਆ ਕੇ ਤੋਪ ਦੇ ਗੋਲੇ ਨਾਲ ਗੁਰੂ ਜੀ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਦੇ ਇੱਕੋ ਤੀਰ ਦੇ ਨਿਸ਼ਾਨੇ ਨੇ ਰੁਸਤਮ ਖ਼ਾਨ ਨੂੰ ਥਾਂਏਂ ਮਾਰ ਮੁਕਾਇਆ ਅਤੇ ਭਾਈ ਉਦੈ ਸਿੰਘ ਦੇ ਤੀਰ ਨੇ ਨਾਸਰ ਅਲੀ ਖ਼ਾਨ ਦੀ ਜਾਨ ਲੈ ਲਈ। ਇਸ ਦੌਰਾਨ ਤੋਪ ਦੇ ਗੋਲੇ ਨੇ ਭਾਈ ਰਾਮ ਸਿੰਘ ਕਸ਼ਮੀਰੀ ਨੂੰ ਸ਼ਹੀਦ ਕਰ ਦਿੱਤਾ। ਇਸ ਲੜਾਈ ਵਿੱਚ ਭਾਈ ਹਿੰਮਤ ਸਿੰਘ ਰਾਠੌਰ ਅਤੇ ਭਾਈ ਮੋਹਰ ਸਿੰਘ ਵੀ ਸ਼ਹੀਦ ਹੋ ਗਏ। ਜਦੋਂ ਬਸਾਲੀ ਦੇ ਰਾਜਾ ਸਲਾਹੀ ਚੰਦ ਨੂੰ ਅਜਮੇਰ ਚੰਦ ਦੀ ਇਸ ਬੇਈਮਾਨੀ ਦਾ ਪਤਾ ਲੱਗਿਆ, ਤਾਂ ਉਸ ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਆਉਣ ਦੀ ਬੇਨਤੀ ਕੀਤੀ। ਇਹ ਰਿਆਸਤ ਸਤਲੁਜ ਦਰਿਆ ਪਾਰ ਕਰਕੇ ਨੂਰਪੁਰ ਬੇਦੀ ਦੀਆਂ ਪਹਾੜੀਆਂ ਵੱਲ ਸੀ। ਗੁਰੂ ਸਾਹਿਬ ਨੇ ਨਿਰਮੋਹਗੜ੍ਹ ਦੀ ਪਹਾੜੀ ਤੋਂ ਹੇਠਾਂ ਵੱਲ ਜਦੋਂ ਦਰਿਆ ਪਾਰ ਕੀਤਾ, ਤਾਂ ਅਜਮੇਰ ਚੰਦ ਦੀਆਂ ਫ਼ੌਜਾਂ ਨੇ ਇੱਕ ਵਾਰ ਫਿਰ ਤੋਂ ਹਮਲਾ ਕੀਤਾ। ਇਸ ਸਮੇਂ ਹੋਈ ਲੜਾਈ ਦੌਰਾਨ ਭਾਈ ਅਜੀਤ ਸਿੰਘ, ਭਾਈ ਨੇਤਾ ਸਿੰਘ ਅਤੇ ਭਾਈ ਕੇਸਰਾ ਸਿੰਘ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਾਹਿਬ ਜੀ ਦੇ ਬਸਾਲੀ ਰਹਿੰਦਿਆਂ ਹੋਇਆਂ ਰਾਜਾ ਸਲਾਹੀ ਚੰਦ ਨੇ ਅਜਮੇਰ ਚੰਦ ਨੂੰ ਸਮਝਾ ਕੇ ਮਸਲਾ ਹੱਲ ਕਰਵਾ ਦਿੱਤਾ। 30 ਅਕਤੂਬਰ 1700 ਈਸਵੀ ਨੂੰ ਗੁਰੂ ਸਾਹਿਬ ਮੁੜ ਆਨੰਦਪੁਰ ਸਾਹਿਬ ਆ ਗਏ।

ਕਰੀਬ ਚਾਰ ਸਾਲਾਂ ਤੋਂ ਬਾਅਦ 30 ਜਨਵਰੀ 1704 ਨੂੰ ਅਜਮੇਰ ਚੰਦ ਕਹਿਲੂਰੀਏ ਨੇ ਆਪਣੇ ਸਾਥੀ ਰਾਜਿਆਂ ਗੋਪਾਲ ਚੰਦ ਹੰਡੂਰੀਆ, ਚੰਬੇ ਦਾ ਰਾਜਾ ਉਦੈ ਸਿੰਹੁ ਅਤੇ ਫ਼ਤਿਹਪੁਰ ਦੇ ਰਾਜਾ ਦੇਵ ਸਰਨ ਨਾਲ ਮਿਲ ਕੇ ਇੱਕ ਵਾਰ ਫਿਰ ਤੋਂ ਆਨੰਦਪੁਰ ਸਾਹਿਬ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਲੜਾਈ ਦੌਰਾਨ ਭਾਈ ਹੇਮ ਸਿੰਘ ਅਤੇ ਭਾਈ ਕਾਹਨ ਸਿੰਘ ਰਾਠੌਰ ਸ਼ਹੀਦ ਹੋ ਗਏ। 29 ਮਾਰਚ 1705 ਨੂੰ ਗੁਰੂ ਸਾਹਿਬ ਨੂੰ ਸੂਹੀਏ ਤੋਂ ਖ਼ਬਰ ਮਿਲੀ ਕਿ ਪਹਾੜੀ ਰਾਜੇ ਮੁਗ਼ਲ ਹਕੂਮਤ ਨਾਲ ਮਿਲ ਕੇ ਆਨੰਦਪੁਰ ਸਾਹਿਬ ਨੂੰ ਚਾਰੇ ਪਾਸੇ ਤੋਂ ਘੇਰਾ ਪਾਉਣ ਦੀ ਵਿਉਂਤ ਬਣਾ ਰਹੇ ਹਨ। ਗੁਰੂ ਜੀ ਨੇ ਪਰਵਾਰ ਵਾਲੇ ਸਾਰੇ ਸਿੱਖਾਂ ਨੂੰ ਆਨੰਦਪੁਰ ਸਾਹਿਬ ਤੋਂ ਜਾਣ ਲਈ ਹਦਾਇਤ ਕੀਤੀ। 03 ਮਈ 1705 ਈਸਵੀ ਨੂੰ ਅਜਮੇਰ ਚੰਦ ਨੇ ਹੰਡੂਰ ਦੀਆਂ ਫ਼ੌਜਾਂ, ਗੁੱਜਰਾਂ, ਰੰਗੜਾਂ ਅਤੇ ਸਰਹਿੰਦ ਦੀਆਂ ਮੁਗ਼ਲ ਫ਼ੌਜਾਂ ਦੀ ਸਹਾਇਤਾ ਨਾਲ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਹ ਘੇਰਾ ਸੱਤ ਮਹੀਨੇ ਦੇ ਕਰੀਬ ਰਿਹਾ। ਅਖ਼ੀਰ 04 ਦਸੰਬਰ 1705 ਨੂੰ ਸਮਾਣੇ ਦਾ ਰਹਿਣ ਵਾਲਾ ਸ਼ਾਹੀ ਕਾਜ਼ੀ ਸਯੱਦ ਅਲੀ ਹਸਨ ਆਨੰਦਪੁਰ ਸਾਹਿਬ ਵਿੱਚ ਕੁਰਾਨ ਸ਼ਰੀਫ਼ ਦੀ ਜਿਲਦ 'ਤੇ ਲੱਗੀ ਔਰੰਗਜ਼ੇਬ ਦੀ ਚਿੱਠੀ ਲੈ ਕੇ ਆਇਆ। ਇਸ ਚਿੱਠੀ ਵਿੱਚ ਲਿਖਿਆ ਸੀ ਕਿ ਗੁਰੂ ਜੀ ਸਿੱਖਾਂ ਸਮੇਤ ਆਨੰਦਪੁਰ ਸਾਹਿਬ ਨੂੰ ਛੱਡ ਕੇ ਕਾਂਗੜ ਵੱਲ ਆ ਜਾਣ, ਜਿੱਥੇ ਹਾਲਾਤ 'ਤੇ ਵਿਚਾਰਾਂ ਕੀਤੀਆਂ ਜਾਣਗੀਆਂ। ਆਨੰਦਪੁਰ ਸਾਹਿਬ ਵਿੱਚ ਭੁੱਖ ਦੇ ਮਾਰੇ ਜਾਂ ਮੁਗ਼ਲ ਹਕੂਮਤ ਤੋਂ ਡਰਦਿਆਂ ਕਿਸੇ ਵੀ ਸਿੱਖ ਨੇ ਕੋਈ ਬੇਦਾਵਾ ਨਹੀਂ ਲਿਖਿਆ, ਸਗੋਂ ਸਾਰੇ ਸਿੱਖ ਗੁਰੂ ਜੀ ਤੋਂ ਜਾਨਾਂ ਵਾਰਨ ਲਈ ਤਿਆਰ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਕਿਲ੍ਹਾ ਅਨੰਦਗੜ੍ਹ ਸਾਹਮਣੇ ਲਗਾਏ ਸੂਚਨਾ ਬੋਰਡ ਅਨੁਸਾਰ ਗੁਰੂ ਜੀ ਨੇ ਆਪਣੇ ਪਰਵਾਰ ਅਤੇ ਸਿੱਖਾਂ ਸਮੇਤ 5 ਅਤੇ 6 ਦਸੰਬਰ ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਸਾਹਿਬ ਸਦਾ ਲਈ ਛੱਡ ਦਿੱਤਾ। ਇਸ ਸਮੇਂ ਗੁਰੂ ਜੀ ਨਾਲ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਤੋਂ ਇਲਾਵਾ 500 ਦੇ ਕਰੀਬ (ਕੁਝ ਸਰੋਤ 1000) ਸਿੰਘ ਸਨ। ਸਾਰੀ ਵਹੀਰ ਅਜੇ ਕੀਰਤਪੁਰ ਸਾਹਿਬ ਤੋਂ ਰੋਪੜ ਵੱਲ ਜਾ ਹੀ ਰਹੀ ਸੀ ਕਿ ਸ਼ਾਹੀ ਟਿੱਬੀ ਦੀ ਚੌਂਕੀ 'ਤੇ ਤਾਇਨਾਤ ਫ਼ੌਜੀ ਟੁਕੜੀ ਨੇ ਵਹੀਰ ਉੱਤੇ ਹਮਲਾ ਕਰ ਦਿੱਤਾ। ਇਤਿਹਾਸਕ ਭੂਗੋਲਿਕ ਪ੍ਰਸੰਗ ਅਨੁਸਾਰ ਇਹ ਉੱਚੀ ਪਹਾੜੀ ਸਤਲੁਜ ਦੇ ਕੰਢੇ ਅਤੇ ਮੈਦਾਨੀ ਇਲਾਕੇ ਤੋਂ ਪਹਾੜੀ ਇਲਾਕੇ ਵੱਲ ਜਾਣ ਦੇ ਮੁੱਖ ਮਾਰਗ 'ਤੇ ਸਥਿਤ ਹੋਣ ਕਰਕੇ ਰਣਨੀਤਕ ਚੌਂਕੀ ਵਜੋਂ ਬਹੁਤ ਮਹੱਤਵਪੂਰਨ ਸੀ। ਗੁਰੂ ਸਾਹਿਬ ਨੇ 50 ਸਿੱਖ ਫ਼ੌਜੀਆਂ ਸਮੇਤ ਭਾਈ ਉਦੈ ਸਿੰਘ ਨੂੰ ਪਹਾੜੀ ਫ਼ੌਜਾਂ ਦਾ ਰਾਹ ਡੱਕਣ ਲਈ ਜ਼ਿੰਮੇਵਾਰੀ ਸੌਂਪੀ। ਇਸ ਚੌਂਕੀ ਵਿੱਚ ਮੌਜੂਦ ਅਤੇ ਆਨੰਦਪੁਰ ਸਾਹਿਬ ਵੱਲੋਂ ਆਈ ਪਹਾੜੀ ਫ਼ੌਜ ਨਾਲ ਯੁੱਧ ਕਰਦਿਆਂ ਜਥੇ ਦੇ 50 ਸਿੰਘਾਂ ਸਮੇਤ ਭਾਈ ਉਦੈ ਸਿੰਘ ਸ਼ਹੀਦ ਹੋ ਗਏ। ਭਾਈ ਉਦੈ ਸਿੰਘ ਦਾ ਚਿਹਰਾ ਗੁਰੂ ਸਾਹਿਬ ਨਾਲ ਮਿਲਦਾ ਹੋਣ ਕਰਕੇ ਅਜਮੇਰ ਚੰਦ ਨੇ ਉਨ੍ਹਾਂ ਨੂੰ ਗੁਰੂ ਸਾਹਿਬ ਸਮਝ ਲਿਆ। ਉਸ ਨੇ ਸੀਸ ਕਟਵਾ ਕੇ ਰੋਪੜ ਦੇ ਨਵਾਬ ਵੱਲ ਭੇਜ ਦਿੱਤਾ ਅਤੇ ਰੌਲਾ ਪਾ ਦਿੱਤਾ ਕਿ ਅਸੀਂ ਸਿੱਖਾਂ ਦਾ ਗੁਰੂ ਮਾਰ ਮੁਕਾਇਆ ਹੈ। ਉਧਰ ਸਰਸਾ ਨਦੀ ਦੇ ਕੰਢੇ ਭਾਈ ਜੀਵਨ ਸਿੰਘ (ਜੈਤਾ) ਅਤੇ ਬੀਬੀ ਭਿੱਖਾਂ ਨੇ 100 ਸਿੰਘਾਂ ਨਾਲ ਆਨੰਦਪੁਰ ਸਾਹਿਬ ਵੱਲੋਂ ਆਉਣ ਵਾਲੀ ਪਹਾੜੀ ਫ਼ੌਜ ਨੂੰ ਰੋਕਣ ਲਈ ਮੋਰਚਾਬੰਦੀ ਕਰ ਲਈ ਅਤੇ ਭਾਈ ਬਚਿੱਤਰ ਸਿੰਘ ਨੇ ਆਪਣੇ ਜਥੇ ਦੇ 100 ਸਿੰਘਾਂ ਸਮੇਤ ਰੋਪੜ ਵੱਲੋਂ ਆਉਣ ਵਾਲੀ ਸਰਹਿੰਦ ਦੀ ਫ਼ੌਜ ਨੂੰ ਡੱਕਣ ਲਈ ਮੋਰਚੇ ਸੰਭਾਲ ਲਏ। ਇਸ ਸਮੇਂ ਹੋਈ ਹਫ਼ੜਾ-ਦਫ਼ੜੀ ਅਤੇ ਮਾਰ-ਧਾੜ ਸਮੇਂ ਸਾਰਾ ਵਹੀਰ ਇੱਕ-ਦੂਜੇ ਤੋਂ ਵੱਖ ਹੋ ਗਿਆ। ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਚਮਕੌਰ ਸਾਹਿਬ ਤੋਂ ਹੁੰਦੇ ਹੋਏ ਸਹੇੜੀ ਵੱਲ ਚਲੇ ਗਏ। ਆਨੰਦਪੁਰ ਸਾਹਿਬ ਤੋਂ ਚੱਲ ਕੇ ਆਏ ਵਹੀਰ 'ਚੋਂ ਗੁਰੂ ਸਾਹਿਬ ਦੇ ਪਰਵਾਰ ਸਮੇਤ 48 ਸਿੰਘ ਹੀ ਬਾਕੀ ਬਚੇ ਸਨ ਅਤੇ ਹੋਰ ਸਾਰਾ ਵਹੀਰ ਸ਼ਹੀਦ ਹੋ ਚੁੱਕਾ ਸੀ। ਗੁਰੂ ਸਾਹਿਬ ਸਰਸਾ ਨਦੀ ਤੋਂ ਹੁੰਦੇ ਹੋਏ ਕੋਟਲਾ ਨਿਹੰਗ ਖ਼ਾਨ ਦੇ ਕਿਲ੍ਹੇ ਅੰਦਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਹੇ। ਇੱਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਮਲਕਪੁਰ ਪਿੰਡ ਦੀ ਲੜਾਈ ਦੌਰਾਨ ਹੋਏ ਜ਼ਖ਼ਮੀ ਹਾਲਤ ਵਿੱਚ ਭਾਈ ਬਚਿੱਤਰ ਸਿੰਘ ਨੂੰ ਲੈ ਕੇ ਆਏ ਸਨ। ਕੋਟਲਾ ਨਿਹੰਗ ਖ਼ਾਨ ਦੀ ਸਪੁੱਤਰੀ ਬੀਬੀ ਮੁਮਤਾਜ਼ ਨੇ ਭਾਈ ਬਚਿੱਤਰ ਸਿੰਘ ਦੀ ਬਹੁਤ ਸੇਵਾ ਕੀਤੀ ਪਰ ਜ਼ਖ਼ਮ ਜ਼ਿਆਦਾ ਹੋਣ ਕਰਕੇ ਉਹ ਬਚ ਨਾ ਸਕੇ। ਗੁਰੂ ਗੋਬਿੰਦ ਸਿੰਘ ਜੀ ਕੋਟਲਾ ਨਿਹੰਗ ਤੋਂ ਸਿੰਘਾਂ ਸਮੇਤ ਚੱਲ ਕੇ 07 ਦਸੰਬਰ 1705 ਦੀ ਸਵੇਰ ਸ੍ਰੀ ਚਮਕੌਰ ਸਾਹਿਬ ਵਿੱਚ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਅੰਦਰ ਆ ਗਏ। ਇੱਥੇ ਹੋਈ ਭਿਆਨਕ ਅਤੇ ਅਸਾਵੀਂ ਜੰਗ ਵਿੱਚ ਸਿੱਖਾਂ ਨੇ ਅਦੁੱਤੀ ਅਤੇ ਬਹਾਦਰੀ ਦੀ ਮਿਸਾਲ ਪੇਸ਼ ਕੀਤੀ। ਗੁਰੂ ਸਾਹਿਬ ਨੇ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਗੜ੍ਹੀ ਤੋਂ ਬਾਹਰ ਭੇਜੇ, ਤਾਂ ਕਿ ਦੁਸ਼ਮਣ ਦੀ ਫ਼ੌਜ ਨੂੰ ਭੁਲੇਖਾ ਰਹੇ ਕਿ ਅੰਦਰ ਬਹੁਤ ਵੱਡੀ ਫ਼ੌਜ ਹੈ। ਸ਼ਾਮ ਤੱਕ ਚੱਲੀ ਇਸ ਲੜਾਈ ਦੌਰਾਨ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਹੁਣ ਰਾਤ ਵੇਲੇ ਗੁਰੂ ਜੀ ਦੇ ਨਾਲ ਗੜ੍ਹੀ ਵਿੱਚ ਦੋ ਪਿਆਰਿਆਂ ਸਮੇਤ ਪੰਜ ਸਿੰਘ ਰਹਿ ਗਏ ਸਨ। ਇਨ੍ਹਾਂ ਸਿੰਘਾਂ ਨੇ ਪੰਚ ਪ੍ਰਧਾਨੀ ਖ਼ਾਲਸਾ ਦੇ ਸਿਧਾਂਤ ਅਨੁਸਾਰ ਗੁਰੂ ਜੀ ਨੂੰ ਹੁਕਮ ਕੀਤਾ ਕਿ ਉਹ ਆਪਣੇ ਆਪ ਨੂੰ ਬਚਾ ਕੇ ਗੜ੍ਹੀ ਵਿੱਚੋਂ ਨਿਕਲ ਜਾਣ, ਤਾਂ ਜੋ ਖ਼ਾਲਸਾ ਪੰਥ ਦੀ ਅਗਵਾਈ ਜਾਰੀ ਰੱਖੀ ਜਾ ਸਕੇ। ਗੁਰੂ ਜੀ ਖ਼ਾਲਸੇ ਦੇ ਹੁਕਮ ਨੂੰ ਮੰਨਦੇ ਹੋਏ ਪੰਜ ਸਿੰਘਾਂ ਸਮੇਤ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ। 08 ਦਸੰਬਰ ਦੀ ਸਵੇਰ ਨੂੰ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਨੇ ਮੁਗ਼ਲਾਂ ਨਾਲ ਲੜਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕੀਤੀ। ਚਮਕੌਰ ਸਾਹਿਬ ਦੀ ਲੜਾਈ ਦੁਨੀਆ ਦੇ ਇਤਿਹਾਸ ਦੀ ਇੱਕ ਬੇਮਿਸਾਲ ਜੰਗ ਹੈ, ਜਿੱਥੇ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਫ਼ੌਜ ਨਾਲ ਮੁਕਾਬਲਾ ਕੀਤਾ।

**ਮੋਬਾ. 94173-70699**



ਚਮਕੌਰ ਦੀ ਗੜ੍ਹੀ ਗੁਰਦੁਆਰਾ ਗੜ੍ਹੀ ਸਾਹਿਬ



ਅਨੰਦਪੁਰ ਸਾਹਿਬ ਦਾ ਕਿਲ੍ਹਾ, ਅਨੰਦਗੜ੍ਹ

# ਸਾਹਿਤ ਦਾ ਬਾਬੂ - ਡਾ. ਅਮਰ ਕੋਮਲ

ਡਾ. ਅਮਰ ਕੋਮਲ ਨੂੰ ਮੈਂ ਉਦੋਂ ਤੋਂ ਜਾਣਦਾ, ਜਦ ਉਹ ਕੱਚਾ ਕਾਲਜ ਰੋਡ 'ਤੇ ਸੁਭਾਸ਼ ਗਲੀ 'ਚ ਰਹਿੰਦੇ ਹੁੰਦੇ ਸਨ। ਇਹ ਗੱਲ ਕੋਈ ਸਾਢੇ ਪੰਜ ਦਹਾਕੇ ਪਹਿਲਾਂ ਦੀ ਹੈ। ਲੰਬਾ-ਲੰਬਾ ਕੱਦ, ਗੋਰਾ ਰੰਗ, ਮੂੰਹ 'ਤੇ ਚੜ੍ਹਦੇ ਸੂਰਜ ਦੀ ਲਾਲੀ, ਹੱਥ 'ਚ ਫ਼ੜੀਆਂ ਕਿਤਾਬਾਂ, ਸਲੀਕੇ ਨਾਲ ਵਾਹੇ ਵਾਲ਼ ਕੀ ਮਜਾਲ ਕੋਈ ਵਾਲ਼ ਇੱਧਰ-ਉੱਧਰ ਹੋ ਜਾਏ, ਦੇਖਣ ਨੂੰ ਨਿਰਾ ਅੰਗਰੇਜ਼ ਜਾਪਦੇ। ਉਹ ਅਕਸਰ ਸਾਈਕਲ 'ਤੇ ਆਉਂਦੇ ਜਾਂਦੇ ਦਿਖਦੇ। ਉਸ ਤੋਂ ਬਾਅਦ ਉਹ ਲੱਖੀ ਕਲੋਨੀ 'ਚ ਸ਼ਿਫਟ ਕਰ ਗਏ।

ਭਾਵੇਂ ਡਾ. ਕੋਮਲ ਨਾਲ ਫ਼ੋਨ 'ਤੇ ਤਾਂ ਕਦੇ-ਕਦਾਈ ਗੱਲ ਹੋ ਜਾਂਦੀ ਹੈ ਪਰ ਮਿਲਣ ਦਾ ਸਬੱਬ (ਕਿਉਂਕਿ ਉਹ ਹੁਣ ਪਟਿਆਲਾ ਰਹਿਣ ਲੱਗ ਪਏ) ਸਬੱਬੀ ਬਣਦਾ। ਕਈ ਮਹੀਨੇ ਪਹਿਲਾਂ

**ਤਰਸੇਮ**

ਕਹਾਣੀਕਾਰ ਡਾ. ਬਲਦੇਵ ਸਿੰਘ ਧਾਲੀਵਾਲ ਦੇ ਮੁੰਡੇ ਦੇ ਵਿਆਹ ਦੀ ਪਾਰਟੀ ਨਾਭਾ ਰੋਡ, ਪਟਿਆਲਾ ਵਿਖੇ ਕਿਸੇ ਪੈਲੇਸ 'ਚ ਸੀ। ਮੇਰੇ ਨਾਲ ਭੋਲਾ ਸਿੰਘ ਸੰਘੇੜਾ ਵੀ ਸੀ। ਪਾਰਟੀ ਦਾ ਟਾਈਮ ਰਾਤੀਂ ਅੱਠ ਵਜੇ ਸੀ ਪਰ ਅਸੀਂ ਪਟਿਆਲੇ ਵਾਲ਼ੇ ਮਿੱਤਰਾਂ ਨੂੰ ਮਿਲਣ ਦੇ ਲੋਭ 'ਚ 5 ਵਜੇ ਹੀ ਪਹੁੰਚ ਗਏ। ਸਤਪਾਲ ਨੂੰ ਫ਼ੋਨ ਕੀਤਾ ਉਹ ਕਹਿੰਦਾ ਕਿ ਅਮਰ ਹਸਪਤਾਲ ਆਇਆ ਹੋਇਆਂ ਕਿਸੇ ਰਿਸ਼ਤੇਦਾਰ ਦਾ ਪਤਾ ਲੈਣ। ਕੁਝ ਦੇਰ ਅਸੀਂ ਸੜਕ 'ਤੇ ਖੜ੍ਹ ਕੇ ਗੱਲਾਂ ਕਰਦੇ ਰਹੇ। ਉਸ ਨਾਲ ਭਾਬੀ ਨਰਿੰਦਰਪਾਲ ਵੀ ਸੀ। ਕਦ ਛੇ ਵੱਜ ਗਏ ਪਤਾ ਈ ਨਹੀਂ ਚੱਲਿਆ। ਸਤਪਾਲ ਹੋਰੀਂ ਚਲੇ ਗਏ। ਸੋਚਿਆ ਹਾਲੇ ਤਾਂ ਟਾਈਮ ਹੈ ਕੀ ਕਰੀਏ? ਪਤਾ ਲੱਗਿਆ ਡਾ. ਅਮਰ ਕੋਮਲ ਦਾ ਘਰ ਵੀ ਉੱਧਰ ਹੀ ਹੈ, ਜਿਹੜੇ ਪੈਲੇਸ 'ਚ ਅਸੀਂ ਜਾਣਾ ਸੀ। ਡਾ. ਕੋਮਲ ਨੂੰ ਫ਼ੋਨ ਕੀਤਾ ਤਾਂ ਉਹ ਖ਼ੁਸ਼ ਹੋਏ, ਕਹਿੰਦੇ, 'ਆ ਜਾਉ।'... ਨਾਲ ਹੀ ਦੱਸਿਆ ਕਿ ਨਾਭਾ ਰੋਡ 'ਤੇ 'ਫੁੱਲ ਹਸਪਤਾਲ' ਹੈ ਉੱਥੇ ਆ ਕੇ ਫ਼ੋਨ ਕਰਿਉ।

ਫੁੱਲ ਹਸਪਤਾਲ ਕੋਲ਼ ਜਾ ਕੇ ਫੇਰ ਪੁੱਛਿਆ ਤਾਂ ਕਹਿੰਦੇ ਕਿ ਬਿਲਕੁਲ ਨਾਲ ਦੀ ਗਲੀ ਲੰਘ ਆਉ।

ਘਰ ਮੂਹਰੇ ਖੜ੍ਹੇ ਹੋ ਕੇ ਆਲ਼ੇ-ਦੁਆਲ਼ੇ ਦੇਖ ਰਹੇ ਸੀ ਕਿ ਕੋਮਲ ਸਾਹਿਬ ਦੂਜੀ ਮੰਜ਼ਿਲ ਦੀ ਛੱਤ ਹੇਠ ਖੜ੍ਹੇ ਦਿਖੇ। ਹੱਥ ਦੇ ਇਸ਼ਾਰੇ ਨਾਲ ਉੱਪਰ ਆਉਣ ਲਈ ਕਿਹਾ। ਕੁੱਤੇ ਦੇ ਭੌਂਕਣ ਦੀ ਆਵਾਜ਼ ਤੋਂ ਡਰਦਿਆਂ ਅਸੀਂ ਰੁਕੇ ਤਾਂ ਕਹਿੰਦੇ ਕੋਈ ਨਹੀਂ ਬੰਨ੍ਹਿਆ ਹੈ।

ਦੇਖਣ-ਪਾਣ ਨੂੰ ਕੋਮਲ ਸਾਹਿਬ ਕਾਫ਼ੀ ਕਮਜ਼ੋਰ ਜਾਪੇ ਸ਼ਾਇਦ ਉਹ ਬੀਮਾਰ ਸੀ ਪਿਛਲੇ ਦਿਨੀਂ। ਪਰ ਉਹਨਾਂ ਦੀ ਇੱਛਾ ਮੁਕਤੀ (will Power) ਬਹੁਤ ਤਕੜੀ ਹੈ। ਉਹ ਗੱਲਾਂ-ਗੱਲਾਂ ਵਿੱਚ ਆਪਣੀ ਬਾਨ੍ਹਵੇਂ ਸਾਲਾ ਉਮਰ ਬਾਰੇ ਵੀ ਦੱਸ ਦਿੰਦੇ ਅਤੇ ਆਪਣੇ ਪੜ੍ਹਨ-ਲਿਖਣ ਦੇ ਰੁਟੀਨ ਬਾਰੇ ਵੀ ਤਫਸੀਲ ਨਾਲ ਦੱਸ ਦਿੰਦੇ। ਥੋੜ੍ਹੀ ਦੇਰ ਚੁੱਪ ਰਹਿਣ ਬਾਅਦ ਬੋਲੇ ਗਾਸੋ ਅਤੇ ਮੈਂ ਹਾਣੀ ਹਾਂ। ਹੋ ਸਕਦੈ ਗਾਸੋ ਮੈਥੋਂ ਕੋਈ ਚਾਰ-ਪੰਜ ਮਹੀਨੇ ਵੱਡਾ ਹੋਵੇ।

ਸਾਨੂੰ ਕੁਰਸੀਆਂ 'ਤੇ ਬਿਠਾ ਕੇ ਆਪ ਉੱਠਣ ਲੱਗੇ ਤਾਂ ਉਧਾਲੀ (ਚੱਕਰ) ਜਿਹੀ ਆ ਗਈ ਅਤੇ ਉਹ ਬੈੱਡ 'ਤੇ ਹੀ ਬੈਠ ਗਏ।

ਨਹੀਂ, ਕੁਝ ਨਹੀਂ ਪੀਣਾ ਡਾ. ਸਾਹਿਬ, ਅਸੀਂ ਤਾਂ ਤੁਹਾਨੂੰ ਮਿਲਣ ਹੀ ਆਏ ਹਾਂ। ਮੈਂ ਇਕਦਮ ਉੱਠ ਕੇ ਉਹਨਾਂ ਕੋਲ਼ ਨੂੰ ਹੋਇਆ ਕਿ ਕਿਤੇ ਚੱਕਰ ਖਾ ਕੇ ਡਿੱਗ ਹੀ ਨਾ ਪੈਣ।

'ਕੋਈ ਨਾ, ਮੈਂ ਲਿਆਉਨਾ।' ਉਹ ਫਰਿੱਜ ਵੱਲ ਹੌਲ਼ੀ-ਹੌਲ਼ੀ ਜਾਣ ਲੱਗੇ। ਕਿਤੇ-ਕਿਤੇ ਉਹ ਕੰਧ ਨੂੰ ਹੱਥ ਵੀ ਲਾ ਲੈਂਦੇ।

ਡਾ. ਕੋਮਲ ਦਾ ਕਮਰਾ ਬੈੱਡ ਰੂਮ ਕਮ ਲਾਇਬਰੇਰੀ ਜਾਪਦਾ ਸੀ ਬੈੱਡ ਦੇ ਬਿਲਕੁਲ ਸਾਹਮਣੇ ਕਿਤਾਬਾਂ ਵਾਲ਼ਾ ਰੈਕ ਸੀ, ਜਿਸ 'ਚ ਪੰਜਾਬੀ ਦਾ ਬਹੁ-ਵਿਧਾਈ ਸਾਹਿਤ ਝਾਕ ਰਿਹਾ ਸੀ। ਰੈਕ ਦੇ ਮੂਹਰੇ ਮੇਜ਼ਨੁਮਾ ਕਾਰਨਸ ਵਾਂਗ ਲੱਕੜ ਦਾ ਵਾਧਰਾ ਜਿਹਾ ਸੀ। ਜਿਸਦੇ ਹੇਠਾਂ ਆਰਾਮ ਨਾਲ ਕੁਰਸੀ 'ਤੇ ਬੈਠਿਆ ਜਾ ਸਕਦਾ ਸੀ। ਏਥੇ ਹੀ ਡਾ. ਕੋਮਲ ਦੀ ਸਿਰਜਣਾ ਹੁੰਦੀ ਹੈ।

ਸਿਰਜਣਾ ਤੋਂ ਯਾਦ ਆਇਆ ਬਹੁਤ ਸਾਲ ਪਹਿਲਾਂ ਜਦੋਂ ਇਹ ਲੱਖੀ ਕਲੋਨੀ ਬਰਨਾਲਾ ਰਹਿੰਦੇ ਹੁੰਦੇ ਸੀ ਅਤੇ ਨੌਕਰੀ ਤੋਂ ਸੇਵਾ-ਮੁਕਤ ਹੋ ਚੁੱਕੇ ਸੀ। ਛੁੱਟੀ ਦਾ ਕੋਈ ਦਿਨ ਸੀ ਅਤੇ ਸਮਾਂ ਦਸ ਕੁ ਵਜੇ ਦਾ ਸੀ। ਮੈਂ ਘਰ ਗਿਆ ਤਾਂ ਡਾ. ਸਾਹਿਬ ਨੂੰ ਤਿਆਰ-ਬਰ-ਤਿਆਰ ਦੇਖ ਕੇ ਮੈਂ ਕਿਹਾ, 'ਸੌਰੀ ਡਾ. ਸਾਹਿਬ, ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਬਾਹਰ ਜਾਣੈ।'

ਉਹ ਹੱਸ ਪਏ। 'ਨਹੀਂ ਤਰਸੇਮ, ਮੈਂ ਬਾਹਰ-ਬੂਹਰ ਕਿਤੇ ਨਹੀਂ ਜਾਣਾ, ...ਆ ਬੈਠ।' ਉਹਨਾਂ ਦੇ ਕਮਰੇ 'ਚ ਸਲੀਕੇ ਨਾਲ ਸਜਾਇਆ ਮੇਜ ਅਤੇ ਉਸਦੇ ਕੋਲ਼ ਕੁਰਸੀ ਪਈ ਸੀ। ਮੇਜ ਦੇ ਸਾਹਮਣੇ ਦੋ-ਤਿੰਨ ਕੁਰਸੀਆਂ ਪਈਆਂ ਸਨ। ਮੈਨੂੰ ਲੱਗਿਆ ਕਿ ਜਿਵੇਂ ਮੈਂ ਕਿਸੇ ਬਾਬੂ ਦੇ ਦਫ਼ਤਰ ਆਇਆ ਹੋਵਾਂ। ਮੈਨੂੰ ਹੈਰਾਨ ਜਿਹਾ ਹੋਇਆ ਦੇਖ ਕੇ ਕਹਿੰਦੇ, 'ਮੈਂ ਤਾਂ ਹਰ ਰੋਜ਼ ਇਸੇ ਤਰ੍ਹਾਂ ਤਿਆਰ ਹੋ ਕੇ, ਮੌਸਮ ਅਨੁਸਾਰ ਕੱਪੜੇ ਪਾ ਕੇ, ਸੂਟ ਪਾਲਿਸ਼ ਕਰਕੇ... ਹਾਂ ਤੈਨੂੰ ਹੋਰ ਦੱਸਾਂ ਮੈਂ ਬਾਰਾਂ ਮਹੀਨੇ ਤੀਹ ਦਿਨ ਸ਼ੇਵ ਕਰਦਾ ਹਾਂ। ਫੇਰ ਬੈਠਦਾਂ ਲਿਖਣ ਲਈ...।' ਉਹ ਮੈਨੂੰ ਬੜੇ ਉਤਸ਼ਾਹ ਨਾਲ ਦੱਸ ਰਹੇ ਸੀ।

ਮੈਂ ਵੀ ਹੱਸਦਿਆਂ ਕਿਹਾ, 'ਬਿਲਕੁਲ ਬਾਬੂ ਜੀ ਬਣ ਕੇ ਬੈਠਦੇ ਹੋ ਕੁਰਸੀ 'ਤੇ।'

ਇਹ ਦ੍ਰਿਸ਼ ਮੇਰੇ ਲਈ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ ਕਿ ਕੋਈ ਜਾਣਾ ਇਉਂ ਸੂਟ-ਬੂਟ ਪਾ ਕੇ ਲਿਖ ਸਕਦੈ?

ਮੈਂ ਬਹੁਤ ਸਾਰੇ ਬੰਦਿਆਂ ਨੂੰ ਜਾਣਦਾਂ ਜੋ ਸੇਵਾ-ਮੁਕਤੀ ਬਾਅਦ ਦੋ-ਦੋ ਤਿੰਨ ਕੱਪੜੇ ਨਹੀਂ ਬਦਲਦੇ। ਲੇਟ-ਫੇਟ ਉੱਠਣਾ... ਜੀ ਕਰੇ ਨ੍ਹਾਉਣਾ ਨਹੀਂ ਤਾਂ ਕੋਈ ਜ਼ਰੂਰੀ ਨਹੀਂ। ਪਰ ਡਾਕਟਰ ਸਾਹਿਬ ਦੀ ਇਸ ਪ੍ਰਕਿਰਿਆ ਨੇ ਮੈਨੂੰ ਵਾਕਈ ਪ੍ਰਭਾਵਤ ਕੀਤਾ।

ਮੈਂ ਅਚਾਨਕ ਪੁੱਛਿਆ, 'ਡਾ. ਸਾਹਿਬ ਜਿਵੇਂ ਤੁਸੀਂ ਰੋਜ਼ ਸ਼ੇਵ ਕਰਦੇ ਹੋ, ਤਿਆਰ-ਵਿਆਰ ਹੁੰਦੇ ਹੋ, ਕੀ ਤੁਸੀਂ ਰੋਜ਼ ਲਿਖਦੇ ਵੀ ਹੋ?'

ਉਹਨਾਂ ਬੜੇ ਮਾਣ ਨਾਲ ਕਿਹਾ, 'ਹਾਂ ਮੈਂ ਰੋਜ਼ ਕੁਝ ਨਾ ਕੁਝ ਲਿਖਣਾ ਹੁੰਦਾ ਹੈ। ਨਹੀਂ ਤਾਂ ਮੇਰੇ ਅੰਦਰ ਖੋ ਪੈਦਾ ਹੋਣ ਲੱਗ ਪੈਂਦੀ ਹੈ।

ਡਾ. ਸਾਹਿਬ ਦੀ ਗੱਲ ਸੁਣ ਕੇ ਮੈਨੂੰ ਮੁਨਸ਼ੀ ਪ੍ਰੇਮ ਚੰਦ ਦਾ ਕਥਨ ਯਾਦ ਆਇਆ ਕਿ ਜਿਸ ਦਿਨ ਮੈਂ ਨਾ ਲਿਖੂੰ, ਮੁਝੇ ਖਾਨਾ ਖਾਨੇ ਕਾ ਹੱਕ ਨਹੀਂ ਹੈ।

ਗੱਲ ਸੰਨ 2000 ਦੇ ਨੇੜੇ ਦੀ ਹੋਵੇਗੀ। ਉਹਨੀਂ ਦਿਨੀਂ ਮੈਨੂੰ ਲੇਖਕਾਂ ਨਾਲ ਮੁਲਾਕਾਤਾਂ ਕਰਨ ਦਾ ਭੂਤ ਸਵਾਰ ਹੋਇਆ ਹੋਇਆ ਸੀ। ਮੈਂ ਬਰਨਾਲੇ ਦੇ ਲੇਖਕਾਂ ਨਾਲ ਮੁਲਾਕਾਤਾਂ ਦੀ ਪੁਸਤਕ 'ਮੰਥਨ' ਤਿਆਰ ਕੀਤੀ। ਇਸ ਪੁਸਤਕ 'ਚ ਗੁਰਦਿਆਲ ਸਿੰਘ, ਇੰਦਰ ਸਿੰਘ ਖਾਮੋਸ਼, ਓਮ ਪਕਾਸ਼ ਗਾਸੋ, ਅਮਰ ਕੋਮਲ, ਪ੍ਰੀਤਮ ਸਿੰਘ ਰਾਹੀ ਅਤੇ ਜੋਗਿੰਦਰ ਸਿੰਘ ਨਿਰਾਲਾ ਆਦਿ ਲੇਖਕ ਸ਼ਾਮਿਲ ਸਨ।

ਕਿਤਾਬ ਛਾਪਣ ਲਈ ਸਭ ਨੇ ਤਿਲ-ਫੁੱਲ ਪਾਇਆ। ਕਿਤਾਬ ਛਾਪਣ ਲਈ ਤਰਕਸ਼ੀਲ ਆਗੂ ਮੇਘ ਰਾਜ ਮਿੱਤਰ ਦਾ ਪ੍ਰਕਾਸ਼ਨ ਤਰਕਭਾਰਤੀ ਚੁਣਿਆ ਅਖੇ 'ਆਪਦਾ ਮਾਰੂ ਛਾਵੇਂ ਸੁੱਟੂ।' ਹੋਰ ਪ੍ਰਕਾਸ਼ਕਾਂ ਦਾ ਮੂੰਹ ਨਹੀਂ ਭਰਿਆ ਜਾਂਦਾ। ਇਹ ਸੁਝਾਅ ਵੀ ਡਾ. ਕੋਮਲ ਨੇ ਦਿੱਤਾ। ਨਾਲੇ ਗਾਸੋ ਸਾਹਿਬ ਦਾ ਪ੍ਰਕਾਸ਼ਕ ਵੀ ਉਹੀ ਸੀ।

ਗਾਸੋ ਅਤੇ ਕੋਮਲ ਹਾਣੀ ਹਨ ਅਤੇ ਸਮਕਾਲੀ ਲੇਖਕ ਵੀ। ਸਮਕਾਲੀਆਂ ਵਿੱਚ ਲਿਖਣ ਪੜ੍ਹਨ ਨੂੰ ਲੈ ਕੇ ਈਰਖ਼ਾ ਵਰਗੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਨੇ। ਉਸ ਦਿਨ ਵੀ ਦੋਵਾਂ 'ਚ ਮਿੱਠੀ-ਮਿੱਠੀ ਤਕਰਾਰ ਤੋਂ ਸ਼ੁਰੂ ਹੋ ਕੇ ਤਿੱਖੀਆਂ ਬਹਿਸਾਂ ਹੋਣ ਲੱਗ ਪਈਆਂ। ਜਿਸ ਗੱਲ ਬਾਰੇ ਏਥੇ ਆਏ ਹਾਂ ਉਹ ਤਾਂ ਭੁੱਲ-ਭੁਲਾਅ ਗਈ। ਗੱਲ ਆਪੋ-ਆਪਣੀ ਕਿਤਾਬ ਤੋਂ ਸ਼ੁਰੂ ਹੋ ਕੇ ਦੋਹਾਂ 'ਚ ਤਣਾ-ਤਣੀ ਸ਼ੁਰੂ ਹੋ ਗਈ। ਉਹ ਕਹੇ ਕਿ ਤੂੰ ਮੇਰੀ ਰਚਨਾ ਨੂੰ ਜਰਦਾ ਨਹੀਂ। ਉਹ ਕਹੇ ਮੇਰੀ ਫਲਾਣੀ ਕਿਤਾਬ ਦੇਖ ਕੇ ਤੇਰੇ ਦੰਦ ਜੁੜ ਗਏ। ਮੈਂ ਕਿਸੇ ਜਵਾਕ ਦਰਸ਼ਕ ਵਾਂਗ ਦੋਵਾਂ ਦੀ ਲੜਾਈ ਦੇਖ ਰਿਹਾ ਸੀ। ਛੋਟਾ ਹੋਣ ਕਾਰਨ ਮੈਨੂੰ ਦਖਲ ਦਾ ਅਧਿਕਾਰ ਨਹੀਂ ਸੀ। ਕਿਵੇਂ ਨਾ ਕਿਵੇਂ ਸ਼ਾਂਤ ਹੋਏ ਜਦ ਮੇਘ ਰਾਜ ਮਿੱਤਰ ਕਮਰੇ 'ਚ ਆਇਆ। ਫੇਰ ਕਿਤੇ ਜਾ ਕੇ ਕਿਤਾਬ ਛਾਪਣ ਦੀ ਗੱਲ ਸਿਰੇ ਚੜ੍ਹੀ।

ਏਥੇ ਹੀ ਬੱਸ ਨਹੀਂ। ਕਿਤਾਬ ਛਪ ਕੇ ਆਈ ਤਾਂ ਮੈਂ ਘਰੋ-ਘਰੀ ਸਬੰਧਿਤ ਲੇਖਕਾਂ ਨੂੰ ਕਿਤਾਬਾਂ ਦੇ ਕੇ ਆਇਆ। ਕੁਝ ਦਿਨਾਂ ਬਾਅਦ ਕਿਸੇ ਸਮਾਗਮ 'ਤੇ ਕੋਮਲ ਸਾਹਿਬ ਮਿਲੇ ਅਤੇ ਗੁੱਸੇ ਭਰਿਆ ਉਲਾਂਭਾ ਦਿੱਤਾ, 'ਤਰਸੇਮ ਤੂੰ ਪਾਰਸ਼ੈਲਿਟੀ ਕੀਤੀ ਹੈ ਕਿਤਾਬ ਦਾ ਸੰਪਾਦਨ ਕਰਦਿਆਂ?'

ਮੈਂ ਹੈਰਾਨ ਹੋ ਕੇ ਕਿਹਾ, 'ਪਾਰਸ਼ੈਲਿਟੀ?'

'ਇੱਕੋ-ਜਿਹੇ ਪੰਨੇ ਦੇਣੇ ਬਣਦੇ ਸੀ ਸਾਰਿਆਂ ਨੂੰ।' ਉਹ ਥੋੜ੍ਹਾ ਤਲਖੀ ਨਾਲ ਬੋਲ ਰਹੇ ਸੀ।

'ਕਿਸ ਨੂੰ ਪੰਨੇ ਵੱਧ ਦੇ ਦਿੱਤੇ ਸਰ।' ਮੇਰੀ ਹੈਰਾਨੀ ਹੋਰ ਗੂੜ੍ਹੀ ਹੋ ਗਈ।

'ਗਾਸੋ ਨੂੰ।' ਸਭ ਤੋਂ ਵੱਧ ਪੰਨੇ ਦਿੱਤੇ ਤੂੰ। ਤੇਰਾ ਗੁਆਂਢੀ ਹੈ ਨਾ?

ਮੈਂ ਕਹਿਣਾ ਚਾਹੁੰਦਾ ਸੀ ਕਿ ਇੰਦਰ ਸਿੰਘ ਖਾਮੋਸ਼ ਤਾਂ ਮੇਰੇ ਹੋਰ ਵੀ ਨੇੜੇ ਰਹਿੰਦੇ ਸੀ। ਮੈਂ ਤਾਂ ਸੁਆਲ ਵੀ ਸਭ ਨੂੰ ਲਗਭਗ ਓਨੇ ਕੁ ਭੇਜੇ ਸੀ। ਪਰ ਜੁਆਬਾਂ ਦਾ ਘੇਰਾ ਮੇਰੇ ਵਸ 'ਚ ਨਹੀਂ ਸੀ। ਜੁਆਬਾਂ ਨੂੰ ਕੱਟਣਾ ਮੇਰੀ ਹਿੰਮਤ ਨਹੀਂ ਸੀ। ਪਰ ਮੈਂ ਚੁੱਪ ਕਰ ਗਿਆ ਅਤੇ ਇਹ ਗੱਲ ਭਲੀ-ਭਾਂਤ ਸਮਝ ਆ ਗਈ ਕਿ ਇਹ ਤਾਂ ਦੋ ਦੋਸਤ ਲੇਖਕਾਂ ਦਾ ਪਿਆਰ ਹੈ, ਜੋ ਉੱਭਰ-ਉੱਭਰ ਕੇ ਆ ਰਿਹਾ।

ਪਰ ਕੋਮਲ ਸਾਹਿਬ ਦਾ ਉਹ ਉਲਾਂਭਾ ਕਈ ਸਾਲ ਮੇਰੇ ਨਾਲ-ਨਾਲ ਤੁਰਦਾ ਰਿਹਾ।

ਇਹ ਮੇਰੇ ਨਾਲ ਅਕਸਰ ਹੁੰਦਾ ਹੈ ਕਿ ਮੈਂ ਜਦ ਵੀ ਕੋਈ ਕਿਤਾਬ ਪੜ੍ਹਦਾ ਤਾਂ ਉਸਦਾ ਪ੍ਰਭਾਵ ਕਈ-ਕਈ ਦਿਨ ਮਹਿਸੂਸ ਕਰਦਾਂ। ਇਸ ਤਰ੍ਹਾਂ ਹੋ ਸਕਦਾ ਹੋਰਾਂ ਲੇਖਕਾਂ ਨਾਲ ਵੀ ਵਾਪਰਦਾ ਹੋਵੇ। ਇੱਕ ਲੇਖਕ ਨੇ ਤਾਂ ਏਥੋਂ ਤੱਕ ਕਹਿਣਾ ਸੀ ਕਿ ਆਪਣੀ ਰਚਨਾ ਤੋਂ ਸਿਵਾਏ ਮੈਂ ਕੋਈ ਹੋਰ ਲੇਖਕ ਪੜ੍ਹਦਾ ਹੀ ਨਹੀਂ ਕਿ ਕਿਤੇ ਉਸ ਲੇਖਕ/ਰਚਨਾ ਦਾ ਪ੍ਰਭਾਵ ਮੇਰੀ ਰਚਨਾ 'ਤੇ ਪਵੇ। ਇਹ ਕੋਈ ਕੁਦਰਤੀ ਵਰਤਾਰਾ ਨਹੀਂ, ਲੇਖਕ ਦੇ ਆਪਣੇ ਸੁਭਾਅ ਦੀ ਗੱਲ ਹੈ।

ਗੱਲ ਸਾਲ 2000 ਤੋਂ ਪਹਿਲਾਂ ਦੀ ਹੈ। ਮੈਂ ਉਹਨੀਂ ਦਿਨੀਂ ਲੰਬੀ ਕਵਿਤਾ 'ਮਾਇਆ' ਲਿਖੀ ਸੀ। ਜਿਵੇਂ ਅਕਸਰ ਹੁੰਦਾ ਹੈ ਕਿ ਨਵੇਂ ਲੇਖਕ ਨੂੰ ਆਪਣੇ ਲਿਖੇ 'ਤੇ ਕੋਈ ਬਹੁਤਾ ਭਰੋਸਾ ਨਹੀਂ ਹੁੰਦਾ। ਜਦ ਵੀ ਆਪਣੀ ਕਵਿਤਾ/ਕਹਾਣੀ ਲਿਖਦਾ ਹੈ ਤਾਂ ਉਹ ਆਪਣੇ ਘੇਰੇ ਦੇ ਵੱਡੇ ਲੇਖਕ ਨੂੰ ਰਚਨਾ ਦਿਖਾਉਂਦਾ ਹੈ ਅਤੇ ਉਸ ਵੱਲੋਂ ਦਿੱਤੇ ਪ੍ਰਤਿਕਰਮ ਅਨੁਸਾਰ ਆਪਣੀ ਰਚਨਾ ਨੂੰ ਸੋਧਦਾ ਹੈ ਜਾਂ ਜਿਵੇਂ ਉਸਨੂੰ ਜਾਚਦਾ ਹੈ, ਉਵੇਂ ਕਰਦਾ ਹੈ।

ਮੈਂ ਵੀ 'ਮਾਇਆ' ਡਾ. ਕੋਮਲ ਨੂੰ ਦਿਖਾਉਣ ਗਿਆ। ਉਹਨਾਂ ਖਰੜ ਫ਼ੜ ਲਿਆ ਅਤੇ ਕਿਹਾ, 'ਪੜ੍ਹ ਕੇ ਗੱਲ ਕਰਾਂਗਾ।'

ਪੰਦਰਾਂ-ਵੀਹ ਦਿਨ ਲੰਘ ਗਏ। ਉਹਨਾਂ ਦਿਨਾਂ 'ਚ ਮੋਬਾਇਲ ਫ਼ੋਨ ਕਿੱਥੇ ਹੁੰਦੇ ਸੀ ਜੋ ਪਤਾ ਕਰ ਲੈਂਦਾ। ਡਾ. ਜੋਗਿੰਦਰ ਸਿੰਘ ਨਿਰਾਲਾ ਦੇ ਬੇਟੇ ਦਾ ਵਿਆਹ ਆ ਗਿਆ। ਬਰਾਤ ਲੁਧਿਆਣੇ ਜਾਣੀ ਸੀ, ਮੈਂ ਵੀ ਗਿਆ। ਉੱਥੇ ਹੋਰ ਵੀ ਕਈ ਲੇਖਕ ਸਨ। ਲੇਖਕ ਲੋਕ ਚਾਹ-ਪਾਣੀ ਪੀ ਰਹੇ ਸੀ। ਕੋਮਲ ਸਾਹਿਬ ਨੂੰ ਦੇਖ ਕੇ ਮੈਨੂੰ ਚਾਅ ਚੜ੍ਹ ਗਿਆ ਸੀ। ਮੈਂ ਭੱਜ ਕੇ ਗਿਆ, ਗੋਡੀਂ ਹੱਥ ਲਾਏ। ਏਦੂੰ ਪਹਿਲਾਂ ਕਿ 'ਮਾਇਆ' ਬਾਰੇ ਮੈਂ ਪੁੱਛਾਂ ਅੱਗੋਂ ਉਹ ਹੱਸ ਕੇ ਕਹਿੰਦੇ 'ਤਰਸੇਮ, ਮੈਂ ਵੀ ਮਾਇਆ ਲਿਖ ਤੀ'।

'ਅੱਛਾ ਜੀ।' ...ਜਿਵੇਂ ਮਿਲਣ ਦਾ ਚਾਅ ਚੜ੍ਹਿਆ ਸੀ ਉਵੇਂ ਹੀ ਲਹਿ ਗਿਆ। ਭੁਚੱਕਾ ਜਿਹਾ ਹੋ ਕੇ ਕਿਹਾ, 'ਮੇਰੀ ਮਾਇਆ?'

'ਤੇਰੀ ਮਾਇਆ ਵੀ ਬਹੁਤ ਸੋਹਣੀ ਐ।' ਉਹਨਾਂ ਮੁਸਕੁਰਾਉਂਦਿਆਂ ਕਿਹਾ, 'ਉਸੇ ਦਾ ਤਾਂ ਪ੍ਰਭਾਵ ਸੀ।'

ਲੋਕ ਹੱਸ-ਹੱਸ ਕੇ ਗੱਲਾਂ ਕਰ ਰਹੇ ਸ, ਖਾ-ਪੀ ਰਹੇ ਸੀ। ਮੈਨੂੰ ਗੱਲਾਂ ਅਤੇ ਖਾਣੇ 'ਚੋਂ ਸੁਆਦ ਹੀ ਨਹੀਂ ਆ ਰਿਹਾ ਸੀ। ਲੋਕਾਂ ਦੀਆਂ ਬਹੁਤੀਆਂ ਗੱਲਾਂ ਮੈਨੂੰ ਸਮਝ ਆਉਣੋ ਹਟ ਗਈਆਂ।

'ਮਾਇਆ' ਪ੍ਰਤਿ ਹੁਣ ਮੇਰੀ ਫ਼ਿਕਰਮੰਦੀ ਵਧ ਗਈ ਸੀ। ਫ਼ਿਕਰਮੰਦੀ ਇਉਂ ਕਿ ਜੇ ਡਾ. ਕੋਮਲ ਦੀ 'ਮਾਇਆ' (ਜੋ ਮੈਨੂੰ ਨਹੀਂ ਪਤਾ ਉਸ 'ਚ ਕੀ ਲਿਖਿਆ ਸੀ) ਪਹਿਲਾਂ ਪੁਸਤਕ ਰੂਪ 'ਚ ਛਪ ਗਈ ਤਾਂ ਮੇਰੀ 'ਮਾਇਆ' ਦਾ ਕੋਈ ਅਰਥ ਨਹੀਂ ਰਹਿਣਾ।

ਕੁਝ ਦਿਨਾਂ ਬਾਅਦ ਮੈਂ ਡਾ. ਨਿਰਾਲਾ ਨਾਲ ਇਸ ਬਾਰੇ ਗੱਲ ਸਾਂਝੀ ਕੀਤੀ ਤਾਂ ਉਹਨਾਂ ਨੇ ਵੀ ਇਹੋ ਸੁਝਾਅ ਦਿੱਤਾ ਕਿ ਜਿੰਨਾ ਛੇਤੀ ਹੋ ਸਕੇ ਇਸਦੀ ਕਿਤਾਬ ਛਪਵਾ ਲੈ। ਕਈ ਪ੍ਰਕਾਸ਼ਕਾਂ ਨਾਲ ਗੱਲ ਕੀਤੀ ਤਾਂ ਉਹ ਪੈਸੇ ਬਹੁਤ ਮੰਗਣ। ਏਨੇ ਪੈਸਿਆਂ ਦਾ ਭਾਰ ਜੇਬ ਨਹੀਂ ਝਲਦੀ ਸੀ। ਹਾਰ ਕੇ ਮੈਂ ਬੇਟੀ ਦੇ ਨਾਂ ਨਾਲ 'ਜਸ਼ਨ ਪ੍ਰਕਾਸ਼ਨ' ਦੇ ਨਾਲ ਆਪ ਹੀ ਜਲੰਧਰੋਂ ਪੁਸਤਕ ਛਾਪੀ। ਪੁਸਤਕ ਛਪ ਕੇ ਆਈ ਤਾਂ ਸਾਹ 'ਚ ਸਾਹ ਆਇਆ ਅਤੇ ਚੰਡੀਗੜ੍ਹ ਦੇ ਉੱਤਮ ਰੈਸਟੋਰੈਂਟ 'ਤੇ ਡਾ. ਅਮਰੀਕ ਸਿੰਘ ਪੂਨੀ ਦੀ ਪ੍ਰਧਾਨਗੀ ਅਤੇ ਡਾ. ਨਿਰਾਲਾ ਦੀ ਹਾਜ਼ਰੀ 'ਚ ਮਿਤੀ 27 ਮਈ, 2003 ਨੂੰ ਰਿਲੀਜ਼ ਕੀਤੀ।

ਕੋਈ ਵੇਲ਼ਾ ਸੀ ਜਦੋਂ ਸਾਹਿਤ ਸਭਾਵਾਂ ਥਾਵਾਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ। ਇਸ ਦਾ ਮਤਲਬ ਉੱਥੋਂ ਦੀ ਥਾਵਾਂ/ਲੇਖਕ ਸਭਾਵਾਂ ਨਾਲ ਵਫ਼ਾ ਪਾਲਦੇ ਸਨ। ਹੁਣ ਇਹ ਵਰਤਾਰਾ ਅਸਲੋਂ ਬਦਲ ਗਿਆ ਹੈ। ਲੇਖਕ ਨੂੰ ਆਪਣੀ ਹਉਂ ਨਾਲ ਮਤਲਬ ਹੁੰਦਾ, ਸਭਾਵਾਂ ਉਸ ਲਈ ਗੌਣ ਹੋ ਗਈਆਂ ਹਨ।

ਡਾ. ਕੋਮਲ ਕਿਸੇ ਵੇਲ਼ੇ ਪੰਜਾਬੀ ਸਾਹਿਤ ਸਭਾ, ਬਰਨਾਲਾ ਦੇ ਜਨਰਲ ਸਕੱਤਰ ਰਹੇ ਅਤੇ ਗਾਸੋ ਪ੍ਰਧਾਨ। ਉਸ ਵੇਲ਼ੇ ਗਾਸੋ ਅਤੇ ਕੋਮਲ ਨੇ ਮਿਲ ਬੜੇ ਵੱਡੇ ਸਮਾਗਮ ਕਰਾਏ।

ਮੈਨੂੰ ਯਾਦ ਆ ਰਿਹਾ ਪੰਜਾਬੀ ਸਾਹਿਤ ਸਭਾ ਦੀ ਚੋਣ ਸੀ। ਡਾ. ਕੋਮਲ ਉਸ ਚੋਣ 'ਚ ਸ਼ਾਮਿਲ ਸਨ। ਡਾ. ਐੱਸ.ਐੱਸ. ਪਦਮ, ਇੰਦਰ ਸਿੰਘ ਖਾਮੋਸ਼ ਵੀ ਹੋਰਾਂ ਲੇਖਕਾਂ ਨਾਲ ਆਏ।

ਸਭਾ ਦੀ ਸਾਲਾਨਾ ਰਿਪੋਰਟ ਪੜ੍ਹਨ ਮਗਰੋਂ ਜਦ ਪ੍ਰਧਾਨ ਦੇ ਨਾਂ ਦੀ ਤਜਵੀਜ਼ ਆਂਹੀ ਤਾਂ ਕਿਸੇ ਨੇ ਬਰਨਾਲੇ ਦੇ ਪੱਤਰਕਾਰ-ਲੇਖਕ ਬੂਟਾ ਸਿੰਘ ਚੌਹਾਨ ਦਾ ਨਾਂ ਪ੍ਰਪੋਜ਼ ਕੀਤਾ। ਬੂਟਾ ਸਿੰਘ ਚੌਹਾਨ ਉਸ ਸਭਾ 'ਚ ਹਾਜ਼ਰ ਨਹੀਂ ਸੀ। ਪ੍ਰਪੋਜ਼ ਕਰਨ ਬਾਅਦ ਬਰਨਾਲੇ ਦੇ ਇੱਕ ਵੱਡੇ ਨਾਵਲਕਾਰ ਨੇ ਨਾਂ ਦੀ ਤਾਈਦ ਵੀ ਕਰ ਦਿੱਤੀ। ਡਾ. ਕੋਮਲ ਗੁੱਸੇ 'ਚ ਅਚਾਨਕ ਉੱਠ ਕੇ ਬੋਲੇ ਕਿ ਜਿਹੜਾ ਬੰਦਾ ਸਭਾ ਦੀ ਚੋਣ 'ਚ ਆਪ ਹਾਜ਼ਰ ਹੀ ਨਹੀਂ ਹੈ, ਉਸ ਦਾ ਨਾਂ ਪ੍ਰਪੋਜ਼ ਨਹੀਂ ਕਰਨਾ ਚਾਹੀਦਾ। ਦੂਜੇ ਅਰਥਾਂ 'ਚ ਇੱਕ ਤਰ੍ਹਾਂ ਨਾਲ ਮੈਂ ਇਸਨੂੰ ਸਭਾ ਦਾ ਅਪਮਾਨ ਸਮਝਦਾ ਹਾਂ।

ਸਭਾ 'ਚ ਇੱਕ ਵਾਰ ਤਾਂ ਚੁੱਪ-ਚਾਂ ਛਾ ਗਈ ਅਤੇ ਕੋਈ ਹੋਰ ਲੇਖਕ ਸਭਾ ਦੇ ਪ੍ਰਧਾਨ ਵਜੋਂ ਚੁਣ ਲਿਆ ਗਿਆ।

ਮੈਂ ਜਦ ਵੀ ਲੱਖੀ ਕਲੋਨੀ ਦੀ ਸ਼ੀਸ਼ੇ ਵਾਲ਼ੀ ਗਲੀ 'ਚੋਂ ਆਉਂਦਾ ਜਾਂਦਾ ਹਾਂ ਤਾਂ ਡਾ. ਕੋਮਲ ਦਾ ਪੁਰਾਣਾ ਘਰ ਮਿਲਦਾ ਹੈ, ਜੋ ਅੱਜ ਨਿੱਕਿਆਂ ਬੱਚਿਆਂ ਦੇ ਸਕੂਲ 'ਚ ਬਦਲ ਗਿਆ ਹੈ। ਡਾ. ਸਾਹਿਬ ਭਾਵੇਂ ਬਹੁਤੇ ਸਾਲਾਂ ਤੋਂ ਪਟਿਆਲੇ ਵਸ ਗਏ ਹਨ ਪਰ ਇਸ ਘਰ 'ਚੋਂ ਉਹਨਾਂ ਦੇ ਝਉਲੇ ਦਿਖਦੇ ਨੇ ਜਿਵੇਂ ਉਹ ਤਿਆਰ-ਬਰ-ਤਿਆਰ ਹੋ ਕੇ ਆਪਣੀ ਪੜ੍ਹਨ ਵਾਲੀ ਕੁਰਸੀ-ਮੇਜ਼ ਵੱਲ ਜਾ ਰਹੇ ਹੋਣ, ਜਿੱਥੇ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਸੋਹਣੇ ਸੁਪਨਿਆਂ ਨੂੰ ਉਲੀਕਿਆ ਅਤੇ ਹੋਰ ਗੂੜ੍ਹਾ ਕੀਤਾ।

ਜਾਂਦੇ-ਜਾਂਦੇ ਉਹਨਾਂ ਦੀ ਇੱਕ ਰੁਬਾਈ (ਜ਼ਿੰਦਗੀਨਾਮਾ) ਯਾਦ ਆ ਰਹੀ ਹੈ ਜਿਸ 'ਚ ਡਾ. ਕੋਮਲ ਸਾਹ ਲੈਂਦੇ ਜਾਪਦੇ ਹਨ:

ਮੈਂ ਕੋਮਲ ਪਿਛਲੇ ਸੱਠ ਪੈਂਹਠ ਸਾਲਾਂ ਤੋਂ
ਹਾਂ ਬਣਿਆ ਲੇਖਕ।
ਪੰਜਾਬੀ ਸਾਹਿਤ ਦਾ ਇੱਕ ਕਰਿੰਦਾ ਹਾਂ ਤਣਿਆ ਲੇਖਕ।
ਲਿਖ ਲਿਖ ਢੇਰ ਲਗਾਇਆ, ਫਿਰ ਕਦਰ ਪਾਈ,
ਪਰ ਮੈਨੂੰ ਫ਼ਖ਼ਰ ਹੈ ਡਾਢਾ ਜਾਂਦਾ ਮੈਂ ਗਿਣਿਆ ਲੇਖਕ।

**ਸੰਪਰਕ : 98159-76485**



ਡਾ. ਅਮਰ ਕੋਲਮ ਨਾਲ ਤਰਸੇਮ